# ਸਿਖ ਧਰਮ
# ਅਤੇ
# ਅਨਯ-ਮਤ

ਗਿਆਨੀ ਲਾਲ ਸਿੰਘ
(ਸੰਗਰੂਰ ਵਾਲੇ)

ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ ।

ੴ ਵਾਹਿਗੁਰੂ ਜੀ ਕੀ ਫ਼ਤਿਹ ॥

# ਸਿਖ ਧਰਮ

# ਅਤੇ

# ਅਨਯ-ਮਤ


ਲੇਖਕ

ਗਿਆਨੀ ਲਾਲ ਸਿੰਘ

(ਸੰਗਰੂਰ ਵਾਲੇ)



ਪ੍ਰਕਾਸ਼ਕ

ਧਰਮ ਪ੍ਰਚਾਰ ਕਮੇਟੀ ਸ਼੍ਰੋ ਗੁ: ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

ਪ੍ਰਕਾਸ਼ਕ :

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ),
ਸ੍ਰੀ ਅੰਮ੍ਰਿਤਸਰ ।

ਮਾਰਚ, ੨੦੧੦ ੩੦੦੦

ਛਾਪਣ ਵਾਲੇ :

ਗੋਲਡਨ ਆਫਸੈਟ ਪ੍ਰੈਸ (ਸ਼੍ਰੋਮਣੀ ਗੁ: ਪ੍ਰ: ਕਮੇਟੀ),
ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ।

# ਤਤਕਰਾ


| ਸੂਚੀ ਨੰ. | ਵਿਸ਼ਾ | |
|---|---|---|
| ੧ | ਭੂਮਿਕਾ | ੫ |
| ੨ | ਤਿੰਨ ਮੁਖ ਦੇਵਤੇ | ੯ |
| ੩ | ਤ੍ਰਿਮੂਰਤੀ ਦੇ ਅਵਤਾਰਾਂ ਦਾ ਸਮੁੱਚਾ ਤੇ ਸੰਖੇਪ ਵੇਰਵਾ | ੧੯ |
| ੪ | ਵਿਸ਼ਨੂੰ ਅਵਤਾਰਾਂ ਸਬੰਧੀ ਕਈ ਕੁ ਕਾਰਨਾਮਿਆਂ ਦਾ ਸੰਖੇਪ ਭਾਵ | ੩੨ |
| ੫ | ਸ੍ਰੀ ਕ੍ਰਿਸ਼ਨ ਜੀ ਸਬੰਧੀ ਪ੍ਰਸਿਧ ਕਥਾ ਪਰ ਟੀਕਾ ਟਿਪਣੀ ਤਥਾ ਗੁਰੂ ਸਾਹਿਬਾਨ ਦੇ ਫੈਸਲੇ | ੪੩ |
| ੬ | ਵੇਦਾਂ ਵਿੱਚ ਮੰਨੇ ਗਏ ਹਿੰਦੂ ਦੇਵਤੇ | ੬੧ |
| ੭ | ਹਿੰਦੂ ਤੀਰਥ ਅਰ ਤਿਨ੍ਹਾਂ ਦਾ ਬਿਰਤਾਂਤ | ੯੧ |
| ੮ | ਵਰਤਾਂ (ਬ੍ਰਤਾਂ) ਦਾ ਮਹਾਤਮ | ੧੦੧ |
| ੯ | ਪੁੰਨ ਦਾਨ ਦੇ ਨਾਮ ਪਰ ਬ੍ਰਾਹਮਣੀ ਚਾਲਾਂ | ੧੧੧ |
| ੧੦ | ਸੰਸਕਾਰ ਭਾਗ | ੧੩੨ |
| ੧੧ | ਮ੍ਰਿਤਕ ਸੰਸਕਾਰ | ੧੩੮ |
| ੧੨ | ਹਿੰਦੂਆਂ ਲਈ ਗਰੜ ਪੁਰਾਣ ਦਾ ਮਹਾਤਮ | ੧੪੪ |

# ਭੂਮਿਕਾ

ਇਸ ਪੁਸਤਕ ਦੇ ਲੇਖਕ ਗਿਆਨੀ ਲਾਲ ਸਿੰਘ ਸੰਗਰੂਰ ਵਾਲੇ ਪ੍ਰਸਿੱਧ ਗੁਰਮਤਿ ਲੇਖਕ ਹੋਏ ਹਨ। ਆਪ ਦਾ ਜਨਮ ਪਿੰਡ ਕਨੇਚ ਜ਼ਿਲ੍ਹਾ ਲੁਧਿਆਣਾ ਵਿਚ ਹੋਇਆ। ਪੰਚ ਖ਼ਾਲਸਾ ਦੀਵਾਨ ਵਿਚ ਸ਼ਾਮਲ ਹੋ ਕੇ ਆਪ ਨੇ ਸਰਗਰਮੀ ਨਾਲ ਕੰਮ ਕੀਤਾ ਅਤੇ ਰਸਾਲੇ, 'ਖ਼ਾਲਸਾ ਪਾਰਲੀਮੈਂਟ ਗਜ਼ਟ' ਦੇ ਸੰਪਾਦਕ ਵੀ ਰਹੇ ਅਤੇ ਇਸ ਰਸਾਲੇ ਲਈ ਸਿੱਖ ਧਰਮ ਨਾਲ ਸੰਬੰਧਤ ਵੱਖ-ਵੱਖ ਮਸਲਿਆਂ ਬਾਰੇ ਸਮੇਂ ਸਮੇਂ ਆਪਣੇ ਵਿਚਾਰ ਵੀ ਲੇਖਾਂ ਦੇ ਰੂਪ ਵਿਚ ਪ੍ਰਗਟ ਕਰਦੇ ਰਹੇ। ਪਿਛੋਂ ਜਾ ਕੇ ਜਦੋਂ ਬਾਬੂ ਤੇਜਾ ਸਿੰਘ ਦਾ ਖ਼ਾਲਸਾ ਪੰਥ ਨੇ, ਮਨ ਆਈਆਂ ਭਾਵਨਾਵਾਂ ਅਨੁਸਾਰ ਕੀਤੀਆਂ ਕੁਝ ਕਾਰਵਾਈਆਂ ਕਾਰਣ ਅਕਾਲ ਤਖ਼ਤ ਸਾਹਿਬ ਤੇ ਅਰਦਾਸਾ ਬੰਦ ਕਰ ਦਿੱਤਾ ਤਾਂ ਗਿਆਨੀ ਲਾਲ ਸਿੰਘ ਵਧੇਰੇ ਸੁਚੇਤ ਹੋ ਗਏ ਅਤੇ ਪੰਥ ਦੀ ਮੁੱਖ ਧਾਰਾ ਨਾਲ ਸੁਰ ਮਿਲਾ ਕੇ ਚਲਣ ਲਗੇ। ਆਪ ਦੀਆਂ ਰੁਚੀਆਂ ਪੁਸਤਕਾਂ ਵਿਚ ਭਾਵੇਂ ਸੁਰ ਪਹਿਲਾਂ ਵਾਂਗ ਹੀ ਤਿੱਖੀ ਰਹੀ ਪਰ ਗੁਰਮਤਿ ਬਾਰੇ ਲਿਖਣ ਸਮੇਂ ਗੁਰਮਤਿ ਦੀ ਉਤਮਤਾ ਅਤੇ ਵਿਲੱਖਣਤਾ ਗੁਰਬਾਣੀ ਉਧਾਰਣਾਂ ਰਾਹੀਂ ਪ੍ਰਗਟ ਕਰਨ ਵਿਚ ਆਪ ਨੂੰ ਮੁਹਾਰਤ ਹਾਸਲ ਸੀ। ਆਪ ਦੀਆਂ ਰਚੀਆਂ ਬਹੁਤ ਸਾਰੀਆਂ ਪੁਸਤਕਾਂ ਵਿਚੋਂ ਸਿੱਖ 'ਧਰਮ ਅਤੇ ਅੱਨਯ ਮੱਤ' ਪਾਠਕਾਂ ਤੱਕ ਪਹੁੰਚਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ ਤਾਂ ਜੋ ਉਸ ਸਮੇਂ ਦੇ ਸਿੱਖ ਵਿਦਵਾਨਾਂ ਦੀ ਸੋਚ ਨਾਲ ਉਨ੍ਹਾਂ ਦੀ ਸਾਂਝ ਪੁਆਈ ਜਾ ਸਕੇ।

ਇਸ ਪੁਸਤਕ ਵਿਚ ਗਿਆਨੀ ਲਾਲ ਸਿੰਘ ਜਿੱਥੇ ਪ੍ਰਚਲਿਤ ਹਿੰਦੂ ਮਤ ਦੇ ਤਿੰਨ ਪ੍ਰਮੁੱਖ ਦੇਵਤਿਆਂ ਸਬੰਧੀ ਸੰਖੇਪ ਜਾਣਕਾਰੀ ਦਿੰਦੇ ਹੋਏ ਗੁਰਬਾਣੀ ਵਿਚੋਂ ਪ੍ਰਮਾਣ ਦੇ ਕੇ ਸਪੱਸ਼ਟ ਕਰਦੇ ਹਨ ਕਿ ਕੇਵਲ ਅਕਾਲ ਪੁਰਖ ਹੀ ਤਿੰਨਾਂ ਗੁਣਾਂ ਤੋਂ ਨਿਰਲੇਪ ਹੈ ਅਤੇ ਸਾਰੇ ਦੇਵਤੇ ਅਕਾਲ ਪੁਰਖ ਦੇ ਹੀ ਰਚੇ ਹੋਏ ਹਨ :-

ਜਿਨਿ ਬ੍ਰਹਮਾ ਬਿਸਨੁ ਮਹੇਸ ਉਪਾਏ ॥ ਸਿਰਿ ਸਿਰਿ ਧੰਧੈ ਆਪੇ ਲਾਏ ॥
ਜਿਸ ਭਾਵੈ ਤਿਸੁ ਆਪੇ ਮੇਲੇ ਜਿਨਿ ਗੁਰਮੁਖਿ ਏਕੋ ਜਾਤਾ ਹੈ ॥

(ਮਾਰੂ ਮ.: ੩-੧੫੦੧)

ਇਸ ਪ੍ਰਕਾਰ ਵਿਸ਼ਨੂੰ, ਬ੍ਰਹਮਾ ਅਤੇ ਸ਼ਿਵ ਜੀ ਖੁਦ ਹੀ ਕਾਲ ਚੱਕਰ ਵਿਚ ਘੁੰਮ ਰਹੇ ਹਨ-ਇਸ ਲਈ ਇਹ ਰੱਬ ਨਹੀਂ ਹੋ ਸਕਦੇ, ਆਪ ਦੇ ਮੱਤ ਅਨੁਸਾਰ ਜੋ 'ਖੁਦ ਜਨਮ ਚੱਕਰ ਵਿਚ ਗ੍ਰਸਤ ਹਨ ਉਹ ਆਪਣੇ ਸੇਵਕਾਂ ਨੂੰ ਕਿਵੇਂ ਛੁਡਾ ਸਕਦੇ ਹਨ ? 'ਬ੍ਰਹਮਾ, ਬਿਸਨ,

ਮਹੇਸ਼ ਤ੍ਰੈ ਗੁਣਾਂ ਦੇ ਰੋਗੀ ਸਨ ਅਰ ਤੁਰੀਆ ਅਵਸਥਾ ਦੇ ਗਿਆਨ ਤੋਂ ਉਕੇ ਖਾਲੀ ਸਨ ਤਦੇ ਰਜੋ ਤਮੋ ਸਤੋ ਦੇ ਉਪਾਸ਼ਕ ਅਤੇ ਪ੍ਰਚਾਰਕ ਰਹੇ।' (ਪੰਨਾ ੧੯) ਜੂਨਾਂ ਵਿਚ ਆਉਣ ਵਾਲਾ ਕੋਈ ਵੀ ਦੇਵੀ ਦੇਵਤਾ ਜਾਂ ਅਵਤਾਰ ਗੁਰਬਾਣੀ ਅਨੁਸਾਰ ਆਤਮਕ ਸ਼ਾਂਤੀ ਦੇਣ ਦੇ ਸਮਰਥ ਨਹੀਂ। ਗੁਰੂ ਸਾਹਿਬ ਤਾਂ ਅਕਾਲ ਪੁਰਖ ਨੂੰ ਜੋਨੀ ਵਿਚ ਨਾ ਆਉਣ ਕਰ ਕੇ ਸ੍ਰਿਸ਼ਟੀ ਦਾ ਸਿਰਜਣਹਾਰ ਮੰਨਦੇ ਹਨ :-

ਤੂ ਪਾਰਬ੍ਰਹਮ ਪਰਮੇਸਰ ਜੋਨਿ ਨਾ ਆਵਹੀ ॥
ਤੂ ਹੁਕਮੀ ਸਾਜਹਿ ਸ੍ਰਿਸਟਿ ਸਾਜ ਸਮਾਵਹੀ ॥
ਤੇਰਾ ਰੂਪ ਨਾ ਜਾਈ ਲਖਿਆ ਕਿਉ ਤੁਝਹਿ ਧਿਆਵਹੀ ॥
ਤੂ ਸਭ ਮਹਿ ਵਰਤਹਿ ਆਪਿ ਕੁਦਰਤ ਦੇਖਾਵਹੀ ॥

(ਮਾਰੂ ਵਾਰ ਮ: ੫, ੧੦੯੫)

ਅਵਤਾਰ ਦਾ ਭਾਵ ਭਾਵੇਂ ਵਾਰ ਵਾਰ ਜਨਮ ਲੈਣ ਵਾਲੇ ਤੋਂ ਹੈ ਤਾਂ ਵੀ "ਇਤਿਹਾਸ ਦੱਸਦਾ ਹੈ ਕਿ ਪਿਛਲੇ ਰਾਜੇ ਆਪ ਨੂੰ ਰੱਬ ਕਹੌਂਦੇ ਸੇ ਜਿਹਾ ਕਿ ਮੁਲਤਾਨ ਦਾ ਰਾਜਾ ਹਰਨਾਖਸ਼ ਭਗਤ ਪ੍ਰਹਿਲਾਦ ਨੂੰ ਇਸੇ ਲਈ ਕਤਲ ਕਰਨਾ ਚਾਹੁੰਦਾ ਸੀ ਕਿ ਉਹ ਰਯਤ ਦੀ ਤਰ੍ਹਾਂ ਹਰਨਾਖਸ਼ ਨੂੰ ਰੱਬ ਮੰਨ ਕੇ ਨਹੀਂ ਸਿਮਰਦਾ ਸੀ। ਭਾਵੇਂ ਅਵਤਾਰ ਪੁਨਾ ਪੁਨਾ ਜਨਮਣ ਵਾਲੇ ਨੂੰ ਕਹੀਦਾ ਹੈ (ਸੰਤ ਕੀ ਨਿੰਦਾ ਨਾਨਕਾ ਬਹੁਰ ਬਹੁਰ ਅਵਤਾਰ) ਪ੍ਰੰਤੂ ਪਿਛਲੇ ਸਮੇਂ ਰਾਜੇ ਨੂੰ ਹੀ ਅਵਤਾਰ ਕਿਹਾ ਜਾਂਦਾ ਸੀ। ਰਾਜੇ ਆਪਣੇ ਮਿਸ਼ਨ ਵਿਰੋਧੀਆਂ ਨੂੰ ਦੈਂਤ (ਦੁਸ਼ਟ) ਆਦਿ ਕਹਿ ਕੇ ਮਾਰਨਾ ਆਪਣਾ ਕੰਮ ਸਮਝਦੇ ਸਨ।" (ਪੰਨਾ ੨੯-੩੦) ਜਿਸ ਤਰ੍ਹਾਂ ਰਾਜੇ ਜਨਮ ਮਰਨ ਦੀ ਬਿਪਤਾ ਵਿਚ ਫਸੇ ਹੋਏ ਹਨ, ਅਵਤਾਰ ਵੀ ਇਸ ਫਾਹੀ ਵਿਚ ਫਸੇ ਹੋਣ ਕਾਰਣ ਦੂਜਿਆਂ ਨੂੰ ਇਸ ਤੋਂ ਨਹੀਂ ਛੁਡਾ ਸਕਦੇ ਕਿਉਂਕਿ

ਕਿਸ਼ਨ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੇ ਸੰਸਾਰਾ ॥

ਇਸ ਪ੍ਰਕਾਰ ਗੁਰਬਾਣੀ ਅਵਤਾਰ ਪੂਜਾ ਦੇ ਹੱਕ ਵਿੱਚ ਨਹੀਂ, ਨਾ ਹੀ ਅਵਤਾਰਾਂ ਦੀ ਲੀਲਾ ਨੂੰ ਸਤਿਕਾਰਨ ਯੋਗ ਮੰਨਦੀ ਹੈ ਕਿਉਂਕਿ ਰਾਜਾ ਰਾਮ ਦੇ ਰੂਪ ਵਿਚ ਰਾਵਣ ਦਾ ਸੰਹਾਰ ਕਰਨ ਨਾਲ ਅਕਾਲ ਪੁਰਖ ਦੀ ਵਡਿਆਈ ਵਿਚ ਕੋਈ ਵਾਧਾ ਨਹੀਂ ਹੋਇਆ ਹੈ ਸਗੋਂ ਅਵਤਾਰ ਪੁਰਖਾਂ ਦੀਆਂ ਜੀਵਨ ਲੀਲਾਵਾਂ ਤੋਂ ਸਪਸ਼ਟ ਹੁੰਦਾ ਹੈ ਕਿ ਇਨ੍ਹਾਂ ਨੂੰ ਜੀਵਨ ਵਿਚ ਕਿਸੇ ਨਾ ਕਿਸੇ ਸਮੇਂ ਦੁਖੀ ਹੋਣਾ ਪਿਆ। ਸੋ ਜੋ ਆਪ ਦੁਖ-ਸੁਖ ਦੀ ਭਾਵਨਾ ਤੋਂ ਮੁਕਤ ਨਹੀਂ, ਹੋਰ ਕਿਸੇ ਨੂੰ ਦੁਖਾਂ ਤੋਂ ਕਿਵੇਂ ਛੁਡਾ ਸਕਦਾ ਹੈ ?

ਵੇਦਾਂ ਅਤੇ ਗੀਤਾ ਦਾ ਹਿੰਦੂ ਮਤ ਵਿਚ ਵਿਸ਼ੇਸ਼ ਸਥਾਨ ਰਿਹਾ ਹੈ। ਵੇਦ ਵੱਖ ਵੱਖ ਦੇਵਤਿਆਂ ਦੀ ਪੂਜਾ, ਹਵਨ ਅਤੇ ਯੱਗ, ਰਾਹੀਂ ਕਰਨ ਉਪਰ ਜ਼ੋਰ ਦੇਂਦੇ ਹਨ ਅਤੇ ਇਨ੍ਹਾਂ ਯੱਗਾਂ ਦੀ ਪੂਰਤੀ ਲਈ ਅਨੇਕ ਪ੍ਰਕਾਰ ਦੇ ਪਸ਼ੂਆਂ ਦੀ ਬਲੀ ਦੇਣ ਦਾ ਵੀ ਪ੍ਰਚਾਰ ਕਰਦੇ ਹਨ।

ਅਗਨੀ, ਪੌਣ, ਵਰੁਣ, ਅਰੁਣ, ਇੰਦਰ ਆਦਿ ਅਨੇਕਾਂ ਦੇਵਤਿਆਂ ਦੀ ਪੂਜਾ ਅਰਚਾ ਅਤੇ ਸ਼ਿਵ, ਪਾਰਬਤੀ, ਗਣੇਸ਼ ਆਦਿ ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਨਾ ਕੇਵਲ ਹਵਨ ਵਿਚ ਘਿਉ, ਚੰਦਨ ਅਤੇ ਧੂਪ ਜਿਹੀਆਂ ਕੀਮਤੀ ਵਸਤਾਂ ਨੂੰ ਸਮੱਗਰੀ ਰੂਪ ਵਿਚ ਵਰਤਣ ਦੇ ਉਪਦੇਸ਼ ਦਿੱਤੇ ਜਾਂਦੇ ਹਨ ਸਗੋਂ ਘੋੜਾ, ਗੈਂਡਾ ਆਦਿ ਕਈ ਪ੍ਰਕਾਰ ਦੇ ਪਸ਼ੂਆਂ ਦੀ ਬਲੀ ਦੇਣ ਤੇ ਵੀ ਜ਼ੋਰ ਦੇਂਦੇ ਹਨ। ਗੁਰਮਤਿ ਵਿਚ ਕਿਸੇ ਦੇਵੀ ਦੇਵਤੇ ਨੂੰ ਖੁਸ਼ ਕਰਨਾ ਜਾਂ ਕੋਈ ਹੋਰ ਯੱਗ ਕਰਨਾ ਜ਼ਰੂਰੀ ਨਹੀਂ।

ਗੀਤਾ ਨੂੰ ਸ੍ਰੀ ਕ੍ਰਿਸ਼ਨ ਆਪਣਾ ਸ਼ਬਦ ਰੂਪ ਅਵਤਾਰ ਦਸਦੇ ਹਨ। "ਗੀਤਾ ਵਿਖੇ ਸ੍ਰੀ ਕ੍ਰਿਸ਼ਨ ਨੇ ਸਾਫ ਫੁਰਮਾਇਆ ਹੈ ਕਿ ਜੈਸੇ ਚੌਵੀ ਅਵਤਾਰ ਮੇਰੇ ਆਕਾਰ ਰੂਪ ਹਨ ਤਿਉਂ ਗੀਤਾ ਸ਼ਬਦ ਰੂਪ ਅਵਤਾਰ ਹੈ। ਗੀਤਾ ਵਿਖੇ ਪੰਜ ਧਯਾਇ ਮੇਰਾ ਮੁੱਖ ਹੈ ਤੇ ਪੰਜ ਧਯਾਇ ਮੇਰੀਆਂ ਭੁਜਾ ਹਨ। ਪੰਜ ਧਯਾਇ ਮੇਰਾ ਹ੍ਰਿਦਾ ਹੈ ਸੋਲ੍ਹਵਾਂ ਧਯਾਇ ਮੇਰਾ ਮਨ ਹੈ। ਸਤਾਰ੍ਹਵਾਂ ਧਯਾਇ ਮੇਰੀਆਂ ਜੰਘਾਂ ਤੇ ਅਠਾਰ੍ਹਵਾਂ ਧਯਾਇ ਮੇਰੇ ਚਰਨ ਹਨ। ਸਰਬ ਸਲੋਕ ਮੇਰੀਆਂ ਨਾੜਾਂ ਹਨ। ਗੀਤਾ ਦੇ ਅੱਖਰ ਮੇਰੇ ਰੋਮ ਹਨ। (ਦੇਖੋ ਧਯਾਇ ਪਹਿਲਾ ਗੀਤਾ ਮਹਾਤਮ)

"ਸੋ ਉਕਤ ਗੀਤਾ ਵਿਖੇ ਵੇਦਾਂ ਸਬੰਧੀ ਸਪੱਸ਼ਟ ਲਿਖਾ ਹੈ, ਜਿਨ ਕਾ ਨਿਸ਼ਚਾ ਮੇਰੇ ਸਾਥ ਨਹੀਂ, ਮੀਠੀ ਮੀਠੀ ਬਾਣੀ ਕਰ ਸ਼ਲੋਕੋ ਕੋ ਪੜ੍ਹ ਪੜ੍ਹ ਕਰ ਲੋਕੋ ਕੋ ਸੁਨਾਵਤੇ ਹੈਂ ਅਰ ਦੇਵਤਾ ਕੀ ਭਗਤ ਉਪਦੇਸ਼ ਕਰੇ ਹੈਂ, ਵੇ ਅੰਧੇ ਮੂਰਖ ਆਪਨੇ ਆਪ ਪੰਡਤ ਕਹਾਵੇ ਹੈਂ। ਹੇ ਅਰਜਨ ਬੇਦ ਕੇ ਬਾਦ ਕਰ ਆਪ ਭੀ ਮੋਹੇ ਹੂਏ ਹੈ ਔਰ ਲੋਗੋਂ ਕੋ ਭੀ ਮੋਹਤ ਹੈਂ। (ਦੇਖੋ ਧਯਾਇ-2 ਭਗਵਤ ਗੀਤਾ) ਭਾਵ ਕੀ ਵੇਦਾਂ ਨੂੰ ਬਾਦ (ਚਰਚਾ ਝਗੜਾ) ਹੀ ਦੱਸਿਆ ਹੈ। ਅੱਗੇ ਲਿਖਿਆ ਹੈ: ਹੇ ਅਰਜਨ ! ਬੇਦ ਕਾ ਬ੍ਰਿਤਾਂਤ ਸੁਣ ! ਬੇਦ ਕੀ ਬੁਧਿ ਭੀ ਤੀਨੋ ਗੁਣੋ ਵਿਖੇ ਹੈ। ਤੂੰ ਇਨ ਤੀਨੋ ਗੁਣੋ ਤੇ ਅਤੀਤ ਹੋ। ਸਾਫ ਹੈ ਸ੍ਰੀ ਕ੍ਰਿਸ਼ਨ ਜੀ ਨੇ ਭਗਵਤ ਗੀਤਾ ਵਿਚ ਬੇਦ ਬਾਦ ਨੂੰ ਤਿਨੋ ਗੁਣਾ (ਰਜੋ, ਤਮੋ, ਸਤੋ) ਵਿਚ ਮੰਨਿਆ ਹੈ। ਭਾਵ ਤੁਰੀਆ ਅਵਸਥਾ ਤੋਂ ਵੇਦ ਖਾਲੀ ਦੱਸੇ ਨੇ। ਅਗੇ ਗਿਆਰ੍ਹਵੇਂ ਧਯਾਇ ਵਿਖੇ ਲਿਖਾ ਹੈ ਕਿ 'ਜੇ ਅਰਜੁਨ ਮੇਰੇ ਰੂਪ ਕੋ ਦੇਖਨੇ ਕੀ ਦੇਵਤੇ ਭੀ ਬਾਂਛ ਕਰਤੇ ਹੈ। ਸੋ ਰੂਪ ਤੁਝੇ ਦਿਖਾਇਆ ਹੈ ਜੋ ਬੇਦ ਪਾਠੀਓਂ ਕੋ ਭੀ ਦੁਰਗਮ ਹੈ। ਹੇ ਅਰਜੁਨ ਬੇਦ ਕੇ ਪੜ੍ਹੇ ਤੇ ਮੈਂ ਭੀ ਨਹੀਂ ਪਾਈਤ ਅਰ ਨਾ ਤਪਸਿਆ ਤੇ ਪਾਈਤਾ ਹੋ। ਹੇ ਅਰਜੁਨ ਅਨੇਕ ਪ੍ਰਕਾਰ ਜੋ ਧਰਮ ਹੈ (ਹਿੰਦੂ ਮਤ ਦਾ ਕਰਮ ਕਾਂਡ) ਤਿਨ੍ਹਾਂ ਕਰ ਬੀ ਹਉਂ ਪਾਵਣਾ ਕਠਿਨ ਹੋ। ਜੈਸੇ ਤੁਝ ਪਾਯਾ ਹੈ ਤੈਸੇ ਕਿਨੇ ਨਹੀਂ ਪਾਇਆ। ਤੂੰ ਮੇਰਾ ਅਨਿਨ ਭਗਤ ਹੈ, ਮੁਝ ਬਿਨਾਂ (ਰਾਧੇ ਕ੍ਰਿਸ਼ਨ) ਤੂੰ ਕਿਸੇ ਕੀ ਭਗਤੀ ਨਹੀਂ ਕਰਤਾ। (ਦੇਖੋ ਗੀਤਾ ਧਯਾਇ ੧੧) ਜਿਸ ਤੋਂ ਸਾਫ ਹੁੰਦਾ ਹੈ ਵੇਦ ਪੜ੍ਹਨੇ ਨਾਲ ਹਿੰਦੂ ਰੱਬ ਪ੍ਰਸੰਨ ਨਹੀਂ ਹੁੰਦਾ। ਨਾ ਹੀ ਦਰਸ਼ਨ ਦੇਂਦਾ ਹੈ। ਤਾਂ ਤੇ ਵੇਦ ਪਾਠ ਤੋਂ ਕੋਈ ਲਾਭ ਨਹੀਂ। ਇਸ ਲਈ ਹਿੰਦੂ ਲੋਕ ਵੇਦਾਂ ਤੋਂ ਕੀ ਮੰਗਦੇ ਨੇ ?" (ਪੰਨਾ ੬੯-੭੦)

"ਜਿਥੋਂ ਕਿਤੇ ਵੀ ਪੁਰਾਣੇ ਹਿੰਦੂ ਨਿਸ਼ਾਨ ਮਿਲਦੇ ਹਨ ਓਥੇ ਹੀ ਪੱਥਰਾਂ ਦੀਆਂ ਘੜੀਆਂ ਹੋਈਆਂ ਮੂਰਤਾਂ ਮਿਲਦੀਆਂ ਹਨ, ਬਲਕਿ ਹਿੰਦੂ ਧਰਮ ਦਾ ਮੁੱਢ ਹੀ ਪੱਥਰਾਂ ਦੇ ਦੇਵਤੇ ਬਣਾ ਕੇ ਪੂਜਣ ਤੋਂ ਹੋਇਆ ਮਿਲਦਾ ਹੈ । ਗੁਰਮਤਿ ਵਿਚ ਇਸ ਪ੍ਰਕਾਰ ਦੀ ਮੂਰਤੀ ਪੂਜਾ ਦਾ ਕੋਈ ਸਥਾਨ ਨਹੀਂ:

ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥

ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥

(ਭੈਰਉ ਮ. ੫, ੧੧੬੦)

ਇਸੇ ਪ੍ਰਕਾਰ ਤੀਰਥ ਯਾਤਰਾ, ਵਰਤ, ਬ੍ਰਾਹਮਣੀ ਚਾਲਾਂ ਅਨੁਸਾਰ ਪੁੰਨ ਦਾਨ ਆਦਿ ਕਰਮ ਕਾਂਡੀਕਿਰਿਆਵਾਂ ਨੂੰ ਗੁਰਮਤਿ ਦੀ ਦ੍ਰਿਸਟੀ ਤੋਂ ਵੇਖਣ ਲਈ ਗਿਆਨੀ ਲਾਲ ਸਿੰਘ ਨੇ ਗੁਰਬਾਣੀ ਪ੍ਰਮਾਣਾਂ ਦੀ ਉਚਿਤ ਅਤੇ ਭਰਪੂਰ ਵਰਤੋਂ ਕੀਤੀ ਹੈ । ਪੁਸਤਕ ਦਾ ਮੰਤਵ ਗੁਰਮਤਿ ਵਿਚ ਵਿਸ਼ਵਾਸ਼ ਰੱਖਣ ਵਾਲਿਆਂ ਨੂੰ ਹਰ ਪ੍ਰਕਾਰ ਦੇ ਦੰਭ ਅਤੇ ਪਾਖੰਡ ਤੋਂ ਸੁਚੇਤ ਕਰਨਾ ਹੈ । ਗਿਆਨੀ ਲਾਲ ਸਿੰਘ ਨੇ ਗੁਰਬਾਣੀ ਨੂੰ ਹੀ ਆਪਣੀ ਦਲੀਲ ਦਾ ਅਧਾਰ ਬਣਾਇਆ ਹੈ ਜੋ ਇਹ ਪੁਸਤਕ ਪੜ੍ਹਨ ਵਾਲਾ ਪਾਠਕ ਚੰਗੀ ਤਰ੍ਹਾਂ ਸਮਝ ਸਕਦਾ ਹੈ ।

੨੭ ਜਨਵਰੀ, ੨੦੦੦ ਗੁਰਦਿੱਤ ਸਿੰਘ ਗਿਆਨੀ

# ਸਿਖ ਧਰਮ ਅਤੇ ਅਨਯ-ਮਤ
# ਤਿੰਨ ਮੁੱਖ ਦੇਵਤੇ

## ਸ਼੍ਰੀ ਵਿਸ਼ਨੂ ਜੀ

ਹਿੰਦੂ ਮਤ ਦੇ ਗ੍ਰੰਥਾਂ ਦੇ ਖੋਜਣ ਤੋਂ ਪਤਾ ਚੱਲਦਾ ਹੈ ਕਿ ਹਿੰਦੂ ਮਤ ਵਿਚ ਸਭ ਤੋਂ ਵਧ ਵਿਸ਼ਨੂੰ ਦੀ ਪੂਜਾ ਤੇ ਉੱਚਤਾ ਲਿਖੀ ਗਈ ਹੈ, ਪ੍ਰੰਤੂ ਵੇਦਾਂ ਵਿਚੋਂ ਵਿਸ਼ਨੂੰ ਕੋਈ ਵੱਡਾ ਦੇਵਤਾ ਸਿੱਧ ਨਹੀਂ ਹੁੰਦਾ, ਬਲਕਿ ਵਿਸ਼ਨੂੰ ਨਾਲੋਂ ਸੂਰਜ, ਅਗਨੀ, ਵਾਯੂ, ਇੰਦ੍ਰ, ਰੁਦ੍ਰ (ਸ਼ਿਵ) ਆਦਿ ਦੀ ਵਧ ਉਪਮਾ ਮਿਲਦੀ ਹੈ, ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਵੇਦਾਂ ਦੀ ਰਚਨਾਂ ਤੋਂ ਬਹੁਤ ਪਿੱਛੋਂ ਵਿਸ਼ਨੂੰ ਉਪਾਸ਼ਨਾਂ ਨੇ ਤਰੱਕੀ ਕੀਤੀ ਹੈ ॥

ਵੇਦਾਂ ਤੋਂ ਪਿਛਲੇ ਹਿੰਦੂ ਮੱਤ ਦੇ ਗ੍ਰੰਥਾਂ ਨੇ ਵਿਸ਼ਨੂੰ ਨੂੰ ਸਾਖਯਾਤ ਰੱਬ ਬਣਾ ਧਰਿਆ ਹੈ ਅਰ ਸ੍ਰਿਸ਼ਟੀ ਪਾਲਕ ਮਸ਼ਹੂਰ ਕੀਤਾ ਹੈ। ਇਨ੍ਹਾਂ ਦੇ ਘਰ ਵਾਲੀ ਲੱਛਮੀ ਭਾਗਾਂ ਦੀ ਦੇਵੀ ਸਿੱਧ ਕੀਤੀ ਹੈ। ਹਿੰਦੂ ਮੱਤ ਦੇ ਗ੍ਰੰਥਾਂ ਨੇ ਵਿਸ਼ਨੂੰ ਦੀ ਸ਼ਕਤੀ ਅਸਮਾਨ ਦੇ ਤਿੰਨ ਕਦਮ ਭਰਨੇ ਵਾਲਾ ਦੇਵਤਾ ਕੀਤੀ ਹੈ, ਅਖੇ ! ਦੋ ਕਦਮਾਂ ਵਿੱਚ ਤਾਂ ਆਦਮੀ ਵੱਸ ਗਏ, ਅਰ ਤੀਜਾ ਕਦਮ ਪਰਮ ਗੁਪਤ ਹੈ ਅਖੇ ਉਸ ਥਾਂ ਤੋਂ ਜਿੱਥੋਂ ਦੀ ਵਿਸ਼ਨੂੰ ਨੇ ਦੁਨੀਆਂ ਨੂੰ ਉਲੰਘਿਆ ਤਿੰਨਾਂ ਥਾਵਾਂ ਤੇ ਉਸ ਨੇ ਆਪਣਾ ਕਦਮ ਜਮਾਇਆ। ਦੁਨੀਆਂ ਜਾਂ ਉਸਦਾ ਕਦਮ ਉਸਦੀ ਧੂੜੀ ਵਿਖੇ ਲੁਕ ਗਏ, ਤਥਾ ਵਿਸ਼ਨੂ ਜੋ ਨਹੀਂ ਜਿੱਤੇ ਜਾਣ ਵਾਲ਼ਾ ਦੇਵਤਾ ਹੈ ਉਸਨੇ ਤਿੰਨ ਕਦਮ ਭਰੇ ਅਰ ਇਸ ਤਰ੍ਹਾਂ ਧਰਮ ਕਾਇਮ ਰੱਖਿਆ, ਉਸ ਜਗ੍ਹਾ ਤੋਂ ਜਿੱਥੋਂ ਦੀ ਵਿਸ਼ਨੂ ਦੇਸ਼ਾਂ ਦੀਪਾਂ ਉਪਰ ਦੀ ਲੰਘਿਆ, ਸਭ ਦੇਵਤੇ ਸਾਡੀ ਰੱਖਿਆ ਕਰਨ ॥

ਕਿਧਰੇ ਲਿਖਿਆ ਹੈ ਕਿ ਵਿਸ਼ਨੂੰ ਨੇ ਜ਼ਮੀਨ ਅਰ ਅਸਮਾਨ ਰਚੇ ਅਤੇ ਇੰਦ੍ਰ ਅਰ ਹੋਰ ਦੇਵਤਿਆਂ ਨਾਲ ਰਲ ਕੇ ਹਵਾ ਦਾ ਸਿਲਸਿਲਾ ਕਾਇਮ ਕੀਤਾ ਤਥਾ ਦੁਨੀਆਂ ਸਾਜੀ ਜਾਂ ਸੂਰਜ, ਚੰਦ, ਅਗਨੀ ਆਦਿ ਦੇਵਤੇ ਰਚੇ, ਪ੍ਰੰਤੂ ਵਿਸ਼ਨੂੰ ਪੁਰਾਣ ਦੇ ਮੁਕਾਬਲੇ ਦੇ ਗ੍ਰੰਥ ਸ਼ਿਵ ਪੁਰਾਣ ਆਦਿ ਵਿਸ਼ਨੂੰ ਨੂੰ ਸ਼ਿਵਾਂ ਦਾ ਸੇਵਕ ਸਿੱਧ ਕਰਦੇ ਹੈਨ ਬਲਕਿ ਐਤਰਯ ਬ੍ਰਾਹਮਣ ਵਿਖੇ ਵਿਸ਼ਨੂੰ ਦੇਵਤਿਆਂ ਦਾ ਦਰਬਾਨ (ਚੌਕੀਦਾਰ) ਹੀ ਸਿੱਧ ਕੀਤਾ ਹੈ। ਅਰ ਵੇਦ 'ਵੇਹਣੂ' ਨਾਮੀ ਦੇਵਤਾ ਦੱਸਦੇ ਨੇ ॥

ਵਿਸ਼ਨੂੰ ਦੀ ਉਪਮਾ ਵਧਾਉਣ ਹਿੱਤ ਭਾਗਵਤ ਪੁਰਾਣ, ਗਰੜਪੁਰਾਣ, ਪਦਮ ਪੁਰਾਣ, ਨਾਰਦ ਪੁਰਾਣ ਆਦਿ ਰਚੇ ਗਏ, ਇਸੇ ਤਰ੍ਹਾਂ ਇਸਦੇ ਮੁਕਾਬਲੇ ਸ਼ਿਵ ਪੁਰਾਣ,

ਮਾਰਕੰਡੇਯ ਪੁਰਾਣ, ਲਿੰਗ ਪੁਰਾਣ ਆਦਿ ਗ੍ਰੰਥਾਂ ਵਿੱਚ ਸ਼ਿਵ ਜੀ ਪ੍ਰਧਾਨ ਦੱਸੇ ਗਏ ਹਨ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਵੈਸ਼ਨਵਾਂ ਅਰ ਸ਼ੈਵਾਂ ਨੇ ਮੁਕਾਬਲੇ ਪਰ ਡਟਕੇ, ਆਪੋ ਆਪਣੇ ਦੇਵਤੇ ਨੂੰ ਵੱਡਾ ਸਿੱਧ ਕੀਤਾ ਹੈ। ਵਿਸ਼ਨੂੰ ਉਪਮਾ ਦੇ ਗ੍ਰੰਥਾਂ ਵਿਚ ਵਿਸ਼ਨੂੰ ਜਾਂ, ਉਸਦੇ ਅਵਤਾਰਾਂ ਲਈ ਸ੍ਰੀਧਰ, ਕਮਲਾਕੰਤ, ਈਸ਼ਵਰ ਜਗਦੀਸ੍ਵਰੋ, ਜਗਨਨਾਥ, ਰਾਮ, ਰਿਖੀਕੇਸ਼, ਮੁਰਲੀ ਮਨੋਹਰ, ਮਧੁ ਸੂਦਨ, ਦਾਮੋਦਰ, ਗੋਪੀਨਾਥ, ਗਿਰ ਗੋਵਰਧਨ, ਨਰਹਰਿ, ਧਰਣੀਧਰ, ਗੋਬਿੰਦ, ਅਚਯੁਤ ਪਰਮੇਸ਼ਵਰ, ਮਾਧਵੇ, ਗਿਰਧਰ, ਵਾਸਦੇਵ, ਮੋਹਨਲਾਲ, ਚਕ੍ਰਧਰ, ਸਾਰੰਗਧਰ, ਕ੍ਰਿਸ਼ਨ, ਮੁਕੰਦ, ਭਗਤ ਵਛਲ, ਅਨੰਦ, ਭਯਹਰਣ ਆਦਿ ਨਾਮ ਵਿਸ਼ਨੂ ਜਾਂ ਉਸ ਦੇ ਅਵਤਾਰਾਂ ਦੇ ਆਉਂਦੇ ਹਨ ॥ ਇਨ੍ਹਾਂ ਕਿਰਤਮ ਨਾਮਾਂ ਦਾ ਹੀ ਹਿੰਦੂ ਮਤੀਏ ਜਾਪ ਜੱਪਦੇ ਹਨ ॥

ਹਿੰਦੂ ਗ੍ਰੰਥਾਂ ਵਿੱਚ ਵਿਸ਼ਨੂੰ ਦੀਆਂ ਚਾਰ ਬਾਹਾਂ ਮੰਨੀਆਂ ਹਨ, ਔਰ ਚੌਹਾਂ ਹੱਥਾਂ ਵਿੱਚ ਗਦਾ, ਚੱਕ੍ਰ, ਸੰਖ, ਕਵਲ ਆਦਿ ਦਿਖਾਏ ਹਨ। ਇਨ੍ਹਾਂ ਦੇ ਘਰ ਵਾਲੀ ਲੱਛਮੀ ਚੌਦਾਂ ਰਤਨ ਰਿੜਕਣ ਸਮੇਂ ਸਮੁੰਦਰ ਵਿੱਚੋਂ ਨਿਕਲਦੀ ਦੱਸੀ ਹੈ ਇਸੇ ਨੂੰ ਕੌਲਾਂ ਕੰਵਲਾ ਆਦਿ ਨਾਮਾਂ ਨਾਲ ਪੁਕਾਰਦੇ ਨੇ ਤੇ ਵਿਸ਼ਨੂੰ ਦੇ ਚੌਬੀਸ ਅਵਤਾਰ ਹੋਣੇ ਦੱਸੇ ਹਨ ਜਿਨ੍ਹਾਂ ਨੂੰ ਕਰੋੜਾਂ ਹਿੰਦੂ ਰੱਬ ਮੰਨਦੇ ਹਨ ॥

## ਬ੍ਰਹਮਾ ਜੀ

ਬ੍ਰਹਮਾਂ ਵੀ ਵਿਸ਼ਨੂੰ ਦਾ ਅਵਤਾਰ ਮੰਨਿਆਂ ਹੈ। ਪਰ ਦੂਜੇ ਪਾਸੇ ਵਿਸ਼ਨੂ ਦੇ ਬਰਾਬਰ ਦਾ ਦੇਵਤਾ ਵੀ ਦੱਸਿਆ ਹੈ ਭਾਵ ਬ੍ਰਹਮਾਂ, ਬਿਸ਼ਨ, ਮਹੇਸ਼ ਤਿੰਨੇ ਦੇਵਤੇ (ਤ੍ਰਿਮੂਰਤੀ) ਬਰਾਬਰ ਮੰਨੇ ਹੈਨ। ਕਿੱਧਰੇ ਇਸਦੀ ਉਤਪਤੀ ਵਿਸ਼ਨੂ ਦੀ ਧੁੰਨੀ ਰਾਹੀਂ ਕੰਵਲ ਫੁੱਲ ਵਿੱਚੋਂ ਮੰਨੀ ਹੈ, (ਜਿਹਾ ਕਿ ਸ੍ਰਿਸ਼ਟੀ ਰਚਨਾ ਨਾਮਕ ਪ੍ਰਸੰਗ ਵਿਚ ਲਿਖ ਚੁੱਕੇ ਹਾਂ)। ਬ੍ਰਹਮਾਂ ਸ੍ਰਿਸ਼ਟੀ ਦਾ ਕਰਤਾ ਅਤੇ ਚਾਰੇ ਵੇਦ ਵੀ ਇਸਦੇ ਮੁਖ ਵਿੱਚੋਂ ਨਿਕਲੇ (ਉਚਾਰੇ) ਦੱਸੇ ਹਨ। ਅਖੇ ! ਇਸ ਨੇ ਆਪਣੇ ਚਾਰੇ ਸਪੁਤ੍ਰਾਂ ਸਨਕ, ਸਨੰਦਨ, ਸਨਾਤਨ, ਸ੍ਨਤ ਕੁਮਾਰ, ਆਦਿ ਨੂੰ ਉਪਦੇਸ਼ ਕੀਤਾ ਇਹ ਚਾਰੇ ਪੁਤ੍ਰ ਬ੍ਰਹਮਾਂ ਦੇ ਹਿਰਦੇ ਵਿਚੋਂ ਜਨਮੇ ਮੰਨੇ ਜਾਂਦੇ ਹੈਨ, ਕਿ ਨਾਰਦ ਮੁਨੀ ਵੀ ਬ੍ਰਹਮਾਂ ਦੇ ਅੰਗੂਠੇ ਤੋਂ ਪੈਦਾ ਹੋਇਆ ਦੱਸਿਆ ਹੈ। ਕਿਧਰੇ ਨਾਰਦ ਜੀ ਨੂੰ ਵਿਸ਼ਨੂੰ ਜੀ ਦਾ ਸਤਾਰਹਵਾਂ ਅਵਤਾਰ ਮੰਨਿਆ ਹੈ। ਇਨ੍ਹਾਂ ਦੀ ਰਚਿਤ "ਨਾਰਦ ਪੰਚ ਰਾਤਰ" ਪੁਸਤਕ ਹੈ, ਜਿਸ ਵਿਚ ਪ੍ਰਿਥਵੀ ਦੇ ਬਣਨ ਦੀ ਕਥਾ ਵੀ ਹੈ, ਧ੍ਰੂ ਅਰ ਪ੍ਰਹਿਲਾਦ ਆਦਿ ਭਗਤਾਂ ਦਾ ਗੁਰੂ ਨਾਰਦ ਨੂੰ ਹੀ ਮੰਨਿਆ ਹੈ। ਪੰਡਤ ਬਿਆਸ ਨੂੰ ਵੇਦਾਂ ਤੋਂ ਸ਼ਾਂਤੀ ਨਾ ਹੋਣ ਪਰ ਇਸੀ ਨੇ ਸ਼ਾਂਤ ਕੀਤਾ। ਨਾਰਦ ਜੀ ਕਿਤੇ 'ਲੂਤੀ ਲਾਊ' (ਚਮਕਾਊ) ਦੱਸੇ ਨੇ ਬ੍ਰਹਮਾਂ ਦੇ ਭੀ ਕਿਤਨੇ ਹੀ ਨਾਮ ਹਨ, ਜਿਹਾ ਕਿ ਕੰਮਲ ਪੁਤ, ਸ਼ੰਕਰ ਆਦਿ ਕਿਧਰੇ ਬ੍ਰਹਮਾਂ ਦੇ ਮੁਕਾਬਲੇ ਤ੍ਰਿਮੂਰਤੀ ਵਿੱਚ ਇੰਦਰ ਦੇਵਤਾ ਵੀ ਆ ਜਾਂਦਾ ਹੈ। (ਪ੍ਰਜਾ ਪਤੀ ਅਰ ਇੰਦਰ ਤੇ ਬ੍ਰਹਮਾਂ ਕਠੇ ਰਾਜ ਕਰਦੇ ਰਹੇ) ਜੋਤੀ ਲਿੰਗ ਦਾ ਥਾਹ ਲੈਣ ਪਰ, ਪਰ ਇਸਦੀ ਪੂਜਾ ਹੋਣ ਦਾ ਇਸ ਨੂੰ

ਸਰਾਪ ਦੱਸਿਆ ਹੈ। (ਦੇਖੋ! "ਸ੍ਰਿਸ਼ਟੀ ਰਚਨਾ" ਪ੍ਰਸੰਗ) ਹਿੰਦੂ ਮੱਤ ਵਿਖੇ ਬ੍ਰਹਮਾਂ ਦੀ ਪੂਜਾ ਫੁੱਲਾਂ ਨਾਲ ਹੁੰਦੀ ਹੈ, ਪਰ ਕਈ ਤੀਰਥ ਬ੍ਰਹਮਾਂ ਦੇ ਸ਼ਨਾਨ ਨਾਲ ਪਵਿਤ੍ਰ ਹੋਏ ਬੀ ਦਸੇ ਹਨ। ਬ੍ਰਹਮਾਂ ਦੇ ਦੋ ਸਰੂਪ (ਸਥਿਰ ਅਤੇ ਉਤਸ਼ਾਹੀ) ਮੰਨੇ ਜਾਂਦੇ ਹਨ। ਬ੍ਰਹਮਾ ਦੀ ਵਹੁਟੀ ਦਾ ਨਾਮ ਸਾਵਿਤ੍ਰੀ ਦੱਸਿਆ ਹੈ। ਅਖੇ ! ਸੰਸਕ੍ਰਿਤ ਪੜਤ ਨੇ ਇਸੀ ਨੇ ਬਣਾਈ ਸੀ, ਪਹਿਲਾਂ ਏਹ ਵੀ ਸਮੁੰਦਰ ਦੀ ਦੇਵੀ ਮੰਨੀ ਜਾਂਦੀ ਸੀ। ਬ੍ਰਾਹਮਣ ਆਪ ਨੂੰ ਬ੍ਰਹਮਾਂ ਦੇ ਮੁਖ ਤੋਂ ਜਨਮੇ ਮੰਨਦੇ ਹਨ ਪਰ ਪਿੱਪਲ ਨੂੰ ਬੀ ਬ੍ਰਹਮਾਂ ਕਹਿ ਕੇ ਪੂਜਦੇ ਹਨ ॥

ਇੱਕ ਕਥਾ ਹੈ ਕਿ ਬ੍ਰਹਮਾਂ ਨੇ ਆਪਣੀ ਸਭਾ ਵਿੱਚ ਹੰਕਾਰ ਕੀਤਾ ਜਿਸ ਤੋਂ ਹੈਗ੍ਰੀਵ ਜਾਂ ਸੰਖਾਸਰ ਦੈਂਤ ਪੈਦਾ ਹੋਇਆ। ਅਖੇ ! ਓਹ ਬ੍ਰਹਮਾਂ ਪਾਸੋਂ ਵੇਦ ਖੋਹ ਕੇ ਸਮੁੰਦ੍ਰ ਦੀ ਤਹਿ ਵਿੱਚ ਜਾ ਲੁਕਿਆ। ਦੇਵਤਿਆਂ ਦੀ ਹਾਹਾਕਾਰ ਪਰ ਵਿਸ਼ਨੂੰ ਨੇ ਮੱਛ ਅਵਤਾਰ ਧਾਰ ਕੇ ਮਸਾਂ ਮਸਾਂ ਉਸ ਪਾਸੋਂ ਵੇਦ ਖੋਹ ਕੇ ਬ੍ਰਹਮਾ ਨੂੰ ਦਿੱਤੇ। ਬ੍ਰਹਮਾਂ ਦੇ ਹੋਰ ਪੁਤ੍ਰ ਬਹੁਤ ਸਾਰੇ ਦੱਸੇ ਹਨ, ਜਿਹਾ ਕਿ ਆਂਗਰੇ, ਪੁਲੇ, ਪਰਸਲਾਤ ਆਦਿ ਪ੍ਰੰਤੂ ਆਂਗਰੇ ਰਿਖੀ ਅਥਰਵਣ ਵੇਦ ਦਾ ਕਰਤਾ ਵੀ ਕਿਹਾ ਹੈ। ਹਿੰਦੂ ਗ੍ਰੰਥਾਂ ਵਿਖੇ ਬ੍ਰਹਮਾਂ ਦੇ ਚਾਰ ਹੱਥ ਮੰਨੇ ਹੈਨ (ਕਿਧਰੇ ਦੋ ਵੀ ਹੈਨ) ਅਰ ਚਾਰੇ ਮੂੰਹਾਂ ਵਿੱਚੋਂ ਵੇਦ ਨਿਕਲਨੇ ਦਸੇ ਨੇ ਬ੍ਰਹਮਾਂ ਦੇ ਹਥ ਵਿਚ ਕੰਵਲ ਤੇ ਬਸਤ੍ਰ ਸੁਫੈਦ ਅਰ ਹੰਸ ਦੀ ਸਵਾਰੀ ਦਸੀ ਹੈ।

## ਮਹਾਂ ਦੇਉ

ਜਿਸ ਤਰ੍ਹਾਂ ਬ੍ਰਹਮਾਂ ਜੀ ਨੂੰ ਵਿਸ਼ਨੂ ਜੀ ਦਾ ਅਵਤਾਰ ਮੰਨਿਆ ਹੈ। ਉਸੀ ਤਰ੍ਹਾਂ ਮਹਾਂ ਦੇਉ ਦਾ ਨਾਮ ਵੀ ਆਉਂਦਾ ਹੈ, ਪਰ ਸ਼ਿਵ ਪੁਰਾਣ ਦੀ ਕਥਾ ਮੁਜਬ ਵਿਸ਼ਨੂੰ ਅਰ ਬ੍ਰਹਮਾਂ ਦੀ ਉਤਪਤੀ ਸ਼ਿਵਾਂ ਤੋਂ ਮੰਨੀ ਹੈ, ਕਿਧਰੇ ਬਰਾਬਰ ਦੇ ਦੇਵਤੇ ਸਮਝੇ ਗਏ ਨੇ (ਇਹ ਕਥਾ ਸ੍ਰਿਸ਼ਟੀ ਰਚਨਾ ਪ੍ਰਸੰਗ ਵਿੱਚ ਦਿੱਤੀ ਗਈ ਹੈ) ਜਿਵੇਂ ਵਿਸ਼ਨੂੰ ਦੇ ਉਪਾਸਕ ਵੈਸ਼ਨੋ। ਸ਼ਿਵ ਦੇ ਉਪਾਸ਼ਕ ਸ਼ੈਵੀ ਹਨ। ਮਹਾਂ ਦੇਵ ਦੇ ਵੀ ਕਿਤਨੇ ਨਾਮ ਰੱਖੇ ਹੋਏ ਹਨ। ਜਿਹਾ ਕਿ, ਮਹੇਸ਼, ਸ਼ੰਕਰ, ਰੁਦ੍ਰ, ਸ਼ਿਵ, ਉਮਾਪਤ, ਭੋਲੇਨਾਥ ਆਦਿ। ਮਹਾਂਦੇਵ ਦਾ ਵੱਡਾ ਕਾਰਜ ਰਾਜੇ ਜਛ ਨਾਲ ਜੰਗ ਅਰ ਗਿਰਜਾਂ ਜਾਂ ਗੌਰਜਾਂ ਅਥਵਾ ਪਾਰਬਤੀ ਨੂੰ ਵਰਨਾ ਹੈ।

ਹਿੰਦੂ ਗ੍ਰੰਥਾਂ ਦੀ ਕਥਾ ਅਨੁਸਾਰ ਮਹਾਂ ਦੇਉ ਜਗਤ ਪਰ ਪਰਲੈ ਲਿਆ ਕੇ ਮਾਰਨ ਵਾਲਾ ਮੰਨਿਆ ਹੈ, ਕਿਧਰੇ ਇਸਨੂੰ ਬ੍ਰਹਮਾਂ ਦੀ ਭਵਾਂ (ਭਰਵੱਟੇ) ਵਿੱਚੋਂ ਪੈਦਾ ਹੋਇਆ ਦੱਸਿਆ ਹੈ, ਕਿਧਰੇ ਜੋਤੀ ਲਿੰਗ ਵਿੱਚ ਦੀ। ਇੱਕ ਕਥਾ ਹੈ ਕਿ ਬ੍ਰਹਮਾਂ ਗੁੱਸੇ ਹੋ ਕੇ ਆਪਣੇ ਪੁੱਤਰਾਂ ਨੂੰ ਉਪਦੇਸ਼ ਕਰਦਾ ਸੀ ਤਾਂ ਭੋਲੇ ਨਾਥ ਭਵਾਂ ਵਿੱਚੋ ਨਿਕਲ ਪਏ ਤੇ ਰੋਂਦੇਂ ਰੋਂਦੇ ਆ ਦਰਸ਼ਨ ਦਿੱਤੇ, ਅਖੇ ਇਸੀ ਕਰਕੇ ਇਨ੍ਹਾਂ ਦਾ ਨਾਮ ਰੁਦ੍ਰ (ਰੋਣ ਵਾਲਾ, ਗੁਸੈਲਾ) ਰੱਖਿਆ ਹੈ। ਮਹਾਂਦੇਵ ਪਾਸ ਤਮੋਗੁਣ ਸ਼ਕਤੀਆਂ ਦੱਸੀਆਂ ਨੇ। ਜਿਸ ਤਰ੍ਹਾਂ ਵਿਸ਼ਨੂੰ ਦੀ ਸਵਾਰੀ ਗਰੁੜ, ਬ੍ਰਹਮਾਂ ਦੀ ਹੰਸ,ਇਸੇ ਤਰ੍ਹਾਂ ਸ਼ਿਵ ਦੀ ਬੈਲ ਦੱਸੀ ਹੈ। ਇਨ੍ਹਾਂ ਦੀ ਜਟਾਂ ਵਿੱਚ ਸੁਆਹ ਅਰ ਹੱਥ ਵਿੱਚ ਡੌਰੂ ਤੇ ਤਰਸ਼ੂਲ, ਗਲੇ ਵਿਚ ਸਰਪ ਅਨੂਹੇਂ ਖੋਪਰੀਆਂ ਦੀ ਮਾਲਾ ਆਦਿ ਅਰ

ਇਨ੍ਹਾਂ ਦੀ ਸੈਨਾਂ ਭੂਤ, ਪ੍ਰੇਤ, ਸਰਪ ਪਸਾਚ ਆਦਿਕ ਮੰਨੀ। ਚੰਦ੍ਰਮਾਂ ਇਨ੍ਹਾਂ ਦੇ ਮੱਥੇ ਵਿੱਚ, ਗੰਗਾ ਅਜਾਂ ਤੀਕ ਜਟਾਂ ਵਿੱਚੋਂ ਨਿਕਲਦੀ ਦੱਸੀ ਹੈ, ਜਿਵੇਂ ਵਿਸ਼ਨੂੰ ਦਾ ਬੈਕੁੰਠ ਭਵਨ ਖੀਰ ਸਮੁੰਦ੍ਰ ਵਿਚ ਦੱਸਿਆ ਹੈ, ਇਸੇ ਤਰ੍ਹਾਂ ਇਨ੍ਹਾਂ ਦਾ ਸੰਘਾਸਨ ਕੈਲਾਸ਼ ਪਰਬਤ ਪਰ ਮੰਨਿਆ ਹੈ, ਜੋ ਕਿ ਤਿੱਬਤ ਵਿਖੇ ਮਾਨਸਰੋਵਰ ਝੀਲ ਦੇ ਕਿਨਾਰੇ ਪਰ ਹੈ।

ਮਹਾਂ ਦੇਵ ਦੀ ਵਹੁਟੀ ਪਾਰਬਤੀ ਹਿਮਾਚਲ ਪਹਾੜ ਦੀ ਧੀ ਦਸੀ ਹੈ, ਅਖੇ ! ਏਹੋ ਦਖਯ ਪ੍ਰਜਾਪਤ ਦੀ ਪੁਤ੍ਰੀ ਸਤੀ ਦਾ ਅਵਤਾਰ ਸੀ, ਇਸ ਦੀ ਰਹਾਇਸ਼ ਸ਼ਿਵਾਂ ਦੇ ਖੱਬੇ ਪਾਸੇ ਹੈ, ਮਹਾਂ ਦੇਵਾ ਦਾ ਮੋਹਨੀ ਅਵਤਾਰ ਪਰ ਮੋਹਤ ਹੋਣਾ ਅਰ ਅੰਜਨੀ ਤੋਂ ਹਨੂਮਾਨ ਜਨਮਣਾ ਇਹ ਅਸਚਰਜ ਵੱਡੀਆਂ ਸ਼ਰਮ ਨਾਕ ਕਥਾ ਹੈਨ॥ ਸ਼ਿਵਾਂ ਦੀ ਰਹਾਇਸ਼ ਕਾਂਸ਼ੀ (ਬਨਾਰਸ) ਹੋਣ ਕਰਕੇ ਸ਼ਿਵ ਉਪਾਸ਼ਕ ਉਥੇ ਮਰਨ ਨੂੰ ਸਿੱਧਾ ਸੁਰਗੀਂ ਜਾਣਾ ਮੰਨਦੇ ਨੇ। ਸ਼ਿਵ ਜੀ ਚੌਦਾਂ ਰਤਨ ਨਿਕਾਲਣ ਸਮੇਂ ਜਹਿਰ ਪੀ ਜਾਣ ਕਰਕੇ ਨੀਲਕੰਠ ਕਹੇ ਜਾਂਦੇ ਹੈਨ। ਇਨ੍ਹਾਂ ਦੇ ਨਾਮ ਪਰ ਸ਼ਿਵ ਪੁਰਾਣ ਬਣਿਆ ਹੈ, ਕਰੋੜਾਂ ਹਿੰਦੂ ਸ਼ਿਵ ਲਿੰਗ ਦੀ ਪੂਜਾ ਕਰਦੇ ਹੈਨ ਵਿਸ਼ਨੂੰ ਪੂਜਾ ਦੇ ਮੁਕਾਬਲੇ ਸ਼ਿਵਜੀ ਕਿਸੀ ਤਰ੍ਹਾਂ ਵੀ ਪਿੱਛੇ ਨਹੀਂ ਹੈਨ। ਜੇ ਵਿਸ਼ਨੂੰ ਮਹਾਰਾਜ ਦੀਆਂ ਦੱਸ ਬਾਰਾਂ ਸੰਪ੍ਰਦਾਇ ਹੈਨ ਤਾਂ ਆਪ ਦੀ ਵੀ ਕੋਈ ਘੱਟ ਨਹੀਂ। ਵਿਸ਼ਨੂੰ ਦੀ ਸ਼ਕਤੀਆਂ ਨਾਲੋਂ ਸ਼ਿਵਾਂ ਵਿੱਚ ਤਮੋਗੁਣੀ ਸ਼ਕਤੀਆਂ ਵੱਧ ਦੱਸੀਆਂ ਹੈਨ, ਆਪ ਦੀ ਵਹੁਟੀ ਪਾਰਬਤੀ ਨੂੰ ਮੋਦੀ, ਦੁਰਗਾ, ਗੌਰਜਾਂ ਆਦਿ ਖ਼ਿਤਾਬ ਮਿਲੇ ਹੋਏ ਹਨ, ਜਿਵੇਂ ਵਿਸ਼ਨੂੰ ਅਵਤਾਰਾਂ ਨਾਲ ਲੱਛਮੀ, ਰਾਧਾ, ਸੀਤਾ ਆਦਿ "ਇਸਤ੍ਰੀ ਪੂਜਾ" ਹੈ ਇਸ ਤਰ੍ਹਾਂ ਪਾਰਬਤੀ ਵੀ ਘੱਟ ਨਹੀਂ ਹੈ॥

## ਤ੍ਰਿਮੂਰਤੀ ਪੂਜਾ

ਹਿੰਦੂ ਮੱਤ ਦਾ ਮੂਲ ਮੁੱਦਾ ਤਿੰਨੇ ਦੇਵਤੇ (ਵਿਸ਼ਨੂ, ਬ੍ਰਹਮਾ, ਮਹਾਂਦੇਵ) ਹੈਨ, ਇਸੇ ਕਰਕੇ ਹਿੰਦੂਆਂ ਨੂੰ "ਤ੍ਰਿਮੂਰਤੀ ਪੂਜਕ" ਮੱਤ ਮੰਨਣਾ ਚਾਹੀਦਾ ਹੈ। ਜਿਸ ਤਰ੍ਹਾਂ ਵਿਸ਼ਨੂੰ ਅਰ ਸ਼ਿਵਜੀ ਦੀ ਪੂਜਾ ਹੁੰਦੀ ਹੈ, ਬ੍ਰਹਮਾਂ ਦੀ ਇਨ੍ਹਾਂ ਨਾਲੋਂ ਕੁਝ ਘੱਟ ਹੁੰਦੀ ਹੈ, ਸ਼ਾਇਦ ਜੋਤੀ ਲਿੰਗ ਦੀ ਥਾਹ ਲੈਣ ਵੇਲੇ ਕੇਤਕੀ ਦਰਖਤ ਤੇ ਗਊ ਨੂੰ ਝੂਠੇ ਗਵਾਹ ਭਗਤੌਣ ਤੇ ਆਪ ਝੂਠ ਬੋਲਣ ਦੇ ਅਪਰਾਧ ਵਾਲਾ ਸ਼ਿਵ ਸਰਾਪ ਅਸਰ ਕਰ ਗਿਆ ਹੈ। (ਪੂਰਨ ਪ੍ਰਸੰਗ ਲਈ ਦੇਖੋ ਸ੍ਰਿਸ਼ਟੀ ਰਚਨਾ ਪ੍ਰਸੰਗ)

ਹਿੰਦੂ ਮੱਤ ਵਿਖੇ ਵਿਸ਼ਨੂੰ ਦੇ ਉਪਾਸਕ ਵੈਸ਼ਨੋਂ ਅਰ ਸ਼ਿਵ ਦੇ ਉਪਾਸ਼ਕਾਂ ਨੂੰ ਸ਼ੈਵ ਜਾਂ ਸ਼ੈਵੀ ਕਹਿੰਦੇ ਹਨ। ਇਸੇ ਤਰ੍ਹਾਂ ਦੇਵੀਆਂ ਤਥਾ ਸ਼ਕਤੀਆਂ ਦੇ ਉਪਾਸ਼ਕਾਂ ਨੂੰ ਸ਼ਾਕਤਕ ਜਾਂ ਸ਼ਾਕਤ ਕਹੀਦਾ ਹੈ, ਉਕਤ ਤਿੰਨੇ ਤਰ੍ਹਾਂ ਦੇ ਹਿੰਦੂ ਤ੍ਰਿਮੂਰਤੀ ਪ੍ਰਚਾਰਕ ਮੰਨੇ ਗਏ ਹਨ ਅਰ ਹਿੰਦੂ ਮਤੀਆਂ ਦੇ ਤਿੰਨੇ ਭਾਂਤ ਦੇ ਮੰਦਰ ਹਨ। ਜਿਹਾ ਕਿ :-

(੧) ਠਾਕਰ ਦੁਆਰੇ ਜਿਨ੍ਹਾਂ ਵਿਖੇ ਵਿਸ਼ਨੂੰ ਜਾਂ ਵਿਸ਼ਨੂੰ ਦੇ ਚੌਬੀਸ ਅਵਤਾਰਾਂ ਆਦਿ ਵਿੱਚੋਂ ਕਿਸੀ ਇੱਕ ਦੀ ਮੂਰਤੀ ਦੀ ਪੂਜਾ ਹੁੰਦੀ ਹੈ ਭਾਵੇਂ ਉਹ ਰੰਗੀਨ ਕਾਗਜ਼ ਦੀ ਤਸਵੀਰ ਹੈ ਅਥਵਾ ਪੱਥਰ ਜਾਂ ਲੱਕੜ ਤਥਾ ਪਿੱਤਲ ਤਾਂਬੇ ਆਦਿ ਧਾਂਤ ਦੀ ਘੜੀ ਹੋਈ ਮੂਰਤੀ ਹੈ,

ਅਥਵਾ ਨਿਰੋਲ ਹੀ ਪਹਾੜੀ ਬੱਟਾ(ਪੱਥਰ) ਹੈ ਜਿਸ ਨੂੰ ਸਾਲਗਰਾਮ ਕਿਹਾ ਜਾਂਦਾ ਹੈ, ਸ੍ਰੀ ਵਿਸ਼ਨੂੰ ਜੀ ਦੀ ਮੂਰਤਾਂ ਦੇ ਇਸਤ੍ਰੀਆਂ ਵਾਂਗੂ ਗਹਿਣੇ ਗੱਟੇ ਪਾਏ ਹੁੰਦੇ ਹਨ, ਜਿਨ੍ਹਾਂ ਅੱਗੇ ਹਿੰਦੂ ਲੋਕ ਪਦਾਰਥ ਚੜ੍ਹਾ ਕੇ ਠਾਕਰਾਂ ਨੂੰ ਭੋਗ ਲਗਵਾਉਣਾ ਮੰਨਦੇ ਹਨ ਜਿਸ ਦਾ ਭਾਵ ਰੱਬ ਨੂੰ ਰੋਟੀ ਟੁਕਰ ਛਕਾਉਣਾ ਹੈ ॥

ਇਨ੍ਹਾਂ ਮੂਰਤੀਆਂ ਅੱਗੇ 'ਠਾਕੁਰ ਉਸਤਤ' ਦੇ ਭਜਨ (ਗੀਤ) ਗਾਏ ਜਾਂਦੇ ਹਨ ਅਰ ਚੜ੍ਹਾਵੇ ਚਾਹੜਕੇ ਮਨਬਾਂਛਤ ਫਲ ਮੰਗੇ ਜਾਂਦੇ ਹਨ। ਹਿੰਦੂ ਲੋਕ ਇਨ੍ਹਾਂ ਮੂਰਤਾਂ ਨੂੰ 'ਸਾਖਯਾਤ ਰੱਬ' ਮੰਨਦੇ ਹੋਏ ਵਡੀ ਸ਼ਰਧਾ ਨਾਲ ਪੂਜਾ ਕਰਦੇ ਹਨ। ਐਸੇ ਹਿੰਦੂ ਵੈਸ਼ਨਵ ਮਤੀਏ ਕਹੀਦੇ ਹਨ।

(੨) ਸ਼ਿਵਦੁਆਰੇ ਜਾਂ ਸ਼ਿਵਦੁਆਲੇ-ਜਿਸਤਰ੍ਹਾਂ ਹਿੰਦੂ ਮਤੀਆਂ ਦੇ ਹਜਾਰਾਂ ਠਾਕੁਦੁਆਰੇ ਇਸਤਰ੍ਹਾਂ ਸ਼ਿਵਦੁਆਰੇ (ਸ਼ਿਵਮੰਦਰ) ਵੀ ਘੱਟ ਨਹੀਂ ਹਨ ਜਿਨ੍ਹਾਂ ਵਿੱਚ ਅਕਸਰ "ਸ਼ਿਵਲਿੰਗ" (ਲਿੰਗ ਦੀ ਸ਼ਕਲ ਦਾ ਇੱਕ ਪੱਥਰ ਹੁੰਦਾ ਹੈ ਜਿਸ ਨੂੰ "ਜੋਤੀ ਲਿੰਗ" ਆਦਿ ਉਤੱਮ ਨਾਮਾਂ ਨਾਲ ਪੁਕਾਰੀਦਾ ਹੈ ) ਦੀ ਪੂਜਾ ਹੁੰਦੀ ਹੈ ਸ਼ਿਵ ਮੰਦਰਾਂ ਦੇ ਦਰ ਅੱਗੇ ਸ਼ਿਵਾਂ ਦਾ ਨੰਦੀ ਬੈਲ (ਸ਼ਿਵ ਸਵਾਰੀ) ਵੀ ਖੜੋਤਾ ਹੁੰਦਾ ਹੈ। ਸ਼ੈਵੀ ਹਿੰਦੂ ਸ਼ਿਵ ਮੰਦਰਾਂ ਪਰ ਅਤਯੰਤ ਸ਼ਰਧਾ ਰੱਖਦੇ ਹਨ।

(੩) ਦੇਵੀ ਦੁਆਰੇ ਜਾਂ ਦੇਵੀਦੁਆਲੇ - ਇਨ੍ਹਾਂ ਵਿੱਚ ਨਿਰੋਲ ਦੇਵੀਆਂ (ਸ਼ਕਤੀਆਂ) ਦੀ ਪੂਜਾ ਹੁੰਦੀ ਹੈ ਪਰੰਤੂ ਇਹ ਮੰਦਰ ਕਿਸੇ ਇੱਕ ਦੇਵੀ ਦਾ ਆਪੋ ਆਪਣਾ ਵੱਖਰਾ ਹੁੰਦਾ ਹੈ। ਕਿਸੀ ਵਿੱਚ ਤਾਂ ਕਾਲੀ ਦੇਵੀ ਕਿਤੇ ਤਾਰਾ ਦੇਵੀ, ਕਿਧਰੇ ਦੁਰਗਾ, ਭਗਉਤੀ, ਸਤੀ, ਅੰਨਪੂਰਣਾ, ਪਾਰਬਤੀ, ਭਵਾਨੀ, ਸੁੰਦਰੀ, ਭੈਰਵੀ, ਲਖਮੀ, ਜੁਆਲਾਮੁਖੀ, ਧੂਮਾ, ਛਿੰਨਾ ਦੇਵੀ ਆਦਿ ਪੂਜੀਦੀ ਹੈ। ਇਸ ਤਰ੍ਹਾਂ ਦੀ ਕਿਤਨੀ ਹੀ ਦੇਵੀਆਂ ਹਨ ਜਿਨ੍ਹਾਂ ਦੀ ਅੱਡਰੀ ਅੱਡਰੀ ਪੂਜਾ ਹੁੰਦੀ ਹੈ ਇਨ੍ਹਾਂ ਦੇ ਮੰਤ੍ਰ ਵੀ ਵੱਖੋ ਵੱਖਰੇ ਹਨ ਤੇ ਅੱਡੋ ਅੱਡ ਇਹ ਵਰ ਦਿੰਦੀਆਂ ਮੰਨੀਦੀਆਂ ਹਨ। ਹਿੰਦੂ ਲੋਕ ਕਿਸੀ ਨੂੰ ਦੁੱਧ ਪੁੱਤਰ (ਮਨੋਕਾਮਨਾ ਫਲ) ਦਾਤੀ ਮੰਨਦੇ ਹਨ, ਕੋਈ ਮਾਤਾ (ਚੀਚਕ) ਆਦਿ ਰੋਗਾਂ ਨੂੰ ਹਟਾਉਦੀਂ ਮੰਨੀ ਹੈ, ਕੋਈ ਸੁਖਣਾਂ ਪੂਰਨ ਕਰਦੀ ਦੱਸੀ ਹੈ ॥

ਸਿੱਟਾ ਕੀ ! ਕਿਸੀ ਇੱਕ ਵਿੱਚ ਕੋਈ ਖਾਸ ਸ਼ਕਤੀ ਮੰਨੀ ਹੈ। ਵੱਖੋ ਵੱਖ ਇਨ੍ਹਾਂ ਦੇ ਖਾਣੇ ਹਨ (ਜਿਹਾ ਕਿ ਚੌਲ, ਪਤਾਸੇ ਧਾਨਾਂ ਦੀ ਖਿੱਲਾਂ, ਦਲ਼ੀਆ, ਕੜਾਹੀ(ਗੋਈ) ਮਿੱਠੀ ਰੋਟੀਆਂ ਸਤਨਾਜਾ ਆਦਿ) ਪਰੰਤੂ ਕਈ ਤਾਂ ਨਿਰਾ ਮਾਸ ਖਾ ਕੇ ਪ੍ਰਸੰਨ ਹੁੰਦੀਆ ਹਨ (ਜਿਹਾ ਕਿ ਬੱਕਰਾ, ਮੈਂਸ੍ਹਾ ਭਾਵ ਮੈਹਾਂ ਝੋਟਾ, ਮੁਰਗਾ, ਮੱਛੀ ਆਦਿ) ਸੋ ਹਿੰਦੂ ਲੋਕ ਹਰ ਇੱਕ ਨੂੰ ਤਿਨ੍ਹਾਂ ਦੀ ਇੱਛਾ ਮੁਤਾਬਕ ਨੀਯਤਖਾਣਾ ਦਿੰਦੇ ਹੈਨ। ਇਨ੍ਹਾਂ ਦੇਵੀਆਂ ਦੇ ਵੇਸ (ਪਹਿਰਾਵੇ) ਰੂਪ ਰੰਗ (ਸ਼ਕਲਾਂ ਔਰ ਸਵਾਰੀਆਂ ਭੀ ਵਖੋ ਵਖ ਹਨ। ਕੋਈ ਕਾਲੀਕਟ ਹੈ ਕੋਈ ਅਤੀ ਭਿਆਨਕ ਸ਼ਕਲ ਦੀ ਹੈ ਕੋਈ ਅਤਿਅੰਤ ਸੁੰਦਰੀ ਕੋਈ ਲਾਲ ਵਸਤਰਾਂ ਵਿੱਚ ਕੋਈ ਕਾਲਿਆਂ

ਵਿੱਚ। ਕਿਸੀ ਦੀ ਸਵਾਰੀ ਸ਼ੇਰ ਹੈ ਕਿਸੀ ਦੀ ਕੁੱਤਾ ਕਿਸੀ ਦੀ ਖੋਤੇ ਪਰ ਸਵਾਰੀ ਹੈ। ਗੱਲ ਕੀ ਇਨ੍ਹਾਂ ਦੇ ਮੰਦਰ ਵੀ ਇਨ੍ਹਾਂ ਦੀ ਰਹਿਣੀ ਬਹਿਣੀ ਅਨੁਸਾਰ ਹਨ। ਭਾਂਵੇ ਸ਼ਿਵਾਂ ਦੀ ਪਾਰਬਤੀ ਔਰ ਬ੍ਰਹਮਾਂ ਦੀ ਵਹੁਟੀ ਸਾਵਿਤ੍ਰੀ ਅਰ ਵਿਸ਼ਨੂੰ ਦੀ ਲੱਛਮੀ ਬੀ ਦੇਵੀਆਂ ਵਿਚੇ ਸ਼ਾਮਲ ਹਨ ਪਰ ਓਹ ਪਤੀਆਂ ਨਾਲ ਪੂਜੀਦੀਆਂ ਹਨ ਬਲਕਿ ਇਨ੍ਹਾਂ ਦਾ ਨਾਮ ਸਿਮਰਨ ਭੀ ਨਾਲੇ ਹੁੰਦਾ ਹੈ ਜਿਵੇਂ - "ਸ਼ਿੱਵਮ, ਉਮਾਪਤ, ਰੁਮਾਪਤ, ਲਛਮੀ ਨਾਰਾਇਣ, ਸੀਤਾ ਰਾਮ, ਰਾਧੇ ਕ੍ਰਿਸ਼ਨ, ਸਚੀਪਤ, ਆਦਿ ਆਦਿ ਹੈਨ। ਨਾਮ ਸਿਮਰਨ ਦੇ ਮੂਲ ਮੰਤ੍ਰ ਵੀ ਰਾਧੇ ਕ੍ਰਿਸ਼ਨ ਸੀਤਾ ਰਾਮ, ਗੋਬਿੰਦਾਯਨਮ: ਆਦਿ ਜਪਦੇ ਹੈਨ ਤੇ ਸ਼ੈਵੀ ਨਮਾ ਸ਼ਿਵਾਯ ਆਦਿ ਅਤੇ ਦੇਵੀਆਂ ਵਾਲੇ ਭੈਰਵੰਮਨਮਯੰ ਆਦਿ ਆਦਿ ਜਪਣਗੇ ਭਾਵ ਕਿ ਤਿੰਨ ਪ੍ਰਕਾਰ ਦੇ ਹਿੰਦੂਆਂ ਦੇ ਜਾਪ ਵੀ ਆਪੋ ਅਪਣੇ ਦੇਵਤੇ ਦੇ ਨਾਮ ਪਰ ਹੈਨ। ਵੇਦਾਂ ਦਾ ਮੂਲ 'ਓਮ' ਇਸਦੇ ਅਰਥ ਵੀ ਤਿੰਨੇ ਦੇਵਤੇ (ਬ੍ਰਹਮਾ, ਵਿਸ਼ਨ, ਮਹੇਸ਼) ਹੈਨ ॥

ਇਸੀ ਭਾਵਨਾਂ ਮੁਜਬ ਹਿੰਦੂਆਂ ਦੇ ਸਿਮ੍ਰਤ, ਸ਼ਾਸਤ੍ਰ ਗ੍ਰੰਥ ਰਚੇ ਗਏ ਹਨ ਜਿਨ੍ਹਾਂ ਵਿੱਚ ਬ੍ਰਹਮਾ ਵਿਸ਼ਨ ਮਹੇਸ਼ ਦੇ ਸੋਹਿਲੇ ਗਾਏ ਹੈਨ। ਹਾਂ ਬ੍ਰਹਮਾਂ ਦੀ ਥਾਂ ਸਾਕਤਕਾਂ (ਦੇਵੀ ਭਗਤਾਂ) ਨੇ ਮੱਲ ਲਈ ਹੈ ਜਿਸ ਲਈ ਦੇਵੀਆਂ ਦੇ ਸੋਹਿਲੇ ਗੌਣ ਹਿੱਤ ਦੇਵੀ ਪੁਰਾਣ ਆਦਿ ਕਈ ਗ੍ਰੰਥ ਹੈਨ। ਨਿਸਚਾ ਹੈ ਕਿ ਪਾਠਕ ਜਨ ਉਕਤ ਸੰਖੇਪ ਭਾਵਾਂ ਤੋਂ ਸਮਝ ਗਏ ਹੋਣਗੇ ਕਿ ਹਿੰਦੂ ਮਤ ਦਰ ਅਸਲ ਕੀ ਹੈ ? ॥

## ਉਕਤ ਤਿੰਨਾਂ ਹਿੰਦੂ ਰੱਬਾਂ ਸਬੰਧੀ

## ਗੁਰੂ ਸਾਹਿਬਾਨ ਦਾ ਫੈਸਲਾ

### ਤ੍ਰਿਮੂਰਤੀ ਖੰਡਣ

ਗੁਰੂ ਸਾਹਿਬਾਨ ਨੇ ਹਿੰਦੂਆਂ ਦੇ ਤਿੰਨਾਂ ਦੇਵਤਿਆਂ (ਬ੍ਰਹਮਾਂ ਬਿਸਨ ਮਹੇਸ਼) ਨੂੰ ਰੱਬ ਨਹੀਂ ਮੰਨਿਆਂ ਬਲਕਿ ਮ੍ਰਿਤ ਮੰਡਲ (ਸੰਸਾਰ) ਵਿੱਚ ਆ ਕੇ ਸਮੇਂ ਚਕ੍ਰ ਤਥਾ ਕਾਲ ਜਾਲ ਵਿੱਚ ਫਸੇ ਤ੍ਰੈਗੁਣੀ )ਰਜੋ, ਤਮੋ, ਸਤੋ) ਸ਼ਕਤੀ ਪ੍ਰਚਾਰਕ ਤੇ ਉਪਾਸ਼ਕ ਦੱਸੇ ਹੈਨ ॥ ਯਥਾ :

ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ ॥ ਬ੍ਰਹਮ ਕਮਲੁ ਪਇਆਲ ਨ ਪਾਇਆ ॥
ਆਗਿਆ ਨਹੀਂ ਲੀਨੀ ਭਰਮਿ ਭੁਲਾਇਆ ॥ ਜੋ ਉਪਜੇ ਸੋ ਕਾਲਿ ਸੰਘਾਰਿਆ ॥
ਹਮ ਹਰਿ ਰਾਖੇ 'ਗੁਰਸਬਦ' ਬੀਚਾਰਿਆ ॥ *(ਗਉੜੀ ਮ: ੨੨੭)*

ਕਾਲ ਪਾਇ ਬ੍ਰਹਮਾ ਬਪੁ ਧਰਾ ॥ ਕਾਲ ਪਾਇ ਸਿਵ ਜੂ ਅਵਤਰਾ ॥
ਕਾਲ ਪਾਇ ਕਰ ਬਿਸਨੁ ਪ੍ਰਕਾਸਾ ॥ ਸਕਲ ਕਾਲ ਕਾ ਕੀਆ ਤਮਾਸਾ ॥
*(ਚੌ : ਪਾ: ੧੦)*

ਕਾਲਹਿ ਪਾਇ ਭਇਓ ਬ੍ਰਹਮਾ ਗਹਿ ਦੰਡ ਕਮੰਡਲ ਭੂਮ ਭ੍ਰਮਾਨਯੋ ॥

ਕਾਲਹਿ ਪਾਇ ਸਦਾ ਸਿਵਜੂ ਸਭ ਦੇਸ ਬਿਦੇਸੁ ਭਯਾ ਹਮ ਜਾਨਯੋ ॥
ਕਾਲਹਿ ਪਾਇ ਭਇਓ ਮਿਟ ਗਯੋ ਜਗ ਯਾਹਿ ਤੇ ਤਾਹਿ ਸਭੈ ਪਹਿਚਾਨਯੋ ॥
ਬੇਦ ਕਤੇਬ ਕੇ ਭੇਦ ਸਭੈ ਤਜ ਕੇਵਲ ਕਾਲ ਕ੍ਰਿਪਾਨਿਧਿ ਮਾਨਯੋ ॥
*(ਅਕਾਲ ਉਸਤਤਿ ਪਾ: ੧੦)*

ਸਨਕ ਸਨੰਦਨ ਸਿਵ ਸੁਕਾਦਿ ॥ ਨਾਭਿ ਕਮਲ ਜਾਨੇ ਬ੍ਰਹਮਾਦਿ ॥
ਕਬਿ ਜਨ ਜੋਗੀ ਜਟਾਧਾਰਿ ॥ ਸਭ ਆਪਨ ਅਉਸਰ ਚਲੇ ਸਾਰਿ ॥
*(ਬਸੰਤ ਕਬੀਰ ੧੧੯੪)*

ਉਕਤ ਸ਼ਬਦਾਂ ਵਿੱਚ ਫੈਸਲਾ ਹੈ ਕਿ ਬ੍ਰਹਮਾਂ ਬਿਸ਼ਨ ਮਹੇਸ਼ ਕਾਲ ਫਾਸ ਵਿੱਚ ਹਨ। ਸੋ ਜਦ ਵਿਸ਼ਨੂ ਬ੍ਰਹਮਾ ਸ਼ਿਵਜੀ ਖੁਦ ਹੀ ਕਾਲਚਕ੍ਰ ਅੰਦਰ ਘੁਮ ਰਹੇ ਹਨ 'ਫਿਰ ਰੱਬ ਤਾਂ ਕੀ' ਖੁਦ ਬੀ ਕਾਲ ਦੇ ਬੰਧੂਏ ਹਨ। ਸੋ ਜੋ ਖੁਦ ਜਨਮ ਮਰਨ ਚਕ੍ਰ ਵਿਚ ਪੀੜਤ ਨੇ ਆਪਣੇ ਸੇਵਕਾਂ ਨੂੰ ਕਿਵੇਂ ਛੁਡਾ ਸਕਦੇ ਹਨ ? ਭਾਵ ਨਹੀਂ ਛੁਡਾ ਸਕਦੇ। ਤਾਂਤੇ ਕਾਲ ਚਕਰ ਤੋਂ ਕੌਣ ਬਚੇ ਹੈ ? "ਹਮ ਹਰਿ ਰਾਖੇ ਗੁਰ ਸਬਦ ਵੀਚਾਰਿਆ ॥"

## ਬ੍ਰਹਮਾ ਵਿਸ਼ਨ ਮਹੇਸ਼ ਕਰਤਾਰ ਨੇ ਘੜੇ ਸਨ

ਕਾਲੁ ਬਿਕਾਲੁ ਕਹੇ ਕਹਿ ਬਪੁਰੇ ਜੀਵਤ ਮੂਆ ਮਨੁਮਾਰੀ ॥੧॥
ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ ਆਪੇ ਕਰਤਾ ਕਾਰੀ ॥
*ਰਾਮਕਲੀ ਮ: ੧-੯੦੭*

ਏਕਸੁ ਕੀ ਸਿਰਿ ਕਾਰ ਏਕ ਜਿਨਿ ਬ੍ਰਹਮਾ ਬਿਸਨੁ ਰੁਦ੍ਰੁ ਉਪਾਇਆ ॥
ਨਾਨਕ ਨਿਹਚਲੁ ਸਾਚਾ ਏਕੋ ਨਾ ਓਹੁ ਮਰੈ ਨਾ ਜਾਇਆ ॥
*ਭੈਰਉ ਮ: ੩-੧੧੩੦*

ਜਿਨਿ ਬ੍ਰਹਮਾ ਬਿਸਨੁ ਮਹੇਸੁ ਉਪਾਏ ॥ ਸਿਰਿ ਸਿਰਿ ਧੰਧੈ ਆਪੇ ਲਾਏ ॥
ਜਿਸੁ ਭਾਵੈ ਤਿਸੁ ਆਪੇ ਮੇਲੇ ਜਿਨਿ ਗੁਰਮੁਖਿ ਏਕੋ ਜਾਤਾਹੇ ॥
*ਮਾਰੂ ਮ: ੩-੧੦੫੧*

## ਬ੍ਰਹਮਾ ਬਿਸ਼ਨ ਮਹੇਸ਼ ਤਿੰਨਾਂ ਗੁਣਾਂ ਵਿਚ ਭੁਲੇ ਰਹੇ।

ਦੂਜਾ ਭਾਉ ਰਚਾਇਓਨੁ ਤ੍ਰੈਗੁਣ ਵਰਤਾਰਾ ॥
ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ ॥
*ਰਾਮਕਲੀ ਮ: ੩-੯੪੮*

ਬ੍ਰਹਮਾ ਬਿਸਨੁ ਮਹੇਸੁ ਵੀਚਾਰੀ ॥ ਤ੍ਰੈ ਗੁਣ ਬਧਕ ਮੁਕਤਿ ਨਿਰਾਰੀ ॥
ਗੁਰਮੁਖਿ ਗਿਆਨੁ ਏਕੋ ਹੈ ਜਾਤਾ ਅਨਦਿਨੁ ਨਾਮੁ ਰਵੀਜੈ ਹੇ ॥
*ਮਾਰੂ ਮ: ੧-੨੦੪੯*

ਬ੍ਰਹਮਾ ਬਿਸਨੁ ਮਹੇਸੁ ਤ੍ਰੈਗੁਣ ਸਿਰਿ ਧੰਧੈ ਲਾਇਆ ॥
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥

*ਗੁਜਰੀ ਕੀ ਵਾਰ ਮ: ੩-੫੦੯*

ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੇ ਭਾਇ ਚਿਤੁ ਲਾਇਆ ॥

*ਬਿਲਾਵਲ ਮ: ੩-੮੫੨*

ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥

*ਸੂਹੀ ਮ: ੪-੭੩੫*

ਸੂਚਨਾ - ਉਕਤ ਗੁਰੂ ਹੁਕਮਾਂ ਅੰਦਰ ਸਾਫ ਕਰ ਦਿੱਤਾ ਹੈ ਕਿ "ਬ੍ਰਹਮਾ ਬਿਸਨ" ਮਹੇਸ਼ ਤ੍ਰੈ ਗੁਣ ਰੋਗੀ ਸਨ ਅਰ ਤੁਰੀਆ ਅਵਸਥਾ ਦੇ ਗਯਾਨ ਤੋਂ ਉਕੇ ਖਾਲੀ ਸਨ ਤਦੇ ਰਜੋ ਤਮੋ ਸਤੋ ਦੇ ਉਪਾਸ਼ਕ ਤੇ ਪ੍ਰਚਾਰਕ ਰਹੇ ।

ਬ੍ਰਹਮਾ ਬਿਸਨੁ ਮਹੇਸੁ ਤ੍ਰੈਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥
ਗੁਰਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵਲਾਈ ॥

*ਰਾਮਕਲੀ ਮ: ੩-੯੦੯*

## ਬ੍ਰਹਮਾ ਬਿਸਨ ਮਹੇਸ ਮਾਇਆ ਜਾਲ ਤੋਂ ਨਾ ਨਿਕਲ ਸਕੇ

ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ ॥
ਤਾਕੋ ਅੰਤੁ ਨਾ ਜਾਈ ਲਖਣਾ ਆਵਤ ਜਾਤ ਰਹੈ ਗੁਬਾਰਿ ॥

*ਗੁਜਰੀ ਮ: ੧-੪੮੯*

ਬ੍ਰਹਮਾ ਬਿਸਨੁ ਰੁਦ੍ਰ ਤਿਸ ਕੀ ਸੇਵਾ ॥ ਅੰਤ ਨਾ ਪਾਵਹਿ ਅਲਖ ਅਭੇਵਾ ॥

*ਮਾਰੂ ਮ: ੩-੧੦੫੩*

ਨਾਭਿ ਵਸਤ ਬ੍ਰਹਮੈ ਅੰਤੁ ਨ ਜਾਣਿਆ ॥ਗੁਰਮੁਖਿ ਨਾਨਕ ਨਾਮੁ ਪਛਾਣਿਆ ॥

*(ਸਾਰੰਗ ਕੀ ਵਾਰ ਮ: ੪-੨੨੩੭)*

ਬੇਦ ਪੜੇ ਪੜਿ ਬ੍ਰਹਮੇ ਹਾਰੇ ਇਕੁ ਤਿਲੁ ਨਹੀਂ ਕੀਮਤਿ ਪਾਈ ॥
ਸਾਧਿਕ ਸਿਧ ਫਿਰਹਿ ਬਿਲਲਾਤੇ ਤੇ ਭੀ ਮੋਹੇ ਮਾਈ ॥ ੨ ॥

*ਸੂਹੀ ਮ: ੫-੭੪੭*

ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ ॥
ਤਿਨ ਭੀ ਅੰਤੁ ਨਾ ਪਾਇਓ ਤੇਰਾ ਲਾਇ ਥਕੇ ਬਿਭੂਤਾ ॥

*ਸੂਹੀ ਮ: ੫-੭੪੭*

ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ ॥ ਰਾਮ ਭਗਤਿ ਬੈਠੇ ਘਰਿ ਆਇਆ ॥
॥ਗਉੜੀ ਕਬੀਰ-੩੨੭॥

ਸੂਚਨਾ - ਸਾਫ਼ ਹੈ ਕਿ ਬ੍ਰਹਮਾਂ ਬਿਸ਼ਨ ਮਹੇਸ਼ ਅਕਾਲ ਭਗਤੀ ਬਿਨਾ ਮਾਇਆ ਅੰਦਰ ਭੁਲ ਕੇ ਅੰਤ ਨੂੰ ਬਿਲਲਾਏ ਬ੍ਰਹਮਾਂ ਨੇ ਵੇਦ ਰਚਕੇ ਬਥੇਰਾ ਕਥਨ ਕੀਤਾ। ਪੰਤੂ ਤਿਲ ਮਾਤਰ ਵੀ ਲੇਖੇ ਨਾ ਲੱਗਿਆ ਬਲਕਿ ਸਨਕ ਸਨੰਦਨ ਆਦਿ ਆਪਦੇ ਪੁਤ੍ਰਾਂ ਨੂੰ ਬੀ ਤਸੱਲੀ ਨਾ ਹੋ ਸਕੀ ॥

## ਹਿੰਦੂ ਭਰਾਵਾਂ ਨੂੰ ਗੁਰ ਉਪਦੇਸ਼

ਬਿਸਨ ਮਹੇਸ ਸਿਧ ਮੁਨਿ ਇੰਦ੍ਰਾ ਕੈ ਦਰਿ ਸਰਨਿ ਪਰਉ ॥ ੧ ॥
ਕਾਹੂ ਪਹਿ ਰਾਜੁ ਕਾਹੂ ਪਹਿ ਸੁਰਗਾ ਕੋਟਿ ਮਧੇ ਮੁਕਤਿ ਕਹਉ ॥
ਕਹੁ ਨਾਨਕ ਨਾਮ ਰਸੁ ਪਾਈਐ ਸਾਧੂ ਚਰਨ ਗਹਉ ॥
*(ਕਲਿਆਨ ਮ: ੫-੧੩੨੨)*

ਕੋਊ ਦਿਜੇਸ ਕੋ ਮਾਨਤ ਹੈ ਅਰ ਕੋਊ ਮਹੇਸ ਕੋ ਏਸ ਬਤੈ ਹੈ ॥
ਕੋਊ ਕਹੈ ਬਿਸਨੋ ਬਿਸਨਾਯਕ ਜਾਂਹਿ ਭਜੇ ਅਘ ਓਘ ਕਟੈ ਹੈ ॥
ਬਾਰ ਹਜਾਰ ਬਿਚਾਰ ਅਰੇ ਜੜ੍ਹ ਅੰਤ ਸਮੈਂ ਸਭ ਹੀ ਤਜ ਜੈਹੈ ॥
ਤਾਂਹੀ ਕੋ ਧਯਾਨ ਪ੍ਰਮਾਨ ਹੀਯੇ ਜੋਊ ਥਾ ਅਬ ਹੈ ਅਰ ਆਗੇਊ ਹ੍ਵੈਹੈ ॥
*(ਅਕਾਲ ਉਸਤਤਿ ਪਾ: ੧੦)*

## ਚਕ੍ਰ ਚਿਹਨ ਵਾਲਾ ਵਿਸ਼ਨੂ ਰੱਬ ਨਹੀਂ ਹੈ

ਨ ਸੰਖੰ ਨ ਚਕ੍ਰੰ ਗਦਾ ਨ ਸਿਆਮੰ ॥ ਅਸਰਜ ਰੂਪੰ ਰਹੰਤ ਜਨਮੰ ॥
ਨੇਤ ਨੇਤ ਕਥੰਤਿ ਬੇਦਾ ॥ ਊਚ ਸੂਚ ਅਪਾਰ ਗੋਬਿੰਦਹ ॥
ਬਸੰਤਿ ਸਾਧ ਰਿਦਯੰ ਅਚੁਤ ਬੁਝੰਤਿ ਨਾਨਕ ਬਡਭਾਗੀਅਹ ॥
*(ਸਹਸਕ੍ਰਿਤੀ ਮ: ੧-੧੩੫੯)*

## ਕਰਤਾਰ ਅਜੂਨੀ ਹੈ

ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦੁ ਕਮਾਇ ॥
ਓਹੁ ਅਉਹਾਣੀ ਕਦੇ ਨਾਹਿ ਨਾ ਆਵੈ ਨਾ ਜਾਇ ॥
ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ॥
*(ਗੂਜਰੀ ਕੀ ਵਾਰ ਮ: ੩-੫੦੯)*

ਤੂ ਪਾਰਬ੍ਰਹਮੁ ਪਰਮੇਸਰੁ ਜੋਨਿ ਨ ਆਵਹੀ ॥
ਤੂ ਹੁਕਮੀ ਸਾਜਹਿ ਸ੍ਰਿਸਟਿ ਸਾਜਿ ਸਮਾਵਹੀ ॥

ਤੇਰਾ ਰੂਪ ਨ ਜਾਈ ਲਖਿਆ ਕਿਉ ਤੁਝਹਿ ਧਿਆਵਹੀ ॥
ਤੂ ਸਭ ਮਹਿ ਵਰਤਹਿ ਆਪਿ ਕੁਦਰਤਿ ਦੇਖਾਵਹੀ ॥

(ਮਾਰੂ ਵਾਰ : ੫-੧੦੯੫)

ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਜਾਇ ॥
ਨਿਹਫਲ ਤਿਨ ਕਾ ਜੀਵਿਆ ਜਿ ਖਸਮੁ ਨ ਜਣਹਿ
ਆਪਣਾ ਅਵਰੀ ਕਉ ਚਿਤੁ ਲਾਇ ॥
ਨਾਨਕ ਏਵ ਨਾ ਜਾਪਈ ਕਰਤਾ ਕੇਤੀ ਦੇਇ ਸਜਾਇ ॥

(ਗੁਜਰੀ ਕੀ ਵਾਰ ਮ: ੩-੫੦੯)

## ਗੁਰੂ ਦਸਮੇਸ਼ ਜੀ ਦਾ ਐਲਾਨ

ਬਿਨ ਹਰਿ ਨਾਮ ਨਾ ਬਾਚਨ ਪੈਹੈ ॥
ਚੌਦਹਿ ਲੋਕ ਜਾਹਿ ਬਸ ਕੀਨੇ ਤਾਂਤੇ ਕਹਾ ਪਲੈਹੈ ॥ ੧ ॥ ਰਹਾਉ ॥
ਰਾਮ ਰਹੀਮ ਉਬਾਰ ਨ ਸਾਕਹਿ ਜਾਕਰ ਨਾਮ ਰਟੈਹੈ ॥
ਬ੍ਰਹਮਾ ਬਿਸਨ ਰੁਦ੍ਰ ਸੂਰਜ ਸਸਿ ਤੇ ਬਸਿ ਕਾਲ ਸਬੈਹੈ ॥ ੨ ॥
ਬੇਦ ਪੁਰਾਨ ਕੁਰਾਨ ਸਬੈ ਮਤ ਜਾਕਰ ਨੇਤਿ ਕਹੈਹੈ ॥
ਇੰਦ੍ਰ ਫਨਿੰਦ੍ਰ ਮੁਨਿੰਦ੍ਰ ਕਲਪ ਬਹੁ ਧਯਾਵਤ ਧਯਾਨ ਨ ਐਹੈ ॥ ੩ ॥
ਜਾਕਰ ਰੂਪ ਰੰਗ ਨਹਿ ਜਨਿਯਤ ਸੋਕਿਮ ਸਯਾਮ ਕਹੈਹੈ ॥
ਛੁਟਹੋ ਕਾਲ ਜਾਲ ਤੇ ਤਬਹੀ ਤਾਹਿ ਚਰਨ ਲਪਟੈਹੈ ॥

(ਰਾਗ ਦੇਵ ਗੰਧਾਰੀ ਪਾ: ੧੦)

ਬਬਾ ਬ੍ਰਹਮੁ ਜਾਨਤ ਤੇ ਬ੍ਰਹਮਾ । ਬੈਸਨੋ ਤੇ ਗੁਰਮੁਖਿ ਸੁਚ ਧਰਮਾਂ ॥

(ਬਾਵਨ ਅਖਰੀ ਮ: ੫-੨੫੮)

ਭਾਵ - ਬ੍ਰਹਮ ਜਾਨਣੇ ਵਾਲਾ ਬ੍ਰਹਮਾ (ਬ੍ਰਾਹਮਣ) ਹੁੰਦਾ ਹੈ ਨਾ ਕਿ ਨਾਮ ਧ੍ਰੀਕ ? ਇਸੇ ਤਰ੍ਹਾਂ ਸੁਧ ਧਰਮੀ (ਖਾਲਸਾ ਧਰਮੀ) ਵਿਸ਼ਨ (ਵੈਸ਼ਨੋ) ਹੈ ਨਾ ਕਿ ਨਾਮਧਰੀਕ ਵਿਸ਼ਨੂੰ ?

ਸ੍ਰੀ ਭਗਤ ਕਬੀਰ ਜੀ ਨੇ ਇਕ ਪ੍ਰਸ਼ਨੋਤ੍ਰੀ ਵਿਚ ਇਸ ਤਰ੍ਹਾਂ ਨਿਰਣਯ ਕੀਤਾ ਹੈ 'ਬ੍ਰਹਮਾ ਵਡਾ ਕਿ ? (ਉਤਰ) ਜਾਸੁ ਉਪਾਇਆ ॥ ਭਾਵ ਬ੍ਰਹਮਾ ਵਡਾ ਨਹੀਂ ਵੱਡਾ ਪੈਦਾ ਕਰਨੇ ਵਾਲਾ 'ਕਰਤਾਰ' ਹੈ ॥

ਪੁਨਾ - ਮਹਾਂਦੇਵ ਕੋ ਕਹਤ ਸਦਾ ਸਿਵ । ਨਿਰੰਕਾਰ ਕਾ ਚੀਨਤ ਨਹਿ ਭਿਵ ॥

(ਚੌ: ਪਾ: ੧੦)

# ਤ੍ਰਿਮੂਰਤੀ ਦੇ ਅਵਤਾਰਾਂ ਦਾ ਸਮੁੱਚਾ ਤੇ ਸੰਖੇਪ ਵੇਰਵਾ

ਵਿਸ਼ਨੂੰ ਦੇ ਚੌਬੀਸ ਅਵਤਾਰ ਮੰਨੇ ਗਏ ਹੈਨ, ਜਿਹਾ ਕਿ 'ਮੱਛ,ਕੱਛ, ਮੋਹਣੀ, ਨਰ ਨਾਰਾਇਣ, ਵੈਰਾਹ, ਨਰਸਿੰਘ, ਬਾਵਨ, ਪਰਸਰਾਮ, (ਜਾਂ ਬ੍ਰਹਮਾ) ਰੁਦ੍ਰ, ਜਲੰਧਰ, ਅਰਹੰਤਦੇਵ, ਬੌਧ ਅਵਤਾਰ, ਸੁਰਜ, ਚੰਦ੍ਰ, ਧਨੰਤ੍ਰ, ਰਾਮ, ਕ੍ਰਿਸਨ, ਅਰਜਨਾਰ, ਕਲਕੀ ਅਵਤਾਰ। ਬਾਕੀ ਮਧ ਕੈਟਵ ਦੈਂਤਾਂ ਨੂੰ ਮਾਰਨ ਵੇਲੇ ਇਕ ਬੇਨਾਮਾ ਜਿਹਾ ਅਵਤਾਰ ਹੈ, ਇਕ ਹੋਰ ਸਮੁੰਦ੍ਰ ਵਿਚੋਂ ਚੌਦਾਂ ਰਤਨ ਕਢਣ ਵੇਲੇ ਗੁਪਤ ਜਿਹਾ ਹੈ, ਇਸ ਤਰ੍ਹਾਂ ਇਹ ਚੌਵੀ ਪੂਰੇ ਕੀਤੇ ਹਨ। ਇਨ੍ਹਾਂ ਵਿੱਚੋਂ ਰਾਮਚੰਦ੍ਰ, ਕ੍ਰਿਸ਼ਨ, ਮਛ, ਬਾਵਨ, ਪਰਸਰਾਮ, ਨਰਸਿੰਘ, ਵੈਰਾਹ, ਕਛ, ਬੁਧ, ਕਲਕੀ ਉਕਤ ਦੱਸੇ ਅਵਤਾਰ ਮੁਖ ਅਵਤਾਰ ਮੰਨੇ ਗਏ ਹਨ। ਅਵਤਾਰ ਪੰਜ ਤਰ੍ਹਾਂ ਦੇ ਹਨ ਜੈਸਾ ਕਿ - ਪੂਰਨ ਅਵਤਾਰ ਕ੍ਰਿਸ਼ਨ ਆਦਿ ਔਰ ਅਧੇ ਅਵਤਾਰ ਰਾਮਚੰਦ੍ਰ ਆਦਿ,ਚੌਥਾਈ ਅਵਤਾਰ ਭਰਥ ਆਦਿ ਅਡਵਾਂ ਹਿਸਾ ਲਛਮਣ ਆਦਿ ਇਨ੍ਹਾਂ ਅਵਤਾਰਾਂ ਦੇ ਨਾਮ ਪਰ ਹੀ ਹਿੰਦੂ ਪੁਰਾਣ ਲਿਖੇ ਗਏ ਹੈਨ। ਜੈਸਾ ਕਿ ਬਿਸਨ ਪੁਰਾਣ, ਸੂਰਜ ਪੁਰਾਣ, ਵਰਾਹ ਪੁਰਾਣ, ਕੂਰਮ ਪੁਰਾਣ, ਸ਼ਿਵ ਪੁਰਾਣ ਆਦਿ (ਜਿਸ ਦੇ ਨਾਮ ਦਾ ਪੁਰਾਣ ਹੈ ਉਸ ਵਿਚ ਉਸੀ ਦੇ ਗੀਤ ਗਾਏ ਹੈਨ)

ਸੂਚਨਾ - ਜੇਕਰ ਉਪਰ ਲਿਖੇ ਚੋਬੀਸ ਅਵਤਾਰਾਂ ਦਾ ਸੰਖੇਪ ਹਾਲ ਬੀ ਲਿਖੀਏ ਤਾਂ ਬੀ ਇੱਕ ਭਾਰੀ ਪੋਥੀ ਬਣ ਜਾਂਦੀ ਹੈ, ਕਿਉਂਕਿ ਇਨ੍ਹਾਂ ਅਵਤਾਰਾਂ ਦੇ ਹਾਲਾਂ ਦੇ ਹਜ਼ਾਰਾਂ ਹੀ ਪੱਤ੍ਰੇ ਭਰੇ ਹੋਏ ਹੈਨ ਤਾਂ ਤੇ ਪਾਠਕਾਂ ਦੀ ਵਾਕਫੀ ਲਈ ਇੱਥੇ ਇਸ਼ਾਰੇ ਮਾਤ੍ਰ ਹੀ ਲਿੱਖਦੇ ਹਾਂ। ਪੰਜਾਬੀ ਦੇ ਪਾਠਕਾਂ ਨੂੰ ਚਾਹੀਦਾ ਹੈ ਕਿ ਚੌਬੀਸ ਅਵਤਾਰਾਂ ਦਾ ਬ੍ਰਿਤਾਂਤ ਦੇਖਣ ਹਿੱਤ ਦਸਮ ਗ੍ਰੰਥ ਦਾ ਪਾਠ ਕਰਨ। ਉਸ ਵਿਚ ਚੋਣਵੇਂ ਗ੍ਰੰਥਾਂ ਦੇ ਉਲਥੇ ਕੀਤੇ ਹੋਏ ਹੈਨ॥

## (੧) ਮੱਛ ਅਵਤਾਰ

ਇਸ ਦਾ ਨਾਮ ਮੀਨ ਤਨ ਬੀ ਹੈ, ਇਸ ਸਬੰਧੀ ਕਿਤੇ ਤਾਂ ਮਨੂ ਦੇ ਸਵਤ ਅਰ ਮਨੁੱਖਾ ਜੂਨੀ ਨੂੰ ਤੁਫਾਨ ਤੋਂ ਬਚਾਉਣ ਦਾ ਜ਼ਿਕਰ ਹੈ, ਕਿਤੇ ਸੰਖਾਸੁਰ ਨੂੰ ਮਾਰਨਾ ਤੇ ਵੇਦਾਂ ਦੀ ਰੱਛਾ ਦਾ ਹਾਲ ਹੈ, ਜਿਹਾ ਕਿ ਭਾਗਵਤ ਵਾਲੇ ਨੇ ਬ੍ਰਹਮਾਂ ਦੀ ਰਾਤ੍ਰੀ ਵਿਖੇ ਧਰਤੀ ਦਾ ਸਮੁੰਦਰ ਵਿਚ ਡੁੱਬਣਾ ਅਰ ਹਯਗਰੀਵ ਨਾਮੀ ਰਾਖਸ਼ ਨੇ ਵੇਦ ਜੋ ਕਿ ਬ੍ਰਹਮਾਂ ਦੇ ਮੂੰਹੋਂ ਨਿਕਲੇ ਸਨ, ਲੈ ਕੇ ਪਤਾਲ ਨੂੰ ਨਸਣਾਂ ਤੇ ਵਿਸ਼ਨੂੰ ਨੇ ਮੱਛ ਬਣਕੇ ਉਸ ਤੋਂ ਵੇਦ ਖੋਹਣੇ ਦਸੇ ਹੈਨ ਪ੍ਰੰਤੂ ਮੱਛ ਪੁਰਾਣ ਵਿਚ ਇਹ ਕਥਾ ਇੱਕ ਅਪੱਛਰਾਂ ਦੇ ਸਰਾਪੇ ਜਾ ਕੇ ਮੱਛੀ ਬਨਣਾ ਤੇ ਰਾਜੇ ਸਤਬ੍ਰਤ ਤੇ ਸੱਤ

ਰਿਖੀਆਂ ਨੂੰ ਉਪਦੇਸ਼ ਕਰਨ ਦੀ ਹੈ । ਇਹ ਮੱਛ ਅਵਤਾਰ ਵਿਸ਼ਨੂੰ ਜੀ ਦਾ ਦਸਵਾਂ ਅਵਤਾਰ ਕਹੀਦਾ ਹੈ, ਇਸ ਸਬੰਧੀ ਇਸ ਤਰ੍ਹਾਂ ਦੇ ਕਈ ਪ੍ਰਸੰਗ ਹੈਨ ॥

## (੨) ਕੱਛ ਅਵਤਾਰ

ਪੁਸਤਕ ਸਤਪਥ ਬ੍ਰਹਮਣ ਨੇ ਦਸਿਆ ਹੈ ਕਿ ਪਰਜਾਪਤੀ(ਵਿਸ਼ਨੂੰ) ਨੇ ਕੱਛੂ ਬਣ ਕੇ ਔਲਾਦ ਪੈਦਾ ਕੀਤੀ । ਦੂਜੀ ਕਥਾ ਇਉਂ ਹੈ ਕਿ ਦੇਵਤਿਆਂ ਦੇ ਸਮੁੰਦਰ ਰਿੜਕਣ ਸਮੇਂ ਮੰਦ੍ਰਾਚਲ ਪਹਾੜ ਜਾਂ ਮੇਰੂ ਪਰਬਤ ਦਾ ਮਧਾਣਾਂ ਬਣੌਣ ਪਰ ਵਿਸ਼ਨੂ ਨੇ ਕੱਛੂ ਰੂਪ ਧਾਰ ਕੇ ਪਹਾੜ ਹੇਠਾਂ ਅਪਣੇ ਆਪ ਨੂੰ ਠੁਮਣਾ ਦਿੱਤਾ ਸੀ । ਅਖੇ ! ਦੇਵਤਿਆਂ ਨੇ ਸੇਸ ਨਾਗ (ਬਾਸਕਾਂ) ਦਾ ਨੇਤਾ ਬਣਾ ਕੇ ਸਮੁੰਦਰ ਰਿੜਕ ਘੱਤਿਆ ਸੀ । ਓਸ ਵਿੱਚੋਂ ਚੌਦਾਂ ਰਤਨ 'ਅੰਮ੍ਰਿਤ, ਕਾਮਧੇਨ ਗਊ, ਐਰਾਵਤਹਾਥੀ, ਚੰਦ੍ਰਮਾ, ਜ਼ਹਿਰ, ਕੌਸਤਕ ਮਣੀ, ਉਚਸਰਵਾ ਜਾਂ ਚਿੱਟਾ ਘੋੜਾ, ਪਾਰਜਾਤ ਦਰਖਤ, ਰੰਭਾ ਤਥਾ ਰੂਪਵਤੀ ਇਸਤ੍ਰੀ ਲਖਮੀ, ਵਾਰਨ (ਸ਼ਰਾਬ) ਧਨੰਤਰ ਵੈਦ, ਸੰਖ, ਧਨਖ, ਪੁਨਾ - ਵਾਰਨ ਜਾਂ ਸ਼ਰਾਬ ਦੀ ਦੇਵੀ' ਨਿਕਾਲੇ ਸਨ, ਇਸ ਭਾਵ ਦੀ ਕੱਛ ਅਵਤਾਰ ਦੀ ਕਥਾ ਹੈ ਜੋ ਕਿ ਸ੍ਰੀ ਵਿਸ਼ਨੂੰ ਜੀ ਦਾ ਗਿਆਰਵਾਂ ਅਵਤਾਰ ਮੰਨਿਆਂ ਹੈ ॥

## (੩) ਮੋਹਣੀ ਅਵਤਾਰ

ਚੌਦਾਂ ਰਤਨਾਂ ਦੇ ਵੰਡਣ ਸਮੇਂ ਸ਼ਿਵਜੀ ਨੇ ਚੰਦ੍ਰਮਾ ਤਾਂ ਮੱਥੇ ਵਿੱਚ ਧਰ ਲਿੱਤਾ ਅਰ ਜ਼ਹਿਰ (ਕਾਲਕੂਟ) ਨੂੰ ਆਪਣੇ ਗਲੇ ਵਿੱਚ ਰੱਖ ਲਿੱਤਾ ਤੇ ਸ਼ਰਾਬ ਨੂੰ ਰਾਖਸ਼ ਪੀ.ਗਏ । ਇਸ ਤਰ੍ਹਾਂ ਸਭ ਨੇ ਇੱਕ ਇੱਕ ਕਰ ਵੰਡਾ ਪਾ ਲਿੱਤੀਆਂ । ਲੱਖਮੀ ਵਿਸ਼ਨੂੰ ਦੀ ਇਸਤ੍ਰੀ ਹੋਈ । ਇੰਦ੍ਰ ਰੰਭਾ ਨਾਮੀ ਅਪਛਰਾਂ (ਨਾਚੀ) ਨੂੰ ਲੈ ਗਿਆ । ਪ੍ਰੰਤੂ ਅਮ੍ਰਿਤ ਨੂੰ ਜੋ ਦੇਵਤਿਆਂ ਤੇ ਅਸੁਰਾਂ ਨੇ ਵੰਡਣਾ ਸੀ ਉਸ ਪਰ ਰੌਲਾ ਪੈ ਗਿਆ, ਅਖੇ ! ਰੌਲ਼ੇ ਦੀ ਵੰਡ ਸਮੇਂ ਵਿਸ਼ਨੂੰ ਨੇ ਮੋਹਣੀ (ਸੁੰਦਰ ਇਸਤ੍ਰੀ) ਰੂਪ ਧਾਰ ਕੇ ਦੈਂਤਾਂ ਨੂੰ ਅਪਣੇ ਰੂਪ ਪਰ ਮੋਹਤ ਕਰ ਲਿਆ, ਉਤਨਾ ਚਿਰ ਨੂੰ ਦੇਵਤੇ ਅੰਮ੍ਰਿਤ ਪੀ ਗਏ । ਅਖੇ ! ਇੱਕ ਰਾਹੂ ਨਾਮੀ ਦੈਂਤ ਨੇ ਦੇਵਤਾ ਰੂਪ ਧਾਰ ਕੇ ਅੰਮ੍ਰਿਤ ਪੀ ਲਿਆ, ਜੋ ਸੂਰਜ ਚੰਦਰ ਦੇ ਦਸਣ ਪਰ ਵਿਸ਼ਨੂ ਨੇ ਰਾਹੂ ਦੇ ਦੋ ਟੋਟੇ ਕਰ ਸੁੱਟੇ, ਇਸੀ ਕਰਕੇ ਚੰਦ੍ਰ ਸੂਰਜ ਦਾ ਰਾਹੂ ਨਾਲ ਵੈਰ ਹਾਲਾਂ ਤੱਕ ਹੈ, ਤਦੇ ਹਿੰਦੂ ਮੱਤ ਅਨੁਸਾਰ ਚੰਦ ਸੂਰਜ ਨੂੰ ਗਹ੍ਰਿਣ ਲੱਗਣਾ ਰਾਹੂ ਕੇਤੂ ਦਾ ਘੇਰਾ ਕਹੀਦਾ ਹੈ ॥

ਇਹ ਵੀ ਦੱਸਿਆ ਗਿਆ ਹੈ ਕਿ ਸ਼ਿਵ ਜੀ ਦੀ ਬੇਨਤੀ ਪਰ ਵਿਸ਼ਨੂੰ ਜੀ ਨੇ ਇਕ ਵਾਰ ਫਿਰ ਮੋਹਣੀ ਰੂਪ ਧਾਰਿਆ ਤਾਂ ਸ਼ਿਵ ਜੀ ਉਸ ਪਰ ਆਸ਼ਕ ਹੋ ਗਏ । ਪਿੱਛੋਂ ਮੋਹਣੀ ਵਿੱਚੋਂ ਇੱਕ ਹਰੀ ਹਰ ਨਾਮਕ ਪੁੱਤਰ ਹੋਇਆ ਕਹੀਦਾ ਹੈ।

ਸੂਚਨਾ - ਸਮੁੰਦਰ ਵਿੱਚੋਂ ਰਤਨ ਕੱਢਣ ਦਾ ਕਾਰਨ ਇਹ ਦੱਸਿਆ ਹੈ ਕਿ ਦੁਰਬਾਸ਼ਾ ਰਿਖੀ ਨੇ ਇੰਦਰ ਨੂੰ ਅਪਨੇ ਦਿੱਤੇ ਹਾਰ ਦੀ ਬੇਅਦਬੀ ਹੋਣ ਪਰ ਭੁੱਖੇ ਮਰਨ ਦਾ ਸੰਤਾਪ ਦਿੱਤਾ ਸੀ ਜਿਸ ਪਰ ਇੰਦਰ ਦਾ ਰਾਜ ਭਾਗ ਜਾਂਦਾ ਰਿਹਾ, ਦੇਵਤੇ (ਇੰਦ੍ਰ ਦੀ ਫੌਜ) ਭੁੱਖੇ ਮਰਨ ਲੱਗੇ ਸਨ, ਤਾਂ ਸਮੁੰਦ੍ਰ ਰਿੜਕ ਕੇ ਰਤਨ ਨਿਕਾਲੇ ਗਏ ਸਨ ॥

## (੪) ਵੈਰਾਹ ਜਾਂ ਸੂਰ ਅਵਤਾਰ

ਸਤਪਤੀ ਬ੍ਰਹਮਣ ਆਦਿ ਗ੍ਰੰਥਾਂ ਦੀ ਕਥਾ ਹੈ ਕਿ ਪਰਜਾਪਤੀ(ਵਿਸ਼ਨੂ) ਨੇ ਸਮੁੰਦ੍ਰ ਦੀ ਤਹਿ ਵਿੱਚੋਂ ਧਰਤੀ ਨੂੰ ਹੁੱਡ ਪਰ ਚੁਕਣ ਹਿਤ ਸੂਰ ਅਵਤਾਰ ਲਿਤਾ। ਕਿਤੇ ਇਹ ਕਥਾ ਹੈ ਕਿ ਕਾਲੇ ਸੂਰ ਨੇ ਅਪਨੀ ਸੌ ਬਾਹਵਾਂ ਪਰ ਧਰਤੀ ਚੁੱਕੀ, ਤਥਾ ਹਥੇਲੀ ਜਿਤਨੀ ਧਰਤੀ ਨੂੰ ਸੂਰ ਏਮੁਸਾ ਨੇ ਚੁਕਿਆ। ਵੈਸ਼ਨਵ ਮੱਤ ਵਾਲੇ ਬ੍ਰਹਮਾਂ ਦੀ ਵਿਸ਼ਨੂੰ ਦੀ ਇਹ ਕਥਾ ਮੰਨਦੇ ਹੈਨ। ਕਿਧਰੇ ਵਿਸ਼ਨੂੰ ਦਾ ਹੀ ਬ੍ਰਹਮਾ ਅਵਤਾਰ ਧਾਰਨਾ ਮੰਨਿਆ ਹੈ ਕਿ ਉਸੀ ਨੇ ਬ੍ਰਹਮਾਂ ਰੂਪ ਧਾਰ ਕੇ ਚਾਰੇ ਵੇਦਾਂ ਦਾ ਪ੍ਰਕਾਸ਼ ਕੀਤਾ , ਅਖੇ ! ਵਿਸ਼ਨੂੰ ਨੇ ਹੀ "ਹਿਰਨਯਕਛਪ" ਨਾਮੀ ਦੈਂਤ ਨਾਲ ਹਜ਼ਾਰ ਬਰਸ ਸੂਰ ਬਣਕੇ ਜੁੱਧ ਕਰਕੇ ਧਰਤੀ ਖੋਹੀ ਅਖੇ ਦੈਂਤ ਧਰਤੀ ਨੂੰ ਚੁੱਕ ਕੇ ਸਮੁੰਦ੍ਰ ਦੀ ਤਹਿ ਵਿੱਚ ਜਾ ਲੁੱਕਿਆ ਸੀ। ਮਹਾਂਭਾਰਤ ਦੀ ਇੱਕ ਕਥਾ ਹੈ ਕਿ ਧਰਤੀ ਸਮੁੰਦਰ ਵਿੱਚ ਸੌ ਯੋਜਨ ਹੇਠਾਂ ਨੂੰ ਡੁੱਬ ਗਈ ਸੀ। ਤਦੋਂ ਵਿਸ਼ਨੂੰ ਨੇ ਸੂਰ ਬਣ ਕੇ ਹੁੱਡ ਨਾਲ ਸੌ ਯੋਜਨ ਉਪਰ ਨੂੰ ਲਿਆਂਦੀ। ਵਿਸ਼ਨੂੰ ਪੁਰਾਣ ਦੀ ਇਸ ਤੋਂ ਵੱਖਰੀ ਕਥਾ ਹੈ, ਪਰ ਸਭਸ ਦਾ ਸਾਰ ਅੰਸ ਇਹੋ ਹੀ ਹੈ ਵਿਸ਼ਨੂੰ ਜੀ ਨੇ ਸੂਰ ਅਵਤਾਰ ਧਾਰਿਆ ਸੀ ਤੇ ਧਰਤੀ ਬਚਾਈ ਸੀ, ਜਹਾਂ ਬਰਾਹ ਅਵਤਾਰ ਹੋਇਆ ਹੈ ਹਿੰਦੂ ਉਸ ਨੂੰ ਬ੍ਰਾਹ ਛਤਹ ਕਹਿੰਦੇ ਨੇ ॥

## (੫) ਨਰ ਸਿੰਘ

ਇਹ ਪ੍ਰਸਿੱਧ ਕਥਾ ਹੈ, ਕਿ ਹਿਰਨਾਕਸ਼ ਰਾਇ ਜਾਂ ਰਾਜਾ ਹਰਨਾਖਸ ਦੈਂਤ ਦੇ ਘਰ ਪੁੱਤਰ ਪ੍ਰਹਿਲਾਦ ਸੀ। (ਇਹ ਮੁਲਤਾਨ ਇਲਾਕੇ ਦਾ ਰਾਜਾ ਦਸਿਆ ਹੈ) ਪ੍ਰਹਿਲਾਦ ਵਿਸ਼ਨੂੰ ਭਗਤ ਹੋਣ ਕਰਕੇ ਹਿਰਨਾਖਸ ਦੇ ਮੱਤ ਤੋਂ ਆਕੀ ਸੀ। ਅਖੇ ! ਇਸ ਦੈਂਤ ਨੇ ਤੱਪ ਕਰਕੇ ਬ੍ਰਹਮਾਂ ਪਾਸੋਂ ਵਰੁ ਲਿੱਤਾ ਹੋਇਆ ਸੀ ਕਿ ਮੈਂ ਦਿਨੇ ਰਾਤ ਅੰਦਰ ਬਾਹਰ ਕਿਸੀ ਮਨੁੱਖ ਜਾਂ ਦੇਵ ਦਾਨਵ ਪਾਸੋਂ ਨਾ ਮਰਾਂ। ਪ੍ਰਹਿਲਾਦ ਭਗਤ ਨੂੰ ਹੰਕਾਰ ਵਿੱਚ ਮੱਤਾ ਉਸ ਦਾ ਪਿਤਾ ਹਰਨਾਖਸ ਦੁੱਖ ਦਿੰਦਾ ਸੀ। ਅੰਤ ਦਾ ਕਸ਼ਟ ਪ੍ਰਹਿਲਾਦ ਨੂੰ ਤਪੇ ਹੋਏ ਲੋਹੇ ਦੇ ਥੰਮ ਨਾਲ ਬੰਧ ਕੇ ਮਾਰਨਾ ਸੀ। ਦੱਸਿਆ ਹੈ ਕਿ ਉਸ ਵੇਲੇ ਵਿਸ਼ਨੂੰ ਨੇ ਨਰ ਸਿੰਘ ਦਾ (ਆਦਮੀ ਤੇ ਸ਼ੇਰ ਰੂਪ) ਧਾਰ ਕੇ ਥੰਮ ਵਿੱਚੋਂ ਨਿਕਲ ਕੇ ਹਰਨਾਖਸ ਨੂੰ ਨੌਹਾਂ ਨਾਲ ਪਾੜ ਸੁੱਟਿਆ ਇਸ ਤਰ੍ਹਾਂ ਭਗਤ ਜੀ ਦੀ ਰੱਛਾ ਕੀਤੀ ॥

## (੬) ਬਾਵਨ ਅਵਤਾਰ

ਬੌਨਾਂ ਜਾਂ ਬਾਵਨ ਅਵਤਾਰ ਦੀ ਇਸ ਤਰ੍ਹਾਂ ਕਥਾ ਹੈ ਕਿ ਇਹ ਵਿਸ਼ਨੂੰ ਦੇ ਤਿੰਨਾਂ ਕਦਮਾਂ ਤੋਂ ਪੈਦਾ ਹੋਇਆ ਸੀ। ਅਖੇ ! ਤਰੇਤੇ ਜੁਗ ਵਿਚ ਦੈਂਤਾਂ ਦੇ ਰਾਜਾ ਬਲਿ ਨੇ ਤ੍ਰਿਲੋਕੀ ਦਾ ਰਾਜ ਸਾਂਭ ਲਿੱਤਾ। ਦੇਵਤੇ ਉਸ ਦੇ ਅਧੀਨ ਹੋ ਗਏ। ਤਦੋਂ ਵਿਸ਼ਨੂੰ ਨੇ ਕਸ਼ਯਪ ਜਾਂ ਅਦਿਤੀ ਦੇ ਘਰ ਜਨਮ ਲਿਤਾ। ਰਾਜ ਬਲਿ ਨੇ ਇੰਦ੍ਰ ਪਦਵੀ ਲਈ ਇਕ ਸੌ ਇਕ ( ਇਕੋਤ੍ਰਸੌ) ਯਗ ਕੀਤੇ ਉਸ ਨੂੰ ਨੀਚੇ ਗਿਰਾਉਣ ਲਈ (ਇੰਦ੍ਰ ਪਦਵੀ ਤੋਂ ਵਾਂਝੇ ਰੱਖਣ ਖਾਤ੍ਰ) ਵਿਸ਼ਨੂੰ ਨੇ ਬ੍ਰਾਹਮਣ ਰੂਪ ਧਾਰ ਯਗ ਪਰ ਦਾਨ ਜਾ ਮੰਗਿਆ, ਅਖੇ ਮੈਨੂੰ ਕੁਟੀਆ ਵਾਸਤੇ ਤਿੰਨ ਕਦਮ

ਧਰਤੀ ਪੁੰਨ ਕਰ ! ਪ੍ਰੰਤੂ ਰਾਜਾ ਬਲਿ ਦੇ ਸ਼ੁੱਕਰ ! ਪ੍ਰੋਹਤ ਸ਼ੁੱਕਰ ਲੋਟੇ ਦੀ ਨਾਲੀ ਵਿੱਚ ਮੱਛਰ ਹੋ ਬੈਠਾ, ਤਾਂ ਕਿ ਅਰਘ ਨਾ ਹੋ ਸਕੇ, ਅਖੇ! ਬਲਿ ਨੇ ਲੋਟੇ ਦੇ ਮੂੰਹ ਵਿੱਚੀ ਧਰਤੀ ਅਰ ਅਕਾਸ ਪਤਾਲ ਢਾਈ ਕਦਮਾਂ ਵਿਚੇ ਮਾਪ ਲਿੱਤੇ, ਅਰ ਅਧੀ ਕਦਮ ਵਿੱਚ ਬਲਿ ਨੇ ਅਪਨਾ ਸਰੀਰ ਅਰਪ ਦਿੱਤਾ, ਅਖੇ ! ਇਸ ਤਰ੍ਹਾਂ ਸਰੀਰ ਮਿਲਣ ਸਮੇਂ ਬਲਿ ਦੀ ਛਾਤੀ ਪਰ ਪੈਰ ਧਰਕੇ ਉਸ ਨੂੰ ਪਤਾਲ ਦਾ ਰਾਜਾ ਥਾਪ ਦਿੱਤਾ, ਅਰ ਵਿਸ਼ਨੂੰ ਆਪ ਉਸ ਦਾ ਦਰਵਾਨ ਬਣਿਆ। ਇਕ ਕਥਾ ਹੈ ਕਿ ਬਲਿ ਨੇ ਸਭ ਕੁਝ ਅਰਪ ਕੇ ਵਿਸ਼ਨੂੰ ਦੇ ਪੈਰ ਘੁੱਟ ਕੇ ਪਕੜ ਲਿੱਤੇ। ਅਖੇ ! ਵਿਸ਼ਨੂੰ ਨੇ ਪ੍ਰਸੰਨ ਹੋ ਕੇ ਉਸ ਨੂੰ ਵਰ ਦਿੱਤਾ ਕਿ ਤੇਰੇ ਦਰ ਪਰ ਅਸੀਂ ਤਿੰਨੇ (ਬ੍ਰਹਮਾਂ, ਵਿਸ਼ਨੂੰ, ਸ਼ਿਵ) ਚਾਰ ਚਾਰ ਮਹੀਨੇ ਪਹਿਰਾ ਦਿੱਤਾ ਕਰਾਂਗੇ। ਕਿਤੇ ਇਹ ਵੀ ਦਸਿਆ ਹੈ ਕਿ ਬਲਿ ਦੀ ਛਾਤੀ ਪਰ ਪੈਰ ਧਰਕੇ ਉਸ ਨੂੰ ਪਤਾਲ ਵਿਚ ਧਸਾ ਦਿੱਤਾ। ਪਰ ਉਸ ਨੇ ਪੈਰ ਹੀ ਨਾ ਛੱਡਿਆ। ਤਾਂ ਹੀ ਪਤਾਲ ਦਾ ਰਾਜਾ ਬਣਿਆ। ਇਹ ਬੌਨਾਂ ਜਾ ਬਾਵਨ ਵਿਸ਼ਨੂੰ ਦਾ ਸੋਲਵਾਂ ਅਵਤਾਰ ਮੰਨਿਆਂ ਹੈ। ਜਿਸ ਨੇ ਇੰਦ੍ਰ ਦੀ ਹਮਾਇਤ ਲਈ ਰਾਜੇ ਬਲਿ ਨੂੰ ਉਚ ਪਦਵੀ ਲੈਣੋਂ ਰੋਕਿਆ (ਦੇਖੋ ਅਪਨੇ ਪੱਖ ਵਿਚ ਰਬ ਦੀ ਈਰਖਾ)॥

## (੭) ਪਰਸ ਰਾਮ

ਪਰਸੂ ਜਾਂ ਕੁਹਾੜੇ ਵਾਲਾ ਅਵਤਾਰ। ਇਹ ਜਮਦਗਨ ਰਿਸ਼ੀ ਦਾ ਪੁੱਤਰ ਸੀ ਜੋ ਕਿ ਰੇਨਕਾ ਦੇ ਪੇਟੋਂ ਜੰਮਿਆਂ ਸੀ। ਜ਼ਾਤ ਦਾ ਬ੍ਰਾਹਮਣ ਸੀ। ਅਖੇ ! ਇੱਕ ਖਤ੍ਰੀ ਦਾ ਪੁੱਤਰ ਕਾਰਤ ਵੀਰਯ ਨਾਮੀ ਹਜ਼ਾਰਬਾਹਾਂ ਵਾਲਾ (ਸਹਸ੍ਰਬਾਹੂ) ਸੀ ਉਹ ਪਰਸਰਾਮ ਦਾ ਯਗ ਲਈ, ਕਾਮਧੇਨ ਗਊ (ਜਾਂ ਵੱਛਾ) ਚੁਰਾ ਕੇ ਲੈ ਗਿਆ ਸੀ। ਤਾਂ ਪਰਸਰਾਮ ਨੇ ਉਸਦਾ ਪਿੱਛਾ ਕਰਕੇ ਮਾਰ ਦਿੱਤਾ, ਉਧਰ ਕਰਮ ਵੀਰਯ ਦੇ ਪੁੱਤਰਾਂ ਨੇ ਮੌਕਾ ਤਾੜਕੇ ਪਰਸ ਰਾਮ ਦਾ ਪਿਉ ਮਾਰ ਦਿੱਤਾ। ਤਿਸ ਪਰ ਪਰਸਰਾਮ ਨੇ ਪ੍ਰਣ ਕੀਤਾ ਕਿ ਮੈਂ ਛਤ੍ਰੀਆਂ ਦੀ ਕੁਲ ਦਾ ਬੀਜ ਨਾਸ ਕਰਾਂਗਾ ਉਸ ਨੇ ਇੱਕੀ ਵਾਰ ਖਤ੍ਰੀ ਨਾਸ ਕੀਤੇ ਤੇ ਸਹੰਸ੍ਰਬਾਹੂ ਦੇ ਸੌ ਪੁਤ ਪਹਿਲਾਂ ਮਾਰੇ। ਅਖੇ ਪਰਸਰਾਮ ਨੇ ਇਹ ਵਰ ਤਪ ਕਰਕੇ ਵਿਸ਼ਨੂੰ ਪਾਸੋਂ ਲਿੱਤਾ ਸੀ॥

ਪਰਸ ਰਾਮ ਪਾਸ ਉਡਣ ਸ਼ਕਤੀ ਦੱਸੀ ਹੈ ਪਰ ਸੀਤਾ ਦੇ ਸੁਵੰਬਰ ਸਮੇਂ ਰਾਮ ਚੰਦ੍ਰ ਨਾਲ ਟਾਕਰਾ ਕਰ ਹਾਰ ਗਿਆ। ਰਾਮ ਚੰਦ੍ਰ ਨੇ ਇਸ ਦੀ ਕੁਲਹਾੜੀ ਖੋਹ ਲਿੱਤੀ ਸ਼ਸਤ੍ਰਹੀਣ ਹੋ ਕੇ ਮਹਿੰਦਰ ਪਹਾੜ ਵਿਚ ਤਪ ਕਰਨ ਚਲਾ ਗਿਆ। ਅਖੇ ! ਇਸ ਨੇ ਛਤ੍ਰੀਆਂ ਦੇ ਲਹੂ ਨਾਲ ਸਮੰਤ ਪੰਚਕਾ ਦੇ ਪੰਜ ਤਲਾ ਭਰੇ ਸਨ, ਭਾਗਵਤ ਪੁਰਾਣ ਦੇ ਪਹਿਲੇ ਸਕੰਧ ਵਿਚ ਪਰਸਰਾਮ ਨੂੰ ਵਿਸ਼ਨੂੰ ਦਾ ਉਨੀਸਵਾਂ ਅਵਤਾਰ ਮੰਨਿਆਂ ਹੈ (ਅਸਚਰਜ ਹੈ ਉਧਰ ਰਾਮ ਚੰਦ੍ਰ ਜੀ ਵੀ ਵਿਸ਼ਨੂੰ ਅਵਤਾਰ ਮੰਨੇ ਹਨ ਪਰ ਟਾਕਰਾ ਆਪਸ ਵਿਚ ਹੀ ਹੁੰਦਾ ਹੈ)॥

## (੮) ਅਰਹੰਤ ਦੇਵ

ਇਸਦਾ ਪ੍ਰਚਾਰ ਨਾਸਤਕਪਣਾ ਦੱਸਿਆ ਹੈ, ਸ੍ਰਾਵਗੀ ਮਤ ਉਸੀ ਦਾ ਕਹਿੰਦੇ ਨੇ, ਇਸ ਦੀ ਕਥਾ ਮਹਾਤਮਾ ਬੁਧ ਨਾਲ ਜੋੜੀ ਹੈ, ( ਉਸਨੂੰ ਬੋਧ ਅਵਤਾਰ ਕਹਿੰਦੇ ਨੇ) ਅਖੇ !

ਇਸ ਨੇ ਦਾਨਵਾਂ ਦੀ ਮਤਿ ਮਾਰਨ ਹਿੱਤ ਵੇਦਾਂ ਤੋਂ ਉਲਟ ਪ੍ਰਚਾਰ ਕੀਤਾ। ਔਰ ਯਗਾਂ ਵਿਚ ਮਾਰੇ ਗਏ ਪਸ਼ੂਆਂ ਦੇ ਪ੍ਰਾਸਚਿਤ ਲਈ ਜੀਵ ਅਹਿੰਸਾ ਦਾ ਰਸਤਾ ਨਿਕਾਲਿਆ ॥

ਨੋਟ - ਅੱਜ ਕਲ ਬੋਧੀ, ਚੀਨ, ਜਪਾਨ ਆਦਿ ਮੁਲਕਾਂ ਦੇ ਗਊ ਮਾਸ ਤੱਕ ਸਭ ਤੋਂ ਵੱਧ ਖਾਂਦੇ ਨੇ ਤਥਾ ਪੱਕੇ ਮਾਸਾਹਾਰੀ ਹੈਨ। ਅਸਲੋਂ ਬ੍ਰਹਮਣਾਂ ਨੇ ਬੁਧ ਮਤ ਨੂੰ ਹੜੱਪਣ ਲਈ ਬੁਧ ਨੂੰ ਵਿਸ਼ਨੂੰ ਅਵਤਾਰ ਸਿੱਧ ਕਰਨਾ ਚਾਲ ਚਲੀ ਸੀ ਜੋ ਬਰ ਨਾ ਆਈ। ਵਿਸ਼ਨੂੰ ਪੁਰਾਣ ਵਿਚ ਦੱਸਿਆ ਹੈ ਕਿ ਦੇਵਤਿਆਂ ਨੇ ਦੈਂਤਾਂ ਤੋ ਹਾਰ ਖਾ ਕੇ ਵਿਸ਼ਨੂੰ ਨੂੰ ਅਰਾਧਿਆ ਸੀ ਤਾਂ ਵਿਸ਼ਨੂੰ ਜੀ ਗਰੜ ਪਰ ਸਵਾਰ ਹੋ ਕੇ ਪਹੁੰਚੇ, ਵਿਸ਼ਨੂੰ ਨੇ ਦੇਵਤਿਆਂ ਨੂੰ (ਧੋਖਾ ਦੇਹੂ) ਬੁੱਧ ਸਰੂਪ (ਅਸਲੋਂ ਕਬੁਧ) ਦਾ ਅਵਤਾਰ ਬਣਨਾ ਕਿਹਾ ਹੈ ਅਖੇ ! ਮੈਂ ਬੋਧ ਅਵਤਾਰ ਧਾਰਕੇ ਦਾਨਵਾਂ ਦੀ ਬੁਧ ਮਾਰਨ ਹਿੱਤ ਵੇਦ ਵਿਰੁੱਧ ਪ੍ਰਚਾਰ ਕਰਾਂਗਾ ਜਿਸ ਦਾ ਸਿੱਟਾ ਵੇਦਾਂ ਵਿਰੁੱਧ ਪ੍ਰਚਾਰ ਹੈ, ਅਖੇ ! ਇਸ ਤਰ੍ਹਾਂ ਕਰਨ ਨਾਲ ਦੇਵਤੇ ਜਿੱਤ ਗਏ, ਬੁਧ ਨੇ ਜ਼ਾਤ ਪਾਤ ਤੇ ਜੀਵ ਕੁਰਬਾਨੀ ਦਾ ਤਿਆਗ ਕਰਵਾਇਆ ਤੇ ਯੱਗਾਂ ਨੂੰ ਮਖੌਲ ਦੱਸਿਆ ਤੇ ਰੱਬ ਦੀ ਹਸਤੀ ਨਹੀਂ ਮੰਨੀ ਗ੍ਰਿਹਸਤ ਤਿਆਗ ਕੇ ਭਿਕਸ਼ੂ (ਬ੍ਰਕਤ) ਬਣਨਾ ਦੱਸਿਆ, ਫਿਰ ਉਕਤ ਪ੍ਰਚਾਰ ਤੋਂ ਵਿਰੁੱਧ ਮਨੁਰਾਜ ਅਵਤਾਰ ਹੋਣਾ ਦੱਸਿਆ ਜਿਸ ਨੇ ਮੁੜ ਵੇਦਾਂ ਦਾ ਪ੍ਰਚਾਰ ਕੀਤਾ ॥

## (੯) ਧਨੰਤ੍ਰ ਵੈਦ

ਇਹ ਧਨੰਤ੍ਰ ਵੈਦ ਔਖਧੀ ਗ੍ਰੰਥਾਂ ਤਥਾ ਆਯੁਰਵੇਦ ਪ੍ਰਕਾਸ਼ਕ ਹੋਇਆ ਹੈ । ਅਖੇ ! ਵਿਸ਼ਨੂੰ ਨੇ ਧਨੰਤ੍ਰ ਵੈਦ ਦਾ ਅਵਤਾਰ ਲਿੱਤਾ ਸੀ ॥

## ਸੂਰਜ ਅਰ ਚੰਦ੍ਰ

ਇਹ ਵੀ ਵਿਸ਼ਨੂੰ ਦੇ ਅਵਤਾਰ ਮੰਨੇ ਹਨ ਸੂਰਜ ਅਵਤਾਰ ਦਾ ਕੰਮ ਜਗਤ ਅੰਧਕਾਰ ਨੂੰ ਨਾਸ ਕਰਨਾ ਤੇ ਲੋਕਾਂ ਨੂੰ ਸੰਧਿਆ ਤਰਪਨ ਯੱਗ ਧੁਪਾਂ ਦੀਪਾਂ ਕਿਰਿਆਂ ਆਦਿ ਵਿਚ ਲਗਾਉਣਾ ਦਸਿਆ ਹੈ। ਇਸੀ ਪ੍ਰਕਾਰ ਚੰਦ੍ਰਮਾਂ ਅਵਤਾਰ ਇਸਤ੍ਰੀਆਂ ਨੂੰ ਕਾਮ ਵਸ ਕਰਕੇ ਪਤੀਆਂ ਦੇ ਅਧੀਨ ਕਰਨਾ ਦਸਿਆ ਹੈ। ਅਖੇ ! ਪਹਿਲੇ ਇਸਤ੍ਰੀਆਂ ਕਾਮ ਅਧੀਨ ਨਾ ਹੋਣ ਕਰਕੇ ਪਤੀ ਪ੍ਰੇਮ ਤੋਂ ਖਾਲੀ ਸਨ । ਇਸ ਬਾਰੇ ਦਸਮ ਗ੍ਰੰਥ ਵਿਖੇ ਇਸ ਤਰ੍ਹਾਂ ਜ਼ਿਕਰ ਹੈ "ਧਰਯੋ ਸੁ ਚੰਦ੍ਰ ਅਵਤਾਰ। ਸੁਭ ਮਹਾਂ ਤੇਜ ਮੁਰਾਰ। ਤਨ ਕੈ ਮਦਨ ਕੋ ਬਾਨ। ਮਾਰਿਯੋ ਤ੍ਰਿਅਨ ਕੋ ਤਾਨ। ਤਾਂਤੇ ਭਈ ਤ੍ਰਿਯ ਦੀਨ। ਸਭ ਗਰਬ ਹ੍ਵੈ ਗਯੋ ਛੀਨ। ਲਾਗੀ ਕਰਨ ਪਤਿ ਸੇਵ। ਯਾਂਤੇ ਪ੍ਰਸਿੰਨ ਭਏ ਦੇਵ ॥"

ਚੰਦ੍ਰਮਾਂ ਦਾ ਇਕ ਪ੍ਰਸੰਗ ਗੌਤਮ ਰਿਖੀ ਦੀ ਅਹਲਿਆ ਇਸਤ੍ਰੀ ਦਾ ਇੰਦਰ ਪਾਸੋਂ ਸਤ ਭੰਗ ਕਰਾ ਕੇ ਕਲੰਕੀ ਹੋਣ ਦਾ ਭੀ ਹੈ। ਅਖੇ ! ਇਸ ਨੇ ਮੁਰਗਾ ਬਣ ਕੇ ਇਹ ਕੈੜੀ ਸਾਜਸ ਕਰਵਾਈ ਤੇ ਰੋਜ ਦੇ ਚੜ੍ਹਨ ਵਿੱਚ ਤਬਦੀਲੀ ਕੀਤੀ, ਚੰਦ੍ਰਮਾਂ ਹਮੇਸ਼ ਸ਼ਿਵਜੀ ਦੇ ਮੱਥੇ ਵਿਚ ਬੀ ਰਹਿੰਦਾ ਮੰਨਿਆ ਹੈ, ਉਥੇ ਸ਼ਿਵਜੀ ਦੀ ਜਟਾਂ ਵਿਚੇ ਗੰਗਾ ਦਾ ਇਸਨਾਨ ਕਰਦਾ ਹੈ, (ਹਾਲੇ ਤਕ ਅਹਿਲਿਆ ਵਾਲਾ ਕਲੰਕ ਨਹੀਂ ਲੱਥਾ) । ਕਈ ਸਾਖੀਆਂ ਵਿਚ ਚੰਦ ਦਾ

ਬ੍ਰਹਸਪਤ ਦੀ ਇਸਤ੍ਰੀ ਨੂੰ ਨਿਕਾਲਣ ਦਾ ਜ਼ਿਕਰ ਹੈ, ਜਿਸ ਤੋਂ ਇਸ ਦਾ ਵਧਣਾ ਘਟਣਾ (ਪਰਾਧੀ ਹੋਣਾ) ਮੰਨਿਆ ਹੈ, ਜਿਸ ਅਨੁਸਾਰ ਹਿੰਦੂ ਲੋਕ ਚੰਦ੍ਰਾਇਣ ਵਰਤ ਰੱਖਦੇ ਹਨ। ਕਿਤੇ ਜ਼ਿਕਰ ਹੈ ਕਿ ਚੰਦ੍ਰਮਾ ਨੇ ਦਖਸ਼ ਪ੍ਰਜਾਪਤ ਦੀ ਲੜਕੀਆਂ ਵਰੀਆਂ ਪਰ ਇਸਦੀ ਭੈੜਤਾ ਕਰਕੇ ਇਸ ਨੂੰ ਖਈ ਰੋਗ ਹੋਣ ਦਾ ਸਰਾਪ ਹੋਇਆ, ਫਿਰ ਇਸਨੇ ਤਪ ਕਰਕੇ ਦਖਜ ਪ੍ਰਸੰਨ ਕੀਤਾ, ਤਾਂ ਕਿਤੇ ਪੰਦਰਾਂ ਦਿਨ ਕਲਾ ਵਧੀ ਤੇ ਪੰਦਰਾਂ ਹੀ ਘਟੀ। ਤਦੇ ਹਿੰਦੂ ਲੋਕ ਚੰਦ੍ਰਮਾਂ ਅਰ ਸੂਰਜ ਦੀ ਪੂਜਾ ਵਿਸ਼ਨੂੰ ਅਵਤਾਰ ਜਾਂ ਦੇਵਤਾ ਕਰਕੇ ਕਰਦੇ ਨੇ, ਸੂਰਜ ਦੀ ਸ਼ਾਦੀ ਵੀ ਪਰਜਾਪਤੀ ਦੀ ਲੜਕੀ ਨਾਲ ਹੋਣੀ ਦੱਸੀ ਹੈ। ਪਾਂਡਵਾਂ ਦਾ ਭਾਈ ਕਰਨ ਜੋ ਕੁੰਤੀ ਦੇ ਪੇਟੋਂ ਸੀ, ਇਹ ਬੀ ਸੂਰਜ ਦਾ ਪੁਤ੍ਰ ਲਿਖਾ ਹੈ ॥

## ਅੰਸਾ ਜਾਂ ਹੰਸਾ ਅਵਤਾਰ

ਅੰਸਾ ਅਵਤਾਰ-ਅੰਸਾ ਜਾਂ ਹੰਸਾ ਅਵਤਾਰ ਵਿਸ਼ਨੂ ਦਾ ਸੋਲਵਾਂ ਅਵਤਾਰ ਮੰਨਿਆ ਹੈ। ਅਖੇ ! ਇਕ ਵਾਰ ਬ੍ਰਹਮਾਂ ਦੇ ਪੁੱਤ੍ਰ ਸੰਤ ਕੁਮਾਰ ਨੂੰ ਭਰਮ ਹੋ ਗਿਆ ਸੀ। ਬ੍ਰਹਮਾਂ ਜੋ ਵੇਦ ਪੰਡਤ ਸੀ, ਉਸ ਦਾ ਭਰਮ ਮਿਟਾ ਹੀ ਨ ਸਕਿਆ, ਜਿਸ ਕਾਰਨ ਓਹੋ ਸੰਤ ਕੁਮਾਰ ਅਭਿਮਾਨੀ ਬਣ ਬੈਠਾ, ਤ ਵਿਸ਼ਨੂੰ ਨੇ ਹੰਸਾ ਅਵਤਾਰ ਲੈ ਕੇ ਬ੍ਰਹਮਾਂ ਦੇ ਪੁੱਤਰ ਦਾ ਹੰਕਾਰ ਦੂਰ ਕੀਤਾ, ਹੰਸਾ ਅਵਤਾਰ ਦੇ ਨੜਿਨਵੇਂ ਪੁੱਤਰ ਦੱਸੇ ਹਨ। ਜਿਨ੍ਹਾਂ ਦੇ ਪ੍ਰਸਿੱਧ ਨਾਮ - ਜਸਮ, ਕਰਭਾਜਨ, ਹੋਤਰ, ਦੂਰਮਲ, ਪਿਪਿਲਾਇ, ਪਰਬੁੱਧ, ਕਪ, ਹਰੀ, ਅੰਤਰੀਛ ਆਦਿ ਦੱਸੇ ਹਨ।

## (੧੦) ਕਲਕੀਵਤਾਰ

ਕਲਕੀ ਅਵਤਾਰ ਦਾ ਪ੍ਰਸੰਗ ਹਿੰਦੂਆਂ ਦੇ ਭਵਿੱਖਤ ਪੁਰਾਣ ਵਿੱਚ ਆਉਂਦਾ ਹੈ, ਅਖੇ ! ਉਹ ਕਲੀ ਕਾਲ ਵਿੱਚ ਵਿਸ਼ਨੂ ਅਵਤਾਰ ਹੋਵੇਗਾ, ਉਸੀ ਪਰਬ ਦੇ ਪੂਰਬ ਭਾਗ ਪੰਜਵੇਂ ਖੰਡ ਵਿਖੇ ਗੁਰੂ ਨਾਨਕ ਜੀ ਦੇ ਅਵਤਾਰ ਸਬੰਧੀ ਵੀ ਲਿਖਾ ਹੈ। ਜਿਸ ਦੀ ਅੰਤਮ ਤੁਕ ਇਸ ਤਰ੍ਹਾਂ ਹੈ, "ਤਦਾ ਵੈ ਲੋਕ ਰਖਜਾਰਥੰ ਮਲੇਛਾਨਾ ਨਾਸ਼ ਹੇਤਵੇ। ਪਸ਼ਚਮੇ ਤੁ ਸ਼ੁਭੰ ਦੇਸੇ ਵੇਦੀ ਵੰਸੇ ਚ ਨਾਨਕਹ" ਇਸ ਤੋਂ ਜਾਪਦਾ ਹੈ ਕਿ ਇਹ ਪ੍ਰਸੰਗ ਬੜੀ ਗਹਿਰੀ ਨੀਤੀ ਔਰ ਚਾਲ ਨਾਲ ਲਿਖਾ ਗਿਆ ਹੈ, ਕਲਕੀਵਤਾਰ ਦੇ ਕੰਮ ਸ੍ਰੀ ਗੁਰੂ ਦਸਮੇਸ਼ ਜੀ ਦੇ ਕਾਰਨਾਮਿਆਂ ਨਾਲ ਮਿਲਾਏ ਹਨ। ਅਸੀਂ ਨਹੀਂ ਕਹਿ ਸਕਦੇ ਐਸਾ ਕਿਉਂ ? ਪ੍ਰੰਤੂ ਹਿੰਦੂਆਂ ਵਿੱਚ ਇਹ ਵਾਧਾ ਹੈ ਕਿ ਜੋ ਜਗਤ ਵਿੱਚ ਮਾਨਯੋਗ ਹੋਇਆ ਉਸੀ ਨੂੰ ਵਿਸ਼ਨੂੰ ਅਵਤਾਰ ਥਾਪ ਦਿੱਤਾ, ਅਥਵਾ ਕਿਸੀ ਹੋਰ ਮਾਨਯੋਗ ਹਸਤੀ ਦਾ ਅਵਤਾਰ ਲਿੱਖ ਦਿੱਤਾ। ਪ੍ਰੰਤੂ ਪਤਾ ਨਹੀਂ ਮੁਹੰਮਦ ਸਾਹਿਬ ਔਰ ਹਜ਼ਰਤ ਈਸਾ ਇਨ੍ਹਾਂ ਤੋਂ ਕਿਵੇਂ ਬਚ ਨਿਕਲੇ ਭਾਵ ਉਹ ਵਿਸ਼ਨੂੰ ਅਵਤਾਰ ਕਿਉਂ ਨਹੀਂ ਠਹਿਰਾਏ ॥

ਸੂਚਨਾ - ਇਸ ਤਰ੍ਹਾਂ ਮੁਸਲਮਾਨ ਵੀ ਇੱਕ ਮਹਿੰਦੀ ਮੀਰ ਨਾਮੀ ਪੈਗੰਬਰ ਦਾ ਔਣਾ ਮੰਨਦੇ ਹਨ ਔਰ ਈਸਾਈ ਈਸਾ ਜੀ ਦੇ ਮੁੜ ਔਣ ਦੀਆਂ ਆਸਾਂ ਵਿੱਚ ਲੱਗੇ ਹੋਏ ਨੇ, ਅਸਲੋਂ ਇਹ ਇਕ ਟਪਲੇ ਬਾਜ਼ੀ ਹੈ। ਤਾਂ ਕਿ ਲੋੜ ਪਈ ਕਿਸੀ ਨੂੰ ਆਖ ਛੱਡੋ।

ਕਲਕੀਵਤਾਰ ਦੇ ਅੱਗੇ ਲਿਖੇ ਚੱਕਰ ਚੇਹਨ ਦੱਸੇ ਹਨ। ਯਥਾ - ਚਿੱਟੇ ਘੋੜੇ ਦਾ ਸਵਾਰ ਹੋਵੇਗਾ। ਆਪਣੀ ਨਾ ਰੁਕਣ ਵਾਲੀ ਤਾਕਤ ਨਾਲ ਮਲੇਛਾਂ ਔਰ ਡਾਕੂਆਂ ਦਾ ਨਾਸ ਕਰੇਗਾ। ਫਿਰ ਦੁਨੀਆਂ ਪਰ ਪਰਮ ਸਤ ਦਾ ਝੰਡਾ ਝੁਲਾਵੇਗਾ। ਅਰ ਉਸ ਦੇ ਪਿੱਛੇ ਚੱਲਣ ਵਾਲੇ ਸਤਯੁਗ ਵਾਲਾ ਧਰਮ ਪਾਲਣਗੇ। ਸੋ ਇਸ ਤਰ੍ਹਾਂ ਵਿਸ਼ਨੂੰ ਜੀ ਦੇ ਚੌਵੀ ਅਵਤਾਰ ਮੰਨੇ ਹਨ। ਕਿਧਰੇ ਵਧ ਘਟ ਵੀ ਲਿਖੇ ਹਨ॥

## ਬ੍ਰਹਮਾਂ ਬਿਸ਼ਨ ਮਹੇਸ਼ ਤਿੰਨਾਂ ਦੇ ਕੱਠੇ ਅਵਤਾਰ

ਭਾਗਵਤ ਪੁਰਾਣ ਵਿੱਚ ਬਾਈ ਅਵਤਾਰ ਗਿਣ ਕੇ ਫਿਰ ਲਿਖਿਆ ਹੈ ਕਿ ਵਿਸ਼ਨੂੰ ਦੇ ਬੇਸ਼ੁਮਾਰ ਅਵਤਾਰ ਹਨ। ਬਲਕਿ ਰਿਸ਼ੀ ਮੁਨੀ ਪਰਜਾਪਤੀ ਸਭ ਵਿਸ਼ਨੂੰ ਦੀ ਹੀ ਅੰਸ ਮੰਨੇ ਨੇ। ਭਾਗਵਤ ਪੁਰਾਣ ਵਿੱਚ ਦਿੱਤੇ ਗਏ ਅਵਤਾਰ ਹੇਠਾਂ ਲਿਖੇ ਨਾਮਾਂ ਵਾਲ਼ੇ ਹਨ। ਮਹਾਂ ਮੋਹਨੀ ਅਵਤਾਰ, ਬ੍ਰਹਮਾ ਅਵਤਾਰ, ਰੁਦ੍ਰ ਅਵਤਾਰ, ਜਲੰਧਰ ਅਵਤਾਰ, ਅਰ ਹੰਤ ਦੇਵ ਅਵਤਾਰ, ਮਨੁ ਰਾਜਾ ਅਵਤਾਰ, ਧਨੰਤਰ ਵੈਦ ਅਵਤਾਰ, ਸੂਰਜ ਅਵਤਾਰ, ਚੰਦਰ ਅਵਤਾਰ, ਦੱਤਾ ਤ੍ਰੇਯ ਅਵਤਾਰ, ਹੰਸ ਅਵਤਾਰ, ਕਪਲ ਅਵਤਾਰ, ਇਸ ਤੋਂ ਬਿਨਾਂ ਕਈ ਕ੍ਰਿਸ਼ਨ ਨੂੰ ਪੂਰਨ ਪਰਮਾਤਮਾ ਮੰਨ ਕੇ ਉਸ ਦੇ ਵੱਡੇ ਭਰਾ ਬਲਭੱਦਰ ਨੂੰ ਵੀ ਦਸਵਾਂ ਅਵਤਾਰ ਗਿਣਦੇ ਹਨ, ਸੋ ਇਨ੍ਹਾਂ ਤੋਂ ਬਿਨਾਂ ਉਪ ਅਵਤਾਰ ਵੀ ਮੰਨੇ ਹਨ। ਜਿਹਾ ਕਿ ਅੱਗੇ ਬ੍ਰਹਮਾ ਦੇ ਸੱਤ ਅਵਤਾਰ ਇਹ ਹਨ। ਬਾਲਮੀਕ, ਕਸ਼ਪ ਰਿਖੀ, ਸ਼ੁਕ੍ਰ, ਬਰੇਸ, ਖਸ਼ਟ ਰਿਖੀ, ਬਜਾਸ, ਕਾਲਿਦਾਸ, ਰੁੱਦ੍ਰ। ਮਹਾਂਦੇਵ ਦੇ ਜੋਗੀ ਪਾਰਸ ਨਾਥ ਅਤੇ ਦੱਤਾ ਮਹਾਤਮਾ ਤਥਾ ਦੱਤਾ ਤ੍ਰੇਯ ਇਸ ਤੋਂ ਅੱਗੇ ਦੱਤਾ ਤ੍ਰੇਯ ਦੇ ਚੌਵੀ ਅਵਤਾਰ ਹਨ। ਸਿੱਟਾ ਕੀ ! ਅਵਤਾਰਾਂ ਦਾ ਸਿਲਸਲਾ ਅਮੁੱਕ ਹੀ ਹੈ, ਇਸ ਲਈ ਅਸੀਂ ਖਾਸ ਖਾਸ ਦੇ ਸੰਖੇਪ ਹਾਲ ਲਿਖੇ ਹਨ॥

## ਅਵਤਾਰਾਂ ਦਾ ਇੱਕ ਹੋਰ ਸਿਲਸਿਲਾ

ਅਵਤਾਰਾਂ ਦਾ ਸਿਲਸਿਲਾ ਏਥੇ ਹੀ ਬੰਦ ਨਹੀਂ ਹੁੰਦਾ, ਨੌ ਨਾਥਾਂ ਵਿੱਚ ਬੀ ਇਹੋ ਮੰਨੇ ਗਏ ਹਨ, ਜਿਹਾ ਕਿ ਆਦਿ ਨਾਥ ਓਅੰਕਾਰ ਦਾ ਅਵਤਾਰ, ਮਛੰਦਰਨਾਥ ਮਾਇਆ (ਲਛਮੀ) ਦਾ ਅਵਤਾਰ ਅਤੇ ਉਧੇ ਨਾਥ ਪਾਰਬਤੀ (ਮਹਾਂਦੇਉ ਦੀ ਇਸਤ੍ਰੀ) ਦਾ ਅਵਤਾਰ ਮੰਨਿਆ ਹੈ। ਸੰਤੋਖ ਨਾਥ ਨੂੰ ਵਿਸ਼ਨੂੰ ਦਾ ਅਵਤਾਰ ਅਤੇ ਕੰਥੜ ਨਾਥ ਨੂੰ ਗਣੇਸ਼ ਦਾ ਅਵਤਾਰ ਕਹੀਦਾ ਹੈ। ਏਸੇ ਤਰ੍ਹਾਂ ਸਤ ਨਾਥ ਬ੍ਰਹਮਾਂ ਦਾ ਅਵਤਾਰ ਅਰ ਅਚੰਭਾ ਨਾਥ ਚੰਭੇ ਦੇ ਰਾਜੇ ਦਾ ਅਵਤਾਰ ਮੰਨਿਆ ਹੈ, ਅਰ ਚੌਰੰਗੀ ਨਾਥ ਨੂੰ ਪੂਰਨ ਦਾ ਅਵਤਾਰ ਤੇ ਗੋਰਖ ਨੂੰ ਮਹਾਂ ਦੇਉ ਦਾ ਅਵਤਾਰ ਦੱਸਦੇ ਹਨ॥

ਇਸ ਤਰ੍ਹਾਂ ਕਈ ਥਾਂਵੀਂ ਅੰਧੇਰੀ, ਸਾਂਢ, ਘੋੜਾ, ਕਾਂ, ਊਟ, ਸੂਰ, ਮੀਂਡਾ, ਇੱਕ ਮੁੰਡਾ, ਹਿਰਨ, ਆਦਮ ਇਹ ਦਸ ਅਵਤਾਰ ਦਸੇ ਨੇ, ਇਸ ਤੋਂ ਬਿਨਾਂ ਕਿਧਰੇ ਯਮ, ਕਬੇਰ, ਬ੍ਰਣ, ਸੁਰਜ, ਚੰਦ੍ਰ, ਅਗਨ, ਧਰਮਰਾਜ ਇਹ ਅਠੇ ਦੇਵਤੇ (ਅਸ਼ਟ ਸਾਖੀ) ਰਬ ਵਲੋਂ ਪਹਿਰੇਦਾਰ ਜਾਂ ਜਗਤ ਆਗੂ ਮੰਨੇ ਹਨ ਅਰ ਕਿਧਰੇ ਧਰਤੀ ਪਵਨ, ਪ੍ਰਤਯਸ਼,

ਪ੍ਰਭਾਸ, ਧਰੁਵ, ਚੰਦ੍ਰ, ਸੂਰਜ, ਅੱਗ, ਪਵਨ ਇਹ ਅੱਠੇ ਮੰਨੇ ਹਨ, ਕਈ ਇਨ੍ਹਾਂ ਵਿਚ ਇੰਦਰ ਅਰ ਵਿਸ਼ਨੂ ਬੀ ਸ਼ਾਮਲ ਕਰਦੇ ਹਨ ॥

ਸ਼ਾਂਖ ਸ਼ਾਸਤ੍ਰ ਦੇ ਕਰਤਾ ਕਪਲਿ ਆਦਿ ਜਾਂ ਕਪਲ ਰਿਖੀ ਵਿਸ਼ਨੂ ਦੇ ਛੀਵੇਂ ਅਵਤਾਰ ਮੰਨੇ ਹਨ, ਕਪਿਲ ਰਿਖੀ, ਕਰਦਮ ਰਿਖੀ ਅਰ ਦੇਵਹੂਤੀ ਦੇ ਪੁਤ੍ਰ ਦਸੇ ਨੇ। ਇਨ੍ਹਾਂ ਦਾ ਜਨਮ ਅਸਥਾਨ ਮਹਾਤਮਾ ਬੁਧ ਦੀ ਵਸਤੀ ਕਪਲ ਵਸਤੂ ਕਹੀਦਾ ਹੈ ਅਰ ਇਹ ਸੰਨਿਆਸੀਆਂ ਦੇ ਆਗੂ ਮੰਨੇ ਹਨ। ਇਹ ਕਪਲਰਿਖੀ ਉਹ ਹਨ ਜਿਨ੍ਹਾਂ ਨੇ ਸਗਰ ਰਾਜਾ ਦੇ ਸੱਠ ਹਜ਼ਾਰ ਪੁੱਤਰ ਸਰਾਪ ਨਾਲ ਇਸ ਲਈ ਮਾਰ ਘੱਤੇ ਸਨ ਕਿ ਤਿਨ੍ਹਾਂ ਨੇ ਤਪ ਆਸਨ ਪਰ ਘੋੜਾ ਚੜ੍ਹਾ ਕੇ ਤੰਗ ਕੀਤਾ ਸੀ, ਅਖੇ ! ਇਨ੍ਹਾਂ ਸਠ ਹਜ਼ਾਰ ਭਸਮ ਹੋ ਚੁੱਕੇ ਰਾਜ ਕੁਮਾਰਾਂ ਦੀ ਗਤੀ ਲਈ ਹੀ ਭਾਗੀਰਥ ਨੇ ਤਪ ਕਰਕੇ ਗੰਗਾ ਲਿਆਂਦੀ ਸੀ ॥

ਪੰਡਤ ਬਿਆਸ ਜੀ ਬੀ ਵਿਸ਼ਨੂੰ ਜੀ ਦੇ ਇਕੀਸਵੇਂ ਅਵਤਾਰ ਕਹੀਦੇ ਹਨ ਏਹੋ ਪ੍ਰਾਸਰ ਰਿਖੀ (ਪ੍ਰਾਸਰ ਸਿਮਰਤ ਕਰਤਾ) ਦੇ ਪੁਤ੍ਰ ਦੱਸੇ ਹਨ। ਇਨ੍ਹਾਂ ਦੀ ਜਨਮ ਕਥਾ ਹੈ, ਕਿ ਕਿਸੀਰਿਖੀ ਦਾ ਬੀਰਜ ਗਿਰ ਗਿਆ, ਉਸ ਨੂੰ ਪੱਤੇ ਵਿਚ ਪਾ ਨਦੀ ਵਿੱਚ ਬਹਾ ਦਿੱਤਾ, ਉਹ ਪੱਤਾ ਕੋਈ ਮੱਛੀ ਨਿਗਲ਼ ਗਈ। ਕਿਸੀ ਝੀਵਰ ਨੇ ਮੱਛੀ ਫੜੀ ਉਸ ਦੇ ਪੇਟ ਵਿੱਚੋਂ ਕੁੜੀ ਨਿਕਲੀ ਜਿਸ ਦਾ ਨਾਮ ਮਛੋਦਰੀ ਰੱਖਿਆ ਗਿਆ, ਇਹੋ ਪੰਡਤ ਬਿਆਸ ਦੀ ਮਾਤਾ ਦੱਸੀ ਹੈ ਇਸੀ ਕਰਕੇ ਪੰਡਤ ਜੀ ਨੂੰ ਮੀਨ ਸੁਤ ਕਿਹਾ ਜਾਂਦਾ ਹੈ, ਮਛੋਦਰੀ ਝੀਵਰ ਨੇ ਧੀ ਕਰਕੇ ਪਾਲੀ। ਅਖੇ ! ਉਹ ਇਕ ਦਿਨ ਪ੍ਰਾਸਰ ਰਿਖੀ ਨੂੰ ਕਿਸ਼ਤੀ ਪਰ ਨਦੀਓਂ ਪਾਰ ਕਰ ਰਹੀ ਸੀ। ਰਿਖੀ ਨੇ ਉਸ ਨਾਲ਼ ਨਾਜਾਇਜ਼ ਭੋਗ ਕੀਤਾ, ਜਾਣ ਸਮੇਂ ਪ੍ਰਾਸਰ ਨੇ ਇਸ ਨੂੰ ਯੋਜਨ ਗੰਧਾਰੀ ਵਰ ਦਿੱਤਾ, ਅਖੇ ! ਤੇਰੇ ਸਰੀਰ ਵਿੱਚੋਂ ਚਾਰ ਚਾਰ ਕੋਹ ਤੀਕ ਸੁਗੰਧੀ ਆਵੇਗੀ। ਝੀਵਰ ਨੇ ਮਛੋਦਰੀ (ਯੋਜਨ ਗੰਧਾਰੀ) ਨੂੰ ਘਰੋਂ ਨਿਕਾਲ ਦਿੱਤਾ। ਇਹ ਪ੍ਰਾਸਰ ਰਿਖੀ ਪਾਸ ਚਲੀ ਗਈ, ਜਿਸ ਤੋਂ ਪੰਡਤ ਬਿਆਸ ਜੀ ਜਨਮੇ, ਅਗੇ ਕਥਾ ਹੈ ਕਿ ਇਸੀ ਯੋਜਨ ਗੰਧਾਰੀ ਨੂੰ ਪਾਂਡਵਾਂ ਖਾਨਦਾਨ ਦੇ ਵਡੇ ਰਾਜੇ ਸ਼ਾਨਤਨ ਨਾਮੀ ਜੰਗਲ ਵਿਚੋਂ ਘਰ ਲੈ ਗਏ ਸਨ ਪਾਂਡਵ ਆਦਿ ਇਸ ਦੀ ਉਲਾਦ ਦੱਸੀ ਹੈ ॥

ਪੰਡਤ ਬਿਆਸ ਜੀ ਬੇਦ ਪੰਡਤ ਸਦਾਏ, ਰਾਜਾ ਜਨਮੇਜਾ ਨੂੰ ਇਨ੍ਹਾਂ ਨੇ ਪਾਇਆ, ਵੇਦ ਮੰਤ੍ਰ ਭਾਗ ਇਨ੍ਹਾਂ ਦੀ ਕ੍ਰਿਤ ਦਸੇ ਹਨ। ਸਨਾਤਨ ਹਿੰਦੂਆਂ ਦਾ ਖਿਆਲ ਹੈ ਕਿ ਅਠਾਰਾਂ ਪੁਰਾਣ ਬੀ ਇਨ੍ਹਾਂ ਦੀ ਹੀ ਕ੍ਰਿਤ ਹਨ। ਇਸ ਤਰ੍ਹਾਂ ਮਹਾਭਾਰਤ ਵੀ ਪੰਡਤ ਜੀ ਨੇ ਲਿਖਿਆ ਅਰ ਵੇਦਾਂਤ ਸ਼ਾਸਤ੍ਰ (ਮੀਮਾਂਸਾ) ਬੀ ਇਨ੍ਹਾਂ ਦੀ ਰਚਨਾ ਹੈ, ਮਹਾ ਰਿਖੀ ਸੁਖਦੇਵ ਜੀ ਇਨ੍ਹਾਂ ਦੇ ਪੁੱਤਰ ਹੋਏ। ਦੱਸਿਆ ਹੈ ਕਿ ਪੰਡਤ ਬਿਆਸ ਜੀ ਨੇ ਅਪਣੇ ਪੁੱਤਰ (ਸੁਤ) ਦੀ ਰਾਇ ਨਾਲ ਵੇਦਾਂ ਨੂੰ ਤਰਤੀਬ ਕੀਤਾ ਸੋ ਇਹ ਵਿਸ਼ਨੂੰ ਜੀ ਦੇ ਇਕੀਸਵੇਂ ਅਵਤਾਰ ਦੱਸੇ ਜਾਂਦੇ ਹਨ।

ਨੋਟ : ਪ੍ਰਤੀਤ ਹੁੰਦਾ ਹੈ ਕਿ ਹਿੰਦੂਆਂ ਨੇ ਇਕ ਜ਼ਬਾਨ ਅਰ ਇਕ ਕਲਮ ਹੋ ਕੇ ਅਵਤਾਰਾਂ ਦਾ ਸਿਲਸਿਲਾ ਨਹੀਂ ਬੰਨ੍ਹਿਆਂ। ਜਿਸ ਨੇ ਕਿਸੀ ਦੀ ਉਪਮਾ ਕੀਤੀ ਓਹੀ ਵਿਸ਼ਨੂ

ਅਵਤਾਰ ਬਣ ਬੈਠਾ । ਤਦੇ ਚੌਬੀਸ ਅਵਤਾਰ ਦਾ ਇੱਕ ਜ਼ਬਾਨ ਸਿਲਸਿਲਾ ਨਹੀਂ ਮਿਲ ਸਕਦਾ । ਵਾਧਾ ਇਹ ਹੈ ਕਿ ਦੂਜਾ ਗ੍ਰੰਥ ਦੂਜਾ ਨੂੰ ਖੰਡਨ ਕਰਦਾ ਹੈ ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਅਵਤਾਰਾਂ ਦੀ ਮੰਡਲੀ ਆਪਾ ਧਾਪੀ ਦੀਆਂ ਬਣੌਂਟਾਂ ਹਨ ਜੋ ਆਦਮੀ ਲੋਕਾਂ ਵਿੱਚ ਕੁਝ ਮਾਨ ਪਾ ਗਿਆ ਓਹੀ ਅਵਤਾਰ ਸਿੱਧ ਹੋ ਗਿਆ ॥

## ਸ੍ਰੀ ਮਦ ਭਾਗਵਤ ਦੀ ਅਵਤਾਰ ਕਥਾ

(ਸ੍ਰੀ ਮਦ ਭਾਗਵਤ ਦਾ ਸਕੰਧ ੨ ਧਿਆਇ ੭)

ਬ੍ਰਹਮਾ ਜੀ ਨੇ ਨਾਰਦ ਜੀ ਸੇ ਕਹਾ ਕਿ "ਪਹਿਲਾ ਅਵਤਾਰ ਸਨਕ ਸਨੰਦਨ ਅਰ ਸਨਾਤਨ ਅਰ ਸੰਤ ਕੁਮਾਰ ਮੇਰੇ ਨਾਕ ਸੇ ਉਤਪਤ ਹੂਆ ਹੈ, ਉਹ ਲੋਗ ਤਪ ਔਰ ਧਿਆਨ ਪ੍ਰਮੇਸ਼ਰ ਮੇਂ ਲੀਨ ਰਹਿ ਕੇ ਉਸ ਤਪ ਕੇ ਪ੍ਰਤਾਪ ਸੇ ਕਈ ਕਲਪ ਬੀਤਨੇ ਪਰ ਬੀ ਸਦਾ ਪਾਂਚ ਬਰਸ ਕੀ ਅਵਸਥਾ ਕੇ ਬਨੇ ਰਹਿਤੇ ਹੈਂ । ਦੂਸਰਾ ਅਵਤਾਰ ਵੈਰਾਹ ਜੀ ਕਾ ਇਸ ਲੀਏ ਧਾਰਣ ਕੀਆ ਕਿ ਜਬ ਮੁਝੇ ਰਚਨੇ ਵਾਸਤੇ ਸੰਸਾਰ ਕੇ ਆਗਿਆ ਹੂਈ, ਤਬ ਮੈਨੇ ਨਾਰਾਇਣ ਕੀ ਕ੍ਰਿਪਾ ਸੇ ਕਮਲ ਕੇ ਪੱਤੇ ਕੀ ਪ੍ਰਿਥਵੀ ਬਨਾਈ, ਸੋ ਹਰਨਾਕਸ਼ ਦੈਂਤ ਉਹ ਧਰਤੀ ਉਠਾ ਕਰ ਪਤਾਲ ਮੇਂ ਲੈ ਗਿਆ, ਜਬ ਮੈਂਨੇ ਬੈਕੁੰਠ ਨਾਥ ਸੇ ਬੇਨਤੀ ਕਰੀ । ਕਿ ਬਿਨਾ ਧਰਤੀ ਮੇਰੇ ਉਤਪਤ ਕੀਏ ਜੀਵ ਕਹਾਂ ਰਹੇਂਗੇ ? ਤਬ ਉਨੋਂ ਨੇ ਵੈਰਾਹ ਰੂਪ ਕਰ ਪਤਾਲ ਮੇਂ ਜਾ ਕੇ ਹਰਨਾਕਸ਼ ਕੋ ਮਾਰ ਡਾਲਾ, ਅਰ ਪ੍ਰਿਥਵੀ ਕੋ ਬਾਹਰ ਲਾਕਰ ਅਪਨੀ ਮਹਿਮਾ ਸੇ ਜਲ ਪਰ ਸਥਿਰ ਕਰੀ, ਸੋ ਇਹ ਧਰਤੀ ਕਰਮ ਫਲ ਦੇਨੇ ਵਾਲੀ ਹੈ ॥

ਤੀਸਰਾ ਅਵਤਾਰ ਯੋਗ ਪੁਰਖ ਕਾ ਲੈ ਕੇ ਸੰਸਾਰੀ ਰਾਜਿਓਂ ਕੋ ਯਗ ਕਰਨੇ ਵਾਸਤੇ ਰਾਹ ਬਤਲਾ ਕਰ ਕ੍ਰਿਤਾਰਥ ਕੀਆ । ਚੌਥਾ ਅਵਤਾਰ ਹਯਗ੍ਰੀਵ ਕਾ ਧਾਰਨ ਕਰ ਕੇ ਪਤਾਲ ਮੇਂ ਜਾ ਕਰ ਮਧ ਕੈਟਭ ਦੈਂਤ ਕੋ ਮਾਰ ਡਾਲਾ, ਅਰ ਜੋ ਵੇਦ ਦੈਂਤ ਚੁਰਾ ਲੈ ਗਿਆ ਥਾ, ਉਸੇ ਲਿਆ ਕਰ ਮੁਝੇ ਦੀਆ । ਪੰਜਵਾਂ ਅਵਤਾਰ ਨਾਰਾਇਣ ਜੀ ਕਾ ਮੂਰਤੀ ਮਾਨ ਕੰਨਿਆਂ ਧਰਮ ਰਿਖੀ ਕਾ ਧਾਰਨ ਕਰਕੇ ਬੀਚ ਸਥਾਨ ਬਦ੍ਰੀ ਉਤ੍ਰ ਖੰਡ ਮੇ ਬੈਠੇ ਹੋਏ ਇਸ ਇਛਾ ਸੇ ਤਪ ਕਰਤੇ ਹੈਂ ਕਿ ਸੰਸਾਰੀ ਲੋਕ ਮੁਝੇ ਤਪ ਕਰਤੇ ਦੇਖ ਕਰ ਆਪ ਭੀ ਪਰਮੇਸ਼ਰ ਕਾ ਤਪ ਔਰ ਸਿਮਰਨ ਕੀਆ ਕਰੇਂ ॥ ਛਟਾ ਅਵਤਾਰ ਕਪਲ ਦੇਵ ਮੁਨੀ ਕਾ ਲੇਕਰ ਦੇਵਹੁਤੀ ਅਪਨੀ ਮਾਤਾ ਕੋ ਸਾਂਖ ਯੋਗ ਗਿਆਨ ਸਖਲਾ ਕਰ ਮੁਕਤੀ ਕਰਦੀ ॥

ਸਾਤਵਾਂ ਅਵਤਾਰ ਦੱਤਾ ਤ੍ਰੇਯ ਜੀ ਕਾ ਲੈਕਰ ਰਾਜਾ ਜੱਦ ਕੋ ਗਿਆਨ ਸਖਲਾਯਾ ਜਿਸ ਕੇ ਪ੍ਰਤਾਪ ਸੇ ਉਹ ਮੁਕਤ ਹੂਆ । ਔਰ ਦੱਤਾ ਤ੍ਰੇਯ ਨੇ ਚੌਬੀਸ ਗੁਰੂ ਕੀਏ ਥੇ । ਉਨਕੀ ਕਥਾ ਯਾਰਵੇਂ ਸਕੰਧ ਮੇਂ ਲਿਖੀ ਹੈ ।

ਅੱਠਵਾਂ ਅਵਤਾਰ ਰਿਖਵ ਦੇਵ ਜੀ ਕਾ ਲੇਕਰ ਸੁਰਾਵਗੀ ਔਰ ਜੈਨ ਧਰਮੀਓਂ ਕੀ ਜ਼ਾਤੀ ਸੰਸਾਰ ਮੇਂ ਪ੍ਰਗਟ ਕਰੀ ॥ ਨਾਵਾਂ ਅਵਤਾਰ ਰਾਜਾ ਪ੍ਰਿਥੁ ਕਾ ਲੈਕਰ ਬੇਨ ਅਪਨੇ ਪਿਤਾ ਕੋ ਨਰਕ ਜਾਣੇ ਸੇ ਬਚਾਇਆ ॥ ਔਰ ਗਊ ਰੂਪ ਪ੍ਰਿਥਵੀ ਕੋ ਦੋਹ ਕਰ ਸਭ ਔਖਧੀ ਦੂਧ ਕੇ

ਸਮਾਨ ਉਸ ਮੇਂ ਸੇ ਨਿਕਾਲੀ। ਪਹਾੜੋਂ ਕੋ ਜਗਹ ਜਗਹ ਸੇ ਉਠਾਕਰ ਉਤਾਰਾ, ਅਰ ਖੰਡ ਮੇਂ ਰਖ ਦੀਆ, ਔਰ ਗਾਉਂ ਬਸਾਏ ॥ ਦਸਵਾਂ ਮੱਛ ਅਵਤਾਰ ਲੇਕਰ ਰਾਜਾ ਸਤੱਬ੍ਰਤ ਕੋ ਪ੍ਰਲੈ ਕਾ ਤਮਾਸ਼ਾ ਦਖਾਲਿਆ ॥

ਗਿਆਰਵਾ ਕੱਛ ਅਵਤਾਰ ਧਾਰਨ ਕਰਕੇ ਸਮੁੰਦਰ ਮਥਣੇ ਸਮੇਂ ਮੰਦ੍ਰਾਚਲ ਪਹਾੜ ਅਪਨੀ ਪੀਠ ਪਰ ਲੈ ਕਰ ਚੌਦਹ ਰਤਨ ਉਸ ਮੇਂ ਸੇ ਨਿਕਾਲੇ ॥

ਬਾਹਰਵਾਂ ਅਵਤਾਰ ਧਨੰਤ੍ਰ ਵੈਦ ਕਾ ਲੈਕਰ ਪ੍ਰਗਟ ਕਰਨੇ ਔਖਧੀ ਰੋਗੀਓਂ ਕੀ ਸਮੁੰਦ੍ਰ ਸੇ ਨਿਕਲੇ ॥

ਤੇਰ੍ਹਵਾਂ ਅਵਤਾਰ ਮੋਹਨੀ ਮੂਰਤ ਕਾ ਧਾਰ ਕਰ ਦੈਂਤੋਂ ਕੋ ਅਪਨੇ ਰੂਪ ਪਰ ਮੋਹਿਤ ਕੀਆ ਅਰ ਕਲਸ ਅੰਮ੍ਰਿਤ ਕਾ ਜੋ ਉਨ੍ਹੋਂ ਨੇ ਧਨੰਤ੍ਰ ਵੈਦ ਸੇ ਬਿਨਾਂ ਦੇਨੇ ਭਾਗ ਦੇਵਤੋਂ ਸੇ ਛੀਨ ਲੀਆ ਉਹ ਅਮ੍ਰਿਤ ਲੈ ਕਰ ਦੇਵਤਿਆਂ ਕੋ ਪਲਾਇਆ ॥ ਚੌਧਵਾਂ ਨਰਸਿੰਘ ਅਵਤਾਰ ਧਾਰਨ ਕਰਕੇ ਹਰਨਕਸ਼ਪ ਦੈਂਤ ਕੋ ਮਾਰਿਆ।

ਪੰਦ੍ਰਵਾਂ ਬਾਵਨ ਅਵਤਾਰ ਧਾਰਕੇ ਤੀਨ ਪੈਰ ਪ੍ਰਿਥਵੀ ਬਲਿ ਸੇ ਦਾਨ ਲੈ ਕਰ ਦੇਵਤਿਆਂ ਨੂੰ ਦਿੱਤੀ।

ਸੋਲ੍ਹਵਾਂ ਅਵਤਾਰ ਹੰਸ ਪੰਛੀ ਕਾ ਲੈ ਕਰ ਸੰਤ ਕੁਮਾਰ ਕੋ ਗਿਆਨ ਸਿਖਲਾ ਕਰ ਗਰਬ ਉਨਕਾ ਤੋੜਾ ॥

ਸਤਾਰਵਾਂ ਅਵਤਾਰ ਨਾਰਾਇਨ ਨਾਮ ਲੇਕਰ ਧਰੂ ਭਗਤ ਕੋ ਦਰਸ਼ਨ ਦੀਆ ॥ ਅਠਾਰਵਾਂ ਹਰੀ ਅਵਤਾਰ ਧਾਰ ਕੇ ਗਜਿੰਦ੍ਰ ਕੇ ਪ੍ਰਾਣ ਬਚਾਏ। ਉਨੀਸਵਾਂ ਅਵਤਾਰ ਪਰਸਰਾਮ ਜੀ ਕਾ ਲੈ ਕਰ ਜੋ ਜੋ ਪ੍ਰਿਥਵੀ ਪਰ ਹਰਿ ਭਗਤ ਕੋ ਦੁਖ ਦੇਤੇ ਥੇ ਉਨਕੋ ਮਾਰ ਡਾਲਾ ॥ ਇਕੀਸਵਾਂ ਅਵਤਾਰ ਖਤ੍ਰੀ ਰਾਜਿਆਂ ਕੋ ਅਰ ਸਭ ਖਤ੍ਰੀਆਂ ਕੋ ਮਾਰ ਕਰ ਅਰ ਪ੍ਰਿਥਵੀ ਉਨਕੀ ਛੀਨ ਕਰ ਬ੍ਰਹਮਣੋਂ ਕੋ ਦਾਨ ਕਰ ਦਈ ॥ ਬਾਈਸਵਾਂ ਅਵਤਾਰ ਰਾਮਚੰਦ੍ਰ ਜੀ ਕਾ ਰਾਖਸ਼ੋਂ ਸਮੇਤ ਜੋ ਗਊ ਅਰ ਬ੍ਰਾਹਮਣ ਕੋ ਦੁਖ ਦੇਤੇ ਥੇ ਮਾਰ ਡਾਲਾ। ਅਰ ਲੰਕਾ ਕਾ ਰਾਜ ਬਿਭੀਖਨ ਕੋ ਦੇਕਰ ਹਨੂਮਾਨ ਜੀ ਕੋ ਯਸ ਦੀਆ ॥

ਤੇਈਸਵਾਂ ਅਵਤਾਰ ਵੇਦ ਬਿਆਸ ਜੀ ਕਾ ਲੈ ਕਰ ਵਾਸਤੇ ਭਵ ਸਾਗਰ ਪਾਰ ਉਤਾਰਨੇ ਸੰਸਾਰੀ ਜੀਵੋਂ ਕੇ ਚਾਰ ਵੇਦ ਅਰ ਮਹਾਂ ਭਾਰਤ ਅਰ ਅਠਾਰਹ ਪੁਰਾਣ ਬਣਾਏ। ਚੌਬੀਸਵਾਂ ਅਵਤਾਰ ਸ਼੍ਰੀ ਕ੍ਰਿਸ਼ਨ ਜੀ ਕਾ ਲੈ ਕਰ ਕੈਰਵ ਅਰ ਪਾਂਡਵਾਂ ਸੇ ਮਹਾਂਭਾਰਤ ਕਰਵਾਯਾ ਅਰ ਕੰਸ ਅਰ ਕਾਲ ਯਮਨ ਅਰ ਜਰਾ ਸੰਧ ਆਦਿ ਅਧਰਮੀ ਰਾਜਿਓਂ ਕੋ ਮਾਰ ਕਰ ਪ੍ਰਿਥਵੀ ਕਾ ਭਾਰ ਉਤਾਰਾ। ਸੰਸਾਰ ਮੇਂ ਬਹੁਤ ਸੀ ਲੀਲਾ (ਗੋਪੀਆਂ) ਸੇ ਕਰੀ, ਜਿਸ ਕਾ ਵਰਨਣ ਦਸਮ ਸਕੰਧ ਮੇਂ ਲਿਖਾ ਹੈ ॥

ਪੱਚੀਸਵਾਂ ਬੋਧ ਅਵਤਾਰ ਲੈਕਰ ਦੈਂਤੋਂ ਕਾ ਯਗ ਕਰਨਾ ਨਿਵਾਰਨ ਕੀਆ। ਅਰ

ਕਲਯੁਗ ਕੇ ਅੰਤ ਮੇਂ ਛੱਬੀਸਵਾਂ ਅਵਤਾਰ ਕਲਗੀ ਧਾਰਨ ਕਰਕੇ ਤਲਵਾਰ ਹਾਥ ਮੇਂ ਲੀਏ ਹੂਏ ਨੀਲੇ ਘੋੜੇ ਪਰ ਸਵਾਰ ਹੋਕਰ ਅਧਰਮੀ ਅਰ ਪਾਪੀ ਲੋਗੋਂ ਕੋ ਮਾਰੇਂਗੇ ਅਰ ਸਤਜੁਗ ਕਾ ਕਰਮ ਸੰਸਾਰ ਮੈਂ ਅਰੰਭ ਕਰਕੇ ਧਰਮ ਕੀ ਬ੍ਰਿਧੀ ਕਰੇਂਗੇ ॥

ਸੂਚਨਾ

ਅਵਤਾਰਾਂ ਦੀ ਉਕਤ ਕਥਾਵਾਂ ਤੋਂ ਨਿਸਚੇ ਹੁੰਦਾ ਹੈ ਕਿ ਜਿਸਨੂੰ ਕਿਸੀ ਨੇ ਅਵਤਾਰ ਲਿਖ ਦਿੱਤਾ, ਸਮਾਂ ਪਾ ਕੇ ਓਹੀ ਅਵਤਾਰ ਪ੍ਰਸਿੱਧ ਹੋ ਗਿਆ ਵੈਸੇ ਕਰਤਾਰ ਵਲੋਂ ਅਵਤਾਰ ਉਤਰਨੇ, ਜਾਂ ਰਬ ਨੇ ਜਨਮ ਧਾਰਨਾ ਇਹ ਨਿਰੀ ਮਨ ਕਲਪਤ ਬਾਤਾਂ ਹਨ। ਚੂੰਕਿ ਹਿੰਦੂਮਤੀਏ ਅਵਤਾਰਾਂ ਨੂੰ ਮੰਨਦੇ ਹਨ ਇਸ ਲਈ (ਪਾਠਕਾਂ ਦੀ ਗਜਾਤ ਹਿਤ) ਇਸ਼ਾਰੇ ਮਾਤਰ ਅਵਤਾਰ ਕਥਾ ਲਿਖ ਦਿੱਤੀ ਹੈ ॥

## ਅਵਤਾਰ ਕੌਣ ਸਨ ?

ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ ॥
ਤਿਨ ਭੀ ਅੰਤੁ ਨ ਪਾਇਆ ਤਾਕਾ ਕਿਆ ਕਰਿ ਆਖਿ ਵੀਚਾਰੀ ?
*(ਆਸਾ ਮਹਲਾ ੩-੪੨੩)*

ਅੰਸਾ ਅਉਤਾਰੁ ਉਪਾਇਓਨੁ ਭਾਉ ਦੂਜਾ ਕੀਆ ॥
ਜਿਉ ਰਾਜੇ ਰਾਜੁ ਕਮਾਵਦੇ ਦੁਖ ਸੁਖ ਭਿੜੀਆ ॥
ਈਸਰੁ ਬ੍ਰਹਮਾ ਸੇਵਦੇ ਅੰਤੁ ਤਿਨੀ ਨ ਲਹੀਆ ॥ *(ਗੂਜਰੀ ਵਾਰ ਮ: ੩-੫੧੬)*

ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ ॥
ਤਿਨ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ ॥ (ਸੂਹੀ ਮ: ੫-੭੪੭)

ਬ੍ਰਹਮਾ ਬਿਸਨੁ ਮਹੇਸ਼ੁ ਦੇਵ ਉਪਾਇਆ ॥ ਬ੍ਰਹਮੇ ਦਿਤੇ ਬੇਦ ਪੂਜਾ ਲਾਇਆ ॥
ਦਸ ਅਵਤਾਰੀ ਰਾਮੁਰਾਜਾ ਆਇਆ ॥ ਦੈਂਤਾਂ ਮਾਰੇ ਧਾਇ ਹੁਕਮਿ ਸਬਾਇਆ ॥
ਈਸ ਮਹੇਸੁਰੁ ਸੇਵ ਤਿਨ੍ਹੀ ਅੰਤੁ ਨ ਪਾਇਆ ॥ *(ਮਲਾਰ ਵਾਰ ਮ: ੧-੧੨੭੯)*

ਸੂਚਨਾ : ਪੰਡਤ ਬ੍ਰਹਮਾਂ, ਇਲਾਕਾ ਬ੍ਰਹਮਾਂ ਦਾ ਰਾਜਾ ਸੀ ਜਿਸ ਦਾ ਪੜਪੋਤਾ ਰਾਵਨ ਲੰਕਾ ਦਾ ਰਾਜਾ ਸੀ, ਵਿਸ਼ਨੂ ਸਮੁੰਦ੍ਰੀ ਤਬਕੇ ਦਾ ਰਾਜਾ ਅਤੇ ਸ੍ਰੀ ਰਾਮ ਚੰਦ੍ਰ ਅਯੁਧਿਆ ਦਾ ਰਾਜਾ ਅਰ ਸ੍ਰੀ ਕ੍ਰਿਸ਼ਨ ਮਥੁਰਾ ਦਾ ਰਾਜਾ ਸੀ ॥ ਇਤਿਹਾਸ ਦੱਸਦਾ ਹੈ ਕਿ ਪਿਛਲੇ ਰਾਜੇ ਆਪ ਨੂੰ ਰਬ ਕਹੌਂਦੇ ਸੇ ਜਿਹਾ ਕਿ ਮੁਲਤਾਨ ਦਾ ਰਾਜਾ ਹਰਨਾਖਸ਼ ਭਗਤ ਪ੍ਰਹਿਲਾਦ ਨੂੰ ਇਸੇ ਲਈ ਕਤਲ ਕਰਨਾ ਚਾਹੁੰਦਾ ਸੀ ਕਿ ਉਹ ਰਯਤ ਦੀ ਤਰ੍ਹਾਂ ਹਰਨਾਖਸ਼ ਨੂੰ ਰੱਬ ਮੰਨ ਕੇ ਨਹੀਂ ਸਿਮਰਦਾ ਸੀ। ਭਾਵੇਂ ਅਵਤਾਰ ਪੁਨਾ ਪੁਨਾ ਜਨਮਣ ਵਾਲੇ ਨੂੰ ਕਹੀਦਾ ਹੈ (ਸੰਤ ਕੀ ਨਿੰਦਾ ਨਾਨਕਾ ਬਹੁਰ ਬਹੁਰ ਅਵਤਾਰ) ਪ੍ਰੰਤੂ ਪਿਛਲੇ ਸਮੇਂ ਰਾਜੇ ਨੂੰ ਹੀ ਅਵਤਾਰ ਕਿਹਾ

ਜਾਂਦਾ ਸੀ, ਰਾਜੇ ਅਪਨੇ ਮਿਸ਼ਨ ਵਿਰੋਧੀਆਂ ਨੂੰ ਦੈਂਤ (ਦੁਸ਼ਟ) ਆਦਿ ਕਹਿ ਕੇ ਮਾਰਨਾ ਆਪਣਾ ਕੰਮ ਸਮਝਦੇ ਸਨ ॥

### ਗੁਰੂ ਮਿਸ਼ਨ ਅਨੁਸਾਰ ਉਕਤ ਰਾਜੇ, ਅਵਤਾਰ ਕਰਤਾਰ ਗਤੀ (ਅਕਾਲੀ ਹੁਕਮ) ਸਮਝਣੋਂ ਅਸਮ੍ਰਥ ਹਨ

ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥
ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥
*(ਰਾਮਕਲੀ ਮ: ੫-੮੯੪ )*

ਕਿਸਨੁ (ਬਿਸ਼ਨ) ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ ॥
ਗੁਰਮੁਖਿ ਗਿਆਨਿ ਰਤੇ ਜੁਗ ਅੰਤਰਿ ਚੂਕੈ ਮੋਹ ਗੁਬਾਰਾ ॥
*(ਵਡਹੰਸ ਮ: ੩-੫੫੯)*

ਭਾਵ ਬਿਸ਼ਨ ਕ੍ਰਿਸ਼ਨ ਜੀ ਤਾਂ ਪੁਨਾ ਪੁਨਾ ਜਨਮਣ (ਅਵਤਾਰ) ਦੀ ਬਿਪਤਾ ਵਿਚ ਫਸ ਰਿਹਾ ਸੀ ਸੰਸਾਰ ਨੂੰ ਕਿਵੇਂ ਤਾਰਦਾ ? ਅਰਥਾਤ ਜਿਸ ਨੂੰ ਖੁਦ ਹੀ ਜਨਮ ਮਰਨ ਫਾਹੀ ਪਈ ਹੋਈ ਹੈ ਓਹ ਦੂਜਿਆਂ ਨੂੰ ਨਹੀਂ ਛੁਡਾ ਸਕਦਾ ।

### ਆਪ ਨੂੰ ਅਵਤਾਰ ਕਹੌਣ ਵਾਲੇ ਕਾਲ ਚਕ੍ਰ ਵਿਚ ਪੀੜੇ ਗਏ

ਜਾਲ ਬਧੇ ਸਭ ਹੀ ਮ੍ਰਿਤੁ ਕੇ ਕੋਊ ਰਾਮ ਰਸੂਲ ਨ ਬਾਚਨ ਪਾਏ ॥
ਦਾਨਵ ਦੇਵ ਫਨਿੰਦ ਧਰਾਧਰ ਭੂਤ ਭਵਿਖ ਉਪਾਇ ਮਿਟਾਏ ॥
ਅੰਤ ਮਰੇ ਪਛੁਤਾਇ ਪ੍ਰਿਥੀ ਪਰ ਜੇ ਜਗ ਮੈ ਅਵਤਾਰ ਕਹਾਏ ॥
*(ਅਕਾਲ ਉਸਤਤਿ ਪਾ: ੧੦ )*

### ਕਰਤਾਰ ਰਚਨਾ ਵਿਚ ਕ੍ਰੋੜਾਂ ਬ੍ਰਹਮਾ ਬਿਸ਼ਨ ਮਹੇਸ਼ ਘੁੰਮਦੇ ਹਨ

ਕੋਟਿ ਬਿਸਨ ਕੀਨੇ ਅਵਤਾਰ ॥ ਕੋਟਿ ਬ੍ਰਹਮੰਡ ਜਾਕੇ ਧ੍ਰਮਸਾਲ ॥
ਕੋਟਿ ਮਹੇਸ ਉਪਾਇ ਸਮਾਏ ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ ॥ ੧॥
ਐਸੋ ਧਣੀ ਗੋਵਿੰਦੁ ਹਮਾਰਾ ॥ ਬਰਨਿ ਨ ਸਾਕਉ ਗੁਣ ਬਿਸਥਾਰਾ ॥
*(ਭੈਰਉ ਮ: ੫-੧੧੫੬ )*

ਕੋਟਿ ਬਿਸਨ ਅਵਤਾਰ ਸੰਕਰ ਜਟਾਧਾਰ ॥ *(ਆਸਾ ਮ: ੫-੪੫੫)*

ਅਨਿਕ ਬ੍ਰਹਮੇ ਜਾਕੇ ਬੇਦ ਧੁਨਿ ਕਰਹਿ ॥ ਅਨਿਕ ਮਹੇਸ ਬੈਸਿ ਧਿਆਨੁ ਧਰਹਿ ॥
ਅਨਿਕ ਪੁਰਖ ਅੰਸਾ ਅਵਤਾਰ ॥ ਅਨਿਕ ਇੰਦ੍ਰ ਊਭੇ ਦਰਬਾਰ ॥ ੩ ॥
ਅਨਿਕ ਪਵਨ ਪਾਵਕ ਅਰੁ ਨੀਰ ॥ ਅਨਿਕ ਰਤਨ ਸਾਗਰ ਦਧਿ ਖੀਰ ॥

ਅਨਿਕ ਸੂਰ ਸਸੀਅਰ ਨਖਿਆਤਿ ॥ ਅਨਿਕ ਦੇਵੀ ਦੇਵਾ ਬਹੁ ਭਾਂਤਿ ॥

*(ਸਾਰੰਗ ਮ: ੫-੧੨੩੬)*

ਜਿਹ ਕੋਟਿ ਇੰਦ੍ਰ ਨ੍ਰਿਪਾਰ ॥ ਕਈ ਬ੍ਰਹਮ ਬਿਸ਼ਨ ਬਿਚਾਰ ॥
ਕਈ ਰਾਮ ਕ੍ਰਿਸ਼ਨ ਰਸੂਲ ॥ ਬਿਨ ਭਗਤਿ ਕੋ ਨ ਕਬੂਲ ।
ਕਈ ਸਿੰਧ ਬਿੰਧ ਨਗਿੰਦ ॥ ਕਈ ਮੱਛ ਕੱਛ ਫਨਿੰਦ੍ਰ ॥
ਕਈ ਦੇਵ ਆਦਿ ਕੁਮਾਰ ॥ ਕਈ ਕਿਸ਼ਨ ਬਿਸ਼ਨਵਤਾਰ ॥
ਕਈ ਇੰਦ੍ਰ ਬਾਰ ਬੁਹਾਰ ॥ ਕਈ ਬੇਦ ਔ ਮੁਖਚਾਰ ॥
ਕਈ ਰੁਦ੍ਰ ਛੁਦ੍ਰ ਸਰੂਪ ॥ ਕਈ ਰਾਮ ਕ੍ਰਿਸ਼ਨ ਅਨੂਪ ॥
ਕਈ ਕੋਕ ਕਾਵਜ ਭਣੰਤ ॥ ਕਈ ਬੇਦ ਭੇਦ ਕਹੰਤ ॥

*(ਦਸਮ ਗੁਰੂ ਅਕਾਲ ਉਸਤਤਿ)*

ਸਿੱਟਾ : ਹਿੰਦੂ ਮਤ ਵਾਲੇ ਤਾਂ ਚੌਬੀਸ ਆਦਿ ਅਵਤਾਰ ਗਿਣਕੇ ਬਸ ਕਰਦੇ ਹੈਨ ਪੰਤੇ ਦਰਬਾਰ ਵਿੱਚ ਝਾੜੂ ਬਰਦਾਰੀ ਕਰਦੇ ਫਿਰਦੇ ਹੈਨ ਅਰਥਾਤ ਇਹ ਸਾਹਿਬ ਤਾਂ ਕਿਸੀ ਖਾਸ ਗਿਣਤੀ ਜਾਂ ਪੁਛ ਗਿਛ ਵਿੱਚ ਬੀ ਨਹੀਂ ॥

# ਵਿਸ਼ਨੂੰ ਅਵਤਾਰਾਂ ਸਬੰਧੀ ਕਈ ਕੁ ਕਾਰਨਾਮਿਆਂ ਦਾ ਸੰਖੇਪ ਭਾਵ

ਜਲੰਧਰ ਨਾਮੀ ਦੈਂਤ ਦੀ ਸੂਰਮਤਾ ਦਾ ਕਾਰਨ ਉਸ ਦੀ ਪਤੀਬ੍ਰਤ (ਸਤਵੰਤੀ) ਇਸਤ੍ਰੀ ਬਿੰਦ੍ਰਾ ਨਾਮੀ ਸੀ, ਤਦੇ ਓਹ ਦੇਵਤਿਆਂ ਦੇ ਜੰਗ ਵਿਚ ਅਜੀਤ ਰਹਿੰਦਾ। ਵਿਸ਼ਨੂੰ ਉਸ ਦੀ ਇਸਤ੍ਰੀ ਦਾ ਸਤਭੰਗ ਕਰਕੇ ਦੈਂਤ ਨੂੰ ਹਰਾ ਕੇ ਮਾਰਨ ਹਿੱਤ ਜਲੰਧਰ ਰੂਪ (ਸ੍ਵਾਂਗ) ਧਾਰਕੇ ਜੰਗ ਸਮੇਂ ਉਸ ਦੇ ਘਰ ਅੰਦਰ ਜਾ ਵੜਿਆ, (ਇਕ ਕਥਾ ਸ਼ਿਵਜੀ ਨਾਲ ਜੰਗ ਦੀ ਹੈ) ਤੇ ਕਿਹਾ ਕਿ ਮੈਂ ਤੇਰੇ ਪ੍ਰੇਮ ਕਰਕੇ ਜੰਗ ਵਿੱਚੋਂ ਮਿਲਨ ਆਇਆ ਹਾਂ। ਅਖੇ ! ਜਲੰਧਰ ਦੀ ਵਹੁਟੀ ਵਿਸ਼ਨੂੰ ਦੇ ਇਸ ਫਰੇਬ ਵਿੱਚ ਫਸ ਗਈ। ਅਖੇ ! ਸਤ ਭੰਗ ਕਰਨ ਸਮੇਂ ਇਸਤ੍ਰੀ ਨੇ ਵਿਸ਼ਨੂੰ ਦੇ ਉਸ ਨਿਸ਼ਾਨ ਨੂੰ ਪਛਾਨ ਲਿੱਤਾ ਜੋ ਰਿਖੀ  ਭ੍ਰਿਗੂ ਦੀ ਲੱਤ ਖਾਣ ਨਾਲ ਵਿਸ਼ਨੂੰ ਦੇ ਪਿਆ ਸੀ, ਪਤੀਬ੍ਰਤ ਇਸਤ੍ਰੀ ਨੇ ਵਿਸ਼ਨੂ ਨੂੰ ਪਛਾਣ ਕੇ ਸਰਾਪ ਦਿੱਤਾ ਕਿ ਜਾ ਤੂੰ ਪੱਥਰ ਬਣੇਗਾ। ਸੋ ਵਿਸ਼ਨੂੰ ਉਸੀ ਸਰਾਪ ਦਾ ਮਾਰਿਆ ਸਾਲਗਰਾਮ (ਪੱਥਰ ਦਾ ਰੱਬ) ਬਣਿਆ ਅਤੇ ਵਿਸ਼ਨੂੰ ਨੇ ਉਸ ਸਤਵੰਤੀ ਨੂੰ ਬੀ ਤੁਲਸੀ ( ਦੋ ਢਾਈ ਹੱਥ ਦੀ ਉਚੀ ਬੂਟੀ ਹੈ ਜਿਸ ਦੇ ਪੱਤਰ ਮਹਿਕ ਵਾਲੇ ਹੁੰਦੇ ਹਨ) ਬਣਨ ਦਾ ਸਰਾਪ ਦੇ ਕੇ ਕਿਹਾ ਕਿ ਮੇਰੇ ਨਾਲ ਤੇਰੀ ਸ਼ਾਦੀ ਹੋਸੀ, ਸੋ ਉਕਤ ਕਥਾ ਅਨੁਸਾਰ ਹਿੰਦੂਮਤ ਵਾਲੇ ਸਾਲਗਰਾਮ ਅਤੇ ਤੁਲਸੀ ਦੀ ਸ਼ਾਦੀ ਕਰਦੇ ਤੇ ਪੂਜਦੇ ਹਨ ਤਦੇ ਵਿਸ਼ਨੂੰ ਜਲੰਧਰ ਅਵਤਾਰ ਨਾਲ ਯਾਦ ਕੀਤਾ ਜਾਂਦਾ ਹੈ ॥ ਗਰੜ ਪੁਰਾਣ ਦੇ ਅਧਿਆਇ ੨੧ ਦੇ ਅੰਕ ੨੯ ਵਿਖੇ ਲਿਖਾ ਹੈ ਕਿ "ਤੁਲਸੀ ਦੇ ਬੂਟੇ ਨੂੰ ਲਗਾਵੇ ਜਲ ਦੇਵੇ ਤੇ ਖਾਵੇ ਅਨਿਕ ਜਨਮ ਦੇ ਪਾਪ ਨਸ਼ਟ ਹੁੰਦੇ ਹਨ" (ਸ਼ਾਇਦ ਉਪਰਲਾ ਹੀ ਮਹਾਤਮਾ ਹੈ)।

ਉਕਤ ਕਥਾ ਤੋਂ ਹੈਰਾਨੀ ਹੈ ਕਿ ਪਹਿਲਾਂ ਤਾਂ ਕਿਸੀ ਨੂੰ ਧੋਖੇ ਨਾਲ ਮਾਰਨਾ ਕਾਇਰਤਾ ਹੈ, ਦੂਜੇ ਕਿਸੀ ਪਤੀਬ੍ਰਤ ਇਸਤ੍ਰੀ ਦਾ ਛਲ ਨਾਲ ਸਤਭੰਗ ਕਰਨਾ ਬਜਰ ਪਾਪ ਹੈ. ਤੀਜੇ ਉਸ ਦੇ ਯੋਗ ਸੰਤਾਪ ਪਰ ਉਸ ਨੂੰ ਬੀ ਸਰਾਪ ਦੇ ਦੇਣਾ "ਉਲਟਾ ਚੋਰ ਕੁਤਵਾਲ ਨੂੰ ਡਾਂਟੇ" ਵਾਲੀ ਕਹਾਵਤ ਹੈ ਅਰਥਾਤ ਅਦੇਵਤਾਪਣ ਹੈ। ਹਿੰਦੂਮਤੀਆਂ ਨੂੰ ਚਾਹੀਦਾ ਹੈ ਕਿ ਇਸਦੀ ਸਫਾਈ ਕਰਨ ? ਸ਼ੋਕ ਹੈ ਕਿ ਵਿਸ਼ਨੂੰ ਨੇ ਇੱਕ ਵਾਰ ਨਹੀਂ ਕਈ ਵਾਰ ਇਸ ਤਰ੍ਹਾਂ ਦੈਂਤਾਂ ਨੂੰ ਸੂਰਮਤਾ ਨਾਲ ਨਹੀਂ ਮਾਰਿਆ ਬਲਕੇ ਵਲ ਛਲ ਅਰ ਧੋਖੇ ਨਾਲ਼ ਮਾਰ ਕੇ ਆਪਨੂੰ ਜਿਤ ਸਿੱਧ ਕੀਤੀ ਹੈ। ਵਿਸੇਸ਼ ਕਰਕੇ ਰਾਜੇ ਬਲ ਨੂੰ "ਵੌਣਾਂ ਬ੍ਰਾਹਮਣ" ਬਣ ਕੇ ਵਚਨ ਲੈ ਕੇ ਧੋਖੇ ਨਾਲ਼ ਛਲਿਆ ਅਰ ਬੁਧ ਅਵਤਾਰ ਧਾਰ ਕੇ ਤਾਂ ਦੈਂਤਾਂ ਦੀ ਨਸ਼ਟਤਾ ਖਾਤਰ ਹਿੰਦੂ-ਮਤ ਨੂੰ ਵੀ ਧੋਖਾ ਦਿੱਤਾ ਜਿਸ ਦਾ ਫਲ਼ ਵਿਚਾਰੇ ਹੁਣ ਤੀਕ ਭੁਗਤੀ ਜਾ ਰਹੇ ਹਨ।

ਇਸ ਤੋਂ ਬਿਨਾਂ ਵਿਸ਼ਨੂੰ ਭਗਵਾਨ ਦਾ ਮੋਹਨੀ ਰੂਪ (ਸੁੰਦਰ ਇਸਤ੍ਰੀ) ਧਾਰਕੇ ਦੈਂਤਾਂ ਨੂੰ ਆਪਣੇ ਪਰ ਮੋਹਤ ਕਰਕੇ ਛਲਨਾ ਔਰ ਸ਼ਿਵਜੀ ਦਾ ਮੋਹਨੀ ਪਰ ਮੋਹਤ ਹੋਣਾ ਤੇ ਉਸ ਤੋਂ ਲੜਕਾ ਪੈਦਾ ਕਰਨਾ ਅਤੀ ਗੰਦੀ ਵਾਰਤਾ ਹੈ । ਵਿਸ਼ਨੂੰ ਭਗਵਾਨ ਨੇ ਮਧ ਕੈਟਭ ਦੈਂਤਾਂ ਨਾਲ ਪੰਜ ਹਜਾਰ ਬਰਸ ਜੁੱਧ ਕਰਕੇ ਨਾ ਜਿੱਤਣ ਪਰ ਅੰਤ ਬਚਨ ਦੇ ਧੋਖੇ ਨਾਲ ਤਿਨ੍ਹਾਂ ਦੇ ਸਿਰ ਕੱਟ ਸੁੱਟੇ ਇਸ ਤੋਂ ਤਾਂ ਮਧ ਕੈਟਭ ਦੈਂਤ ਹੀ ਬਚਨ ਦੇ ਪੱਕੇ ਤੇ ਮਹਾਂ ਬਲੀ ਸਿੱਧ ਹੁੰਦੇ ਹਨ । ਕੀ ਵਿਸ਼ਨੂੰ ਦਾ ਬ੍ਰਾਹਮਣ ਪਰਸਰਾਮ ਨੂੰ ਛਤ੍ਰੀਆਂ ਦੇ ਮਾਰਨ ਹਿਤ ਵਰ ਦੇਣਾ ਭਾਰੀ ਅਧਰਮ ਨਹੀਂ ? ਭਲਾ ! ਛਤ੍ਰੀਆਂ ਨੇ ਵਿਸ਼ਨੂ ਭਗਵਾਨ ਜੀ ਦਾ ਕੀ ਬੁਰਾ ਕੀਤਾ ਸੀ ? ਜੇਕਰ ਵਿਸ਼ਨੂੰ ਜੀ ਮੱਛੀਆਂ, ਕਛੂ, ਸੂਰ ਆਦਿ ਬਣਕੇ ਵੇਦਾਂ ਜਾਂ ਧਰਤੀ ਨੂੰ ਦੈਂਤਾਂ ਪਾਸੋਂ ਛਡੌਂਦੇ ਰਹੇ ਤਾਂ ਇਹ ਵੀ ਵਲ ਛਲ ਹੀ ਹੈ ਕਿ ਸਿੱਧੇ ਮੂੰਹ ਆਪਣੇ ਅਸਲ ਰੂਪ (ਆਦਮੀ ਰੂਪ) ਵਿੱਚ ਟਾਕਰਾ ਨਾ ਕਰ ਸਕੇ ? ਸੂਰਜ ਚੰਦ੍ਰ ਅਵਤਾਰ ਧਾਰ ਕੇ ਵੀ ਮਹਾਂਰਾਣੀ ਕੁੰਤੀ ਅਰ ਅਹੱਲਿਆ ਨਾਲ ਕੋਈ ਚੰਗੇ ਸਲੂਕ ਨਹੀਂ ਕੀਤੇ । ਨਰਸਿੰਘ ਰੂਪ ਧਾਰਨ ਕਰਕੇ ਹਰਨਾਖਸ ਨਾਲ ਵੀ ਛਲ ਵਲ ਹੈ (ਅਸਲੋਂ ਇਹ ਕਥਾ ਵਿਸ਼ਨੂੰ ਭਗਵਾਨ ਦੀ ਨਹੀਂ) ਬਾਕੀ ਜੇ ਵਿਸ਼ਨੂੰ ਜੀ ਧਨੰਤ੍ਰ ਵੈਦ ਬਣ ਕੇ ਲੋਕਾਂ ਦੀ ਦਵਾਈ ਬੂਟੀ ਕਰਦੇ ਰਹੇ ਸੋ ਇਹ ਤਾਂ ਹਕੀਮੀ ਹੈ ਅਵਤਾਰ ਧਾਰਨ ਕਰਨ ਦੇ ਅਰਥ ਕੀ ਹੋਏ ? ਹੰਸ ਅਵਤਾਰ ਵੇਲੇ ਕੇਵਲ ਬ੍ਰਹਮਾ ਦੇ ਅਗਜਾਨੀ ਸਪੁਤ੍ਰਾਂ ਨੂੰ ਉਪਦੇਸ਼ ਕਰਨਾ ਸੀ ਤਾਂ ਬ੍ਰਹਮਾਂ ਦੇ ਪੁਤ੍ਰਾਂ ਦਾ ਲਿਹਾਜ ਸੀ ਕਿਉਂਕਿ ਕਿਸੀ ਇੱਕ ਲਈ ਅਵਤਾਰ ਧਾਰਨ ਕਰਨਾ ਨਿਰੀ ਬਿਪਤਾ ਹੈ ਜਿਹਾ ਕਿ ਰਾਮ ਚੰਦ੍ਰ ਬਣਨ ਦਾ ਕਾਰਨ ਰਾਵਣ ਨੂੰ ਮਾਰਨਾ ਅਰ ਕ੍ਰਿਸ਼ਨ ਬਣਨ ਦਾ ਕਾਰਨ ਕੰਸ ਨੂੰ ਮਾਰਨਾ ਆਦਿਕ ਦੱਸਿਆ ਹੈ ।

ਵੱਡੀ ਹੈਰਾਨੀ ਦੀ ਗੱਲ ਹੈ ਕਿ "ਸ਼੍ਰੀ ਰਾਮ ਚੰਦ੍ਰ ਦਾ ਰਾਵਨ ਨਾਲ ਜੰਗ ਹੋਣ ਦਾ ਕਾਰਨ ਸੀਤਾ ਮਾਤਾ (ਰਾਮ ਚੰਦ੍ਰ ਜੀ ਦੀ ਵਹੁਟੀ) ਚੁਰੌਣਾ ਤੇ ਉਸਦੇ ਵਾਪਸੀ ਲਈ ਜੰਗ ਹੈ ਅਰ ਸ਼੍ਰੀ ਕ੍ਰਿਸ਼ਨ ਜੀ ਦਾ ਰਾਜ ਭਾਗ ਦੀ ਖਾਤਰ ਤੇ ਆਪਣੀ ਮਾਤਾ ਅਰ ਪਿਉ ਦੀ ਅਜਾਦੀ ਕਰੌਣ ਹਿਤ ਆਪਨੇ ਮਾਮੇ ਕੰਸ ਨੂੰ ਮਾਰਨਾ ਹੈ ਪ੍ਰੰਤੂ ਇਸ ਦੇ ਅਰਥ ਰਾਵਨ ਤੇ ਕੰਸ ਨੂੰ ਮਾਰਨ ਲਈ ਅਵਤਾਰ ਧਾਰਨਾ ਕੀਤੇ ਗਏ ਹਨ ।

ਤਾਂ ਤੇ ਜਿਤਨਾ ਚਿਰ ਸਾਡੇ ਸਾਹਮਣੇ ਹਿੰਦੂ ਗ੍ਰੰਥਾਂ ਦੀਆਂ ਕਥਾ ਮੌਜੂਦ ਹਨ ਕਿਸ ਤਰ੍ਹਾਂ ਕਹਿ ਸਕੀਏ- ਕਿ ਵਿਸ਼ਨੂੰ ਅਵਤਾਰ ਦਾ ਉਕਤ ਕੋਝੀ ਕਥਾ ਤੋਂ ਬਿਨਾਂ ਹੋਰ ਕੀ ਮਨੋਰਥ ਸੀ ? ਸਾਨੂੰ ਸ੍ਰੀ ਵਿਸ਼ਨੂੰ ਭਗਵਾਨ ਜੀ ਮਹਾਰਾਜ ਨਾਲ ਅਤਯੰਤ ਹਮਦਰਦੀ ਹੈ ਕਿ ਆਪ ਨੂੰ ਵਾਰੰ ਵਾਰ ਜਨਮ ਕਿਉਂ ਧਾਰਨਾ ਪੈਂਦਾ ਹੈ ਜਿਹਾ ਕਿ ਕਲਕੀ ਅਵਤਾਰ ਅਜੇ ਵੀ ਹੋਣਾ ਬਾਕੀ ਦਸੀਦਾ ਹੈ ।

ਨੋਟ :- ਅਵਤਾਰ ਤਿੰਨ ਤਰ੍ਹਾਂ ਦੇ ਮੰਨੇ ਗਏ ਹਨ । ਪੂਰਨ ਅਵਤਾਰ, ਅੰਸ ਅਵਤਾਰ, ਅਵੇਸ਼ ਅਵਤਾਰ । ਪੂਰਨ ਅਵਤਾਰ ਤਾਂ ਸੋਲਾਂ ਤਥਾ ਚੌਸਟ ਕਲਾਂ ਸੰਪੂਰਨ ਰੱਬ ਮੰਨੇ ਗਏ ਹਨ, ਤੇ ਅੰਸਾ ਅਵਤਾਰ ਕੁਝ ਘਟ ਤੇ ਅਵੇਸ਼ਾ ਅਵਤਾਰ ਅੰਸਾ ਅਵਤਾਰ ਤੋਂ ਘਟੀਆ ਹਨ ।

ਪੂਰਨ ਅਵਤਾਰ ਭਾਵ ਰੱਬ ਦਾ ਜਨਮ ਧਾਰ ਕੇ ਸੰਸਾਰ ਪਰ ਔਣਾ ਮੰਨਿਆ ਹੈ । ਐਸੇ ਅਵਤਾਰ ਵੀ ਆਪ ਨੂੰ ਰੱਬ ਮੰਨਦੇ ਰਹੇ, ਬਲਕਿ ਕ੍ਰਿਸ਼ਨ ਗੀਤਾ ਵਿਚ ਦੱਸਿਆ ਹੈ ਕਿ "ਮੈਂ ਹੀ ਪ੍ਰਮੇਸਰ ਹਾਂ ਅਰ ਮੇਰੇ ਤੋਂ ਬਿਨਾਂ ਹੋਰ ਬ੍ਰਹਮ ਕਲਪਣਾ ਭੁਲ ਹੈ, ਮੈਂ ਹੀ ਜੁਗਾਂ ੨ ਵਿੱਚ ਅਨਿਕ ਰੂਪ ਧਾਰਦਾ ਹਾਂ, ਜਦ ਸੰਸਾਰ ਤੇ ਪਾਪਾਂ ਦੀ ਬਹੁਲਤਾ ਹੁੰਦੀ ਹੈ ਅਰ ਦੁਸ਼ਟ ਲੋਕ ਸਾਧਾਂ ਨੂੰ ਦੁਖੀ ਕਰਦੇ ਹਨ । ਤਾਂ ਹੇ ਅਰਜਨ ! ਮੈਂ ਹੀ ਜੁਗਾਂ ਜੁਗਾਂ ਵਿੱਚ ਰਖਜਾ ਕਰਦਾ ਹਾਂ ਮੇਰੇ ਹੀ ਯਸ਼ ਕਰਨ ਤੋਂ ਤਥਾ ਮੇਰੇ ਹੀ ਸਰੂਪ ਦੇ ਅਪਰੋਖ ਤਤ੍ਵ ਗਜਾਨ ਦੇ ਹੋਣ ਤੋਂ ਪੁਰਖ ਨੂੰ ਮੁਕਤੀ ਹੁੰਦੀ ਹੈ ॥ (ਗੀਤਾ ਅਧਜਾਇ ੧੪, ੧੫ ਆਦਿ)

ਸੱਚ ਹੈ ! **"ਜੋ ਜੋ ਭਏ ਪਹਿਲ ਅਵਤਾਰਾ ॥ ਆਪ ਆਪ ਤਿਨ ਜਾਪ ਉਚਾਰਾ ॥ ਸਭ ਤੇ ਅਪਨਾ ਨਾਮ ਜਪਾਯੋ । 'ਸਤਿਨਾਮ' ਕਾਹੂੰ ਨ ਦ੍ਰਿੜਾਇਓ" ॥**

ਹੈਰਾਨੀ ਹੈ ਕਿ ਅਵਤਾਰ ਆਪ ਨੂੰ ਰੱਬ ਤਾਂ ਕਹਾਉਂਦੇ ਰਹੇ ਪਰੰਤੂ ਉਕਤ ਕਾਰਨਾਮੇ ਤਾਂ ਸਚੇ ਸੁਚੇ ਮਨੁੱਖਾਂ ਵਾਲੇ ਬੀ ਸਿੱਧ ਨਹੀਂ ਹੁੰਦੇ ॥

## ਹੁਣ ਲਓ ਬ੍ਰਹਮਾ ਤੇ ਸ਼ਿਵਜੀ ਸਬੰਧੀ ਕਥਾ

ਹਿੰਦੂਮਤ ਦੀ ਕਥਾ ਹੈ ਕਿ ਬ੍ਰਹਮਾ ਜੀ ਦੀਆਂ ਦੋ ਸਪੁੱਤ੍ਰੀਆਂ ਸਨ ਜਿਨ੍ਹਾਂ ਦੇ ਨਾਮ ਸੁਰਸਤੀ ਤੇ ਤਲੋਤਮਾ ਸੀ । ਕਿਹਾ ਜਾਂਦਾ ਹੈ ਕਿ ਸੁਰਸਤੀ ਦੀ ਅਤੀ ਸੁੰਦਰਤਾ ਪਰ ਬ੍ਰਹਮਾਂ ਜੀ ਮੋਹਤ ਹੋ ਗਏ ਸਨ ਜਿਸ ਪਰ ਸੁਰਸਤੀ ਨੇ ਆਪਨੂੰ ਛੁਪਾਉਣਾ ਚਾਹਿਆ ਪਰੰਤੂ ਖੱਬੇ ਸੱਜੇ ਹੋਣ ਪਰ ਬ੍ਰਹਮਾਂ ਜੀ ਨੇ ਤਿੰਨ ਹੋਰ ਮੁਖ ਬਣਾ ਲੀਤੇ (ਭਾਵ ਚਾਰੇ ਪਾਸੇ ਮੁੱਖ) ਅਖੇ ! ਜਦ ਤੰਗ ਆ ਕੇ ਸੁਰਸਤੀ ਅਸਮਾਨ ਨੂੰ ਉਡ ਚੱਲੀ ਤਾਂ ਬ੍ਰਹਮਾਂ ਜੀ ਨੇ ਪੰਜਵਾਂ ਮੁੱਖ ਬਣਾ ਕੇ ਦੇਖਣਾ ਸ਼ੁਰੂ ਕੀਤਾ । ਤਿਸ ਪਰ ਸ਼ਿਵਜੀ ਮਹਾਰਾਜ ਨੂੰ ਗੁੱਸਾ ਆਇਆ ਜੋ ਬ੍ਰਹਮਾਂ ਜੀ ਦੇ ਚੁਪੇੜ ਕੱਢ ਮਾਰੀ । ਪਰੰਤੂ ਸਿਰ ਹੱਥ ਨਾਲ ਚਿਮਟ ਗਿਆ ਜਿਸ ਪਰ ਸ਼ਿਵ ਜੀ ਨੇ ਆਪਣੇ ਤ੍ਰਿਸ਼ੂਲ ਨਾਲ ਸਿਰ ਤਾਂ ਕੱਟ ਦਿੱਤਾ ਪਰ ਕੁੱਝ ਹਿੱਸਾ ਤਾਂ ਵੀ ਹਥੇਲੀ ਨਾਲ ਲੱਗਿਆ ਰਿਹਾ ਜੋ ਬਹੁਤੇ ਜਤਨਾਂ ਪਿੱਛੋ ਅਖੀਰ ਬਾਕੀ ਸੀਸ ਨੂੰ ਹੱਥ ਨਾਲੋਂ ਦੂਰ ਕਰਨ ਖਾਤਰ ਤੀਰਥ ਯਾਤਰਾ ਅਰੰਭੀ । ਅਖੇ ! ਅਖੀਰ ਕਪਾਲਮੋਚਨ ਸ਼ਨਾਨ ਕਰਨੇ ਪਰ ਸਿਰਦਾ ਬਾਕੀ ਮਾਸ ਲੱਥਾ, ਤਾਂ ਤੇ ਇਸ ਕਥਾ ਤੋਂ ਬ੍ਰਹਮਾ ਦੀ ਬ੍ਰਹਮਗਜਾਨਤਾ ਅਰ ਸ਼ਿਵਾਂ ਦੀ ਤੀਰਥਾਂ ਪਰ ਭ੍ਰਮਕੇ ਪ੍ਰਾਸ਼ਚਿਤ ਉਤਾਰਨੀ ਸ਼ਿਵ ਸ਼ਕਤੀ ਦਾ ਨਿਰਣਾ ਚੰਗੀ ਤਰ੍ਹਾਂ ਹੋ ਜਾਂਦਾ ਹੈ ਕਿ ਉਕਤ ਸਾਹਿਬ ਕਿਸ ਦਸ਼ਾ ਦੇ ਮਾਲਕ ਸਨ ।

ਇੱਕ ਕਥਾ ਹੈ ਕਿ ਸ਼ਿਵਜੀ ਦੇ ਬਾਹਰ ਜਾਣੇ ਪਰ ਮੋਦੀ (ਪਾਰਬਤੀ) ਨੇ ਸ਼ਨਾਨ ਕਰਨ ਸਮੇਂ ਆਪਣੇ ਬਦਨ ਦੀ ਮੈਲ਼ ਤੋਂ ਗਣੇਸ਼ ਨਾਮੀ ਪੁਤ੍ਰ ਬਣਾ ਦਰਵਾਜ਼ੇ ਅੱਗੇ ਖੜ੍ਹਾ ਕਰ ਕੇ ਉਸ ਨੂੰ ਕਿਹਾ ਕਿ ਅੱਗੇ ਕੋਈ ਨਾ ਆਵੇ ਪਰ ਦੇਵਨੇਤ ਨਾਲ ਬਾਹਰੋਂ ਸ਼ਿਵਜੀ ਹੀ ਆ ਗਏ । ਗਣੇਸ਼ ਜੀ ਦੇ ਰੋਕਣ ਪਰ ਸ਼ਿਵ ਨੇ ਕਰੋਧ ਵੱਸ ਹੋ ਕੇ ਅਪਣੇ ਤ੍ਰਿਸ਼ੂਲ ਨਾਲ ਗਣੇਸ਼ ਦਾ ਸਿਰ ਕਟਕੇ ਬਹੁਤ ਦੂਰ (ਕਈ ਲੰਕਾ ਵਿਚ ਸੁੱਟਣਾ ਦਸਦੇ ਨੇ) ਸੁਟ ਦਿਤਾ । ਅੰਦਰ ਜਾਣ

ਸਮੇਂ ਪਾਰਬਤੀ ਨੂੰ ਪਤਾ ਲੱਗਿਆ ਤਾਂ ਉਹ ਅਤੀ ਰੁਦਨ ਕਰਨ ਲੱਗੀ ਕਿ ਤੁਸੀਂ ਮੇਰਾ ਲੜਕਾ ਕਿਉਂ ਮਾਰਿਆ ? ਪਾਰਬਤੀ ਰੋਂਦੀ ਕੁਰਲਾਂਦੀ ਨੂੰ ਤੱਕ ਕੇ ਸ਼ਿਵ ਜੀ ਸਿਰ ਨੂੰ ਭਾਲਣ ਲਈ ਬਾਹਰ ਗਏ ਪਰ ਸਿਰ ਕਿਧਰੇ ਨਾ ਮਿਲਿਆ ! ਅੰਤ ਥੱਕ ਹੁੱਟਕੇ ਸ਼ਿਵਾਂ ਨੇ ਇੱਕ ਹਾਥੀ ਦਾ ਸਿਰ ਵੱਢ ਕੇ ਗਣੇਸ਼ ਜੀ ਦੇ ਧੜ ਪਰ ਲਾਕੇ ਉਸ ਮੁਰਦੇ ਲੜਕੇ ਨੂੰ ਜਿੰਦਾ ਕਰ ਦਿੱਤਾ। ਇਹੋ ਗਣੇਸ਼ ਜੀ ਹੈਨ ਜਿਸਨੂੰ ਹਿੰਦੂ ਵਿੱਦਿਆ ਦਾ ਦੇਵਤਾ ਔਰ ਵਿਘਨ ਵਿਨਾਸ਼ਕ ਕਰਕੇ ਪੂਜਦੇ ਹੈਨ। ਕਾਰਜਾਂ ਦੇ ਅਰੰਭ ਵਿੱਚ ਗਣੇਸ਼ ਦੀ ਪੂਜਾ ਤੇ ਅਰਾਧਨਾ ਹੁੰਦੀ ਹੈ ਅਖੇ ! ਗਣੇਸ਼ ਜੀ ਹੁਕਮ ਕਰਦੇ ਹੈਨ ਕਿ ਲੋਕੋ ! ਸ਼ਿਵਾਂ ਦੀ ਨਗਰੀ ਕਾਂਸ਼ੀ ਵਿਚ ਮਰੋ ਤਾਂ ਕਿ ਮੁਕਤ ਹੋਵੇ (ਪਿੱਛੇ ਜਹੇ ਇਥੇ ਹੀ ਸ਼ਿਵਾਂ ਦੀ ਕਰਵਤਰ (ਖੂਨੀਆਰਾ) ਸੀ ਜੋ ਸਰਕਾਰ ਨੇ ਇਹ ਕਸਾਈ ਖਾਨਾ ਹੁਕਮਨ ਬੰਦ ਕਰਾ ਦਿੱਤਾ ਹੈ) ॥

ਸੂਚਨਾ : ਇੱਕ ਕਥਾ ਇਹ ਭੀ ਹੈ ਕਿ ਕਿਸੀ ਮੋਦੀ ਨਾਮੀ ਆਪਣੇ ਭਗਤ ਦਾ ਲੜਕਾ ਸ਼ਿਵਾਂ ਨੇ ਉਸ ਦੇ ਘਰ ਨਿਉਂਦਾ ਖਾਣ ਵੇਲੇ ਇਸ ਲਈ ਮਾਰ ਘੱਤਿਆ ਸੀ ਕਿ ਉਸ ਮਾਸੂਮ ਬੱਚੇ ਨੇ ਸ਼ਿਵਾਂ ਦੀ ਪਰੋਸੀ ਹੋਈ ਥਾਲੀ ਨੂੰ ਹੱਥ ਲਾ ਦਿੱਤਾ ਸੀ ਪਰੰਤੂ ਗਣੇਸ਼ ਦਾ ਮਾਰਨਾ ਪ੍ਰਸਿੱਧ ਕਥਾ ਹੈ ਇਹੋ ਕਥਾ ਪੰਡਤ ਲੋਕ ਚੌਥ ਦੇ ਵਰਤਾਂ ਨੂੰ ਸਰਵਨ ਕਰਾਇਆ ਕਰਦੇ ਹੈਨ ॥

## ਉਕਤ ਪਾਰਬਤੀ ਦੇ ਪੁੱਤਰ ਸ਼੍ਰੀ ਗਣੇਸ਼ ਦਾ ਹਿੰਦੂ ਮਤ ਰਚਿਤ ਮੰਗਲਾ ਚਰਨ

ਹਿੰਦੂ ਮੱਤ ਵਾਲੇ ਖੁਸ਼ੀ ਦੇ ਹਰ ਕਾਰਜ ਦੇ ਆਰੰਭ ਵਿਖੇ ਗਣੇਸ਼ ਦੀ ਪੂਜਾ ਕਰਦੇ ਔਰ ਹੇਠਾਂ ਲਿਖਾ ਸਲੋਕ ਪੜ੍ਹਨ ਨੂੰ ਵਿਘਨ ਨਾਸ਼ਕ ਸਮਝਦੇ ਹਨ ॥

"ਓਂ ਸਮੁਖਸਚੈਕ ਦੰਤਸਚ ਕਪਿਲੋ ਗਜ ਕਰਣਕ: । ਲੰਬੋਦਰਸਚ ਵਿਕਟੋ ਵਿਘਨ ਨਾਸੋ ਵਿਨਾਸਯਕ: । ਧੂਮਰ ਕੇਤੁਰ ਗਣਾਧਖਜੋ ਭਾਲ ਚੰਦ੍ਰੋ ਗਜਾਨਨ: । ਦ੍ਵਾਦਸ਼ੈਤਾਨਿ ਨਾਮਾਨਿਯ: ਪਠੇਚ ਛ੍ਰਿਣੁਯਾਦਪਿ, ਵਿਦਜਾਰੰਭੇ ਵਿਵਾਹੇ ਚ ਪ੍ਰਵੇਸ ਨਿਰਗਮੇ ਤਥਾ ਸੰਗ੍ਰਾਮੇ ਸੰਕਟੇਵ ਵਿਘਨ ਸਤਯ ਨ ਜਾਯਤੇ । ਸ੍ਰੀ ਗਣ ਪਤਯੇ ਨਮ: ਇਤਿ ਸ੍ਰਸਤ ਵਾਚਨੰ" ॥

ਉਕਤ ਕਥਨ ਦਾ ਅਰਥ ਹੈ ਕਿ (੧) ਸ੍ਰੇਸ਼ਟ ਮੁਖ ਵਾਲਾ (੨) ਇੱਕ ਦੰਦ ਵਾਲਾ (੩) ਕੈਰੇ ਰੰਗ ਵਾਲਾ (੪) ਹਾਥੀ ਦੇ ਕੰਨਾਂ ਵਾਲਾ (੫) ਲੰਬੇ ਢਿੱਡ ਵਾਲਾ (੬) ਮੈਲ਼ ਦਾ ਬਣਿਆ ਹੋਇਆ (੭) ਵਿਘਨ ਦੂਰ ਕਰਨ ਵਾਲਾ। (੮) ਚਤੁਰ (੯) ਧੂੰਏਂ ਰੰਗ ਵਾਲਾ (੧੦) ਗਣਾਂ ਵਿੱਚ ਸ਼ਰੋਮਣੀ (੧੧) ਮੱਥੇ ਤੇ ਚਦ੍ਰਮਾਂ ਵਾਲਾ (੧੨) ਹਾਥੀ ਦੇ ਮੂੰਹ ਵਾਲ਼ਾ ॥ ਹਿੰਦੂ ਲੋਕ ਇਸੀ ਮੰਗਲਾ ਚਰਨ ਨੂੰ ਆਪਨਾ ਅਰਦਾਸਾ ਸਮਝਦੇ ਹੈਨ ਜੋ ਹਰ ਇੱਕ ਪੰਡਤ ਪਾਂਧੇ ਦੇ ਕੰਠ ਹੁੰਦਾ ਹੈ ਵਿਆਹ ਆਦਿ ਸੰਸਕਾਰਾਂ ਵਿਚ ਇਹੋ ਹਿੰਦੂ ਮੂਲ ਮੰਤ੍ਰ ਹੈ ।

ਹਿੰਦੂ ਗ੍ਰੰਥਾਂ ਵਿੱਚ ਗਾਇਤ੍ਰੀ ਔਰ ਸਾਵਿਤ੍ਰੀ ਬ੍ਰਹਮਾਂ ਜੀ ਦੀਆਂ ਦੋ ਵਹੁਟੀਆਂ ਦਸੀਆਂ ਗਈਆਂ ਹੈਨ ਕਿ ਗਾਇਤ੍ਰੀ ਨੇ ਸਾਵਿਤ੍ਰੀ ਨਾਲ ਸੌਕਣਾਂ ਵਾਲੀ ਈਰਖਾ ਕੀਤੀ ਤਾਂ ਬ੍ਰਹਮਾਂ ਜੀ ਨੇ ਸਰਾਪ ਦੇ ਦਿੱਤਾ, ਜਿਸ ਪਰ ਗਾਇਤ੍ਰੀ ਗਊ ਬਣ ਗਈ (ਪ੍ਰਤੀਤ ਹੁੰਦਾ ਹੈ ਕਿ ਹਿੰਦੂਆਂ

ਵਿੱਚ ਗਊ ਨੂੰ ਮਾਤਾ ਮੰਨਣ ਦਾ ਇਹੋ ਕਾਰਣ ਹੈ) ਅਖੇ! ਇਕ ਦਿਨ ਗਾਇਤ੍ਰੀ ਗਊ ਬਣੀ ਹੋਈ ਇੱਕ ਲੋਧੇ (ਜ਼ਿਮੀਦਾਰ) ਦੇ ਖੇਤ ਵਿਚ ਖੇਤੀ ਪਈ ਖਾਂਦੀ ਸੀ ਤਾਂ ਲੋਧੇ ਨੇ ਗਾਇਤ੍ਰੀ (ਗਊ) ਚਰਦੀ ਦੇ ਸੋਟਾ ਮਾਰ ਕੇ ਲੱਤ ਭੰਨ ਘੱਤੀ ਜਿਸ ਪਰ ਗਾਇਤ੍ਰੀ ਲੰਗੜਾਂਦੀ ਲੰਗੜਾਂਦੀ ਹੋਈ ਦੌੜੀ । ਸੋ ਇਸ ਹਿੰਦੂ ਕਥਾ ਨੂੰ ਅੱਗੇ ਧਰ ਕੇ ਭਗਤ ਸ੍ਰੀ ਨਾਮਦੇਵ ਜੀ ਨੇ ਗਾਇਤ੍ਰੀ ਸਬੰਧੀ ਟੀਕਾ ਟਿਪਣੀ ਕੀਤੀ ਹੈ ਕਿ ਹੇ ਪਾਂਡੇ ! ਆਪਦੀ ਓਹੀ ਗਾਇਤ੍ਰੀ ਸੀ ਜਿਸ ਦੀ ਲੱਤ ਇੱਕ ਜੱਟ ਨੇ ਹੀ ਤੋੜ ਘੱਤੀ ਸੀ ? ਸੋ ਜਦ ਗਾਇਤ੍ਰੀ ਜੱਟ ਪਾਸੋਂ ਹੀ ਲੱਤ ਤੁੜਾ ਕੇ ਨੱਠੀ ਤਾਂ ਹੋਰ ਨੂੰ ਕੀ ਤਾਰੂਗੀ ?॥

ਇਸ ਪਰ ਇੱਕ ਹੋਰ ਕਥਾ ਵੀ ਹੈ ਕਿ ਪੰਡਤ ਵਿਸ਼ਵਾਮਿਤ੍ਰ ਜੀ ਨੂੰ ਵਸਿਸ਼ਟ ਜੀ (ਸ੍ਰੀ ਰਾਮ ਚੰਦ੍ਰ ਦੇ ਗੁਰੂ) ਨੇ ਇੱਕ ਮੁਲਾਕਾਤ ਪਰ 'ਰਾਜ ਰਿਖੀ' ਕਹਿ ਦਿੱਤਾ ਸੀ । ਇਸ ਪਰ ਵਿਸ਼ਵਾਮਿਤ੍ਰ ਨੇ ਵਸਿਸ਼ਟ ਦੇ ਸੌ ਪੁੱਤਰ ਮਾਰ ਸੁੱਟੇ ਜੋ ਤਪ ਕਰਦੇ ਸਨ ਅਖੇ ! ਓਹ ਵਸਿਸ਼ਟ ਨੇ ਗਾਇਤ੍ਰੀ ਪਾਠ ਸੇ ਜਿਉਂਦੇ ਕੀਤੇ, ਦੱਸਿਆ ਹੈ ਕਿ ਅੰਤ ਨੂੰ ਅੱਕ ਕੇ ਵਿਸ਼ਵਾਮਿਤ੍ਰ ਨੇ ਹਿੰਦੂਆਂ ਦੇ ਗਾਯਤੀ ਮੰਤ੍ਰ ਦੇ ਚਾਰ ਪਦਾਂ ਵਿੱਚੋਂ ਇੱਕ ਪਦ ਨਿਕਾਲ ਦਿਤਾ ਜਿਸਦਾ ਭਾਵ ਗਾਇਤ੍ਰੀ ਦੀ ਚੌਥੀ ਲੱਤ ਤੋੜਨੀ ਲਿਤਾ ਜਾਂਦਾ ਹੈ, ਇਸੇ ਸਿਧਾਂਤ ਪਰ ਬੀ ਭਗਤ ਜੀ ਦੀ ਟੀਕਾ ਟਿਪਣੀ ਸਮਝੋ ! ਕਿ ਜਿਸ ਗਾਇਤ੍ਰੀ ਨੇ ਵਿਸ਼ਵਾਮਿਤ੍ਰ ਪਾਸੋਂ ਆਪਣੀ ਲੱਤ ਤੁੜਾ ਲਿੱਤੀ ਓਹ ਆਪਣੀ ਹੀ ਚੌਥੀ ਲੱਤ ਦਰੁਸਤ ਕਰਾਵੇ ਤਦ ਹੋਰਨਾਂ ਦਾ ਇਲਾਜ ਕਰਨ ਦਾ ਨਾਮ ਲੇਵੇ ॥

### ਰਾਵਨ ਸੇਤੀ ਸਰਬਰ ਹੋਈ

ਸ੍ਰੀ ਰਾਮਚੰਦ੍ਰ ਤੇ ਲਛਮਣ ਨੇ ਰਾਵਨ ਦੀ ਭੈਣ ਸਰੂਪਨਖਾ ਦਾ ਨੱਕ ਕੱਟਿਆ । ਜੋ ਕਿਸੀ ਦੀ ਧੀ ਭੈਣ ਦਾ ਕੱਟਣਾ ਕਿਸੀ ਤਰ੍ਹਾਂ ਭੀ ਜਾਇਜ਼ ਨਹੀਂ ਕਹਾ ਸਕਦਾ ਨਾਲੇ ਇਸਤ੍ਰੀ ਪਰ ਵਾਰ ਕਰਨਾ ਸੂਰਮਿਆਂ ਦਾ ਧਰਮ ਨਹੀਂ ਹੁੰਦਾ ॥

ਜੇ ਉਹੀ ਮੰਦੀ ਸੀ ਤਾਂ ਇਹੀ ਚੰਗੇ ਰਹਿੰਦੇ ਸੋ ਇਸ ਦਾ ਫਲ ਰਾਵਨ ਨੇ ਰਾਮ ਚੰਦਰ ਦੀ ਵਹੁਟੀ (ਮਹਾਰਾਣੀ ਸੀਤਾ) ਚੁਰਾ ਕੇ "ਇਵਜਾਨਾ ਦਿੱਤਾ" (ਇਕੁਰ ਦਾ ਰਿਵਾਜ ਅਜ ਕਲ ਦੇਖੀਦਾ ਹੈ) ਸ਼ੋਕ ! ਜੰਗ ਹੋ ਕੇ ਲੱਖਾਂ ਬੰਦੇ ਮੌਤ ਦੇ ਘਾਟ ਉਤਾਰੇ ਗਏ ਤਥਾ ਵਡੇ ਵਡੇ ਸੂਰਮੇ ਔਰ ਪੰਡਤ ਜੋਰੋ ਸਰਬਰ (ਇਸਤ੍ਰੀ ਪਿੱਛੇ ਜੰਗ) ਵਿਚ ਸ਼ਾਮਲ ਹੋ ਕੇ ਮਰ ਕਟ ਗਏ ॥

ਪ੍ਰੰਤੂ ਸ਼ੋਕ ! ਐਸੀ ਦੁਰਦਸ਼ਾ ਨੂੰ ਸੰਸਾਰ ਦਾ ਉਧਾਰ ਕਰਨਾ ਸਿੱਧ ਕੀਤਾ ਜਾਂਦਾ ਹੈ ।

### ਐਸੀ ਕਥਾ ਪਰ ਟੀਕਾ ਟਿਪਣੀ

ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ ॥ ੧ ॥ ਰਹਾਉ ॥
ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ ॥

ਲੈਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥ ੧ ॥
ਪਾਂਡੇ ਤੁਮਰਾ ਮਹਾਂਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ ॥
ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ ॥ ੨ ॥
ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ॥
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ॥ ੩ ॥
ਹਿੰਦੂ ਅੰਨਾਂ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥
*(ਗੌਂਡ ਨਾਮਦੇਉ ॥੮੭੫)*

ਸੂਚਨਾ : ਸੋ ਜਿਨ੍ਹਾਂ ਮਹਾਤਮਾਂ ਨਾਲ ਉਕਤ ਕਥਾ ਦਾ ਸਬੰਧ ਹੈ ਕੀ ਹੱਕ ਹੈ ਕਿ ਓਹ ਰੱਬ ਜਾਂ ਅਵਤਾਰ ਕਹਿ ਪੂਜੇ ਜਾਣ ?

## ਸ੍ਰੀ ਰਾਮਚੰਦ੍ਰ ਜੀ ਦੀ ਹਾਲਤ ਪਰ ਟੀਕਾ ਟਿਪਣੀ ਤਥਾ ਗੁਰੂ ਸਾਹਿਬਾਂ ਦੇ ਫੈਸਲੇ

ਹਨੂਮਾਨ ਦੀ ਮਾਤਾ ਦਾ ਨਾਮ ਅੰਜਨੀ ਸੀ ਅਖੇ ! ਇਹ ਅੰਜਨੀ ਨਾਲ ਪਵਨ ਦੇਵਤੇ ਦੇ ਮਿਲਾਪ ਤੋਂ ਜਨਮੇ ਸੀ ਇਸੇ ਲਈ ਪਵਨ ਪੁਤ ਕਹੀਦੇ ਹੈਨ। ਇਕ ਕਥਾ ਵਿੱਚ ਕੇਸਰੀ ਰਿਖੀ ਦੀ ਔਰਤ ਅੰਜਨੀ ਤੋਂ ਜਨਮ ਲਿਖਾ ਹੈ, ਅਖੇ ! ਅੰਜਨੀ ਨੂੰ ਰੂਪ ਦੀ ਮਾਨਣ ਹੋਣ ਕਰਕੇ ਕੇਸਰੀ ਨੇ ਸਰਾਪ ਦੇ ਦਿੱਤਾ ਸੀ ਤਾਂ ਹੀ ਹਨੂਮਾਨ ਦੀ ਸ਼ਕਲ ਬਾਂਦਰ ਹੋ ਗਈ ਸੀ ਇਹੋ ਬਾਂਦਰਾਂ ਦੇ ਸਰਦਾਰ ਤਥਾ ਰਾਜਾ ਸੁਗ੍ਰੀਵ ਦੇ ਵਜ਼ੀਰ ਦੱਸੇ ਨੇ। ਸ੍ਰੀ ਰਾਮ ਚੰਦ੍ਰ ਸਗ੍ਰੀਵ ਦੇ ਭਾਈ ਬਾਲੀ ਨੂੰ ਧੋਖੇ ਨਾਲ (ਲੁੱਕ ਕੇ) ਮਾਰਨ ਸਮੇਂ ਤੇ ਸੀਤਾ ਭਾਲਣ ਵਿੱਚ ਇਨ੍ਹਾਂ ਦੀ ਹਨੂਮਾਨ ਨਾਲ ਗੰਢ ਤ੍ਰੁਪ ਹੋਈ। ਇੱਕ ਕਥਾ ਹੈ ਕਿ ਹਨੂਮਾਨ ਨੇ ਰਾਹ ਵਿੱਚ ਮਹਾਤਮਾਂ ਲੋਕ ਲੁੱਟੇ ਸਨ ਤਦੇ ਇਸ ਪਾਸ ਇੱਕ ਗੁਰਜ ਤੇ ਕਛੌਟੀ (ਜਾਂਘੀਆ) ਹੀ ਰਹਿਣ ਦਾ ਸਰਾਪ ਸੀ ਕਿਉਂਕਿ ਇਸ ਨੇ ਜਾਂਘੀਏ ਤੋਂ ਬਿਨਾਂ ਸਭ ਕੁਝ ਲੁੱਟ ਲਿਤਾ ਸੀ ਇਸਦੀ ਸੂਰਮਤਾ ਬਾਬਤ ਇੱਕ ਕਥਾ ਹੈ ਕਿ "ਰਾਮਚੰਦ੍ਰ ਦੇ ਮਤ੍ਰਏ ਭਾਈ ਲਛਮਣ ਦੀ ਜੰਗ ਵਿਚ ਮੂਰਛਤਾ (ਫੱਟਾਂ ਨਾਲ ਬੇਹੋਸ਼ੀ) ਸਮੇਂ ਬਿਸਲ ਨਾਮੀ ਬੂਟੀ ਸਣੇ ਦਰੋਣਾਗਿਰ ਦੇ ਚੁਕ ਲਿਆਇਆ ਸੀ।" ਇਸ ਸੇਵਾ ਪਿੱਛੋਂ ਰਾਮ ਚੰਦ੍ਰ ਨੇ ਬੀ ਆਪਣਾ ਜਾਂਘੀਆ ਹੀ ਸਿਰੇ ਪਾਉ ਦਿੱਤਾ, ਇਹ ਬੀ ਉਸੀ ਸਰਾਪ ਦਾ ਫਲ ਕਹੀਦਾ ਹੈ। ਹਨਵੰਤਰ ਨੂੰ ਹਿੰਦੂ ਲੋਕ ਦੇਵਤਾ ਕਰਕੇ ਪੂਜਦੇ ਹੈਨ ਇਸ ਦੀ ਤਸਵੀਰ ਪਰ ਸੰਧੂਰ ਪਾਉਂਦੇ ਤੇ ਮੰਗਲਵਾਰ ਨੂੰ ਆਪ ਵਰਤ ਰੱਖ ਕੇ ਤੇ ਇਸ ਨੂੰ ਮੰਨੀ ਪਕਾ ਕੇ ਦਿੰਦੇ ਹਨ। ਸ੍ਰੀ ਰਾਮ ਚੰਦ੍ਰ ਨੇ ਬੀ ਆਪ ਨੂੰ ਅਰਾਧਿਆ ਸੀ ਜਿਹਾ ਕਿ **"ਮਨ ਮਹਿ ਝੂਰੇ ਰਾਮ ਚੰਦ ਸੀਤਾ ਲਛਮਣ ਜੋਗ। ਹਣਵੰਤਰ ਅਰਾਧਿਆ ਆਇਆ ਕਰ ਸੰਜੋਗ।"** *(ਮ: ੧ ਵਾਰਾਂ ਤੋਂ ਵਧੀਕ)* ਅਰਥਾਤ ਸ੍ਰੀ ਰਾਮ ਚੰਦ੍ਰ (ਹਿੰਦੂਆਂ ਦੇ ਰੱਬ ਅਵਤਾਰ) ਨੂੰ ਬੀ ਹਨਵੰਤਰ ਦੀ ਅਰਾਧਨਾ ਕਰਨੀ ਪਈ ਸੀ ॥ ਪ੍ਰੰਤੂ ਉਧਰ ਕਰਮ ਫਲ ਦੇ ਬੱਧੇ ਹੋਏ ਹਨੂਮਾਨ ਦਾ ਇਹ ਹਾਲ ਸੀ ਕਿ –

ਦਾਧੀ ਲੇ ਲੰਕਾ ਗੜ ਉਪਾੜੀਲੇ ਰਾਵਣ ਬਣ ਸਲਿ ਬਿਸਲਿ ਆਣਿ ਤੋਖੀ ਲੇ ਹਰੀ ॥
ਕਰਮ ਕਰ ਕਛਉਟੀ ਮਫੀਟ ਸਿਰੀ ॥ *(ਤ੍ਰਿਲੋਚਨ ਰਾਗ ਧਨਾਸਰੀ)*

ਭਾਵ ਹਨੂਮਾਨ ਨੇ ਰਾਵਣ ਦੇ ਬਾਗ ਪੁੱਟੇ ਤੇ ਲੰਕਾ ਨੂੰ ਅੱਗ ਲਾਈ ਤੇ ਸੀਤਾ ਭਾਲੀ। ਪਹਾੜੀ ਬੂਟੀ (ਬਿਸਲ) ਲਿਆ ਕੇ ਸੁਖਦੇਵ ਵੈਦ ਪਾਸੋਂ ਜ਼ਖਮ (ਫੱਟ) ਰਾਜ਼ੀ ਕਰਵਾਏ। ਸਿੱਟਾ ਕੀ ਜੰਗ ਵਿੱਚ ਰਾਮਚੰਦਰ ਦੀ ਬਹੁਤ ਮਦਦ ਕੀਤੀ ਪ੍ਰੰਤੂ ਰਾਮ ਚੰਦ੍ਰ (ਰੱਬ ਅਵਤਾਰ) ਜੀ ਵਲੋਂ ਬੀ ਕਰਮ ਬੰਧਨ ਕਟਨ ਦੀ ਥਾਂ ਉਹੀ ਇੱਕ 'ਜਾਂਘੀਆ' ਪ੍ਰਾਪਤ ਹੋਇਆ ਜੋ ਸਰਾਪ ਕਰਕੇ ਪਿੱਛੇ ਮਿਲਦਾ ਸੀ। ਗੱਲ ਕੀ ! ਰਾਮ ਚੰਦ੍ਰ ਜੀ ਪਾਸੋਂ ਹਨੂਮਾਨ ਜੀ ਕਰਮ ਬੰਧਨਾਂ ਤੋਂ ਅਜ਼ਾਦ ਨਾ ਹੋ ਸਕੇ, ਤਾਂ ਤੇ ਹਿੰਦੂ ਲੋਕ ਕਿਸ ਲਈ ਹਨੂਮਾਨ ਦੀ ਪੂਜਾ ਕਰਦੇ ਹੈਨ ? ਕਿਉਂਕਿ ਉਹ ਤਾਂ ਖੁਦ ਹੀ ਸਰਾਪ (ਕੁਕਰਮ ਫਲ) ਵਿੱਚ ਫਸੇ ਨਹੀਂ ਨਿਕਲੇ ਅਰ ਨਾਹੀਂ ਤਿਨਾਂ ਨੂੰ ਸ੍ਰੀ ਰਾਮਚੰਦ੍ਰ ਜੀ ਛੁਡਾ ਸਕੇ ॥

ਸੋ ਜਦ ਸ੍ਰੀ ਰਾਮਚੰਦ ਜੀ ਆਪਣੇ ਇਤਨੇ ਪ੍ਰੇਮੀ ਸੇਵਕ ਵਿਚਾਰੇ ਹਨੂਮਾਨ ਨੂੰ ਬੀ ਕਰਮ ਬੰਧਨਾਂ ਤੋਂ ਆਜ਼ਾਦ ਨਾ ਕਰਾ ਸਕੇ ਤਾਂ ਹੋਰਨਾਂ ਨੂੰ ਕੀ ਤਾਰ ਸਕਦੇ ਹਨ ? ॥

## ਰੋਵੈ ਰਾਮ ਨਿਕਾਲਾ ਭਇਆ

ਸ੍ਰੀ ਰਾਮ ਚੰਦ੍ਰ ਜੀ ਮਤ੍ਰੇਈ ਮਾਤਾ ਕਕੇਈ ਦੀ ਕਰੋਪੀ ਦੇ ਕਾਰਨ ਚੌਦਾਂ ਸਾਲ ਦੇ ਬਨਵਾਸ ਨੂੰ ਘੱਲੇ ਗਏ। ਰਾਮ ਜੀ ਦਾ ਪਿਤਾ ਰਾਜਾ ਦਸਰਥ ਇਸੀ ਦੁਖ ਵਿਚ ਬਿਆਕੁਲ ਹੋ ਕੇ ਮਹਿਲਾਂ ਤੋਂ ਡਿਗ ਕੇ ਪ੍ਰਾਣ ਤਿਆਗ ਗਿਆ ਅਤੇ ਸ੍ਰੀ ਰਾਮ ਚੰਦ੍ਰ ਦੀ ਮਾਤਾ ਕੁਸ਼ਲਿਯਾ ਨੇ ਪੁਤ ਦੇ ਵਿਯੋਗ ਵਿਚ ਮੋਹ ਮਮਤਾ ਕਰਕੇ ਅਤਜੰਤ ਰੁਦਨ ਕੀਤਾ ਭਾਵੇਂ ਰਾਮ ਜੀ ਚਿੱਤੋਂ ਬਣ ਵਿਚ ਜਾਣਾ ਨਹੀਂ ਚਾਹੁੰਦੇ ਸੀ ਪ੍ਰੰਤੂ ਮਤ੍ਰੇਈ ਮਾਤਾ ਅੱਗੇ ਮਜ਼ਬੂਰ ਹੋ ਗਏ ਸਨ। ਭਗਵੇ ਕਪੜੇ ਰੰਗੇ ਤੇ ਬੋਹੜ ਦੀ ਚੀਪ ਨਾਲ ਕੇਸ ਜੋੜ(ਜਟਾਂ ਬਣਾ ਕੇ) ਕੇ ਸ਼ਾਹੀ ਲਿਬਾਸ ਉਤਾਰ ਫਕੀਰ ਬਣ ਤੁਰੇ। ਕੇਲਰ ਦੇਸ (ਦੰਡਕ ਬਣ) ਰਹਿਣ ਪਰ ਰਾਵਨ ਸੀਤਾ ਨੂੰ ਇਸ ਲਈ ਚੁਰਾ ਕੇ ਲੈ ਗਿਆ ਕਿ ਰਾਮ ਚੰਦ੍ਰ ਅਰ ਲਛਮਣ ਨੇ ਰਾਵਨ ਦੀ ਭੈਣ ਸਰੂਪਨਖਾਂ ਦਾ ਨੱਕ ਕਟ ਦਿੱਤਾ ਸੀ। ਰਾਵਨ ਵਲੋਂ ਸੀਤਾ ਦੇ ਚੁਰਾਏ ਜਾਣ ਸਮੇਂ ਰਾਮ ਚੰਦ੍ਰ ਜੀ ਅਤੀ ਵਿਆਕੁਲ ਹੋ ਕੇ ਸੀਤਾ ਦੇ ਮੋਹ ਪ੍ਰੇਮ ਵਿਚ ਧਾਹਾਂ ਮਾਰ ਰੋਣ ਲਗੇ ਅਖੇ! ਸੀਤਾ ਦੀ ਭਾਲ ਵਿੱਚ ਆਪ ਦੇ ਵਿਛੋਹ ਨਾਲ ਪੰਛੀ ਭੀ ਰੋ ਪਏ ਤੇ ਘਾਸ ਦ੍ਰਖਤ ਭੀ ਸੜ ਉਠੇ। ਗੁਰੂ ਸਾਹਿਬ ਨੇ ਇਸ ਪਰ ਫੁਰਮਾਇਆ ਹੈ "ਰੋਵੈ ਰਾਮ ਨਿਕਾਲਾ ਭਇਆ। ਸੀਤਾ ਲਖਮਣ ਵਿਛੜ ਗਿਆ।" ਭਾਵ ਸ੍ਰੀ ਰਾਮ ਚੰਦ੍ਰ ਜੀ ਦੰਡਕ ਬਣ ਵਿਚ ਉਸ ਵੇਲੇ ਦੁੱਖਾਂ ਵਿਚ ਧਾਹਾਂ ਮਾਰ ਕੇ ਰੋਏ ਜਦ ਕਿ ਚੌਦਾਂ ਸਾਲਾਂ ਦੇ ਦੇਸ਼ ਨਿਕਾਲੇ ਵਿੱਚ ਦੁਖ ਵਾਪਰੇ ਅਰ ਸੀਤਾ ਚੁਰਾਈ ਗਈ ਅਰ ਭ੍ਰਾਤਾ ਲਛਮਣ ਰਾਵਨ ਦੀ ਬਰਛੀ ਨਾਲ ਜੰਗ ਵਿੱਚ ਮੂਰਛਤ ਹੋ ਗਿਆ।

"ਸੀਤਾ ਲੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ ॥
ਨਾਨਕ ਕਰਤਾ ਕਰਣਹਾਰੁ ਕਰਿ ਵੇਖੈ ਥਾਪਿ ਉਥਾਪਿ ॥

ਮਨ ਮਹਿ ਝੂਰੈ ਰਾਮਚੰਦੁ ਸੀਤਾ ਲਛਮਣ ਜੋਗੁ " ॥

(*ਸ਼ਲੋਕ ਵਾਰਾਂ ਤੇ ਵਧੀਕ ਮ: ੧-੧੪੧੨*)

ਸੋ ਜਦ ਸ੍ਰੀ ਰਾਮ ਚੰਦ(ਹਿੰਦੂ ਰੱਬ ਅਵਤਾਰ) ਦੀ ਇਹ ਦਸ਼ਾ ਹੈ ਕਿ ਓਹ ਅਪਨੇ ਕੁਟੰਬੀਆਂ ਦੀ ਮੋਹ ਮਮਤਾ ਵਿੱਚ ਬੱਝੇ ਪਏ ਦੁਖਾਂ ਨਾਲ ਪੀੜਤ ਹੋ ਧਾਹਾਂ ਮਾਰਕੇ ਰੋਂਦੇ ਰਹੇ ਤਾਂ ਅਪਣੇ ਸੇਵਕਾਂ ਨੂੰ ਦੁੱਖਾਂ ਵਲੋਂ ਕਿਵੇਂ ਸ਼ਾਂਤ ਕਰ ਸਕਦੇ ਹਨ ? ਫਿਰ ਤ੍ਰੈਕਾਲਦਰਸੀ ਬੀ ਇਹੋ ਜਿਹੇ ਕਿ ਲੋਕਾਂ ਨੂੰ ਪੁਛਦੇ ਫਿਰਨ ਕਿ ਮੇਰੀ ਸੀਤਾ ਕੌਣ ਲੈ ਗਿਆ ?

ਨੋਟ : ਇੱਕ ਕਥਾ ਵਿੱਚ ਦਸਿਆ ਹੈ ਕਿ ਲਛਮਣ ਨੂੰ ਭੀਲਣੀ ਦਾ ਸਰਾਪ ਸੀ ਕਿਉਂਕਿ ਇਸ ਨੇ ਰਾਮ ਚੰਦ੍ਰ ਨੂੰ ਭੀਲਣੀ ਦੇ ਜੂਠੇ ਬੇਰ ਖਾਣ ਸਮੇਂ ਨਕ ਚੜ੍ਹਾਇਆ ਸੀ। ਅਖੇ ! ਭੀਲਣੀ ਨੇ ਸਰਾਪ ਦੇ ਦਿੱਤਾ ਕਿ ਅੱਛਾ ਜਿਸ ਤਰ੍ਹਾਂ ਤੂੰ ਮੇਰੇ ਪ੍ਰੇਮ ਪਰ ਬਰਛੀ ਮਾਰੀ ਹੈ ਤਿਵੇਂ ਤੇਰੇ ਕਲੇਜੇ ਵਿਚ ਬੀ ਬਰਛੀ ਲੱਗਸੀ। ਸੋ ਰਾਵਨ ਦੀ ਬਰਛੀ ਲੱਗਣੀ ਉਸੀ ਸਰਾਪ ਦਾ ਫਲ ਦੱਸੀ ਜਾਂਦੀ ਹੈ ॥

## ਜਿਨ ਸੀਤਾ ਆਂਦੀ ਡੌਰੂ ਵਾਇ

ਰਾਵਨ ਨੇ ਸੀਤਾ ਨੂੰ ਕਢਣ ਦੀ ਵਿਉਂਤ ਵਿਚ ਮ੍ਰੀਚ (ਮ੍ਰਿਗਤਨ) ਜੋ ਸਿੰਗੀ ਰਿਖੀ ਦਾ ਪੁਤ੍ਰ ਸੀ ਨੂੰ ਆਪਣਾ ਸਾਥੀ ਬਣਾਇਆ ਅਖੇ ! ਓਹ ਸੋਨੇ ਦਾ ਮ੍ਰਿਗ ਤਨਾ ਬਣ ਕੇ (ਇਸ ਦੇ ਸਿਰ ਪਰ ਸਿੰਙ ਬੀ ਦਸੇ ਹਨ ਕਿ ਇਹ ਮ੍ਰਿਗਨੀ ਤੋਂ ਜੰਮਿਆ ਸੀ) ਸੀਤਾ ਦੀ ਨਿਗਾਹ ਵਿੱਚੋਂ ਲੰਘਿਆ, ਸੀਤਾ ਨੇ ਸੋਨੇ ਦੇ ਸੁੰਦਰ ਮ੍ਰਿਗ ਦੇ ਲਾਲਚ ਵਿਚ ਰਾਮ ਚੰਦ੍ਰ ਨੂੰ ਮਜ਼ਬੂਰ ਕੀਤਾ ਕਿ ਇਸ ਨੂੰ ਫੜ ਕੇ ਮੇਰੇ ਪਾਸ ਲਿਆਵੋ। ਪ੍ਰੰਤੂ ਸੀਤਾ ਦੀ ਆਗਿਆ ਅਨੁਸਾਰ ਸ੍ਰੀ ਰਾਮ ਚੰਦ੍ਰ ਜੀ ਹਿਰਨ ਫੜਨ ਵਿਚ ਬਹੁਤ ਜਤਨ ਕਰਕੇ ਬੀ ਕਾਮਯਾਬ ਨਾ ਹੋ ਸਕੇ। ਲਛਮਣ ਜੀ ਜੋ ਸੀਤਾ ਦੀ ਰਾਖੀ ਕਰਦੇ ਸੀ ਉਹ ਬੀ ਅਤੀ ਹਠ ਕਰਕੇ ਸੀਤਾ ਜੀ ਨੇ ਮਗਰੇ ਘੱਲੇ, ਜਿਸ ਕਾਰਨ ਸੀਤਾ ਇਕੱਲੀ ਹੋਈ ਤੇ ਰਾਵਨ ਦਾ ਦਾਉ ਫਬ ਗਿਆ ਰਾਵਣ ਨੇ ਜੋਗੀ ਦੀ ਸ਼ਕਲ ਧਾਰਕੇ ਹੱਥ ਵਿਚ ਡੌਰੂ ਫੜਕੇ ਭਿੱਛਾ ਦਾ ਪੱਜ ਕੀਤਾ ਤੇ ਸੀਤਾ ਨੂੰ ਛਲਿਆ। ਅਖੇ ! ਜਦ ਖੈਰ ਖਾਤਰ ਸੀਤਾ ਜੀ ਨੇ 'ਰਾਮਕਾਰ' (ਰਾਮ ਚੰਦ੍ਰ ਵਲੋਂ ਮੰਤ੍ਰ ਫੂਕ ਕੇ ਖਿੱਚੀ ਗਈ ਕੁੰਡਲ' ਅਖੇ ! ਉਸ ਦੇ ਅੰਦਰ ਪੈਰ ਧਰਨ ਵਾਲੇ ਨੂੰ ਅਗਨੀ ਲੱਗਦੀ ਸੀ ) ਤੋਂ ਬਾਹਰ ਪੈਰ ਧਰਿਆ ਤਾਂ ਰਾਵਣ ਨੇ ਪਕੜ ਕੇ ਝੋਲੀ ਵਿਚ ਸੁਟ ਲਿਤੀ ਰਥ ਵਿਚ ਜਾ ਝੜਾਈ ਅਰ ਲੰਕਾ ਵਿਚ ਲਿਜਾ ਕੇ ਆਪਣੇ ਅਸ਼ੋਕ ਨਾਮੀ ਬਾਗ ਵਿਚ ਰੱਖੀ ਅਰ ਉਥੇ ਭ੍ਰਮੌਣ ਦੀ ਕੋਸ਼ਿਸ਼ ਕੀਤੀ ਤਾਂਕਿ ਓਹ ਰਾਵਨ ਦੀ ਮਹਾਰਾਣੀ ਬਣ ਜਾਵੇ ॥

ਰਾਮ ਚੰਦ੍ਰ ਨੇ ਸੀਤਾ ਦੀ ਵਾਪਸੀ ਲਈ ਜੰਗ ਕਰਕੇ ਰਾਵਨ ਨੂੰ ਮਾਰਿਆ। "ਅੰਧਲੇ ਦਹਿਸਿਰ ਮੂੰਡ ਕਟਾਇਆ ਰਾਵਨ ਮਾਰ ਕਿਆ ਵਡਾ ਭਇਆ ?" ਭਾਵ ਮੂਰਖ ਰਾਵਨ ਨੇ ਤਾਂ ਕਾਮ ਇਛਾ ਪਿਛੇ ਸਿਰ ਕਟਵਾ ਲਿਆ ਪ੍ਰੰਤੂ ਰਾਵਨ ਨੂੰ ਮਾਰ ਕੇ ਰਾਮ ਚੰਦ੍ਰ ਨੇ ਅਪਣੀ ਸੀਤਾ ਵਾਪਸ ਲਿੱਤੀ। ਭਲਾ ਇਹ ਵੀ ਕੋਈ ਵਡਿਆਈ ਦੀਆਂ ਬਾਤਾਂ ਹੈਨ ਅਰਥਾਤ ਇੱਕ

ਉਸ ਦੀ ਇਸਤ੍ਰੀ ਨਿਕਾਲ ਕੇ ਲੈ ਗਿਆ ਦੂਜੇ ਨੇ ਲੜਾਈ ਕਰਕੇ ਵਾਪਸ ਲੈ ਆਂਦੀ ॥

ਸੂਚਨਾ - ਰਾਮ ਚੰਦ ਨੇ ਆਪਣੀ ਮਦਦ ਲਈ ਸੁਗ੍ਰੀਵ ਦੇ ਭਾਈ ਬਾਲੀ ਨੂੰ ਧੋਖੇ ਨਾਲ (ਦ੍ਰਖਤ ਪਿੱਛੇ ਛਿਪ ਕੇ) ਨਿਹੱਥੇ ਨੂੰ ਤੀਰ ਮਾਰ ਕੇ ਸੁਗ੍ਰੀਵ ਦੀ ਖੋਈ ਹੋਈ ਇਸਤ੍ਰੀ ਦਲਾਈ ਸ੍ਰੀ ਰਾਮ ਚੰਦ ਦੀ ਸੂਰਮਤਾ ਨੂੰ ਇਹ ਭਾਰੀ ਕਲੰਕ ਮੰਨਿਆਂ ਹੈ, ਬਲਕੇ ਬਾਲੀ ਨੇ ਮਰਨ ਵੇਲੇ ਰਾਮ ਚੰਦ੍ਰ ਨੂੰ ਉਲਾਂਬੇ ਦਿੱਤੇ ਕਿ ਤੂੰ ਕਾਇਰ ਤੇ ਕਪੁਤ੍ਰ ਹੈਂ ਮੈਨੂੰ ਸੁਗ੍ਰੀਵ ਨਾਲ ਘੁਲਦੇ ਨੂੰ ਛੁਪ ਕੇ ਤੀਰ ਮਾਰਿਆ ॥

## ਭਭੀਖਣ ਤੇ ਸ੍ਰੀ ਰਾਮਚੰਦ

ਭਭੀਖਣ ਰਾਵਣ ਦਾ ਭ੍ਰਾਤਾ ਸੀ, ਹਿੰਦੂ ਮਤ ਦੇ ਗ੍ਰੰਥਾਂ ਵਿਚ ਇਸ ਦੀ ਵਡੀ ਤਰੀਫ ਲਿਖੀ ਹੈ ਇਹ ਭਗਤ (ਨੇਕ ਬੰਦਾ) ਸੀ ਇਸ ਦੀ ਵਡੀ ਨੇਕੀ ਸਬੰਧੀ ਜ਼ਿਕਰ ਹੈ ਕਿ ਭਵੀਖਨ ਨੇ ਰਾਵਨ ਨੂੰ ਕਿਹਾ ਸੀ ਕਿ ਸੀਤਾ ਰਾਮ ਚੰਦ ਨੂੰ ਮੋੜ ਦੇ ਕਿਸੀ ਦੀ ਔਰਤ ਇਸ ਤਰ੍ਹਾਂ ਖੋਹ ਲੈਣੀ ਜਾਂ ਚੁਰਾ ਲੈਣੀ ਚੰਗਾ ਕੰਮ ਨਹੀਂ ਹੁੰਦਾ, ਪ੍ਰੰਤੂ ਰਾਵਨ ਨੇ ਸੀਤਾ ਦਾ ਲਾਲਚ ਨਾ ਹੀ ਤਿਆਗਿਆ ਜਿਸ ਤੋਂ ਭਭੀਖਣ ਰਾਮ ਚੰਦ ਵਲ ਹੋ ਗਿਆ ਅਰ ਰਾਮਚੰਦ ਨੂੰ ਰਾਵਨ ਨੂੰ ਜਿੱਤਣ ਦੇ ਭੇਦ ਸਭ ਦਸ ਦਿੱਤੇ (ਇਸੀ ਤੋਂ 'ਘਰ ਪਾਟਿਆ ਦਹਿਸਿਰ ਮਾਰਿਆ' ਮਿਸਾਲ ਕਾਇਮ ਹੋਈ ਹੈ)।

ਅਸਲੋਂ ਘਰ ਦਾ ਭੇਤੀ ਭਭੀਖਣ ਆਪਣੇ ਭ੍ਰਾਤਾ ਨੂੰ ਨਾ ਮਰਵੌਂਦਾ ਤਾਂ ਰਾਮ ਚੰਦ ਦਾ ਰਾਵਣ ਨੂੰ ਜਿੱਤਣਾ ਸੰਭਵ ਨਹੀਂ ਸੀ ਅਖੇ ! ਭਭੀਖਣ ਨੇ ਖਾਸ ਇਹ ਭੇਦ ਦੱਸਿਆ ਸੀ ਕਿ ਰਾਵਣ ਦੇ ਹਿਰਦੇ ਵਿਚ ਅੰਮ੍ਰਿਤ ਕੁੰਡ ਹੈ ਜਿਸ ਕਾਰਨ ਉਸ ਦੇ ਕਟੇ ਹੋਏ ਅੰਗ ਫਿਰ ਸੁਰਜੀਤ ਹੋ ਜਾਂਦੇ ਹਨ। ਅਖੇ ! ਜਦ ਤੀਕ ਉਹ ਨਾ ਸੁਕਾ ਦਿੱਤਾ ਜਾਵੇ ਰਾਵਨ ਨਹੀਂ ਮਰ ਸਕਦਾ ਸੋ ਰਾਮਚੰਦ ਨੇ ਇਸ ਭੇਦ ਨੂੰ ਪਾ ਕੇ ਰਾਵਨ ਦੇ ਹਿਰਦੇ ਵਿਚ ਅਗਨੀ ਬਾਣ ਮਾਰਿਆ। ਜਿਸ ਨਾਲ ਰਾਵਣ ਦੀ ਮੌਤ ਆ ਗਈ, ਇਸ ਦੇ ਬਦਲੇ ਸ੍ਰੀ ਰਾਮ ਚੰਦ੍ਰ ਨੇ ਭਭੀਖਣ ਨੂੰ ਲੰਕਾ ਦੀ ਰਾਜ ਗੱਦੀ (ਰਾਜ ਤਿਲਕ) ਦਿੱਤਾ। ਹਿੰਦੂਮਤ ਦੀਆਂ ਲਿਖਤਾਂ ਵਿਚ ਭਭੀਖਨ ਦੇ ਭੇਦ ਦੇਣ ਵਾਲੇ ਕੰਮ ਨੂੰ ਨੇਕ ਦੱਸਿਆ ਜਾਂਦਾ ਹੈ ਪ੍ਰੰਤੂ ਇਹ ਬਖੀਲੀ (ਚੁਗਲੀ) ਅਵਗੁਣ ਹੈ ਜਿਹਾ ਕਿ ਸਤਿਗੁਰਾਂ ਦਾ ਫੈਸਲਾ ਹੈ "ਕਰੀ ਬਖੀਲੀ ਦੈਤ"

ਭਾਵ ਭਭੀਖਣ ਨੇ ਚੁਗਲੀ ਬਦਲੇ ਭਰਾ ਦੀ ਰਾਜਗੱਦੀ ਸੰਭਾਲੀ ਤੇ ਸ੍ਰੀ ਰਾਮ ਚੰਦ ਨੇ ਐਸੀ ਚੁਗਲ ਖੋਰੀ ਦਾ ਇਵਜ਼ ਉਸ ਨੂੰ ਰਾਜ ਤਿਲਕ ਦਲਾਇਆ। ਬੇਸ਼ਕ ਰਾਵਨ ਨੇ ਬੁਰਾ ਕੰਮ ਕੀਤਾ ਸੀ ਪਰੰਤੂ ਘਰ ਦਾ ਭੇਦ ਦਸ ਕੇ ਭਰਾ ਨੂੰ ਮਰਵਾ ਕੇ ਰਾਜ ਗੱਦੀ ਸੰਭਾਲਣ ਦਾ ਕੋਈ ਹੱਕ ਨਹੀਂ ਸੀ ਅਤੇ ਨਾਹੀ ਸ੍ਰੀ ਰਾਮ ਚੰਦ ਜੀ ਦਾ ਇਨਸਾਫ ਨੂੰ ਮੁਖ ਰਖ ਕੇ ਹਕ ਸੀ ਕਿ ਉਹ ਚੁਗਲੀ ਬਦਲੇ ਰਾਵਨ ਦੀ ਹੀ ਗੱਦੀ ਚੁਗਲ ਖੋਰ ਭਭੀਖਣ ਨੂੰ ਦੇ ਦਿੰਦੇ ॥

ਹਾਂ ਆਪਣੀ ਅਜੁੱਧਿਆ ਵਾਲੀ ਰਾਜਗੱਦੀ ਦੇ ਦਿੰਦੇ ਤਾਂ ਭੀ ਕਿਸੀ ਹੱਦ ਤੀਕ ਆਪਣਾ ਕੰਮ ਕੱਢ ਕੇ ਜੋਗ ਇਵਜ਼ਾਨਾ ਹੋ ਸਕਦਾ ਸੀ ॥

## ਰਾਵਨ ਸਬੰਧੀ ਇਕ ਵੀਚਾਰ

ਰਾਵਨ ਚਾਰੇ ਵੇਦਾਂ ਦਾ ਗਿਆਤਾ ਪੰਡਤ ਅਰ ਬ੍ਰਹਮਣ ਕੁਲ ਵਿਚੋਂ ਬ੍ਰਹਮਾਂ ਦਾ ਪੜਪੋਤਾ ਅਰ ਲੰਕਾ ਦਾ ਮਹਾਰਾਜਾ ਸੀ, ਰਾਵਨ ਖਾਸ ਬਲੀ ਜੋਧਾ ਸੀ । ਰਾਵਨ ਦੇ ਘਰ ਪਤਾਲ ਦੇ ਰਾਜਿਆਂ ਦੇ ਡੋਲੇ ਆਂਦੇ ਅਰ ਉਸ ਦੇ ਲੱਖਾਂ ਹੀ ਪੁਤ੍ਰ ਪੋਤ੍ਰੇ (ਸ਼ਾਹੀ ਖਾਨ ਦਾਨ ਦੀ ਉਲਾਦ ਤੇ ਗੁਲਾਮ) ਸਨ । ਰਾਵਨ ਦੇ ਧਨ ਦਾ ਲੇਖਾ ਲੰਕਾ ਦੇ ਮਹਿਲ ਸੋਨੇ ਨਾਲ ਜੜਾਊ ਹੋਣ ਤੋਂ ਪ੍ਰਸਿੱਧ ਹੈ । ਇਸ ਤੋਂ ਬਿਨਾਂ ਸੂਰਜ ਤੇ ਚੰਦ੍ਰ ਬੰਸੀ ਕੁਲ ਦੇ ਰਾਜੇ ਆਪ ਦੇ ਅਧੀਨ ਭਾਵ ਪਾਣੀ ਭਰਦੇ ਤੇ ਰਸੋਈਏ ਸਦਰਸ਼ ਸਨ, ਔਰ ਪੌਣ ਤੇ ਅੱਗ (ਹਿੰਦੂ ਦੇਵਤੇ) ਲੰਕਾਂ ਵਿੱਚ ਚਲ ਰਹੀਆਂ ਮਸ਼ੀਨਾਂ (ਪੱਖੇ ਬਿਜਲੀ) ਪਰ ਕਪੜੇ ਧੋਂਦੇ ਤੇ ਰੋਟੀ ਪਕਾਂਦੇ ਸਨ, ਭਾਵ ਸਭ ਕੰਮ ਬਿਜਲੀ ਨਾਲ ਹੁੰਦਾ ਸੀ । ਪ੍ਰੰਤੂ ਸ਼ੋਕ ਐਡਾ ਵੱਡਾ ਰਾਜਾ ਪੰਡਤ ਤੇ ਪ੍ਰਤਾਪੀ ਔਰ ਜ਼ਾਤੀ ਦਾ ਬ੍ਰਾਹਮਣ ਕਹਾ ਕੇ ਸ੍ਰੀ ਰਾਮ ਚੰਦ੍ਰ ਦੀ ਇਸਤ੍ਰੀ ਸੀਤਾ ਨੂੰ ਇਸ ਗੁੱਸੇ ਵਿੱਚ ਚੋਰੀ ਨਿਕਾਲ ਕੇ ਲੈ ਆਇਆ ਕਿ ਰਾਮ ਤੇ ਲਛਮਣ ਨੇ ਉਸ ਦੀ ਭੈਣ ਸਰੂਪ ਨਕਾ ਦਾ ਨੱਕ ਕਿਉਂ ਕੱਪਿਆ ? ਬੇਸ਼ਕ ਰਾਵਨ ਜਿਸ ਦੀ ਸੋਭਾ ਚਾਰੇ ਚੱਕ ਸੀ, ਉਸ ਦੀ ਭੈਣ ਦਾ ਨੱਕ ਕਪੇ ਜਾਣਾ ਕੋਈ ਨਿੱਕੀ ਜਿਹੀ ਬਾਤ ਨਹੀਂ ਸੀ ਪਰੰਤੂ ਉਸ ਦਾ ਬਦਲਾ ਰਾਮ ਚੰਦ੍ਰ ਦੀ ਇਸਤ੍ਰੀ ਕੱਢਣ ਦੀ ਥਾਂ ਉਸ ਨਾਲ ਕੇਵਲ ਜੰਗ ਕਰਨਾ ਸੀ । ਇਸ ਤੋਂ ਬਿਨਾਂ ਸੈਂਕੜੇ ਰਾਣੀਆਂ ਦੇ ਹੁੰਦੇ ਹੋਏ ਸੀਤਾ ਦੇ ਸੁੰਦਰ ਸਰੂਪ ਪਰ ਮੋਹਤ ਤਥਾ ਕਾਮ ਵੱਸ ਹੋ ਕੇ ਉਸ ਨੂੰ ਰਾਣੀ ਬਣਾਉਣ ਦੀ ਇੱਛਾ ਕਰਨੀ ਸਖਤ ਮੰਦਤਾ ਸੀ ਹਾਂ ਰਾਵਣ ਦੀ ਇਹ ਇਮਾਨਦਾਰੀ ਹੈ ਕਿ ਉਸ ਨੇ ਸੀਤਾ ਨੂੰ ਜ਼ਬਰ ਨਾਲ ਆਪਣੀ ਇਸਤ੍ਰੀ ਨਹੀਂ ਬਣਾਯਾ । ਰਾਵਨ ਹਿੰਦੁਸਤਾਨ ਵਿਚ ਗਿਣਤੀ ਦਾ ਪ੍ਰਤਾਪੀ ਰਾਜਾ ਸੀ ਪਰੰਤੂ ਕੁਕਰਮ ਇੱਛਾ ਨਾਲ ਬ੍ਰਾਹਮਣਪੁਣੇ ਨੂੰ ਲਾਜ ਲਾਈ । ਇਸੀ ਕਾਰਨ ਲੋਕੀਂ ਉਸ ਦੇ ਹੱਕ ਵਿੱਚ ਨਹੀਂ ਹਨ । ਵੈਸੇ ਰਾਮ ਚੰਦ੍ਰ ਨਾਲ ਜੰਗ ਕਰਨ ਵਿਚ ਰਾਵਨ ਨੇ ਕੋਈ ਫਰੇਬ ਜਾ ਕਾਇਰਤਾ ਨਹੀਂ ਵਿਖਾਈ ਨਾਂਹੀ ਕਿਸੇ ਪ੍ਰਕਾਰ ਘਬਰਾਇਆ ਬਲਕਿ ਸਿੱਧੇ ਮੂੰਹ ਸੂਰਮਿਆਂ ਦੀ ਤਰ੍ਹਾਂ ਪ੍ਰਾਣ ਦਿੱਤੇ ਤੇ ਅੰਤ ਸਮੇਂ ਗਿੱਧਾਂ ਲਈ ਬੀ ਆਵਾਜ਼ ਦਿੱਤੀ ਕਿ ਮੇਰੀ ਲੋਥ ਦਾ ਮਾਸ ਰਾਮ ਚੰਦ ਦੇ ਦਲ ਵਲ ਲੈ ਜਾਣਾ ਮਤਾਂ ਲੰਕਾਂ ਵਿੱਚ ਲਿਆ ਕੇ ਮੇਰੀ ਸੂਰਮਤਾ ਵਿੱਚ ਫਰਕ ਪਾਵੋ । ਇਤਿਹਾਸ ਦੱਸਦਾ ਹੈ ਕਿ ਸ੍ਰੀ ਰਾਮ ਚੰਦ ਜੰਗ ਵਿੱਚ ਭ੍ਰਾਤਾ ਲਛਮਣ ਦੇ ਬਰਛੀ ਲੱਗਣ ਪਰ ਰੋਇਆ ਤੇ ਘਬਰਾਇਆ ਅਰ ਭੀਖਣ ਪਾਸੋਂ ਮਰਨ ਦੀ ਵਿਉਂਤ ਨਿਕਾਲੀ ਤੇ ਸੁਗ੍ਰੀਵ ਨੂੰ ਬਾਲੀ ਪਾਸੋਂ ਉਸ ਦੀ ਤੀਵੀਂ ਦਲਾ ਕੇ ਉਹੀ ਜਿਹੀ ਇਵਜਾਨੇ ਵਿੱਚ ਮਦਦ ਲਿੱਤੀ ਪਰੰਤੁ ਰਾਵਨ ਨੇ ਕੇਵਲ ਸੀਤਾ ਦੇ ਨਿਕਾਲਣ ਵਿਚ ਫਰੇਬ ਤੇ ਸਖਤ ਕਾਇਰਤਾ ਵਖਾਈ ਕਿਉਂਕਿ ਉਸ ਦੀ ਉਚ ਵਿਦਜਾ ਔਰ ਮੰਨੀ ਗਈ ਉਚੀ ਕੁੱਲ ਹੋਵਨ ਦੀ ਹਾਲਤ ਲਈ ਤਾਂ ਇਹ ਅਤਿਅੰਤ ਬੁਰੀ ਬਾਤ ਸੀ, ਇਸ ਤੋਂ ਬਿਨਾਂ ਸ੍ਰੀ ਰਾਮ ਚੰਦ ਜੀ ਨਾਲੋਂ ਰਾਵਨ ਵਿਚ ਕੋਈ ਨੂਨਤਾ ਨਹੀਂ ਜਾਪਦੀ ਪਰ ਹਿੰਦੂ ਲੋਕ ਵਿਚਾਰੇ ਬੇਦ ਪਾਠੀ ਪੰਡਤ ਰਾਵਨ ਦੀ ਰਾਮ ਲੀਲਾ ਕਰਕੇ ਹਰ ਸਾਲ ਮਿੱਟੀ ਕੁੱਟਦੇ ਰਹਿੰਦੇ ਨੇ ॥

ਸ੍ਰੀ ਰਾਮ ਚੰਦ ਜੀ ਦੀ ਜੀਵਨ ਕਥਾ ਦਸਦੀ ਹੈ ਕਿ ਆਪ ਨੇ ਧੋਬਣ ਦੇ

ਮੇਹਣੇ ਪਰ ਪਤੀਬ੍ਰਤ ਸੀਤਾ ਜੀ ਨੂੰ ਘਰੋਂ ਨਿਕਾਲ ਦਿੱਤਾ, ਬਾਲਮੀਕ ਪਾਸ ਲਊ ਤੇ ਕੁਸ਼ੁ ਦੇ ਪੁਤ੍ਰ ਜਨਮੇ ਜਿਨ੍ਹਾਂ ਦੇ ਹੱਥੋਂ ਸ੍ਰੀ ਰਾਮ ਚੰਦ ਜੀ ਮਾਰੇ ਗਏ ਪਰ ਪਤੀਬ੍ਰਤ ਸੀਤਾ ਨੇ ਰਾਮ ਚੰਦ੍ਰ ਨੂੰ ਫਿਰ ਜ਼ਿੰਦਾ ਕੀਤਾ, ਸੀਤਾ ਦੇ ਸਮੌਣ ਪਰ ਸ੍ਰੀ ਰਾਮ ਚੰਦ ਸਰਾਧ ਕਰਵਾਉਂਦੇ ਤੇ ਗ੍ਰਹਿ ਪੂਜਾ ਦੇ ਪੱਕੇ ਸ਼ਰਧਾਲੂ ਸਨ। ਆਪ ਨੂੰ ਇਹ ਭੀ ਪਤਾ ਨਹੀਂ ਸੀ ਕਿ ਮੈਂ ਵਿਸ਼ਨੂੰ ਅਵਤਾਰ ਹਾਂ। ਆਪਦੇ ਪ੍ਰਵਾਰ ਵਿਚ ਟੂਣੇ ਟਾਮਣਾਂ ਦਾ ਆਮ ਰਿਵਾਜ ਸੀ ਤੇ ਖੁਦ ਵੀ ਮੰਤ੍ਰਾਂ ਯੰਤ੍ਰਾਂ ਦੇ ਸ਼ਰਧਾਲੂ ਸਨ।

ਸੋ ਇਸ ਤਰ੍ਹਾਂ ਦੇ ਹਾਲਾਤ ਪੜ੍ਹ ਕੇ ਚੰਗੀ ਤਰ੍ਹਾਂ ਸਿੱਧ ਹੁੰਦਾ ਹੈ ਕਿ ਆਪ ਬ੍ਰਾਹਮਣਾਂ ਦੇ ਪਾਏ ਗਏ ਭਰਮਾਂ ਵਿਚ ਪੂਰਨ ਗਲਤਾਨ ਸਨ। ਹਾਂ ਰਾਜੇ ਨੂੰ ਅਵਤਾਰ ਕਹਿਣਾ ਪੁਰਾਣਾ ਰਿਵਾਜ ਹੀ ਸੀ।

# ਸ੍ਰੀ ਕ੍ਰਿਸ਼ਨ ਜੀ ਸਬੰਧੀ ਪ੍ਰਸਿਧ ਕਥਾ ਪਰ ਟੀਕਾ ਟਿਪਣੀ ਤਥਾ ਗੁਰੂ ਸਾਹਿਬਾਨ ਦੇ ਫੈਸਲੇ

ਸ੍ਰੀ ਕ੍ਰਿਸ਼ਨ ਜੀ ਦੀ ਇਹ ਵਡੀ ਕਰਾਮਾਤ ਮੰਨੀ ਗਈ ਹੈ ਕਿ ਆਪ ਨੇ ਗਵਰਧਨ ਪਹਾੜੀ ਨੂੰ ਆਪਣੀ ਚੀਚੀ ਪਰ ਚੁਕ ਲਿੱਤਾ ਸੀ, ਇਸ ਪਰ ਹਿੰਦੂ ਮੱਤ ਦੀ ਇੱਕ ਕਥਾ ਹੈ ਕਿ ਗਵਾਲੇ ਲੋਕ ਪਹਿਲਾਂ ਇੰਦ੍ਰ ਦੀ ਪੂਜਾ ਕਰਦੇ ਸੀ ਕਿਉਂਕਿ ਪਸ਼ੂਆਂ ਦੇ ਘਾਸ ਵਾਸਤੇ ਬਦਲਾਂ (ਮੀਂਹ) ਲਈ ਇੰਦ੍ਰ ਦੀ ਖੁਸ਼ਾਮਦ ਕਰਨੀ ਪੈਂਦੀ। ਪਰੰਤੂ ਕ੍ਰਿਸ਼ਨ ਨੇ ਇੰਦ੍ਰ ਦੀ ਪੂਜਾ ਤੋਂ ਵਰਜ ਕੇ ਗਵਰਧਨ ਪਹਾੜੀ ਦੀ ਪੂਜਾ ਪਰ ਲਾ ਦਿੱਤੇ। ਅਖੇ ! ਇਸ ਪਰ ਇੰਦ੍ਰ ਦੇਵਤਾ ਕ੍ਰੋਪ ਹੋ ਗਿਆ। ਲੱਗਾ ਜੋਰ ਨਾਲ ਮੀਂਹ ਵਰਸਾਉਣ, ਗਵਾਲੇ ਸਾਰੇ ਡਰ ਗਏ ਅਖੇ ! ਕ੍ਰਿਸ਼ਨ ਨੇ ਗਵਰਧਨ ਪਹਾੜੀ ਨੂੰ ਆਪਣੇ ਤੇਜ ਨਾਲ ਤਵੇ ਦੀ ਤਰ੍ਹਾਂ ਤਪਾ ਕੇ ਚੀਚੀ ਪਰ ਹੀ ਚੁੱਕ ਲਿਆ। ਬਿੰਦਰਾਬਨ ਤੇ ਗੋਕਲ ਆਦਿ ਦੇ ਸਾਰੇ ਗਵਾਲੇ ਸਮੇਤ ਮਾਲ ਦੇ ਛਤਰੀ ਦੀ ਤਰ੍ਹਾਂ ਨੀਚੇ ਕਰ ਲਏ। ਬਸ ਇੰਦ੍ਰ ਦੇਵਤਾ ਸੱਤ ਦਿਨ ਲਗਾਤਾਰ ਮੀਂਹ ਵਰਸਾਉਂਦਾ ਰਿਹਾ ਪਰ ਉਹ ਤਪਾਈ ਹੋਈ ਪਹਾੜੀ ਪਾਣੀ ਚੂਸੀ ਜਾਵੇ ਅੰਤ ਇੰਦ੍ਰ ਹਾਰ ਮੰਨ ਕੇ ਕ੍ਰਿਸ਼ਨ ਦੀ ਚਰਨੀ ਆ ਲੱਗਾ। ਹਿੰਦੂ ਇਸ ਲਈ ਕ੍ਰਿਸ਼ਨ ਦਾ ਨਾਮ ਗਵਰਧਨਧਾਰੀ ਕਹਿੰਦੇ ਨੇ ਪਰੰਤੁ ਗੁਰੂ ਮਿਸ਼ਨ ਅਨੁਸਾਰ "ਗੁਰਮਤਿ ਕ੍ਰਿਸ਼ਨਿ ਗੋਵਰਧਨ ਧਾਰੇ ॥ ਗੁਰਮਤਿ ਸਾਇਰਿ ਪਾਹਣ ਤਾਰੇ ॥ ਗੁਰਮਤਿ ਲੇਹੁ ਪਰਮਪਦੁ ਪਾਈਐ ਨਾਨਕ ਗੁਰਿ ਭਰਮੁ ਚੁਕਾਇਆ ॥ ਮਾਰੂ ਮ: ੧ ॥ ਭਾਵ ਗੁਰਮਤਿ ਪਰ ਚਲਣਾ ਹੀ ਪਹਾੜ ਚੁਕਣੇ ਅਰ ਸਮੁੰਦਰ ਵਿਚ ਪੱਥਰ ਤਾਰਨਾ ਹੈ ਗੁਰਮਤ ਦੁਆਰੇ ਸਗਲ ਭਰਮ ਨੱਠਦੇ ਹਨ ਨਹੀਂ ਤਾਂ ਵਾਧੂ ਗੱਪਾਂ ਦਾ ਕੀ ਹੈ ਕਿ ਅਮਕਾ ਸਮੁੰਦਰ ਪੀ ਗਿਆ ਤੇ ਅਮਕੇ ਨੇ ਪਹਾੜ ਚੁਕ ਲਿਆ ਅਮਕੇ ਨੇ ਧਰਤੀ ਸਫ ਦੀ ਮਨਿੰਦ ਲਪੇਟ ਧਰੀ ॥

ਮਹਾਂਭਾਰਤ ਵਿਚ ਰਾਜੇ ਸਿਸ਼ੁਪਾਲ ਨੇ ਕ੍ਰਿਸ਼ਨ ਨੂੰ ਸੰਬੋਧਨ ਕਰਕੇ ਕਿਹਾ ਹੈ ਕਿ ਗੱਲ ਕੀ ਹੈ ਜੇ ਕ੍ਰਿਸ਼ਨ ਨੇ ਇਕ ਸਿਉਂਕ ਦੀ ਬਰਮੀ ਚੁਕ ਦਿੱਤੀ ਇਸ ਤੋਂ ਜਾਪਦਾ ਹੈ ਕਿ ਕਿਸੀ ਬਰਮੀ ਦਾ ਨਾਮ ਹੀ ਗਵਰਧਨ ਪੈ ਗਿਆ। ਇਸੇ ਤਰ੍ਹਾ ਲੱਤਾਂ ਨਾਲ਼ ਗੱਡਾ ਉਲਟਾ ਦੇਣਾ ਬੀ ਕਰਾਮਾਤ ਦੱਸੀ ਹੈ। ਅਸਲੋਂ ਇਹੀ ਜਿਹੀ ਕਰਾਮਾਤਾਂ ਲਿਖਣ ਦੇ ਜਿੰਮੇਵਾਰ ਸ਼ਰਧਾਲੂ ਲੇਖਕ ਜਾਂ ਗਪੌੜਸ਼ਾਹੀ ਕਵੀਜਨ ਹੁੰਦੇ ਹਨ। ਭਲਾ ਜੇ ਸਚ ਬੀ ਮੰਨੀਏ ਤਾਂ ਕ੍ਰਿਸਨ ਨਾਲ਼ੋਂ ਹਨੂਮਾਨ (ਰਾਮ ਚੰਦ ਦਾ ਸੇਵਕ) ਹੀ ਤਕੜਾ ਸੀ ਜੋ ਹਜਾਰਾਂ ਕੋਹਾਂ ਤੋਂ ਦ੍ਰੋਣਾਗਿਰ ਪਹਾੜ ਉਠਾ ਕੇ ਲੰਕਾ ਪਾਸ ਲੈ ਗਿਆ ਦਸਿਆ ਹੈ ਅਰ ਅਗਸਤ ਮੁਨੀ ਨੇ ਢਾਈ ਚੁਲੀਆਂ ਸਮੁੰਦਰ ਦੀ ਕਰਕੇ

ਪਸ਼ਾਬ ਰਾਹੀਂ ਕੱਢਿਆ ਤੇ ਧਰਤੀ ਹੇਠਾਂ ਦਬਾਈ ਦਸੀ ਹੈ ॥

ਸ੍ਰੀ ਕ੍ਰਿਸ਼ਨ ਜੀ ਦੇ ਸਬੰਧ ਵਿਚ ਇਕ ਇਉਂ ਹਿੰਦੂ ਕਥਾ ਹੈ ਕਿ ਕ੍ਰਿਸ਼ਨ ਜੀ ਨੇ ਜਮਨਾ ਦੇ ਕਿਨਾਰੇ ਰਹਿਣ ਵਾਲੇ ਕਾਲੀ ਨਾਗ ਨੂੰ ਨਥਿਆ ਸੀ ਜੋ ਵਡਾ ਜ਼ਹਿਰੀ ਤੇ ਸੱਪਾਂ ਦਾ ਸਰਦਾਰ ਕਹੀਦਾ ਸੀ। ਗਵਾਲੇ ਲੋਕ ਉਸ ਦੀ ਦੇਵਤਾ ਮੰਨ ਕੇ ਪੂਜਾ ਕਰਦੇ ਸਨ। ਅਖੇ ! ਜਿਸ ਛੰਬ ਵਿਚ ਉਹ ਰਹਿੰਦਾ ਸੀ ਸਾਰਾ ਜਲ ਜ਼ਹਰੀਲਾ ਕਰ ਛਡਦਾ ਸੀ ਪਰੰਤੂ ਸ੍ਰੀ ਕਿਸ਼ਨ ਜੀ ਪਰ ਉਸ ਦੀ ਜ਼ਹਿਰ ਨੇ ਕੋਈ ਅਸਰ ਨਾ ਕੀਤਾ। ਅਖੇ ! ਉਸ ਕਾਲੀ ਨਾਗ ਨੂੰ ਸਿਰ ਪਰ ਚੜ ਕੇ ਕ੍ਰਿਸ਼ਨ ਨੇ ਨਥ ਲਿੱਤਾ ਇਹ ਵੱਡੀ ਕਰਾਮਾਤ ਮੰਨੀ ਗਈ ਹੈ। ਪਰੰਤੂ ਗੁਰੂ ਸਾਹਿਬਾਨ ਨੇ ਇਸ ਪਰ ਫੈਸਲਾ ਦਿਤਾ ਕਿ **"ਜੀਆ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ ?"** ਆਸਾ ਮਹਲਾ ੧ ॥ ਭਾਵ ਕਰਤਾਰ ਨੇ ਸਰਬਤ ਜੀਆਂ ਨੂੰ ਪੈਦਾ ਕਰਕੇ ਸਰਬ ਪ੍ਰਬੰਧ ਆਪਣੇ ਹਥ (ਅਧੀਨ) ਵਿਚ ਰੱਖਿਆ ਅਰਥਾਤ ਸਰਬ ਜੀਵ ਜੰਤੂ ਉਸ ਦੇ ਹੁਕਮ (ਸ਼ਕਤ) ਵਿਚ ਨੱਥੇ ਪਏ ਹਨ ਸੋ ਕ੍ਰਿਸ਼ਨ ਨੇ ਜੇ ਇੱਕ ਕਾਲੀ ਨਾਗ ਨੂੰ ਨੱਥ ਲਿਤਾ ਤਾਂ ਉਹ ਕੀ ਵੱਡਾ ਹੋ ਗਿਆ ? ਭਾਵ ਉਸ ਦਾ ਇਹ ਕੋਈ ਵੱਡਾ ਕੰਮ ਨਹੀਂ ਹੈ ਤਥਾ ਇਕ ਸਰਪ ਨੂੰ ਆਪਣੇ ਵੱਸ ਵਿੱਚ ਕਰ ਲੈਣਾ ਕੋਈ ਸ੍ਰੀ ਕ੍ਰਿਸ਼ਨ ਨੂੰ ਉਚਾ ਸਿੱਧ ਨਹੀਂ ਕਰ ਸਕਦਾ ਇਉਂ ਤਾਂ ਅਨੇਕਾਂ ਬੰਗਾਲੇ ਜ਼ਹਿਰੀ ਸਰਪਾਂ ਨੂੰ ਨੱਥ (ਵੱਸ) ਲੈਂਦੇ ਨੇ।

ਕੁਬਿਜਾ ਜਾ ਕੁੱਬੀ ਜਹੀ ਇਕ ਬੁੱਢੀ ਇਸਤ੍ਰੀ ਦਸੀ ਹੈ ਜੋ ਕਿ ਕੰਸ ਦੀ ਮਾਲਣ ਸੀ। ਅਖੇ ! ਇਕ ਵੇਰ ਕੰਸ ਨੂੰ ਫੁੱਲ ਲਈ ਜਾਂਦੀ ਨੇ ਕ੍ਰਿਸ਼ਨ ਜੀ ਨੂੰ ਬੀ ਫੁਲਾਂ ਦੇ ਹਾਰ ਪਾ ਕੇ ਪੈਰਾਂ ਨੂੰ ਮੈਂਹਦੀ ਲਾਈ ਤੇ ਮੱਥੇ ਪਰ ਚੰਦਨ ਦਾ ਟਿੱਕਾ ਲਾ ਦਿੱਤਾ ਅਖੇ ! ਮਹਿੰਦੀ ਲਾਉਣ ਸਮੇਂ ਕ੍ਰਿਸ਼ਨ ਦਾ ਅੰਗੂਠਾ ਚੁੰਮ ਲਿੱਤਾ ਸੀ ਤਾਂ ਉਠਣਸਾਰ ਉਸ ਦਾ ਕੁੱਬ ਹਟ ਗਿਆ। ਦੂਜੀ ਕਥਾ ਹੈ ਕ ਜਦੋਂ ਕ੍ਰਿਸ਼ਨ ਦੇ ਮੱਥੇ ਪਰ ਟਿੱਕਾ ਲੌਣ ਲੱਗੀ ਕੁਬੀ ਹੋਣ ਕਰਕੇ ਕ੍ਰਿਸ਼ਨ ਦੇ ਸਿਰ ਤਕ ਹਥ ਨਾ ਪਹੁੰਚੇ ਅਖੇ ਕ੍ਰਿਸ਼ਨ ਨੇ ਆਪਣਾ ਇਕ ਪੈਰ ਉਸ ਦੇ ਪੈਰ ਪਰ ਧਰ ਕੇ ਠੋਡੀ ਨੂੰ ਉਤਾਹਾਂ ਚੁਕ ਦਿੱਤਾ ਤਾਂ ਕੁੱਬ ਦੂਰ ਹੋ ਕੇ ਅਤੀ ਸੁੰਦਰ ਤੇ ਜਵਾਨ ਇਸਤ੍ਰੀ ਬਣ ਗਈ, ਇਹ ਕ੍ਰਿਸ਼ਨ ਜੀ ਦੀ ਕਰਾਮਾਤ ਦਸੀ ਗਈ ਹੈ। ਇਹ ਬੀ ਕਥਾ ਹੈ ਕਿ ਇਸੀ ਕੁਬਿਜਾ ਨਾਲ ਕ੍ਰਿਸ਼ਨ ਜੀ ਦਾ ਅਤੀ ਪ੍ਰੇਮ ਹੋ ਗਿਆ ਤੇ ਇਹ ਖਾਸ ਸਖੀਆਂ ਵਿਚ ਗਿਣੀ ਜਾਂਦੀ 'ਤਾਰੀ ਲੇ ਗਨਿਕਾ ਬਿਨ ਰੂਪ ਕੁਬਿਜਾ, ਬਿਆਧ ਅਜਾਮਲ ਤਾਰੀਅਲੇ' (ਗਉੜੀ ਚਤੀ ਨਾਮਦੇਵ) ਸੋ ਇਸ ਦੇ ਅਰਥ ਇਹ ਨਹੀਂ ਕਿ ਸ੍ਰੀ ਕ੍ਰਿਸ਼ਨ ਨੇ ਹੱਥ ਲਾ ਕੇ ਕੁਬਿਜਾ ਤਾਰੀ ਅਸਲੋਂ ਉਹ ਕਰਤਾਰ ਦਾ ਨਾਮ ਜਪ ਕੇ ਤਰੀ ਜਿਹਾ ਕਿ 'ਨਾਮ ਉਚਾਰ ਤਰੀ ਗਨਿਕਾ।' ਪੁਨਾ - **ਸੂਆ ਪੜਾਵਤ ਗਨਿਕਾ ਤਰੀ ॥ ਸੋ ਹਰਿ ਨੈਨਹੁ ਕੀ ਪੂਤਰੀ ॥** *(ਗੋਂਡ ਨਾਮਦੇਵ ੮੭੪)* **"ਅਜਾਮਲੁ ਪਿੰਗੁਲਾ (ਵੇਸਵਾ) ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ ॥"** *(ਕੇਦਾਰਾ ਰਵਿਦਾਸ ੧੧੨੪)*

ਇੱਕੁਰ ਦਾ ਇਕ ਪ੍ਰਸੰਗ ਪੂਤਨਾ ਦਾ ਹੈ ਅਖੇ ਉਸ ਨੇ ਕੰਸ ਦੇ ਕਹੇ ਕ੍ਰਿਸ਼ਨ ਨੂੰ ਜ਼ਹਿਰ ਭਰਿਆ ਮੰਮਾਂ ਦਿੱਤਾ ਤਾਂ ਕ੍ਰਿਸ਼ਨ ਨੇ ਮੰਮਾਂ ਖਿੱਚ ਕੇ ਮਾਰ ਘੱਤੀ। ਹਿੰਦੂ ਗ੍ਰੰਥ ਲਿਖਦੇ ਹਨ

ਚੂੰਕਿ ਕ੍ਰਿਸ਼ਨ ਅਵਤਾਰ ਸੀ ਇਸ ਕਰਕੇ ਤਿਸਦੇ ਹਥੋਂ ਜਾਂ ਨਾਲ ਲਗਣ ਸੇ ਪੂਤਨਾ ਪਾਪਣ ਬੀ ਤਰ ਗਈ। ਪਰੰਤੂ ਸ੍ਰੀ ਨਾਮਦੇਵ ਜੀ ਨੇ ਫੁਰਮਾਇਆ ਹੈ। 'ਹਰਿ ਹਰਿ ਕਰਤ ਪੂਤਨਾ ਤਰੀ।' (ਗੋਂਡ ਨਾਮਦੇਵ) ਕਿਉਂਕਿ ਗੁਰੂ ਮਤ ਅਨੁਸਾਰ ਨਾਮ ਜਪੇ ਬਿਨਾਂ ਕੋਈ ਨਹੀਂ ਤਰ ਸਕਦਾ ਪਰੰਤੂ ਹਿੰਦੂ ਗ੍ਰੰਥਾਂ ਨੇ ਇਹੋ ਜਿਹੇ ਕਈ ਕਥਾ ਕ੍ਰਿਸ਼ਨ ਭਗਤੀ ਨਾਲ ਜੋੜ ਕੇ ਮੱਲੋ ਮੱਲੀ ਕ੍ਰਿਸ਼ਨ ਨੂੰ ਰੱਬ ਤੇ ਉਸ ਦੇ ਨਾਮ (ਰਾਧੇ ਕ੍ਰਿਸ਼ਨ) ਨੂੰ ਮੁਕਤ ਦਾਤਾ ਦਸਿਆ ਹੈ ॥ ਤਾਂ ਹੀ ਤੇ ਗੁਰਮਤਿ ਅਨੁਸਾਰ ਇਸ ਦਾ ਖੰਡਣ ਕੀਤਾ ਹੈ। ਤਾਂ ਕਿ ਭੁਲੜ ਲੋਕ ਰਾਧੇ ਕ੍ਰਿਸ਼ਨ ਜਪ ਕੇ ਕਰਤਾਰ ਤੋਂ ਬੇਮੁਖ ਨਾ ਹੋਵਨ।

ਸ੍ਰੀ ਕਿਸ਼ਨ ਜੀ ਦੇ ਗੁਰੂ ਉਜੈਨ ਦੇ ਪੰਡਤ 'ਸੋਨ ਦੀਪਕ' ਦਸੇ ਗਏ ਹਨ। ਕ੍ਰਿਸ਼ਨ ਦੇ ਗੁਰੂ ਧਾਰਨ ਦੇ ਸਮੇਂ ਇਕ ਸੁਦਾਮਾ ਨਾਮੀ ਬ੍ਰਾਹਮਣ ਬੀ ਉਸ ਦਾ ਚੇਲਾ ਸੀ ਇਸੇ ਲਈ ਸੁਦਾਮਾ ਤੇ ਕ੍ਰਿਸ਼ਨ ਜੀ ਗੁਰ ਭਾਈ ਮੰਨੇ ਗਏ ਹੈਨ। ਸ੍ਰੀ ਕਿਸ਼ਨ ਜੀ ਦਾ ਮਥਰਾ ਵਿਚ ਆਪਣੇ ਨਾਨੇ ਉਗਰਸੈਨ ਦੇ ਰਾਜ ਦੀ ਡੋਰ ਹਥ ਵਿਚ ਔਣ ਕਰਕੇ ਇਕਬਾਲ ਵਧ ਗਿਆ (ਅਸਲੋਂ ਰਾਜੇ ਹੀ ਕ੍ਰਿਸ਼ਨ ਜੀ ਬਣ ਗਏ) ਤੇ ਬਿੰਦ੍ਰਾਬਨੀ ਰੰਗ ਇੱਥੇ ਹੀ ਕਰਨ ਲਗ ਪਏ। ਨਾਨਾ ਬੁਢਾ ਤੇ ਗਰੀਬ ਸੁਭਾਉ ਦਾ ਸੀ ਪਰੰਤੂ 'ਬਿਪ ਸੁਦਾਮਾ' ਗਰੀਬ ਹੀ ਰਿਹਾ ਤਾਂ ਸੁਦਾਮੇ ਦੀ ਵਹੁਟੀ ਸ਼ੋਸ਼ੀਲਾ ਨੇ ਕਿਹਾ ਕਿ ਤੇਰਾ ਗੁਰਭਾਈ (ਕ੍ਰਿਸ਼ਨ) ਅਤਿ ਧਨਾਡ ਰਾਜਾ ਹੈ ਤੂਮ ਉਸ ਪਾਸੋਂ ਕੁਝ ਜਾ ਕੇ ਮੰਗ, ਤਾਂ ਸੁਦਾਮਾ ਦੁਆਰਕਾ ਵਿਖੇ ਕ੍ਰਿਸ਼ਨ ਜੀ ਦੇ ਰਾਜ ਮਹਿਲਾਂ ਦੇ ਦਰਵਾਜੇ ਅਗੇ ਜਾ ਖੜੋਤਾ ਕ੍ਰਿਸ਼ਨ ਨੂੰ ਆਪਨੇ ਗੁਰ ਭਾਈ ਦੇ ਔਣ ਦੀ ਖਬਰ ਪੁੱਜੀ ਤਾਂ ਕ੍ਰਿਸ਼ਨ ਰਾਜ ਸਿੰਘਾਸਨ ਛਡਕੇ ਸੁਦਾਮੇ ਨੂੰ ਆ ਮਿਲੇ। ਸੁਦਾਮੇ ਨੇ ਤਿਲ ਚੌਲ ਆਦਿਕ ਨਜਰੀਂ ਕੀਤੇ ਤਾਂ ਕ੍ਰਿਸ਼ਨ ਜੀ ਅਤਿ ਪ੍ਰਸੰਨ ਹੋਕੇ ਆਪਨੀ ਪੁਰਾਣੀ ਮਿਤ੍ਰਤਾ ਅਤੇ ਗੁਰ ਭਾਈ ਹੋਣ ਦੇ ਪਿਆਰ ਨੂੰ ਅਗੇ ਲਿਆ ਕੇ ਸੁਦਾਮੇ ਨੂੰ ਬਹੁਤ ਹੀ ਦੌਲਤ ਦੇਣ ਲੱਗੇ ਪ੍ਰੰਤੂ ਸੁਦਾਮੇ ਨੇ ਸਵੀਕਾਰ ਨਹੀਂ ਕੀਤੀ (ਇਉਂ ਹੱਥ ਅੱਡ ਕੇ ਲੈਣਾ ਪਸੰਦ ਨਾ ਕੀਤਾ)। ਹਿੰਦੂ ਗ੍ਰੰਥਾਂ ਨੇ ਦੱਸਿਆ ਹੈ ਕਿ ਇਸ ਤਰ੍ਹਾਂ ਸੁਦਾਮੇ ਦੇ ਘਰ ਪਰ ਵਾਪਸ ਜਾਣ ਪਰ ਉਸ ਦੇ ਛਪਰੀ ਦੀ ਥਾਂ ਮੰਦਰ ਹੀ ਸੋਨੇ ਦੇ ਪੈ ਗਏ ਸਨ ਕ੍ਰਿਸ਼ਨ ਤਾਂ ਹਥੀਂ ਕਾਫੀ ਧਨ ਦੇ ਰਿਹਾ ਸੀ ਪ੍ਰੰਤੂ ਅੱਡਣਾਂ ਭਗਤੀ ਦੇ ਨਿਯਮਾਂ ਤੋਂ ਵਿਰੁਧ ਜਾਤਾ ਸੀ। ਤਦੇ ਤਾਂ ਨਿਰਇਛਤਾ ਵਿਚ ਡੋਲੇ ਨਹੀਂ ਉਸ ਦੇ ਦਾਸ ਬਣੇ। ਹਾਂ ਕ੍ਰਿਸ਼ਨ ਪਾਸ ਗਿਆ ਸੀ ਪਰ ਮਨੁੱਖ ਤੋਂ ਜਾਚਨ ਦੀ ਸ਼ਰਮ ਪਈ। ਇਸੇ ਲਈ ਕਰਤਾਰ ਨੇ ਅਪਣੀ ਅਪਾਰ ਕ੍ਰਿਪਾ ਨਾਲ ਸੁਦਾਮੇ ਨੂੰ ਬੇਅੰਤ ਦੌਲਤ ਬਖਸ਼ੀ ਭਾਵ ਸੁਦਾਮੇ ਦੇ ਘਰ ਗਰੀਬੀ (ਦਲਿਦ੍ਰ) ਕਟ ਦਿੱਤਾ। ਸਤਿਗੁਰਾਂ ਨੇ ਫੁਰਮਾਇਆ ਹੈ ਕਿ :-

"ਦਾਲਦੁ ਭੰਜਿ ਸੁਦਾਮੇ ਮਿਲਿਓ ਭਗਤੀ ਭਾਇ ਤਰੇ" ॥ *(ਮਾਰੂ ਮ: ੪-੯੯੫)*

ਭਾਵ - ਕਰਤਾਰ ਨੇ ਭਗਤੀ ਭਾਵਨਾ ਤੋਂ ਪ੍ਰਸੰਨ ਹੋ ਕੇ ਸੁਦਾਮੇ ਦੇ ਦਲਿਦ੍ਰ ਕਟ ਸੁਟੇ ਤਾਂਤੇ ਕ੍ਰਿਸ਼ਨ ਨਾਲ ਇਸ ਕਥਾ ਦਾ ਜੋੜਨਾ ਵਾਧੂ ਹੈ। ਭਲਾ ਜੇ ਚੋਰੀ ਨਾਲ ਸੁਦਾਮੇ ਦੇ ਘਰ ਦੌਲਤ ਘਲ ਹੀ ਦਿਤੀ ਤਾਂ ਵੀ ਕੀ ਗਲ ਹੈ ਸ੍ਰੀ ਕ੍ਰਿਸ਼ਨ ਪਾਸ ਰਾਜ ਖਜਾਨੇਂ ਦੀਆਂ ਕੁੰਜੀਆਂ ਸਨ

ਦ੍ਰੋਪਤੀ, ਰਾਜਾ ਦ੍ਰੋਪਤ ਦੀ ਸਪੁਤ੍ਰੀ (ਦ੍ਰੋਪਤਸੁਤ) ਦਸੀ ਹੈ ਇਸਦਾ ਨਾਮ ਪੰਚਾਲੀ ਬੀ ਹੈ ਅਖੇ ਇਹ ਇਕ ਤਾਂ ਪੰਚਾਲੀ ਦੇਸ ਦੇ ਰਾਜੇ ਦੀ ਧੀ ਸੀ ਦੂਜੇ ਪਾਂਡਵਾਂ (ਯੁਧਿਸ਼ਟਰ ਭੀਮ-ਸੈਨ, ਅਰਜਨ, ਨਕੁਲ, ਸਹਿਦੇਵ) ਦੀ ਇਸਤ੍ਰੀ ਸੀ ਇਸ ਦਾ ਸਬੱਬ ਰਾਜ ਸਭਾ ਵਿਚ ਸੁਵੰਬਰ ਰਸਮ ਨਾਲ ਅਰਜਨ ਨੇ ਜਿਤਣਾ ਤੇ ਮਾਤਾ ਕੁੰਤੀ ਨੇ ਘਰ ਪਹੁੰਚਣ ਪਰ ਅਰਜਨ ਨੂੰ ਕਹਿਣਾ ਕਿ ਜਿੱਤੀ ਵਸਤੂ ਪੰਜ ਭ੍ਰਾਵਾਂ ਦੀ ਸਾਂਝੀ ਹੈ। ਦੱਸਿਆ ਜਾਂਦਾ ਹੈ ਕਿ ਜਦ ਰਾਜਾ ਦ੍ਰੋਪਦ ਦੀ ਮਦਦ ਨਾਲ ਪਾਂਡਵਾਂ ਨੇ ਧ੍ਰਿਤਰਾਸ਼ਟਰ ਪਾਸੋਂ ਰਾਜ ਵੰਡਾਇਆ ਜੋ ਅੱਧਾ ਤਾ ਦੁਰਜੋਧਨ (ਪਾਂਡਵਾ ਦੇ ਚਾਚੇ ਦੇ ਪੁੱਤਰ) ਪਾਸ ਰਿਹਾ ਤੇ ਅੱਧਾ ਪਾਂਡਵਾਂ ਨੂੰ ਦੇ ਦਿੱਤਾ। ਇਨ੍ਹਾਂ ਨੇ ਆਪਣੀ ਰਾਜ ਗੱਦੀ ਇੰਦ੍ਰ ਪ੍ਰਸਥ (ਦਿੱਲੀ) ਬਣਾਈ। ਪਰ ਦੁਰਜੋਧਨ ਨਾਲ ਜੂਆ ਖੇਡ ਕੇ ਪਹਿਲੇ ਦਾਉ ਵਿੱਚ ਹਾਰ ਬੈਠੇ। ਦੂਜੇ ਦਾਉ ਵਿਚ ਪੰਜੇ ਭਰਾ ਅਰ ਦਰੋਪਤੀ ਲਾਈ ਤਾਂ ਬੀ ਹਾਰੇ। ਨਾਲੇ ਸ਼ਰਤ ਸੀ ਕਿ ਹਾਰਿਆ ਹੋਇਆ ਫਕੀਰ ਬਣ ਕੇ ਬਾਰਾਂ ਬਰਸ ਬਨਬਾਸ ਵਿੱਚ ਕੱਟੇ ਤੇ ਤੇਰਵੇਂ ਸਾਲ ਗੁਪਤੀ ਨੌਕਰੀ ਕਰੇ ਜੇ ਪਛਾਣਿਆ ਜਾਵੇ ਤਾਂ ਫਿਰ ਬਾਰਾਂ ਸਾਲ ਬਨਵਾਸ ਕੱਟੇ। ਤਾਂ ਤੇ ਜੂਏ ਦੀ ਜਿੱਤ ਵੇਲੇ ਦ੍ਰੋਪਤੀ ਦੁਰਜੋਧਨ ਦੇ ਕਬਜ਼ੇ ਆ ਗਈ। ਦੁਰਜੋਧਨ ਨੇ ਦ੍ਰੋਪਤੀ ਨੂੰ ਝਾੜੂ ਦੇਣ ਪਰ ਨੌਕਰ ਰੱਖਿਆ ਪਰ ਦ੍ਰੋਪਤੀ ਨੇ ਇਸ ਪਰ ਘ੍ਰਿਣਾ ਕੀਤੀ, ਅਖੇ ! ਇਸ ਗੁੱਸੇ ਵਿੱਚ ਦੁਰਜੋਧਨ ਨੇ ਦ੍ਰੋਪਤੀ ਨੂੰ ਆਪਣੇ ਭ੍ਰਾਤਾ ਦੋਸਾਸਨ ਪਾਸੋਂ ਕੇਸਾਂ ਤੋਂ ਘਸੀਟ ਕੇ ਰਾਜ ਦਰਬਾਰ ਵਿਚ ਮੰਗਵਾਇਆ। ਇਕ ਗੁੱਸਾ ਇਹ ਵੀ ਦੱਸਿਆ ਹੈ ਕਿ ਦ੍ਰੋਪਤੀ ਨੇ ਪਾਂਡਵਾਂ ਦੇ ਜੱਗ ਸਮੇਂ ਦੁਰਜੋਧਨ ਨੂੰ ਚਿੱਕੜ ਵਿੱਚ ਠੋਕਰ ਖਾਣ ਸਮੇਂ "ਅੰਨ੍ਹੇ ਦਾ ਅੰਨ੍ਹਾ" ਕਹਿ ਕੇ ਮਖੌਲ ਕੀਤਾ ਸੀ, (ਦੁਰਜੋਧਨ ਦਾ ਪਿਉ ਧ੍ਰਿਤਰਾਸ਼ਟਰ ਅੰਨ੍ਹਾ ਸੀ) ਬੇਪਤੀ ਸਮੇਂ ਪੰਜੇ ਭਰਾ (ਪਾਂਡਵ) ਵੀ ਹਾਜ਼ਰ ਸਨ ਦੁਰਜੋਧਨ ਦੇ ਕ੍ਰੋਧ ਭਰੇ ਹੁਕਮ ਨਾਲ ਦੋਸਾਸਨ ਨੇ ਸਭਾ ਵਿਚ ਨਗਨ ਕਰਨ ਹਿਤ ਕਪੜੇ ਉਤਾਰਨੇ ਆਰੰਭੇ। ਉਸ ਵੇਲੇ ਹਾਹ ਦਾ ਨਾਰਾ ਮਾਰਿਆ ਦ੍ਰੋਪਤੀ ਨੇ ਕ੍ਰਿਸ਼ਨ ਜੀ ਦਾ ਸਿਮਰਨ ਕੀਤਾ ਤਾਂ ਹੀ ਤੇ ਹੋਰ ਬਸਤਰ ਹੇਠੋਂ ਆਉਂਦੇ ਸਨ। ਦੂਜੀ ਬਾਤ ਇਹ ਵੀ ਦੱਸੀ ਹੈ ਕਿ ਜਦੋਂ ਕ੍ਰਿਸ਼ਨ ਨੇ ਸਸ਼ੁਪਾਲ ਪਾਸੋਂ ਉਸ ਦੀ ਇਸਤ੍ਰੀ ਰੁਕਮਣੀ ਜ਼ੋਰਾ ਜਬਰੀ ਕੁਟ ਮਾਰ ਕੇ ਖੋਸ ਲਿੱਤੀ ਸੀ ਤਾਂ ਕ੍ਰਿਸ਼ਨ ਦੇ ਵੀ ਇੱਕ ਜਖਮ ਲੱਗਾ ਸੀ। ਅਖੇ ! ਉਸ ਮੌਕੇ ਪਰ ਦ੍ਰੋਪਤੀ ਨੇ ਆਪਣਾ ਦੁਪਟਾ ਫਾੜ ਕੇ ਜਖਮ ਦੀ ਪੱਟੀ ਹਿੱਤ ਕ੍ਰਿਸ਼ਨ ਨੂੰ ਦਿੱਤਾ ਸੀ ਜਿਸ ਤੋਂ ਕ੍ਰਿਸ਼ਨ ਨੇ ਵਰ ਦਿੱਤਾ ਸੀ ਕਿ ਤੁਝੇ ਇਕ ਪਿਛੇ ਅਨੇਕ ਬਸਤ੍ਰ ਮਿਲਨਗੇ। ਦਸਿਆ ਹੈ ਕਿ ਤਾਹੀਂ ਦ੍ਰੋਪਤੀ ਨਗਨ ਨਾ ਹੋਈ। ਤੀਜੀ ਕਥਾ ਹੈ ਕਿ ਕਿਤੇ ਰਿਖੀ ਦੁਰਬਾਸਾ ਸਨਾਨ ਕਰਦੇ ਦੀ ਨਦੀ ਵਿਚੇ ਲੰਗੋਟੀ ਰੁੜ ਗਈ, ਨੰਗੇ ਹੀ ਪਾਣੀ ਵਿੱਚੋਂ ਨਿਕਲਣੋ ਖੜ੍ਹੋ ਸੀ ਤਾਂ ਦ੍ਰੋਪਤੀ ਨੇ ਰਿਸ਼ੀ ਨੂੰ ਅਪਨਾ ਦੁਪੱਟਾ ਪਾੜ ਕੇ ਦਿੱਤਾ ਸੀ ਉਸ ਨੇ ਵਰ ਦਿੱਤਾ ਕਿ ਤੇਰਾ ਨੰਗੇਜ ਕੋਈ ਨਹੀਂ ਦੇਖੇਗਾ। ਅਖੇ ! ਇਸ ਦ੍ਰੋਪਤੀ ਲਈ ਪਰ ਹੋਰ ਬਸਤਰ ਔਂਦੇ ਗਏ। ਪਰੰਤੂ ਸਤਿਗੁਰਾਂ ਨੇ ਹਿੰਦੂਮੱਤ ਦੇ ਇਨ੍ਹਾਂ ਖਿਆਲਾਂ ਦਾ ਖੰਡਨ ਕੀਤਾ ਹੈ ਕਿ ਨਾ ਤਾਂ ਦਰੋਪਤੀ ਨੇ ਕ੍ਰਿਸ਼ਨ ਦਾ ਸਿਮਰਣ ਕੀਤਾ ਸੀ ਤੇ ਨਾਹੀ ਦੁਰਬਾਸਾ ਦਾ ਵਰ ਸੀ ਪ੍ਰੰਤੂ 'ਪੰਚਾਲੀ ਕਉ ਰਾਜ ਸਭਾ ਮਹਿ ਨਾਰਾਇਣ(ਕਰਤਾਰ) ਸੁਧ ਆਈ' ਭਾਵ ਕਰਤਾਰ ਦਾ

ਸਿਮਰਨ ਦਾ ਫਲ ਸੀ ਤਥਾ 'ਦ੍ਰੋਪਤੀ ਲਜਾ ਨਿਵਾਰਿ ਉਧਾਰਣ' *(ਮਾਰੂ ਮਹਲਾ ੫)* ਤਾਂਤੇ ਕਿਸੀ ਪੁਰਸ਼ ਦਾ ਨਾਮ ਸਿਮਰਨਾਂ ਦੱਸਣਾ ਕਰਤਾਰ ਦੀ ਕ੍ਰਿਪਾ ਤੋਂ ਮੁਖ ਫੇਰਨਾ ਹੈ । ਸ੍ਰੀ ਨਾਮਦੇਵ ਜੀ ਨੇ ਭੀ ਇਸ ਪਰ ਫੁਰਮਾਇਆ ਹੈ 'ਦੁਹ ਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ' *(ਮਾਲੀ ਗਉੜਾ ਨਾਮਦੇਵ)*

ਸੋ ਕਰਤਾਰ ਬਿਨਾ ਜੇ ਕ੍ਰਿਸ਼ਨ ਰਾਖਾ ਹੁੰਦਾ ਤਾਂ ਰੋਵਹਿ ਪਾਂਡਵ ਭਏ ਮਜੂਰ । ਜਿਨਕੈ ਸੁਆਮੀ ਰਹਿਤ ਹਦੂਰਿ ।। *(ਰਾਮਕਲੀ ਵਾਰ ਮ: ੧)* ਭਾਵ ਪਾਂਡਵ ਜਦ ਜੂਏ ਦੀ ਫੇਟ ਦੇ ਮਾਰੇ ਮਾਰੇ ਮਜੂਰ ਬਣ ਕੇ ਟੁਕਰ ਮੰਗਦੇ ਖਾਂਦੇ ਫਿਰਦੇ ਸੀ ਤਾਂ ਸ੍ਰੀ ਕ੍ਰਿਸ਼ਨ ਸੁਆਮੀ (ਸ੍ਰੋਮਨੀ) ਪਾਸ ਹੀ ਸਨ ਤਥਾ ਦ੍ਰੋਪਤੀ ਦੇ ਸੁਯੰਬਰ ਸਮੇਂ ਭੀ ਸਭਾ ਵਿਚੇ ਸਨ ਤੇ ਦੁਰਜੋਧਨ ਦੇ ਜ਼ੁਲਮ ਸਮੇਂ ਬੀ ਕੋਲੇ ਸੀ, ਸੋ ਇਹ ਗ਼ਲਤ ਹੈ ਕਿ ਦ੍ਰੋਪਤੀ ਦੀ ਲੱਜਾ ਕ੍ਰਿਸ਼ਨ ਨੇ ਰੱਖੀ ਸੀ ਸਗੋਂ ਦ੍ਰੋਪਤੀ ਦੀ ਲਜਾ ਕਰਤਾਰ ਨੇ ਰੱਖੀ ਸੀ ।।

ਦੇਖੋ ਸਭੇ ਨਾਮ ਜਪਕੇ ਤਰੇ

ਸੁਣਿ ਸਾਖੀ ਮਨ ਜਪਿ ਪਿਆਰ ।। ਅਜਾਮਲੁ ਉਧਰਿਆ ਕਹਿ ਏਕ ਬਾਰ ।।
ਬਾਲਮੀਕੈ ਹੋਆ ਸਾਧ ਸੰਗੁ ।। ਧ੍ਰੂ ਕਉ ਮਿਲਿਆ ਹਰਿ ਨਿਸੰਗ ।। ੧ ।।
ਤੇਰਿਆ ਸੰਤਾ ਜਾਚਉ ਚਰਨਰੇਨ ।। ਲੇ ਮਸਤਕਿ ਲਾਵਉ ਕਰਿ ਕ੍ਰਿਪਾ ਦੇਨ ।।੧।। ਰਹਾਉ।।
ਗਨਿਕਾ ਉਧਰੀ ਹਰਿ ਕਹੈ ਤੋਤ ।। ਗਜਇੰਦ੍ਰ ਧਿਆਇਓ ਹਰਿ ਕੀਓ ਮੋਖ ।।
ਬ੍ਰਿਪੁ ਸੁਦਾਮੇ ਦਾਲਦੁ ਭੰਜ ।।
ਰੇ ਮਨ ਤੂ ਭੀ ਭਜੁ ਗੋਬਿੰਦ ।। ੨ ।।
ਬਧਿਕੁ ਉਧਾਰਿਓ ਖਮਿ ਪ੍ਰਹਾਰ ।। ਕੁਬਿਜਾ ਉਧਰੀ ਅੰਗੁਸਟ ਧਾਰ ।।
ਬਿਦਰੁ ਉਧਾਰਿਓ ਦਾਸਤ ਭਾਇ ।। ਰੇ ਮਨ ਤੂ ਭੀ ਹਰਿ ਧਿਆਇ ।। ੩ ।।
ਪ੍ਰਹਲਾਦ ਰਖੀ ਹਰਿ ਪੈਜ ਆਪ ।। ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ ।।
ਜਿਨਿ ਜਿਨਿ ਸੇਵਿਆ ਅੰਤਬਾਰ ।। ਰੇ ਮਨ ਸੇਵਿ ਤੂ ਪਰਹਿ ਪਾਰ ।। ੪ ।।
ਧੰਨੈ ਸੇਵਿਆ ਬਾਲ ਬੁਧਿ ।। ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ।।
ਬੇਣੀ ਕਉ ਗੁਰਿ ਕੀਓ ਪ੍ਰਗਾਸ ।। ਰੇ ਮਨ ਤੂ ਭੀ ਹੋਹਿ ਦਾਸੁ ।। ੫ ।।
ਜੈ ਦੇਵ ਤਿਆਗਿਓ ਅਹੰਮੇਵ ।। ਨਾਈ ਉਧਰਿਓ ਸੈਨੁ ਸੇਵ ।।
ਮਨੁ ਡੀਗ ਨ ਡੋਲੈ ਕਹੂੰ ਜਾਇ ।। ਮਨ ਤੂ ਭੀ ਤਰਸਹਿ ਸਰਣਿ ਪਾਇ ।। ੬ ।।
ਜਿਹ ਅਨੁਗ੍ਰਹੁ ਠਾਕੁਰਿ ਕੀਓ ਆਪਿ ।। ਸੇ ਤੈਂ ਲੀਨੇ ਭਗਤ ਰਾਖਿ ।।
ਤਿਨਕਾ ਗੁਣੁ ਅਵਗੁਣ ਨ ਬੀਚਾਰਿਓ ਕੋਇ ।। ਇਹ ਬਿਧਿ ਦੇਖਿ ਮਨੁ ਲਗਾ ਸੇਵ ।।੭।।
ਕਬੀਰ ਧਿਆਇਓ ਏਕ ਰੰਗ ।। ਨਾਮਦੇਵ ਹਰਿ ਜੀਉ ਬਸਹਿ ਸੰਗਿ ।।

*(ਬਸੰਤ ਮ: ੩-੧੧੯੨)*

**ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ ॥**

*(ਬਸੰਤੁ ਮ: ੫)*

ਸੋ ਉਕਤ "ਗੁਰੂ ਫੈਸਲੇ" ਨੂੰ ਵੀਚਾਰ ਕੇ ਕੌਣ ਆਖ ਸਕਦਾ ਹੈ "ਕਰਤਾਰ" ਭਗਤੀ ਬਿਨਾਂ ਅਮਕਾ ਤਰਿਆ ? ਸ਼ੋਕ ! ਹਿੰਦੂ ਗ੍ਰੰਥਾਂ ਨੇ ਕ੍ਰਿਸ਼ਨ ਨੂੰ ਰੱਬ ਸਿੱਧ ਕਰਨ ਹਿਤ ਕਿਤਨੀ ਕੂੜੀ ਕੋਸ਼ਿਸ਼ ਕੀਤੀ ਹੈ ॥

## ਕ੍ਰਿਸ਼ਨ ਦਾ ਕੰਸ ਨੂੰ ਮਾਰਨਾ

ਸ੍ਰੀ ਕ੍ਰਿਸ਼ਨ ਨੇ ਆਪਣੇ ਮਾਮੇ ਕੰਸ ਨੂੰ ਮਾਰ ਕੇ ਆਪਣੇ ਨਾਨੇ ਉਗਰਸੈਨ ਨੂੰ ਰਾਜ ਗੱਦੀ ਦਲਾਈ। ਉਸ ਬਾਬਤ ਲੰਬੀ ਕਥਾ ਹੈ ਜਿਸ ਦਾ ਸੰਖੇਪ ਇਉਂ ਹੈ ਕਿ - ਕ੍ਰਿਸ਼ਨ ਦੇ ਨਾਨੇ ਰਾਜੇ ਉਗਰਸੈਨ ਦੀ ਪਾਲਕ ਲੜਕੀ ਦੇਵਕੀ ਦੀ ਸ਼ਾਦੀ ਵਾਸਦੇਵ ਨਾਲ ਹੋਈ, ਉਗਰਸੈਨ ਦਾ ਪੁੱਤਰ ਕੰਸ ਜਦੋਂ ਦੇਵਕੀ ਨੂੰ ਵਾਸਦੇਵ ਦੇ ਘਰ ਰਥਵਾਹੀ ਬਣ ਕੇ ਛਡਣ ਜਾਂਦਾ ਸੀ ਅਖੇ ! ਉਸ ਨੂੰ 'ਅਕਾਸ਼ ਬਾਣੀ' ਹੋਈ ਕਿ ਦੇਵਕੀ ਦੇ ਪੇਟੋਂ ਜੋ ਬੱਚਾ ਹੋਸੀ ਓਹ ਤੇਰਾ ਨਾਸ ਕਰਸੀ (ਕੰਸ ਨੇ ਮੱਲੋ ਮੱਲੀ ਅਪਣੇ ਬਾਪ ਉਗਰਸੈਨ ਪਾਸੋਂ ਰਾਜ ਗੱਦੀ ਖੋਸ ਲਿੱਤੀ ਸੀ)। ਕੰਸ ਨੇ ਦੇਵਕੀ ਦਾ ਸਿਰ ਵੱਢਣ ਵਾਸਤੇ ਤਲਵਾਰ ਧੂਹ ਲਿੱਤੀ। ਤਿਸ ਪਰ ਵਾਸਦੇਵ ਨੇ ਜਾਨਬਖਸ਼ੀ ਲਈ ਤਰਲੇ ਕੀਤੇ ਜਿਸਤੋਂ ਇਓਂ ਫੈਸਲਾ ਹੋਇਆ ਕਿ ਦੇਵਕੀ ਕੰਸ ਦੀ ਕੈਦ ਵਿਚ ਰਹੇ ਅਰ ਇਸਦੇ ਸਾਰੇ ਬੱਚੇ ਕੰਸ ਦੇ ਹਵਾਲੇ ਕਰਨੇ ਹੋਣਗੇ। ਇਨ੍ਹਾਂ ਸ਼ਰਤਾਂ ਪਰ ਦੇਵਕੀ ਕੈਦ ਵਿੱਚ ਰਹੀ ਪਰ ਵਾਸਦੇਵ ਕਦੀ ਦੇਵਕੀ ਪਾਸ ਕਦੀ ਬਾਹਰ ਅਪਨੀ ਦੂਸਰੀ ਇਸਤ੍ਰੀ ਰੋਹਣੀ ਪਾਸ (ਜੋ ਨੰਦ ਗਵਾਲੇ ਦੇ ਘਰ ਗੋਕਲ ਵਿਖੇ ਰਹਿੰਦੀ ਸੀ) ਜਾ ਰਹਿੰਦਾ। ਦੇਵਕੀ ਦੇ ਘਰ ਛੀ ਬੱਚੇ ਹੋਏ ਜੋ ਸ਼ਰਤ ਦੇ ਅਨੁਸਾਰ ਕੰਸ ਦੇ ਹਵਾਲੇ ਹੋਏ ਜੋ ਕੰਸ ਨੇ ਕਤਲ ਕੀਤੇ ਸਤਵਾਂ ਗਰਭ ਕ੍ਰਿਸ਼ਨ ਦਾ ਵਡਾ ਭਾਈ ਬਲਭਦਰ (ਬਲਰਾਮ) ਸੀ, ਇਹ ਕਿਸੀ ਜੁਗਤੀ ਨਾਲ ਬਚਾ ਕੇ ਰੋਹਣੀ ਦੀ ਕੁਖੋਂ ਹੋਣਾ ਦਸਿਆ (ਇਹ ਭੀ ਕਥਾ ਹੈ ਕਿ ਦੇਵ ਸ਼ਕਤੀ ਨਾਲ ਇਹ ਗਰਭ ਰੋਹਣੀ ਦੇ ਪੇਟ ਵਿਚ ਬਦਲ ਦਿਤਾ ਸੀ ) ਸ੍ਰੀ ਕ੍ਰਿਸ਼ਨ ਜੀ ਦੇਵਕੀ ਦੇ ਅਠਵੇਂ ਗਰਭ ਸਨ। ਆਪ ਭੀ ਕਿਸੀ ਜੁਗਤੀ ਨਾਲ ਬਚਾ ਕੇ ਗੋਕਲ ਵਾਸੀ ਨੰਦ ਗਵਾਲੇ ਦੀ ਵਹੁਟੀ ਜਸੋਧਾਂ ਦੀ ਗੋਦ ਵਿਚ ਪਾਲੇ ਗਏ ਤੇ ਦੇਵਕੀ ਦੀ ਗੋਦ ਜਸੋਧਾਂ ਨੂੰ ਜਨਮੀ ਲੜਕੀ ਪਾਈ ਗਈ ਜੋ ਕੰਸ ਨੇ ਮਰਵਾ ਘੱਤੀ। ਪਰ ਕੰਸ ਨੂੰ ਸ਼ਕ ਪੈ ਗਿਆ ਕਿ ਅਸਲੋਂ ਲੜਕਾ ਸੀ ਜੋ ਬਚਾਇਆ ਗਿਆ ਹੈ, ਇਸ ਲਈ ਕੰਸ ਨੇ ਹੋਰਾਂ ਇਸਤ੍ਰੀਆਂ ਦੀਆਂ ਗੋਦਾਂ ਵੀ ਖਾਲੀ ਕਰ ਸੁੱਟੀਆਂ ਪਰ ਕ੍ਰਿਸ਼ਨ ਜੀ ਲੁਕੋ ਕੇ ਬਚਾ ਹੀ ਲੀਤੇ, ਕ੍ਰਿਸ਼ਨ ਜੀ ਸ਼ੁਰੂ ਤੋਂ ਹੀ ਲੁੱਕ ਕੇ ਗਵਾਲਿਆਂ ਵਿੱਚ ਪਲੇ ਤੇ ਗਵਾਲਿਆਂ ਦੇ ਪੁੱਤਰ ਕਹਾਏ ਤਦੇ ਉਨ੍ਹਾਂ ਦੀਆਂ ਗਊਆਂ ਚਾਰਦੇ ਰਹਿੰਦੇ ਸਨ। ਇਸੀ ਕਾਰਨ ਆਪਦਾ ਖਿਤਾਬ ਧੇਨਚਾਰੀ, ਗੋਪਾਲ ਆਦਿ ਪ੍ਰਸਿੱਧ ਹੋਯਾ ॥ ਸ੍ਰੀ ਕ੍ਰਿਸ਼ਨ ਸੌਲੇ ਰੰਗ ਦੇ ਅਤਯੰਤ ਸੁੰਦਰ ਸਰੂਪ ਸਨ। ਲੋਕਾਂ ਨੂੰ ਬੰਸਰੀ ਨਾਲ ਮਸਤ ਕਰ ਦਿੰਦੇ ਤਦੇ ਗਵਾਲਿਆਂ ਦੀਆਂ ਗਵਾਲਣਾਂ ਕ੍ਰਿਸ਼ਨ ਦੀ ਸੁੰਦਰਤਾ ਪਰ ਮੋਹਤ ਸਨ। ਬਾਦ ਵਿੱਚ ਰਾਜਪੁਤਰ ਤੇ ਸੁੰਦਰ

ਸਰੂਪ ਹੋਣ ਕਰਕੇ ਪੂਜਯ ਯੋਗ ਰਹੇ । ਜੁਬਾ ਅਵਸਥਾ ਵਿਚ ਗੋਪੀਆਂ (ਗੁਆਲਣਾਂ) ਨਾਲ ਆਪ ਦੀ ਰਾਸਮੰਡਲ ਪੌਣ ਦੀ ਬਹੁਤ ਸੀ ਕਥਾ ਤੇ ਗੀਤ ਹੈਨ । ਸ੍ਰੀ ਕ੍ਰਿਸ਼ਨ ਤੇ ਭ੍ਰਾਤਾ ਬਲਭਦਰ ਗਵਾਲਿਆਂ ਦੇ ਮੁੰਡੇ ਕਹਾਉਂਦੇ ਹੋਏ ਜਵਾਨ ਹੋਏ ਪਰ ਕੰਸ ਵੀ ਤਾੜ ਵਿੱਚ ਰਹਿੰਦਾ, ਇਨ੍ਹਾਂ ਦੇ ਮਾਰਨ ਲਈ ਕਈ ਕਾਢਾਂ ਬੀ ਨਿਕਾਲੀਆਂ ਪਰ ਕਾਮਯਾਬ ਨਾ ਹੋ ਸਕਿਆ ਕੰਸ ਨੇ ਘੁਲਣ ਹਿੱਤ ਆਪਣੀ ਰਾਜਧਾਨੀ ਮਥਰਾ ਵਿਖੇ ਖਾੜਾ ਰਚਿਆ । ਚੂੰਕਿ ਸ੍ਰੀ ਕ੍ਰਿਸ਼ਨ ਤੇ ਬਲਭੱਦਰ ਤਕੜੇ ਘੁਲੇਟੇ ਸਨ ਇਸ ਲਈ ਉਹ ਭੀ ਤਿਆਰ ਹੋ ਕੇ ਖਾੜੇ ਵਿੱਚ ਆਏ, ਕ੍ਰਿਸ਼ਨ ਨੂੰ ਕੰਸ ਦੀ ਅੰਦਰੂਨੀ ਸਾਜ਼ਸ਼ ਦਾ ਪਤਾ ਲਗ ਚੁਕਾ ਸੀ । ਕੰਸ ਨੇ ਕੇਸੀ ਤੇ ਚੰਡੂਰ ਆਪਣੇ ਮਲਾਂ ਪਾਸੋਂ ਕ੍ਰਿਸ਼ਨ ਨੂੰ ਮਰਵੌਣ ਦੀ ਵਿਉਂਤ ਕੀਤੀ ਸੀ ਤਦੇ ਦੋਹੀਂ ਧਿਰੀਂ ਪੂਰਨ ਤਿਆਰੀ ਸੀ । ਕ੍ਰਿਸ਼ਨ ਵੀ ਆਪਣੇ ਸਾਥੀ ਨਾਲ ਲੈ ਕੇ ਮਥਰਾ ਪਹੁੰਚੇ । ਕ੍ਰਿਸ਼ਨ ਦੇ ਔਣ ਸਾਰ ਕੰਸ ਨੇ ਆਪਣਾ ਕੁਵਲੀਆਪੀੜ ਨਾਮੀ ਖੂਨੀ ਹਾਥੀ ਛੱਡਕੇ ਕ੍ਰਿਸ਼ਨ ਨੂੰ ਮਾਰਨ ਲਈ ਵਿਉਂਤ ਕੀਤੀ ਪਰ ਕ੍ਰਿਸ਼ਨ ਅਰ ਬਲਭਦਰ ਨੇ ਹਾਥੀ ਨੂੰ ਮਾਰ ਘੱਤਿਆ ਫਿਰ ਚੰਡੂਰ ਤੇ ਕੇਸੀ ਵਾਰੋ ਵਾਰੀ ਖਾੜੇ ਵਿਚ ਆਏ ਜੋ ਕ੍ਰਿਸ਼ਨ ਤੇ ਬਲਭਦਰ ਨੇ ਪਛਾੜ ਸੁੱਟੇ, ਫਿਰ ਲੱਗਦੇ ਹੱਥ ਦੋਵੇਂ ਭਾਈ ਕੰਸ ਵਲ ਵਧੇ ਕੰਸ ਨੂੰ ਕ੍ਰਿਸ਼ਨ ਨੇ ਕੇਸਾਂ ਤੋਂ ਪਕੜ ਲਿੱਤਾ ਤੇ ਝਟ ਪਟ ਉਸਦਾ ਸਿਰ ਤਲਵਾਰ ਨਾਲ ਵੱਢ ਸੁੱਟਿਆ ਇਸ ਪਰ ਕੰਸ ਦੇ ਭਾਈ ਕ੍ਰਿਸ਼ਨ ਦੀ ਤਰਫ ਵਧੇ ਪਰ ਕ੍ਰਿਸ਼ਨ ਦੇ ਸਾਥੀਆਂ ਨੇ ਮਾਰ ਸੁੱਟੇ । ਸਿੱਟਾ ਕੀ ! ਅਖਾੜੇ ਦੀ ਜਿੱਤ ਸ੍ਰੀ ਕ੍ਰਿਸ਼ਨ ਜੀ ਦੇ ਹੱਕ ਵਿੱਚ ਰਹੀ, ਬਾਦ ਵਿਚ ਆਪ ਰਾਜਾ ਅਵਤਾਰ ਪ੍ਰਸਿੱਧ ਹੋਏ । ਕ੍ਰਿਸ਼ਨ ਜੀ ਦੇ ਵਿਸ਼ਨੂੰ ਅਵਤਾਰ ਹੋਣ ਦਾ ਮੁੱਖ ਕਾਰਨ ਕੰਸ ਨੂੰ ਮਾਰਨਾ ਦੱਸਿਆ ਗਿਆ ਹੈ, ਵੈਸੇ ਕ੍ਰਿਸ਼ਨ ਕੰਸ ਦੀ ਰਾਜਗੱਦੀ ਵਿੱਚ ਖੋਹ ਖਿੰਜ ਵਿੱਚ ਦੁਸ਼ਮਨੀ ਪਈ, ਕ੍ਰਿਸਨ ਜੀ ਦੇ ਜਨਮ ਤੋਂ ਪਹਿਲਾਂ ਕੰਸ ਦਾ ਇਸ ਤਰ੍ਹਾਂ ਜ਼ਾਲਮ ਹੋਣਾ ਸਿੱਧ ਨਹੀਂ ਜਿਹਾ ਕਿ ਉਸ ਨੇ ਕ੍ਰਿਸ਼ਨ ਜੀ ਦੇ ਮਾਰਨ ਦੇ ਫਿਕਰ ਵਿਚ ਬੇਗੁਨਾਹ ਮਾਸੂਮ ਬੱਚਿਆਂ ਦੇ ਪ੍ਰਾਣ ਲਿੱਤੇ । ਨਾਹੀ ਉਹ ਰਾਖਸ਼ ਸੀ ਬਲਕਿ ਉਗਰਸੈਨ ਦਾ ਸਪੁੱਤਰ ਸੀ, ਭਾਵੇਂ ਉਸ ਨੇ ਬਾਪ ਦੀ ਗੱਦੀ ਜਬਰਨ ਛੀਨੀ ਹੋਊ ਪਰ ਫਿਰ ਬੀ ਉਸ ਦਾ ਹੱਕ ਹੀ ਸੀ । ਹੋ ਸਕਦਾ ਹੈ ਕਿ ਉਗਰਸੈਨ ਰਾਜ ਕਰਨ ਦੇ ਕਾਬਲ ਨਾ ਹੋਵੇ । ਖੈਰ ! ਕੁਝ ਹੋ ਸ੍ਰੀ ਕ੍ਰਿਸ਼ਨ ਜੀ ਦੇ ਅਵਤਾਰ ਧਾਰਨ ਦਾ ਮੁਖ ਮੰਤਵ ਕੰਸ ਨੂੰ ਮਾਰਨਾ ਦੱਸਿਆ ਹੈ । ਕੰਸ ਨੂੰ ਮਾਰ ਕੇ ਕ੍ਰਿਸ਼ਨ ਨੇ ਕੈਦ ਵਿੱਚੋਂ ਆਪਣੇ ਮਾਤਾ ਪਿਤਾ ਨੂੰ ਛੁਡਾਇਆ । ਪਰੰਤੂ ਸਤਿਗੁਰਾਂ ਦੇ ਅਨੁਸਾਰ ਇਹ ਜੰਗ ਰਾਜ ਸਾਜ ਦੀ ਖੋਹਾਂ ਖਿੰਜੀ ਵਿਚ ਹੈ । ਕਿਸੀ ਨੂੰ ਮਾਰਨ ਲਈ ਜਗਤ ਵਿਚ ਰੱਬ ਨੂੰ ਅਵਤਾਰ ਧਾਰਨਾ ਮੰਨਣਾ ਸਾਫ ਹੀ ਕਰਤਾਰ ਦੀ ਨਿਰਾਦਰੀ ਤੇ ਕਮਜ਼ੋਰੀ ਪ੍ਰਗਟ ਕਰਨੀ ਹੈ । ਕੀ ਕੰਸ ਰੱਬ ਤੋਂ ਆਕੀ ਸੀ ਜਿਸ ਕਰਕੇ ਰੱਬ ਨੂੰ ਮਨੁੱਖ ਬਣਨਾ ਪਿਆ ? ਅਥਵਾ ਉਹ ਬਿਨਾਂ ਮਨੁੱਖ ਬਣੇ ਕੰਸ ਨੂੰ ਨਹੀਂ ਮਾਰ ਸਕਦਾ ਸੀ ? ਕੀ ਉਸ ਦੇ ਜਮਦੂਤ ਜਾਂ ਕਾਲ ਜਾਲ ਤਥਾ ਹੁਕਮ ਸ਼ਕਤੀ ਸਭ ਨਿਖੁਟ ਗਈ ਸੀ ? ਵੈਸੇ ਬੀ ਇਹ ਮਸਲਾ ਵਡਾ ਗਲਤ ਤੇ ਵਹਿਮ ਹੈ ਕਿ ਅਮਕੇ ਨੇ ਅਮਕੇ ਨੂੰ ਮਾਰਨ ਹਿੱਤ ਜਨਮ ਧਾਰਿਆ । (ਇਸੀ ਤਰ੍ਹਾਂ ਸ੍ਰੀ ਰਾਮ ਚੰਦ ਜੀ ਦਾ ਜਨਮ ਧਾਰਨਾ ਬੀ ਰਾਵਨ ਤੇ ਤਾਰਕਾ ਆਦਿ ਨੂੰ ਮਾਰਨਾ ਲਿਖਾ

ਹੈ.) ਭਲਾ ਕਰਤਾਰ ਤੋਂ ਬਿਨਾਂ ਬੀ ਕੋਈ ਮਾਰ ਸਕਦਾ ਹੈ ? 'ਹਰ ਬਿਨ ਕੋ ਮਾਰ ਜੀਵਾਲ ਨਾ ਸਾਕੈ' ਤਾਂਤੇ "ਕਵਲੀਆਪੀੜ ਆਪਿ ਮਰਾਇਦਾ ਪਿਆਰਾ ਕਰ ਬਾਲਕ ਰੂਪ ਪਚਾਹਾ । ਆਪਿ ਅਖਾੜਾ ਪਾਇਦਾ ਪਿਆਰਾ ਕਰਿ ਵੇਖੈ ਆਪਿ ਚੋਜਾਹਾ ॥ ਕਰਿ ਬਾਲਕ ਰੂਪ ਉਪਾਇਦਾ ਪਿਆਰਾ, ਚੰਡੂਰ ਕੰਸ ਕੇਸ ਮਰਾਹਾ ॥ *ਸੋਰਠਿ ਮਹਲਾ ੪* ॥" ਉਪਰਲੇ ਸ਼ਬਦ ਦਾ ਭਾਵ ਸਾਫ ਹੀ ਹੈ ਕਿ ਪਿਆਰੇ(ਕਰਤਾਰ) ਦੇ ਹੁਕਮ ਨਾਲ ਹਾਥੀ (ਕੁਵਲੀਆ ਪੀੜ) ਮਾਰਿਆ ਤੇ ਕਰਤਾਰ ਨੇ ਹੀ ਕੰਸ ਆਦਿ ਦੀ ਮੌਤ ਲਈ ਅਖਾੜਾ ਰਚਿਆ, ਕਿਉਂਕਿ ਜਨਮ ਮਰਨ ਉਸੀ ਦੀ ਖੇਡ ਹੈ, ਉਸੀ ਨੇ ਦੇਵਕੀ ਦਾ ਇੱਕ ਬਾਲਕ (ਕ੍ਰਿਸ਼ਨ) ਉਪਾ ਕੇ ਚੰਡੂਰ, ਕੰਸ ਤੇ ਕੇਸੀ ਆਦਿ ਮਰਵਾ ਘੱਤੇ । ਭਲਾ ਜੇ ਇਹੋ ਮੰਨੀਏ ਕਿ ਕ੍ਰਿਸ਼ਨ ਨੇ ਕੰਸ ਨੂੰ ਮਾਰ ਘੱਤਿਆ ਤਾਂ ਬੀ ਕੇਹੜੀ ਵਡੀ ਗਲ ਹੈ ! ਰਾਜ ਕਾਜ ਦੇ ਜੰਗ ਜੁੱਧਾਂ ਵਿੱਚ ਹਜ਼ਾਰਾਂ ਆਦਮੀ ਵਢੇ ਟੁਕੇ ਜਾਂਦੇ ਹਨ ਸੋ ਦੋ ਚਾਰ ਜ਼ਾਲਮ (ਦੈਂਤ) ਮਾਰ ਘੱਤੇ ਤਾਂ ਇਸ ਨਾਲ ਕੋਈ ਰਬ ਨਹੀਂ ਕਹਾ ਸਕਦਾ ।

## ਗੁਰੂ ਜੀ ਦਾ ਫੈਸਲਾ

ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ ॥
ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ ॥ ੩ ॥
ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ ॥
ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡ ਦੀਆ ॥

*(ਰਾਗੁ ਆਸਾ ਮ: ੧-੩੫੦ )*

ਨਾਰਾਯਣ ਕੱਛ ਮੱਛ ਤਿੰਦੂਆ ਕਹਿਤ ਸਭ, ਕੌਲ ਨਾਭਿ ਕੌਲ ਜਿੰਹਿ ਤਾਲ ਮੈਂ ਰਹਿਤ ਹੈਂ ॥
ਗੋਪੀ ਨਾਥ ਗੂਜਰ, ਗੋਪਾਲ ਸਭੈ ਧੇਨੁਚਾਰੀ, ਰਿਖੀਕੇਸ਼ ਨਾਮ ਕੇ ਮਹੰਤ ਲਹੀਅਤ ਹੈਂ ॥
ਮਾਧਵ ਭਵਰ ਔ ਅਟੇਰੂ ਕੋ ਕਨ੍ਹੈਯਾ ਨਾਮ, ਕੰਸ ਕੋ ਬਧੈਯਾ ਯਮਦੂਤ ਕਹੀਅਤ ਹੈਂ ।
ਮੂੜ੍ਹ ਰੂੜ੍ਹ ਪੀਟਤ, ਨ ਗੂੜ੍ਹਤਾਕੋ ਭੇਦ ਪਾਵੈ ਪੂਜਤ ਨ ਤਾਹਿ ਜਾਂਕੇ ਰਾਖੇ ਰਹੀਅਤ ਹੈਂ ॥

*(ਅਕਾਲ ਉਸਤਤ )*

## ਜਰਾਸੰਧ ਦੀ ਕਥਾ

ਬਿਹਾਰ ਤੇ ਉਡੀਸੇ ਦੇ ਇਲਾਕੇ ਦਾ ਰਾਜਾ ਜਰਾਸੰਧ ਨਾਮੀ ਸੀ । ਅਖੇ ! ਇਹ ਦੋ ਰਾਣੀਆਂ ਤੋਂ ਅੱਧਾ ਅੱਧਾ ਹੋ ਕੇ ਜਨਮਿਆ ਸੀ ਇਹ ਕੰਸ (ਕ੍ਰਿਸ਼ਨ ਦਾ ਮਾਮਾ) ਦਾ ਸਹੁਰਾ ਸੀ । ਇਸ ਨੇ ਕੰਸ ਦੇ ਵੈਰ ਕੱਢਣ ਲਈ ਕ੍ਰਿਸ਼ਨ ਪਰ (ਮਥਰਾ ਵਿਖੇ) ਕਈ ਹੱਲੇ ਕੀਤੇ ਪਰ ਕ੍ਰਿਸ਼ਨ ਅੜਿੱਕੇ ਨਾ ਹੀ ਆ ਸਕਿਆ, ਦੱਸਿਆ ਹੈ ਕਿ ਕ੍ਰਿਸ਼ਨ ਇਸ ਤੋਂ ਤੰਗ ਆ ਕੇ ਹੀ ਮਥੁਰਾ ਛਡ ਦੁਆਰਕਾ ਵਿਖੇ ਮਹੱਲ ਪਾਕੇ ਜਾ ਵਸਿਆ । ਇਸ ਨੂੰ ਕ੍ਰਿਸਨ ਬੀ ਸਿੱਧੇ ਮੂੰਹ ਮਾਰ ਨਹੀਂ ਸਕਦਾ ਸੀ । ਇਸਨੇ ਕਿਤਨੇ ਹੀ ਰਾਜੇ ਫਤੇ ਕਰਕੇ ਕੈਦ ਕਰ ਛਡੇ ਸਨ । ਇਸਦਾ ਮਨਸ਼ਾ ਸੀ ਕਿ 'ਨਰਮੇਧ ਯਗ' ਵਿਚ ਇਨ੍ਹਾਂ ਦਾ ਹਵਨ ਹੀ ਕਰਾਂ । ਕ੍ਰਿਸ਼ਨ

ਨੇ ਪਾਂਡਵਾਂ ਦੇ ਯੱਗ ਸਮੇਂ ਯੁਧਿਸ਼ਟਰ ਨੂੰ ਉਕਸਾਇਆ ਕਿ ਪਹਿਲੇ ਰਾਜੇ ਜਰਾਸੰਧ ਨੂੰ ਮਾਰ ਕੇ ਨਹਿਕੰਟਕ ਹੋਵੋ । ਕ੍ਰਿਸ਼ਨ ਨੇ ਭੀਮ ਤੇ ਅਰਜਨ ਆਪਣੇ ਨਾਲ ਲਿਤੇ ਤਿੰਨੇ ਬ੍ਰਾਹਮਣ ਰੂਪ ਧਾਰਕੇ ਜਰਾਸੰਧ ਦੇ ਕਿਲੇ ਅੱਗੇ ਜਾ ਨਿਕਲੇ ਪਰ ਕਿਲੇ ਅੱਗੇ ਜਰਾਸੰਧ ਨੇ ਇੱਕ "ਵੈਰੀ ਘਾਤ" ਚਕ੍ਰ ਲਾ ਛੱਡਿਆ ਸੀ । ਜੋ ਚੋਰੀ ਅੰਦਰ ਧਸਦਾ ਕਤਲ ਹੁੰਦਾ, ਪਰ ਇਹ ਤਿੰਨੇ (ਭੇਖੀ ਬ੍ਰਾਹਮਣ) ਪਿੱਛੇ ਹੋ ਕੇ ਕਿਲੇ ਉਪਰ ਦੀ ਅੰਦਰ ਜਾ ਧਸੇ । ਇਨ੍ਹਾਂ ਨੇ ਬ੍ਰਾਹਮਣ ਭੇਸ ਵਿੱਚ ਜਰਾਸੰਧ ਤੋਂ ਦਾਨ ਮੰਗਿਆ ਤੇ ਮੂੰਹ ਮੰਗਵੇਂ ਦਾਨ ਦਾ ਵਚਨ
ਲੈ ਕੇ ਕਹਿਆ ਕਿ ਤੂੰ ਸਾਡੇ ਤਿੰਨਾਂ ਵਿੱਚੋ ਕਿਸੀ ਇਕ ਨਾਲ਼ ਬਿਨਾਂ ਫੌਜ ਦੇ ਘੁਲ ਲੈ । ਇਸ ਤਰ੍ਹਾਂ ਕਹਿਣ ਨਾਲ ਜਰਾ ਸੰਧ ਇਸ ਚਾਲ ਨੂੰ ਸਮਝ ਗਿਆ, ਹੱਸ ਕੇ ਕਿਹਾ ਕਿ ਅਛਾ ਕ੍ਰਿਸ਼ਨ ਤਾਂ ਮੈਥੋਂ ਡਰਦਾ ਭੱਜਿਆ ਹੋਇਆ ਹੈ ਤੇ ਅਰਜਨ ਨਿਪੁੰਸਕ ਹੈ (ਇਸਨੂੰ ਇੰਦ੍ਰ ਦੀ ਅਪੱਛਰਾਂ ਉਰਵਸੀ ਨੇ ਇਸ ਲਈ ਨਿਪੁੰਸਕ ਦਾ ਸਰਾਪ ਦਿੱਤਾ ਕਿ ਅਰਜਨ ਨੇ ਉਸਦੇ ਆਸ਼ਕ ਹੋਣ ਪਰ ਕਾਮ ਇੱਛਾ ਪੂਰਨ ਕਰਨੋ ਨਾਂਹ ਕੀਤੀ ਸੀ, ਦੂਜੀ ਕਥਾ ਹੈ ਕਿ ਇੱਕ ਵਾਰ ਅਰਜਨ ਨੇ ਹੀਜੜੇ ਦਾ ਸ੍ਵਾਂਗ ਕੀਤਾ ਸੀ । ਇਹੋ ਕਾਰਨ ਸੀ ਜੋ ਇਸ ਪਰ ਕੈਰੋਂ ਪਾਂਡੋਂ ਦੇ ਗੁਰੂ ਬਾਬਾ ਭੀਸ਼ਮ ਪਿਤਾਮਾਂ ਬੀ ਵਾਰ ਕਰਨਾ ਸੂਰਮਤਾ ਤੋਂ ਵਿਰੁੱਧ ਮੰਨਦਾ ਸੀ) ਇਸ ਲਈ ਭੀਮ ਮੇਰੇ ਨਾਲ ਘੁਲੇ ਪਰ ਸ਼ਰਤ ਇਹ ਹੈ ਕਿ ਕੋਈ ਕਿਸੀ ਤਰ੍ਹਾਂ ਦੀ ਦੂਜੇ ਦੀ ਸਹਾਇਤਾ ਨਾ ਕਰੇ । ਅਖੇ ! ਭੀਮ ਤੇ ਜਰਾਸੰਧ ਦਾ ਛਬੀਸ ਦਿਨ ਘੋਲ ਹੁੰਦਾ ਹੀ ਰਿਹਾ ਅਖੀਰ ਭੀਮ ਨੇ ਕ੍ਰਿਸ਼ਨ ਨੂੰ ਕਿਹਾ ਕਿ ਜਰਾਸੰਧ ਮਹਾ ਬਲੀ ਹੇ ਮੈਥੋਂ ਇਹ ਜਿੱਤ ਨਹੀਂ ਹੁੰਦਾ । ਕ੍ਰਿਸ਼ਨ ਨੇ ਕਿਹਾ ਕਿ ਜਦ ਮੈਂ ਸਾਹਮਣੇ ਬੈਠ ਕੇ ਦਾਤਣ ਪਾੜਾਂ (ਇਸ਼ਾਰੇ ਨਾਲ ਮਾਰਨ ਦਾ ਦਾਉ ਦੱਸਣਾ) ਤੂੰ ਉਸਨੂੰ ਚੀਰ ਸਿੱਟੀਂ ਕਿਉਂਕਿ ਇਸ ਦੇ ਸਰੀਰ ਦੇ ਦੋ ਅੰਗ ਜੁੜੇ ਹਨ ਸੋ ਇਸ ਤਰ੍ਹਾਂ ਜਰਾਸੰਧ ਮਾਰਿਆ ਗਿਆ ਮਰਨ ਸਮੇਂ ਜਰਾਸੰਧ ਨੇ ਕ੍ਰਿਸ਼ਨ ਨੂੰ ਕਿਹਾ ਕਿ "ਇੱਕ ਤਾਂ ਤੂੰ ਬ੍ਰਾਹਮਣ ਦਾ ਭੇਸ ਧਾਰ ਕੇ ਧੋਖੇ ਨਾਲ ਮੇਰੇ ਪਾਸ ਪਹੁੰਚਾ ਹੈਂ ਦੂਜੇ ਭੀਮ ਨੂੰ ਸਹਾਇਤਾ ਦੇ ਕੇ ਬਚਨ ਭੰਗ ਕੀਤਾ ਹੈ, ਇਸ ਪਰ ਕ੍ਰਿਸ਼ਨ ਨੇ ਕਿਹਾ ਕਿ ਪਾਪੀ ਤੇ ਜ਼ਾਲਮ ਨੂੰ ਮਾਰਨ ਹਿੱਤ ਹਰ ਤਰ੍ਹਾਂ ਦਾ ਸਾਧਨ ਬੁਰਾ ਨਹੀਂ ॥ ਸਿੱਟਾ ਕੀ ਕ੍ਰਿਸ਼ਨ ਜੀ ਇਸ ਤਰ੍ਹਾਂ ਬ੍ਰਾਹਮਣ ਭੇਖ ਧਾਰ ਤੇ ਬਚਨ ਭੰਗ ਕਰਕੇ ਭੀਮ ਪਾਸੋਂ ਅਪਣੇ ਵੈਰੀ ਜਰਾਸੰਧ ਨੂੰ ਮਾਰ ਕੇ ਸ਼ਾਂਤੀ ਨਾਲ ਮਥਰਾ ਵਿੱਚ ਰਹਿਣ ਲੱਗੇ ॥ ਇਸ ਤਰ੍ਹਾਂ ਕਾਲ ਜਮਨ ਕਾਬਲ ਦਾ ਰਾਜਾ ਸੀ । ਜੋ ਰਾਜਾ ਜਰਾਸੰਧ ਦਾ ਪਰਮ ਮਿਤ੍ਰ ਸੀ ਇਸ ਦੀ ਪੈਦਾਇਸ਼ ਕਿਸੀ ਰਿਖੀ ਵਲੋਂ ਰਾਜੇ ਤਾਲ ਜਨਖ ਦੀ ਰਾਣੀ ਨੂੰ ਕੋਈ ਫਲ ਖੁਆ ਕੇ ਵਰ ਨਾਲ ਹੋਣੀ ਲਿਖੀ ਹੈ । ਕਾਲ ਜਮਨ ਨੂੰ ਮਲੇਛ ਇਸ ਲਈ ਕਿਹਾ ਜਾਂਦਾ ਸੀ ਕਿ ਉਸ ਦੀ ਰਾਣੀ ਨੇ ਬਿਨਾਂ ਸ਼ਨਾਨ ਦੇ ਫਲ ਖਾਧਾ ਸੀ ਇਸ ਨੇ ਮਥਰਾ ਦੇ ਜੁਧ ਵਿੱਚ ਜਰਾਸੰਧ ਨਾਲ ਰਲਕੇ ਕ੍ਰਿਸ਼ਨ ਨੂੰ ਭਜਾਇਆ ਸੀ । ਕ੍ਰਿਸ਼ਨ ਇਸ ਤੋਂ ਡਰਦਾ ਪਹਾੜ ਵਿੱਚ ਜਾ ਲੁਕਿਆ । ਅੱਗੇ ਇਕ ਮੁਚਕੰਦ ਨਾਮੀ ਰਾਜਾ ਸੁੱਤਾ ਪਿਆ ਸੀ ਜਿਸ ਨੇ ਦੇਵਾਂ ਦੀ ਮਦਦ ਕਰਨ ਬਦਲੇ ਵਰ ਲਿਤਾ ਸੀ ਕਿ ਜੇ ਮੈਨੂੰ ਕੋਈ ਅੱਧ ਨੀਂਦ੍ਰੇ ਜਗਾਵੇ ਤਾਂ 'ਭਸਮ ਹੋ ਜਾਵੇ' ਇਸ ਪਰ ਕ੍ਰਿਸ਼ਨ ਨੇ ਆਪਣਾ ਕਪੜਾ ਉਸ

ਪਰ ਪਾ ਦਿਤਾ । ਕਾਲ ਜਮਨ ਨੇ ਕ੍ਰਿਸ਼ਨ ਸਮਝ ਕੇ ਲੱਤ ਮਾਰੀ । ਅਖੇ ! ਮੁਚਕੰਦ ਨੇ 'ਭਸਮ' ਕਹਿ ਕੇ ਕਾਲ ਜਮਨ ਮਾਰ ਦਿੱਤਾ ਇਸ ਤਰ੍ਹਾਂ ਕ੍ਰਿਸ਼ਨ ਬਚ ਗਿਆ ॥

ਇਸ ਤਰ੍ਹਾਂ ਇੱਕ ਜੰਗ ਬਾਨਾ ਰਾਖਸ ਨਾਲ ਹੋਣਾ ਲਿਖਿਆ ਹੈ, ਦਸਿਆ ਹੈ ਕਿ ਕ੍ਰਿਸ਼ਨ ਦੇ ਪੋਤਰੇ ਅਨਰੁਧ ਪਰ ਉਸ ਦੀ ਲੜਕੀ ਮੋਹਤ ਹੋ ਗਈ ਸੀ, ਇਸ ਜੰਗ ਵਿਚ ਬਾਨਾਸੁਰ ਦੀ ਮਦਦ ਪਰ ਸ਼ਿਵਜੀ ਦਸੇ ਨੇ, ਔਰ ਇਕ ਜੰਗ ਪੋਂਡਰਾਂਕ ਨਾਲ ਹੋਣਾ ਦਸਿਆ ਹੈ ॥ ਜਿਸਨੇ ਆਪਣੇ ਆਪਨੂੰ ਵਿਸ਼ਨੂੰ ਅਵਤਾਰ ਸਿੱਧ ਕੀਤਾ ਸੀ । ਇੱਕ ਝਗੜਾ ਕ੍ਰਿਸ਼ਨ ਦੇ ਪੁੱਤਰ ਸੰਭ ਦੀ ਬਾਬਤ ਕਥਾ ਹੈ ਜਿਸਨੇ ਰਾਜੇ ਦੁਰਯੋਧਨ ਦੀ ਲੜਕੀ ਨਿਕਾਲ ਕੇ ਲਿਆਂਦੀ ਸੀ । ਉਸ ਪਰ ਕਾਫੀ ਝਗੜਾ ਹੋਇਆ ।

## ਐਸੇ ਜੰਗ ਪਰ ਗੁਰੂ ਫੈਸਲਾ

ਬਿਨ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ ॥੧ ॥ਰਹਾਉ ॥
ਕਹਾ ਭਯੋ ਜੋ ਆਨ ਜਗਤ ਮੈ ਦਸਿਕ ਅਸੁਰ ਹਰਿ ਘਾਏ ॥
ਅਧਿਕ ਪ੍ਰਪੰਚ ਦਿਖਾਇ ਸਭਿਨ ਕਹਿ ਆਪਹਿ ਬ੍ਰਹਮ ਕਹਾਏ ॥
ਭੰਜਨ ਗੜ੍ਹਨ ਸਮਰਥ ਸਦਾ ਪ੍ਰਭੁ ਸੋ ਕਿਮ ਜਾਤ ਗਿਨਾਯੋ ॥
ਤਾਂਤੇ ਸਰਬਕਾਲ ਕੇ ਅਸਿ ਕੋ ਘਾਇ ਬਚਾਇ ਨਾ ਆਯੋ ॥ ੨ ॥
ਕੈਸੇ ਤੋਹਿ ਤਾਰ ਹੈ ਸੁਨ ਜੜ੍ਹ ਆਪ ਡੁਬਜੋ ਭਵ ਸਾਗਰ ॥
ਛੁਟ ਹੋ ਕਾਲਫਾਸਿ ਤੇ ਤਬ ਹੀ ਗਹੋ ਸਰਣ ਜਗਤਾਗਰ ॥

*(ਕਲਿਆਣ ਪਾਤਸ਼ਾਹੀ ੧੦)*

ਭਾਵ – ਦਸਮ ਗੁਰੂ ਜੀ ਨੇ ਫਰਮਾਇਆ ਹੈ ਕਿ ਜੇ ਵਿਸ਼ਨੂ ਆਦਿ ਨੇ ਕਈ ਜਨਮਾਂ ਵਿਚ ਪੈ ਕੇ ਦਸ ਬੀਸ ਅਸੁਰ ਮਾਰ ਭੀ ਘੱਤੇ ਤਾਂ ਕੀ ਓਹ ਇਕੁਰ ਦੇ ਪ੍ਰਪੰਚ ਕਰ ਕੇ ਰੱਬ ਬਣ ਗਏ ? ਕਰਤਾਰ ਤਾਂ ਸਰਬ ਦਾ ਕਾਲ ਹੈ । ਸਰਬ ਕਾਲ (ਕਰਤਾਰ) ਅਗੇ ਤਾਂ ਵਿਸ਼ਨ ਕ੍ਰਿਸ਼ਨ, ਬੀ ਨਹੀਂ ਅਟਕ ਸਕੇ ! ਤਾਂ ਤੇ ਕਰਤਾਰ ਵਡਾ ਕਿ ਕ੍ਰਿਸ਼ਨ ਵਿਸ਼ਨ ? ਚੇਤੇ ਰਖੋ ! ਕਰਤਾਰ ਬਿਨਾਂ ਕਿਰਤਮ ਨੂੰ ਨਾ ਮੰਨੋ ॥

## ਸ਼੍ਰੀ ਰਾਮ ਤੇ ਸ਼੍ਰੀ ਕ੍ਰਿਸ਼ਨ ਰਬ ਨਹੀਂ ਸਨ

ਬੇਦ ਭੇਦ ਨਹਿ ਲਖੈ, ਬ੍ਰਹਮ ਬ੍ਰਹਮਾ ਨਹਿ ਬੁੱਝੈ ॥
ਬਜਾਸ ਪਰਾਸਰ ਸੁਕ ਸੁਨਾਦਿ ਸ਼ਿਵ ਅੰਤ ਨ ਸੁੱਝੈ ॥
ਸਨਤ ਕੁਆਰ ਸਨਕਾਦਿ ਸਰਬ ਜੋ ਸਮਾ ਨ ਪਾਵਹਿ ॥
ਲਖ ਲਖਮੀ, ਲਖ ਬਿਸਨ ਕਿਸਨ ਕਈ ਨੇਤ ਬਤਾਵਹਿ ॥

ਅਸੰਭ ਰੂਪ ਅਨ ਭੈ ਪ੍ਰਭਾ ਅਤਿ ਬਲਿਸ਼ਟ ਜਲ ਥਲ ਕਰਣ ॥
ਅਚੁੱਤ ਅਨੰਦ ਅਦ੍ਵੈ ਅਮਿਤ ਨਾਥ ਨਿਰੰਜਨ ਤਵ ਸ਼ਰਣ ॥

(ਗਯਾਨ ਪ੍ਰਬੋਧ ਪਾ: ੧੦ )

ਕਯੋਂ ਕਹੁ ਕ੍ਰਿਸ਼ਨ ਕ੍ਰਿਪਾ ਨਿਧਿ ਹੈ ਕਿੰਹ ਕਾਜ ਤੇ ਬੱਧਕ ਬਾਣ ਲਗਾਯੋ ।
ਔਰ ਕੁਲੀਨ ਉਧਾਰਤ ਜੋ ਕਿਹ ਤੇ ਅਪੁਨੋ ਕੁਲ ਨਾਸ਼ ਕਰਾਯੋ ॥
ਆਦਿ ਅਜੋਨਿ ਕਹਾਇ ਕਹੌ ਕਿਮ ਦੇਵਕਿ ਕੇ ਜਠਰੰਤਰ ਆਯੋ ॥
ਤਾਤ ਨ ਮਾਤ ਕਹੈ ਜਿਹ ਕੋ ਤਹਿ ਕਯੋਂ ਬਸੁਦੇਵਹਿ ਬਾਪ ਕਹਾਯੋ ॥

(ਅਕਾਲ ਉਸਤਤਿ ਪਾ: ੧੦ )

ਕੇਵਲ ਕਾਲਈ ਕਰਤਾਰ ॥
ਆਦਿ ਅੰਤ ਅਨੰਤ ਮੂਰਤਿ ਗੜਨ ਭੰਜਨ ਹਾਰ ॥ ੧ ॥ ਰਹਾਉ ॥
ਨਿੰਦ ਉਸਤਤਿ ਜੌਨ ਕੇ ਸਮ ਸਤ੍ਰੂ ਮਿਤ੍ਰ ਨ ਕੋਇ ॥
ਕੌਨ ਬਾਟ ਪਰੀ ਤਿਸੈ ਪਥ ਸਾਰਥੀ ਰਥ ਹੋਇ ॥ ੧ ॥
ਤਾਤ ਮਾਤ ਨ ਜਾਤਿ ਜਾਕਰ ਪੁਤ੍ਰ ਪੌਤ੍ਰ ਮੁਕੰਦ ॥
ਕੌਨ ਕਾਜ ਕਹਾਹਿਗੇ ਤੇ ਆਨ ਦੇਵਕਿ ਨੰਦ ॥ ੨ ॥
ਦੇਵ ਦੈਂਤ ਦਿਸਾ ਵਿਸਾ ਜਿਹ ਕੀਨ ਸਰਬ ਪਸਾਰ ।
ਕੌਨ ਉਪਮਾ ਤੌਨ ਕੋ ਮੁਖ ਲੇਤ ਨਾਮ ਮੁਰਾਰਿ ॥

(ਰਾਗ ਤਿਲੰਗ ਕਾਫੀ ਪਾ: ੧੦)

ਜੌ ਕਹੋ ਰਾਮ ਅਜੋਨਿ ਅਜੈ ਅਤਿ ਕਾਹੇ ਕੋ ਕੌਸਲ ਕੁਖਿ ਜਯੋ ਜੂ ॥
ਕਾਲ ਹੂੰ ਕਾਲ ਕਹੈਂ ਜਿਹ ਕੋ ਕਿਹ ਕਾਰਣ ਕਾਲ ਤੇ ਦੀਨ ਭਯੋ ਜੂ ॥
ਸੰਤ ਸਰੂਪ ਬਿਬੈਰ ਕਹਾਇ ਸੁ ਕਯੋਂ ਪਥ ਕੋ ਰਥ (ਅਰਜਨ ਦਾ ਰਥੀ) ਹਾਂਕ ਧਯੋ ਜੂ ॥
ਤਾਂਹੀ ਕੋ ਮਾਨ ਪ੍ਰਭੂ ਕਰਕੈ ਜਿਹ ਕੋ ਕੋਊ ਭੇਦ ਨ ਲੇ ਨ ਲਯੋ ਜੂ ॥

(ਅਕਾਲ ਉਸਤਤਿ ਪਾ: ੧੦)

ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦੁ ਬਹੁ ਥਾਕੋ ਰੇ ॥
ਭਗਤਿ ਹੇਤਿ ਅਵਤਾਰ ਲੀਓ ਹੈ ਭਾਗੁ ਬਡੋ ਬਪਰਾ ਕੋ ਰੇ ॥ ੧ ॥
ਤੁਮ ਜੋ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ ॥
ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ ॥ ਰਹਾਉ ॥
ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ ॥
ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾਕੈ ਮਾਈ ਨ ਬਾਪੋ ਰੇ ॥

(ਗਉੜੀ ਕਬੀਰੁ-੩੩੯)

ਸੂਚਨਾ - ਸ੍ਰੀ ਕ੍ਰਿਸ਼ਨ ਜੀ ਰਾਜੇ ਉਗ੍ਰਸੈਨ ਦੀ ਪਾਲਕ ਲੜਕੀ ਦੇਵਕੀ ਦੀ ਕੁਖੋਂ ਜਨਮੇ ਤੇ ਮਤ੍ਰੇਈ ਮਾਂ ਜਸੋਧਾਂ ਦੀ ਝੋਲੀ ਵਿਚ ਕੰਸ ਤੋਂ ਡਰਦੇ ਪਲੇ ਅਰ ਵਸੁਦੇਵ ਤੇ ਨੰਦ ਗਵਾਲੇ ਦੇ ਪੁੱਤਰ ਬਣੇ ਫਿਰ ਰਬ ਕੈਸੇ ? ਕੀ ਰਬ ਬੀ ਇਸ ਤਰ੍ਹਾਂ ਕਿਸੀ ਦਾ ਪੁੱਤ੍ਰ ਬਣਦਾ ਹੈ ? ਹਰਗਿਜ਼ ਨਹੀਂ । ਇਸੀ ਤਰ੍ਹਾਂ ਸ੍ਰੀ ਰਾਮ ਚੰਦ ਜੀ ਅਜੁਧਿਆ ਦੇ ਰਾਜੇ ਦਸਰਥ ਦੇ ਘਰ ਮਾਤਾ ਕੁਸ਼ਲਿਆ ਤੋਂ ਜਨਮੇ ਤੇ ਆਪਣੀ ਇਸਤ੍ਰੀ ਬਦਲੇ ਰਾਵਨ ਨਾਲ ਜੰਗ ਕੀਤੇ ਅਰ ਚੌਦਾਂ ਸਾਲਾਂ ਦਾ ਦੇਸ ਨਿਕਾਲਾ ਕਟਿਆ ਕੀ ਇਹੋ ਜਿਹੇ ਕਰਤੱਬ ਰਬ ਦੇ ਹੁੰਦੇ ਹੈਨ ? ਭੁਲੜ ਲੋਕਾਂ ਨੂੰ ਚਾਹੀਦਾ ਹੈ ਕਿ ਰਮਾਇਣ ਅਰ ਮਹਾਂਭਾਰਤ ਆਦਿ ਪੜ੍ਹ ਕੇ ਦੇਖਣ । ਮਹਾਂਭਾਰਤ ਗਵਾਹ ਹੈ ਕਿ ਅਰਜਨ ਦੇ ਘਰ ਕ੍ਰਿਸ਼ਨ ਦੀ ਭੈਣ ਸੁਭਦਰਾ ਸੀ ਤਾਂ ਤੇ ਇਸੀ ਸਾਕ ਦਾਰੀ ਵਿੱਚ ਕ੍ਰਿਸ਼ਨ ਨੇ ਦਗੇ ਅਰ ਫਰੇਬ ਨਾਲ ਕੈਰਵਾਂ ਦਾ ਨਾਸ ਕਰਵਾ ਦਿੱਤਾ ਔਰ ਆਪ ਅਰਜਨ ਦੇ ਰਥਵਾਹੀ ਬਣ ਕੇ ਅਰਜਨ ਪਾਸੋਂ ਉਸ ਦੇ ਤਾਏ ਚਾਚੇ ਭਾਈ ਅਰ ਗੁਰੂ ਮਰਵਾਕੇ "ਕੈਰਵ-ਕੁਲ-ਘਾਤਕ" ਬਣੇ । ਭਲਾ ਰਬ ਨੂੰ ਕੀ ਭੀੜ ਪਈ ਸੀ ਜੋ ਅਰਜਨ ਦੀ ਸਾਕਾਦਾਰੀ ਵਿੱਚ ਰਥਵਾਹੀ ਬਣ ਕੇ ਇਉਂ ਬਲ ਛਲ ਨਾਲ ਅਧਰਮ ਕਮਾਂਦਾ ? ਭਾਵੇਂ ਅਰਜਨ ਧਾਹਾਂ ਮਾਰਕੇ ਰੋਇਆ ਕਿ ਮੈਂ ਕੁਲ ਘਾਤ ਕਰਨੋਂ ਡਰਦਾ ਹਾਂ ਅਖੇ ! ਕ੍ਰਿਸ਼ਨ ਨੇ ਕੁਲ ਘਾਤ ਨੂੰ ਗੀਤਾ ਉਪਦੇਸ਼ ਨਾਲ ਧਰਮ ਹੀ ਦੱਸਿਆ ॥

ਮਹਾਂਭਾਰਤ ਇਸ ਬਾਰੇ ਸਾਫ ਦੱਸਦਾ ਹੈ ਕਿ ਕ੍ਰਿਸ਼ਨ ਦੀ ਕ੍ਰਿਪਾ ਨਾਲ ਕੈਰਵਾਂ ਪਾਂਡਵਾਂ ਦੇ ਜੁਧ ਵਿਚ ਕਰੋੜਾਂ ਨਿਰਦੋਸ਼ ਬੰਦੇ ਮਾਰੇ ਗਏ ਅਰ ਲੱਖਾਂ ਜੋਧੇ ਅਰ ਪੰਡਤਾਂ ਵਲੋਂ ਹਿੰਦੁਸਤਾਨ ਖਾਲੀ ਹੋ ਕੇ ਅਜ ਤੀਕ ਅਧੋਗਤੀ ਨੂੰ ਜਾ ਰਿਹਾ ਹੈ ॥

ਇਸੀ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਦੇ ਐਸ਼ਾਂ ਦੇ ਪ੍ਰਚਾਰ ਦਾ ਫਲ ਉਸ ਦੇ ਕੁਲ ਦੇ ਜਾਦਵ ਸ਼ਰਾਬਾਂ ਪੀ ਕੇ ਪਰਭਾਸ ਛੇਤ੍ਰ ਪਰ ਲੜ ਮਰੇ ਤਥਾ ਇਹ ਬੀ ਕੁਲਘਾਤ ਸੀ । ਕੀ ? ਮਹਾਂਭਾਰਤ ਆਦਿ ਇਤਿਹਾਸਾਂ ਤੋਂ ਇਹ ਸਿੱਧ ਨਹੀਂ ਹੁੰਦਾ ਕਿ ਸ੍ਰੀ ਕ੍ਰਿਸ਼ਨ ਜੀ ਹਿੰਦੁਸਤਾਨ ਦੀ ਤਰੱਕੀ ਦੇ ਕਿੰਨੇ ਚਾਹਵਾਨ ਸਨ ?

ਸਤਿਗੁਰਾਂ ਨੇ ਸਾਫ ਦੱਸਿਆ ਹੈ ਕਿ ਜੇਕਰ ਸ੍ਰੀ ਕ੍ਰਿਸ਼ਨ ਜੀ ਰੱਬ ਸਨ ਤਾਂ ਅਪਣੇ ਸਬੰਧੀ ਅਰਜਨ ਦਾ ਪੱਖ ਲੈ ਕੇ ਕੈਰਵਾਂ ਨਾਲ ਵੈਰ ਕਿਉਂ ਕੀਤਾ ? ਅਰ ਸ਼ਿਕਾਰੀ ਦੇ ਹੱਥੋਂ ਤੀਰ ਨਾਲ ਕਿਉਂ ਕਾਲਵਸ ਹੋਏ ? ਕੀ ਰਬ ਬੀ ਇਕਰ ਮਰਦਾ ਜੰਮਦਾ ਹੈ ?

ਨੋਟ - ਸ੍ਰੀ ਗੁਰੂ ਦਸਮੇਸ ਜੀ ਨੇ ਚੌਬੀਸ ਅਵਤਾਰਾਂ ਦੀ ਕਥਾ ਦੇ ਅੰਤ ਪਰ ਦਸਮ ਗ੍ਰੰਥ ਵਿਚ ਅਪਣਾ ਫੈਸਲਾ ਦਿੱਤਾ ਹੈ ਕਿ 'ਬ੍ਰਹਮਾਦਿਕ ਸਭ ਹੀ ਪਚਹਾਏ ॥ ਬਿਸ਼ਨ ਮਹੇਸ਼ਰ ਕਵਨ ਬਿਚਾਰੇ । ਅਰ ਰਾਮਾਵਤਾਰ ਦੇ ਅੰਤ ਪਰ ਲਿਖਾ ਹੈ

'ਪਾਂਯ ਗਹੇ ਜਬ ਤੇ ਤੁਮਰੇ, ਤਬ ਤੇ ਕੋਊਂ ਆਂਖ ਤਰੇ ਨਹਿ ਆਨਯੋ ।
ਰਾਮ ਰਹੀਮ ਪੁਰਾਨ ਕੁਰਾਨ, ਅਨੇਕ ਕਹੈਂ ਮਤ ਏਕ ਨ ਮਾਨਯੋ ।
ਸਿਮ੍ਰਿਤਿ ਸਾਸਤ੍ਰ ਬੇਦ ਸਭੈ, ਬਹੁ ਭੇਦ ਕਹੈਂ ਹਮ ਏਕ ਨ ਜਾਨਯੋ ।

ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰ, ਮੈ ਨ ਕਹਯੋ ਸਭ ਤੋਹਿ ਬਖਾਨਜੋ ।'

ਇਸੀ ਤਰ੍ਹਾਂ ਕ੍ਰਿਸ਼ਨਵਤਾਰ ਦੀ ਕਥਾ ਦੇ ਅੰਤ ਪਰ ਗੁਰੂ ਸਾਹਿਬਾਂ ਨੇ ਆਪਣਾ ਸਿਧਾਂਤ ਦਸਿਆ ਹੈ

"ਮੈਂ ਨ ਗਣੇਸ਼ਹਿ ਪ੍ਰਿਥਮ ਮਨਾਊਂ । ਕਿਸ਼ਨ ਬਿਸ਼ਨ ਕਬਹੂੰ ਨ ਧਿਆਊਂ ।
ਕਾਨ ਸੁਨੇ ਪਹਿਚਾਨ ਨ ਤਿਨ ਸੋਂ ਲਿਵ ਲਾਗੀ ਮੋਰੀ ਪਗ ਇਨਸੋਂ ॥

ਨੋਟ - ਕਰਤਾਰ ਦੀ ਹਸਤੀ ਲਈ ਦਾਸ ਦੀ ਰਚਿਤ 'ਅਨਾਦੀ ਕਰਤਾ' ਨਾਮ ਪੋਥੀ ਪੜ੍ਹੋ ॥

## ਰਾਮ ਲੀਲਾ ਤੇ ਕ੍ਰਿਸ਼ਨ ਲੀਲਾ

ਸ੍ਰੀ ਕ੍ਰਿਸ਼ਨ ਜੀ ਦੀ ਲੀਲਾ (ਗਵਾਲਨਾ ਨਾਲ ਕਲੋਲ ਕਰਨੇ) ਦੇ ਬਹੁਤ ਹੀ ਕਿੱਸੇ ਕਥਾ ਹੈਨ ਜੋ ਮੌਜੂਦਾ ਸਮੇਂ ਦੀ ਕਸਵੱਟੀ ਅੱਗੇ ਘ੍ਰਿਣਾ ਜੋਗ ਕਹਿਣੇ ਬਣਦੇ ਨੇ । ਸਤਿਗੁਰਾਂ ਨੇ ਇਨ੍ਹਾਂ ਕਲੋਲਾਂ ਪਰ ਟੀਕਾ ਟਿਪਣੀ ਕੀਤੀ ਏ, ਜਿਹਾ ਕਿ "**ਜੁਜ ਮਹਿ ਜੋਰਿ ਛਲੀ ਚੰਦ੍ਰਾਵਲ ਕਾਨ ਕ੍ਰਿਸ਼ਨ ਜਾਦਮ ਭਇਆ ॥ ਪਾਰ ਜਾਤਿ ਗੋਪੀ ਲੈ ਆਇਆ ਬਿੰਦ੍ਰਾ ਬਨ ਮਹਿ ਰੰਗ ਕੀਆ ॥**" *(ਆਸਾ ਵਾਰ ਮਹਲਾ ੧)* ਭਾਵ ਸ੍ਰੀ ਕ੍ਰਿਸ਼ਨ ਮਹਾਰਾਜ ਨੇ ਚੰਦ੍ਰਾਵਲ ਗੋਪੀ(ਗੁਆਲਨ) ਨੂੰ ਛਲਿਆ ਤੇ ਬਿੰਦ੍ਰਾਬਨ ਵਿਚ ਰੰਗ ਕੀਤਾ । ਇਕ ਕਥਾ ਹੈ ਕਿ ਕ੍ਰਿਸ਼ਨ ਨੇ ਗਰੜ ਪਰ ਚੜ੍ਹ ਕੇ ਇੰਦਰ ਦੀ ਸ਼ਕਾਇਤ ਪਰ ਨਰਕ ਵਿਚ ਜਾ ਰਾਜੇ ਨਰਕ ਜਾਂ ਨਰਕਾਸਰ ਨੂੰ ਮਾਰਿਆ, ਉਸ ਪਾਸੋਂ ਸੋਲਾਂ ਹਜ਼ਾਰ ਇਕ ਸੌ ਦੇਵਤਿਆਂ ਦੀਆਂ ਇਸਤਰੀਆਂ ਛੁਡਾਈਆਂ, ਅਰ ਨਰਕ ਰਾਜਾ ਦੇ ਇੱਕੀ ਲੱਖ ਘੋੜੇ, ਚਾਰ ਹਜ਼ਾਰ ਹਾਥੀ ਲੁੱਟਕੇ ਦੁਆਰਕਾ ਪੁਚਾਏ । ਇਸ ਜੰਗ ਵਿਚ ਕ੍ਰਿਸ਼ਨ ਦੀ ਮਹਾਰਾਣੀ ਸਤਜਭਾਮਾ ਭੀ ਦਸੀ ਹੈ । ਅਖੇ ! ਰਾਜਾ ਨਰਕ ਨੇ ਇੰਦ੍ਰ ਦੀ ਮਾਂ ਅਦਿੱਤੀ ਦੀਆਂ ਵਾਲੀਆਂ ਉਤਾਰ ਲਈਆਂ ਸਨ । ਕ੍ਰਿਸ਼ਨ ਉਹ ਲੈ ਕੇ ਸੁਰਗ (ਇੰਦਰ ਪੁਰੀ) ਵਿਚ ਦੇਣ ਗਿਆ । ਸੁਰਗ ਦੇ ਬਾਗ ਦੀ ਸੈਰ ਕਰਨ ਵੇਲੇ ਕ੍ਰਿਸ਼ਨ ਦੇ ਘਰ ਵਾਲੀ ਸਤਜਭਾਮਾ ਦਰਖਤ ਪਰ ਰੀਝ ਗਈ, ਕ੍ਰਿਸ਼ਨ ਨੂੰ ਕਿਹਾ ਕਿ ਜੇ ਮੈਂ ਤੈਨੂੰ ਪਿਆਰੀ ਹਾਂ ਤਾਂ ਇਹ ਦਰਖਤ ਦੁਆਰਕਾ ਨੂੰ ਲੈ ਚੱਲ ਤਾਂ ਕ੍ਰਿਸ਼ਨ ਨੇ ਗਰੜ ਪਰ ਦਰਖਤ ਧਰ ਲਿਆ । ਸੁਰਗ ਦੇ ਬਾਗਵਾਨ ਨੇ ਰੋਕਿਆ ਕਿ ਇਹ ਦਰਖਤ ਤਾਂ ਇੰਦ੍ਰ ਦੀ ਰਾਣੀ 'ਸਚੀ' ਦਾ ਹੈ, ਸਤਜਭਾਮਾ ਨੇ ਕਿਹਾ ਜਾ ਸਚੀ ਨੂੰ ਕਹਿ ਦੇਹ, ਜੇ ਉਹ ਇੰਦ੍ਰ ਦੀ ਪਿਆਰੀ ਹੈ ਤਾਂ ਸਾਨੂੰ ਨਾਲ ਲੈ ਜਾਣ ਦੇਵੇ । ਉਧਰੋਂ ਸਚੀ ਦੀ ਚੁੱਕ ਪਰ ਇੰਦਰ ਤੇ ਕ੍ਰਿਸ਼ਨ ਦੀ ਖੂਬ ਖੜਕ ਪਈ ਖੂਬ ਜੰਗ ਹੋਇਆ ਪਰ ਇੰਦਰ ਹਾਰ ਗਿਆ । ਇੰਦ੍ਰ ਭਜੇ ਜਾਂਦੇ ਨੂੰ ਸਤਜਭਾਮਾ ਨੇ ਮਸਖਰੀ ਨਾਲ ਕਿਹਾ ਪਾਰਜਾਤ ਲੈ ਜਾ, ਮੈਂ ਦੂਜੇ ਦੀ ਚੀਜ ਕਿਉਂ ਲਵਾਂ । ਇੰਦਰ ਨੇ ਕਿਹਾ ਕਿ ਜਾਓ ਹੁਣ ਦੁਆਰਕਾ ਹੀ ਰੱਖੋ । ਸੋ ਉਹ ਪਾਰਜਾਤ ਦਰਖਤ ਕ੍ਰਿਸਨ ਨੇ ਸਤਜਭਾਮਾ ਦੇ ਬਾਗ਼ ਵਿਚ ਲਾ ਦਿੱਤਾ । ਦਸਿਆ ਜਾਂਦਾ ਹੈ ਸੋਲ੍ਹਾਂ ਹਜ਼ਾਰ ਇਕ ਸੌ ਇਸਤ੍ਰੀ ਜੋ ਰਾਜੇ ਨਰਕ ਦੇ ਪਾਸੋਂ ਛੁਡਾਈ ਸੀ ਉਹ ਕ੍ਰਿਸ਼ਨ ਨੇ ਹੀ ਵਿਆਹ ਲਈਆਂ ॥

ਇਸ ਪਰ ਇਕ ਹੋਰ ਕਥਾ ਬੀ ਹੈ ਕਿ ਕ੍ਰਿਸ਼ਨ ਨੇ ਚੰਦ੍ਰਾਵਲ ਨਾਮੀ ਗੋਪੀ (ਗੁਜਰੀ) ਪਾਸੋਂ ਦੁਧ ਦਾ ਮਹਿਸੂਲ ਮੰਗਿਆ ਅਖੇ ! ਮਹਿਸੂਲ ਨਾ ਦੇਣ ਪਰ ਉਸ ਨਾਲ ਹਥੋ ਪਾਈ ਕੀਤੀ । ਤੇ ਉਸੀ ਗੋਪੀ ਨੂੰ ਕ੍ਰਿਸ਼ਨ ਨੇ ਉਸ ਦੇ ਘਰ ਜਾ ਕੇ ਇਸਤ੍ਰੀ ਸਾਂਗ ਧਾਰ ਕੇ ਛਲਿਆ, 'ਓਹ ਰੰਗ ਰਲੀਆਂ ਰਾਤ' ਛੀ ਮਹੀਨੇ ਦੀ ਬਣ ਗਈ ਦਸੀਏ, ਤਥਾ ਚੰਦ੍ਰ ਵੰਸੀ ਕੁਲ ਐਸ਼ ਤੇ ਹੰਕਾਰ ਦੀ ਹੈਂਕੜ ਵਿਚ ਛਲੀ ਗਈ ॥

ਕ੍ਰਿਸ਼ਨ ਦਾ ਇਕ 'ਸਹੇਜੀ' ਫਿਰਕਾ ਹੈ ਜਿਸ ਵਿਚ ਸਾਰੇ ਮਰਦ ਕ੍ਰਿਸ਼ਨ ਤੇ ਇਸਤ੍ਰੀਆਂ ਰਾਧਕਾਂ ਹੈਨ 'ਸਿਖਿਆ ਗੁਰੂ' ਤੇ 'ਦੀਖਿਆ ਗੁਰੂ' ਭਾਵ ਦੋ ਗੁਰੂ ਧਾਰਦੇ ਨੇ ਇਨ੍ਹਾਂ ਦਾ 'ਸਹਿਜ ਸਾਧਨ' ਮੁਖ ਨਿਯਮ ਹੈਨ । ਜਿਹਾ ਕਿ ਰਸ, ਨਾਮ, ਪ੍ਰੇਮ, ਭਾਵ, ਮੰਤ੍ਰ ਇਨ੍ਹਾਂ ਪੰਜਾਂ ਵਿਚ ਪ੍ਰੇਮ ਅਰ ਰਸ ਵਧਕੇ ਆਸਰਾ ਦਸਦੇ ਨੇ ਭਾਵ ਇਨ੍ਹਾਂ ਦਾ ਰਸ ਆਸਰਾ 'ਇਸਤ੍ਰੀ ਪੁਰਖ ਭੋਗ' ਹੈ । ਪਰਾਈ ਇਸਤ੍ਰੀ ਦਾ ਰਸ ਸ੍ਰੇਸ਼ਟ ਮੰਨਦੇ ਹਨ । ਕਿਉਂਕਿ ਹਰ ਇੱਕ ਚੇਲੀ ਰਾਧਾ ਹੈ ਤੇ ਹਰ ਇੱਕ ਮਨੁੱਖ ਕ੍ਰਿਸ਼ਨ ਰੂਪ ਹੈ ਬਸ ਇਹੋ ਰਾਸ ਲੀਲਾ ਮੁਕਤੀ ਸਾਧਨ ਦਸਦੇ ਹੈਨ ॥

ਇਸੇ ਤਰ੍ਹਾਂ ਕ੍ਰਿਸ਼ਨ ਦਾ ਇੱਕ ਮੱਤ "ਸਖੀ ਭਾਵਕ ਮਤ" ਨਾਮਕ ਪ੍ਰਚਲਤ ਹੈ । ਜਿਸ ਤਰ੍ਹਾਂ ਕ੍ਰਿਸ਼ਨ ਜੀ ਦੀਆਂ ਲਲਤਾ, ਵਿਸਖਜਾ, ਚੰਪਕਲਤਾ, ਰੰਗਾ ਦੇਵੀ, ਤੁੰਗਾ ਵਿਦਜਾ, ਸੁਚਤੁਰਾ, ਇੰਦਰ ਬਿਜਯਾ ਆਦਿ ਨਾਮੀ ਉਚ ਦਰਜੇ ਦੀ ਸਖੀਆਂ ਕਹੀਦੀਆਂ ਹੈਂ, ਔਰ ਛੋਟੀ ਸਖੀਆਂ ਸ੍ਰੀ ਰੂਪ ਮੰਜਰੀ, ਅਨੰਦ ਮੰਜਰੀ, ਸ੍ਰੀ ਰਸ ਮੰਜਰੀ, ਸ੍ਰੀ ਰਤੀ ਮੰਜਰੀ, ਲਵੰਗ ਮੰਜਰੀ ਬਸ ਇਹ ਚੌਦਾਂ ਸਖੀਆਂ ਕ੍ਰਿਸ਼ਨ ਲੀਲਾ ਵਿਚ ਪ੍ਰਧਾਨ ਹੈਨ । ਇਨ੍ਹਾਂ ਦੀ ਸੇਵਾ ਪਲੰਘ ਵਛੌਣਾ, ਪਾਨ ਦੇਣੇ, ਸ਼ਨਾਨ ਕਰੌਣਾ ਆਦਿ ਵਖੋ ਵਖ ਕਹੀਦੀ ਹੈ । ਇਸੀ ਤਰ੍ਹਾਂ ਦਾ "ਸਖੀ ਭਾਵਕ ਮਤ" ਵਾਲੇ ਕਰਦੇ ਹਨ ॥

ਕ੍ਰਿਸ਼ਨ ਮੂਰਤ ਦੀ ਪੂਜਾ ਬੀ ਹੁੰਦੀ ਹੈ । ਇਸ ਮਤ ਵਿਚ ਆਦਮੀ ਬੀ ਜਨਾਨੇ ਪਹਿਰਾਵੇ ਵਿਚ ਕ੍ਰਿਸਨ ਸਖੀਆਂ ਕਹੌਂਦੇ ਹਨ । ਕਈ ਅਨ ਬਿਆਹਤਾ ਹੀ ਰਹਿੰਦੇ ਹੈਨ । ਬੱਸ ਗੁਰੂ ਤੇ ਚੇਲੇ ਕ੍ਰਿਸ਼ਨ ਸਖੀਆਂ ਹੀ ਬਣੇ ਫਿਰਦੇ ਹਨ ।

## ਰਾਮ ਲੀਲਾ ਤੇ ਕ੍ਰਿਸ਼ਨ ਲੀਲਾ ਪਰ
## ਗੁਰੂ ਜੀ ਦੇ ਫੈਸਲੇ

ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ ॥
ਕੇਤੀਆ ਕੰਨ੍ਹ ਕਹਾਣੀਆ ਕੇਤੇ ਬੇਦ ਬੀਚਾਰ ॥
ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ ॥
ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ ॥
ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ ॥ *(ਆਸਾ ਮਹਲਾ ੧-੪੬੪ )*

ਵਾਇਨਿ ਚੇਲੇ ਨਚਨਿ ਗੁਰ ॥ ਪੈਰ ਹਲਾਇਨਿ ਫੇਰਨਿ ਸਿਰਿ ॥
ਉਡਿ ਉਡਿ ਰਾਵਾ ਝਾਟੈ ਪਾਇ ॥ ਵੇਖੈ ਲੋਕੁ ਹਸੈ ਘਰਿ ਜਾਇ ॥
ਰੋਟੀਆ ਕਾਰਣਿ ਪੂਰਹਿ ਤਾਲ ॥ ਆਪੁ ਪਛਾੜਹਿ ਧਰਤੀ ਨਾਲਿ ॥
ਗਾਵਨਿ ਗੋਪੀਆ ਗਾਵਨਿ ਕਾਨ੍ ॥ ਗਾਵਨਿ ਸੀਤਾ ਰਾਜੇ ਰਾਮ ॥

*(ਆਸਾ ਮਹਲਾ ੧-੪੬੫)*

ਕੋਲੂ ਚਰਖਾ ਚਕੀ ਚਕੁ ॥ ਥਲ ਵਾਰੋਲੇ ਬਹੁਤੁ ਅਨੰਤੁ ॥
ਲਾਟੂ ਮਾਧਾਣੀਆ ਅਨਗਾਹ ॥ ਪੰਖੀ ਭਉਦਿਆ ਲੈਨਿ ਨ ਸਾਹ ॥
ਸੂਐ ਚਾੜਿ ਭਵਾਈਅਹਿ ਜੰਤ ॥ ਨਾਨਕ ਭਉਦਿਆ ਗਣਤ ਨ ਅੰਤ ॥
- - - - - - - - - - - -
ਨਚਣੁ ਕੁਦਣੁ ਮਨ ਕਾ ਚਾਉ ॥ ਨਾਨਕ ਜਿਨ ਮਨਿ ਭਉ ਤਿਨਾ ਮਨਿ ਭਾਉ ॥

*(ਆਸਾ ਮਹਲਾ ੧-੪੬੫)*

ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥
ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥
ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੇ ਕਰਹਿ ਪਿਆਰੁ ॥
ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥

*(ਵਾਰ ਆਸਾ ਮਹਲਾ ੧-੪੬੯)*

ਸੂਚਨਾ - ਰਾਮ ਅਰ ਕ੍ਰਿਸ਼ਨ ਲੀਲਾ ਦਾ ਉਲਥਾ ਦਸਮ ਗ੍ਰੰਥ ਵਿਖੇ ਖਾਸ ਪੜ੍ਹਨੇ ਜੋਗ ਹੈ ॥

## ਸਚੀ ਰਾਸ

ਘੜੀਆ (ਰਾਤ ਦਿਨ ਦੀ) ਸਭੇ ਗੋਪੀਆਂ ਪਹਰ ਕੰਨ੍ ਗੋਪਾਲ ॥
ਗਹਿਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ॥
ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥
ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥

*(ਆਸਾ ਮਹਲਾ ੧-੪੬੫)*

ਰਾਸਿਮੰਡਲੁ ਕੀਨੋ ਆਖਾਰਾ ॥ ਸਗਲੋ ਸਾਜਿ ਰਖਿਓ ਪਾਸਾਰਾ ॥ ੧ ॥

*(ਸੂਹੀ ਮਹਲਾ ੫-੭੪੬)*

## ਅਵਤਾਰਾਂ ਦੀ ਦੁਖਤ ਹਾਲਤ ਦਾ ਇੱਕ ਖਾਸ ਫੋਟੋ

ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥ ਪਰਸਰਾਮੁ ਰੋਵੈ ਘਰਿ ਆਇਆ ॥
ਅਜੈ ਸੁ ਰੋਵੈ ਭੀਖਿਆ ਖਾਇ ॥ ਐਸੀ ਦਰਗਹ ਮਿਲੈ ਸਜਾਇ ॥
ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥
ਰੋਵੈ ਦਹਸਿਰੁ ਲੰਕ ਗਵਾਇ ॥ ਜਿਨਿ ਸੀਤਾ ਆਂਦੀ ਡਉਰੂ ਵਾਇ ॥
ਰੋਵਹਿ ਪਾਂਡਵ ਭਏ ਮਜੂਰ ॥ ਜਿਨ ਕੈ ਸੁਆਮੀ ਰਹਤ ਹਦੂਰਿ ॥

*(ਰਾਮਕਲੀ ਮਹਲਾ ੧-੯੫੩)*

ਸੂਚਨਾ – ਜਦ ਅਵਤਾਰ ਕਹੌਣ ਵਾਲੇ ਭੀੜ ਬਣੀ ਪਰ ਧਾਹਾਂ ਮਾਰ ਰੋਏ ਤਾਂ ਤਿਨ੍ਹਾਂ ਨੂੰ ਰਬ ਆਖਣ ਵਾਲਿਆਂ ਦਾ ਕੀ ਹਾਲ ਹੋਸੀ ? ਇਸ ਤਰ੍ਹਾਂ ਦੇਵਤੇ ਤਾਂ ਕਿਤੇ ਰਹੇ ਇੰਦ੍ਰ (ਦੇਵਾਂ ਦਾ ਰਾਜਾ) ਵੀ ਗੋਤਮ ਦੀ ਪਤੀਬ੍ਰਤ ਇਸਤ੍ਰੀ ਦਾ ਸਤ ਭੰਗ ਕਰਕੇ ਫਿਟਿਆ (ਸਰੀਰ ਫੁੱਟ ਤੁਰਿਆ) ਜਿਹਾ ਕਿ "ਗੋਤਮ ਤਪਾ ਅਹਿਲਿਆ ਇਸਤ੍ਰੀ, ਤਿਸ ਦੇਖ ਇੰਦ੍ਰ ਲੋਭਾਇਆ, ਸਹਸ ਸਰੀਰ ਚਿਹਨ ਭਗ ਹੂਏ, ਤਾਂ ਮਨਿ ਪਛੋਤਾਇਆ *(ਪ੍ਰਭਾਤੀ ਮ: ੧)* ਤਾਂਤੇ ਜਦ ਹਿੰਦੂ ਦੇਵਤਿਆਨ ਦੇ ਰਾਜੇ ਹੀ ਬਿਭਚਾਰ ਕਰਨ ਫਿਰ ਸੇਵਕਾਂ ਲਈ ਕੀ ਸੰਥਾ ਦੇਣਗੇ ?

ਅੱਗੇ ਬਿਸ਼ਨ ਦੇ ਅਵਤਾਰ ਪਰਸਰਾਮ ਦੀ ਕਥਾ ਵੀ ਦਿੰਦੇ ਹਾਂ। ਤਾਂ ਕਿ ਪਾਠਕਾਂ ਨੂੰ ਪਤਾ ਲਗ ਜਾਏ ਕਿ ਵਿਸ਼ਨੂ ਦੇ ਅਵਤਾਰ ਕਿਸ ਜਾਤੀ ਈਰਖਾ ਵਿੱਚ ਮਸਤ ਸਨ ? ਔਰ ਸਮੇਂ ਪਏ ਕਿਵੇਂ ਧਾਹਾਂ ਮਾਰਕੇ ਰੋਏ।

## ਪਰਸ ਰਾਮ ਦੀ ਕਥਾ

ਪੰਡਤ ਪਰਸਰਾਮ ਜੀ ਹਿੰਦੂਆਂ ਵਿਚ ਵਿਸ਼ਨੂ ਜੀ ਦੇ ਅਵਤਾਰ ਗਿਣੀ ਦੇ ਹਨ, ਇਹ ਜਾਤ ਦੇ ਬ੍ਰਾਹਮਣ ਸਨ, ਆਪ ਦੇ ਪਿਉ ਦਾ ਨਾਮ ਜਮਦਗਨ ਸੀ, ਜੋ ਸਹੰਸਰ ਬਾਹੂ ਰਾਜੇ ਦਾ ਸਾਂਢੂ ਸੀ। ਪ੍ਰੰਤੂ ਉਸਨੇ ਕਾਮ ਧੇਨ ਗਊ ਖੋਹਣ ਪਿਛੇ ਜਮਦਗਨ ਨੂੰ ਕਤਲ ਕੀਤਾ ਸੀ ਤਾਂ ਆਪ ਦੀ ਮਾਤਾ ਵੀ ਮਰ ਗਈ ਸੀ ਜਿਸ ਪਰ ਪਰਸ ਰਾਮ ਅਤੀ ਦੁਖੀ ਹੋ ਕੇ ਧਾਹਾਂ ਮਾਰ ਰੋਇਆ ਤੇ ਛਤ੍ਰੀਆਂ ਦੇ ਮਾਰਨ ਦੀ ਠਾਣੀ ਅਖੇ ! ਵਿਸ਼ਨੂੰ ਭਗਵਾਨ ਪਾਸੋਂ ਇਸਨੇ ਵਰ ਲਿਤਾ ਸੀ ਕਿ ਮੈਂ ਛਤਰੀਆਂ ਦਾ ਨਾਸ ਕਰਾਂ, ਜਿਸ ਕਾਰਨ ਆਪਣੇ ਕੁਹਾੜੇ ਨਾਲ ਵੱਢ ਵੱਢ ਕੇ ਛਤਰੀਆਂ ਦੇ ਖੂਨ ਨਾਲ ਤਲਾਬ ਭਰ ਦਿੱਤੇ ਅਰ ਪਿਉ ਦੇ ਖੂਨੀ ਸਹੰਸਰ ਬਾਹੂ ਨੂੰ ਸਮੇਤ ਪ੍ਰਵਾਰ ਦੇ ਕਤਲ ਕੀਤਾ। ਅਖੀਰ ਰਾਮ ਚੰਦ੍ਰ ਜੀ ਨਾਲ ਸੀਤਾ ਦੇ ਵਰਨ ਸਮੇਂ ਇਸ ਲਈ ਟਾਕਰਾ ਹੋਇਆ ਕਿ ਸ਼੍ਰੀ ਰਾਮ ਚੰਦ੍ਰ ਜੀ ਨੇ ਆਪ ਦੇ ਗੁਰੂ ਸ਼ਿਵਜੀ ਦਾ ਧਨਖ ਤੋੜ ਕੇ ਉਸ ਦੀ ਨਿਰਾਦਰੀ ਕਿਉਂ ਕੀਤੀ ? ਪਰੰਤੂ ਬਿਨਾਂ ਜੰਗ ਦੇ ਹੀ ਕੇਵਲ ਕਮਾਨ ਚੜ੍ਹਾਉਣ ਪਰ ਪੰਡਤ ਪਰਸ ਰਾਮ ਸ੍ਰੀ ਰਾਮ ਚੰਦ੍ਰ ਜੀ ਦਾ ਸਿੱਕਾ ਮੰਨ ਗਿਆ (ਭਾਵ ਹਾਰ ਮੰਨ ਲਿੱਤੀ) ਸ੍ਰੀ ਰਾਮ ਚੰਦ੍ਰ ਜੀ ਨੇ ਉਸ ਦਾ ਕੁਹਾੜਾ ਖੋਹ ਲਿਤਾ ਪਰ ਬ੍ਰਾਹਮਣ ਮਾਰਨ ਦੀ ਹਤਿਆ ਦੇ ਸਰਾਪ

ਦੇ ਡਰ ਤੋਂ ਜਾਨੋਂ ਨਹੀਂ ਮਾਰਿਆ। ਇਸ ਹਾਰ ਪਰ ਸਖਤ ਸ਼ਰਮਿੰਦਾ ਹੋ ਕੇ ਰੋਇਆ ਤਾਂਤੇ 'ਪਰਸਰਾਮ ਰੋਵੇ ਘਰ ਆਇਆ' ॥ ਰਾਮਕਲੀ ਵਾਰ ਮਹਲਾ ੧ ॥ ਭਾਵ ਸਤਿਗੁਰਾਂ ਨੇ ਇਸ ਪਰ ਟੀਕਾ ਟਿਪਣੀ ਕੀਤੀ ਹੈ ਕਿ ਜੋ ਪਰਸਰਾਮ ਹਿੰਦੂਆਂ ਦਾ ਰਬ (ਸ੍ਰੀ ਵਿਸ਼ਨੂ ਜੀ ਅਵਤਾਰ) ਸੀ ਤਾਂ ਮਾਪਿਆਂ ਦੇ ਕਤਲ ਪਰ ਕਿਉਂ ਰੋਇਆ ? ਅਰ ਸ੍ਰੀ ਰਾਮ ਚੰਦ੍ਰ ਜੀ ਪਾਸੋਂ ਕੁਹਾੜਾ ਖੁਹਾ ਕੇ ਕਿਉਂ ਧਾਹਾਂ ਮਾਰੀਆਂ ? ਤਥਾ ਅੱਗੋਂ ਸੂਰਮਤਾ ਕਿਉਂ ਨਾ ਵਖਾਈ ? ਅਥਵਾ ਸ੍ਰੀ ਰਾਮਚੰਦ੍ਰ ਅੱਗੇ ਆਪਣੇ ਖੂਨ ਦਾ ਪਾਣੀ ਸਾਬਤ ਕਰਕੇ ਕਿਉਂ ਕਾਇਰਤਾ ਵਖਾਈ ?

## ਕਰਮ ਬੰਧਨੀ ਅਵਤਾਰ

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥
ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥ ੧ ॥ ਰਹਾਉ॥
ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ ॥
ਕੁਲਜਨ ਮਧੇ ਮਿਲ੍ਯ੍ਯੋ ਸਾਰਗ ਪਾਨ ਰੇ ॥
ਕਰਮ ਕਰਿ ਕਲੰਕੁ ਮਫੀਟਸਿ ਰੀ ॥ ੧ ॥
ਬਿਸ੍ਵ ਕਾ ਦੀਪਕ ਸ੍ਵਾਮੀ ਤਾਚੇ ਰੇ ਸੁਆਰਥੀ ਪੰਖੀਰਾਇ ਗਰੁੜ ਤਾਚੇ ਬਾਧਵਾ ॥
ਕਰਮਿ ਕਰਿ ਅਰੁਣ ਪਿੰਗਲਾ ਰੀ ॥ ੨ ॥
ਅਨਿਕ ਪਾਤਿਕ ਹਰਤਾ ਤ੍ਰਿਭਵਣਨਾਥੁ ਰੀ
ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ ॥
ਕਰਮ ਕਰਿ ਕਪਾਲੁ ਮਫੀਟਸਿ ਰੀ ॥੩॥
ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀਚੇਨਾਥੰ ॥
ਕਰਮ ਕਰਿ ਖਾਰੁ ਮਫੀਟਸਿ ਰੀ ॥ ੪ ॥
ਦਾਧੀਲੇ ਲੰਕਾਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ ॥
ਕਰਮ ਕਰਿ ਕਛਉਟੀ ਮਫੀਟਸਿ ਰੀ ॥ ੫ ॥
ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰਗੇਹਣਿ ਤਾਚੇ ਮੋਹਿ ਜਾਪੀ ਅਲੇ ਰਾਮਚੇ ਨਾਮੰ ॥
ਬਦਤਿ ਤ੍ਰਿਲੋਚਨ ਰਾਮ ਜੀ ॥

*(ਧਨਾਸਰੀ ਭਗਤ ਤ੍ਰਿਲੋਚਨ-੬੯੫)*

ਸੂਚਨਾ - ਸੋ ਜਦ ਅਵਤਾਰ ਹੀ ਹਿੰਦੂ ਮਤ ਦੀ ਲਿਖਤਾਂ ਮੁਜਬ ਕਰਮ ਬੰਧਨਾਂ ਵਿਚ ਫਸੇ ਹੋਏ ਹੈਨ ਖਬਰੇ ! ਹਿੰਦੂ ਲੋਕ ਤਿਨਾਂ ਪਾਸੋਂ ਕੀ ਭਾਲਦੇ ਹਨ ? ਕਿਉਂਕਿ 'ਬ੍ਰਹਮ ਮਹੇਸਰ ਬਿਸ਼ਨ ਸਚੀਪਤਿ ਅੰਤ ਫਸੇ ਜਮਫਾਸਿ ਪਰੈਂਗੇ ॥ ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ ਪਗ ਤੇ ਨਰ ਫੇਰ ਨ ਦੇਹ ਧਰੈਂਗੇ ।' *ਸ: ਪਾ: ੧੦ ॥*

ਹਿੰਦੂ ਮਤ ਦੀ ਕਥਾ ਹੈ ਕਿ - ਬ੍ਰਹਮਾ ਦੇ ਸਪੁਤ੍ਰ ਕਸ਼ਜਪ ਦੇ ਦੋ ਬੇਟੇ ਅਰਣ ਤੇ ਗਰੜ ਸਨ ਇਨ੍ਹਾ ਦੀ ਮਾਤਾ ਦਾ ਨਾਮ ਬਨਿਤਾ ਸੀ। ਅਖੇ ! ਕਸ਼ਜਪ ਨੇ ਪੁਤ੍ਰ ਦੀ ਅਭਿਲਾਖਾ ਪਰ ਬਨਿਤਾ ਨੂੰ ਦੋ ਅੰਡੇ ਦਿੱਤੇ ਜੋ ਉਸ ਦੇ ਹਜ਼ਾਰ ਸਾਲ ਨੀਯਤ ਸਮੇਂ ਤੋਂ ਅੱਗੋਂ ਤੋੜਨ ਪਰ ਵਿੱਚੋਂ 'ਅਰਣ' ਪਿੰਗਲਾ ਜਮ ਪਿਆ ਸੀ। ਅਖੇ ! ਇਹੋ ਅਕਾਸ ਵਿਚ ਉਡਕੇ ਸੂਰਜ ਦਾ ਰਥਵਾਹੀ ਜਾ ਬਣਿਆ। 'ਗਰੜ' ਅਰਣ ਦਾ ਛੋਟਾ ਭਾਈ ਸੀ ਇਸ ਨੂੰ ਵਿਸ਼ਨੂੰ ਦੀ ਮਾਤਾ 'ਕਦਰੂ' ਦੇ ਅੰਡੇ ਵਿੱਚੋਂ ਹਜ਼ਾਰ ਸਰਪ ਜਨਮੇ (ਜਿਨ੍ਹਾਂ ਵਿੱਚੋਂ ਸ਼ੇਸ਼ਨਾਗ, ਤਛਕ ਤੇ ਕਾਲੀ ਨਾਗ ਆਦਿ ਜੋ ਸਰਪਾਂ ਦੇ ਰਾਜੇ ਮੰਨੇ ਗਏ ਹੈਨ) ਚੂੰਕਿ ਗਰੜ ਦੀ ਮਾਤਾ (ਕਦਰੂ) ਦੁਖ ਦਿੰਦੀ ਸੀ ਸੋ ਉਸਦੀ ਬੰਦ ਖਲਾਸੀ ਹਿੱਤ ਗਰੜ ਨੇ ਆਪਣੇ ਮਤ੍ਰੇਏ ਭਾਈ ਮਾਰ ਘੱਤੇ ਤੇ ਅਪਣੀ ਮਾਈ (ਬਨਿਤਾ) ਨੂੰ ਸਵਰਗਾਂ ਵਿੱਚੋਂ ਲਿਆ ਕੇ ਜ਼ਿੰਦਾ ਕੀਤਾ। ਅਖੇ ! ਗਰੜ ਨੇ ਵਿਸ਼ਨੂੰ ਤੋਂ ਵਰ ਲਿਤਾ ਸੀ ਕਿ ਮੈਨੂੰ ਸਰਪਾਂ ਦੀ ਜ਼ਹਿਰ ਨਾ ਚੜ੍ਹੇ ਤਾਂ ਤੇ ਹੁਣ ਤੀਕ ਗਰੜ(ਗਰੜ ਫੰਖ) ਰਾਮ ਜੀ ਦਾ ਘੋੜਾ ਕਹਿ ਕੇ ਮੰਨੀਦਾ ਹੈ ਸੱਪਾਂ ਨਾਲ ਇਸਦਾ ਪੁਰਾਣਾ ਵੈਰ ਦਸੀ ਦਾ ਹੈ। ਦੁਸਹਿਰੇ ਵਾਲੇ ਦਿਨ ਹਿੰਦੂ ਲੋਕ ਗਰੜ ਦੇ ਦਰਸ਼ਨ ਕਰਕੇ ਤ੍ਰਿਪਤ ਹੁੰਦੇ ਹਨ। ਗਰੜ ਦਾ ਸੰਵਾਦ ਪਰ ਹਿੰਦੂ ਕਰਮ ਧਰਮ ਦਾ ਪ੍ਰਸਿੱਧ ਗ੍ਰੰਥ 'ਗਰੜ ਪੁਰਾਣ' ਬੀ ਹੈ। ਅਰਣ ਦਾ ਪਿੱਛਲੇ ਜਨਮ ਵਿੱਚ ਪੰਛੀਆਂ ਦੀਆਂ ਲੱਤਾਂ ਤੋੜਨ ਦਾ ਕਰਮ ਪਿੰਗਲਾ ਹੋਣਾ ਵੀ ਮੰਨਿਆਂ ਹੈ ਇਸੇ ਲਈ ਭਗਤ ਜੀ ਨੇ ਦਸਿਆ ਹੈ ਕਿ ਅਰਣ ਦਾ ਕਰਮ ਫਲ਼ ਹਿੰਦੂਆਂ ਦਾ ਸੂਰਜ ਭਗਵਾਨ ਦੇਵਤਾ ਨਾ ਕਟ ਸਕਿਆ ਹਾਲਾਂ ਕਿ ਉਸਦਾ ਛੋਟਾ ਭਾਈ ਵਿਸ਼ਨੂ ਭਗਵਾਨ (ਹਿੰਦੂ ਰੱਬ) ਦੀ ਸਵਾਰੀ ਦਿੰਦਾ ਸੀ। ਸੋ ਜਦ ਐਸੇ ਨਿਕਟ ਵਰਤੀ ਸੇਵਕਾਂ ਦੇ ਕਰਮ ਬੰਧਨ ਸੂਰਜ ਤੇ ਵਿਸ਼ਨੂ ਜੀ ਨਾ ਕੱਟ ਸਕੇ ਤਾਂ ਹੋਰਾਂ ਨੂੰ ਕਿਵੇਂ ਕਰਮ ਬੰਧਨਾਂ ਤੋਂ ਛੁਡਾ ਸਕਦੇ ਹੈਨ ? ਇਸ ਲਈ ਸੂਰਜ ਭਗਵਾਨ ਤਥਾ ਵਿਸ਼ਨੂ ਭਗਵਾਨ ਪਰ ਕਰਮ ਬੰਧਨ ਤੋੜਨ ਦੀ ਆਸਾ ਰਖਣੀ ਨਿਸ਼ਫਲ ਹੈ ॥

# ਵੇਦਾਂ ਵਿੱਚ ਮੰਨੇ ਗਏ ਹਿੰਦੂ ਦੇਵਤੇ

ਯਜੁਰ ਵੇਦ ਦੇ ਅਧਯਾਯ ੧੪ ਮੰਤ੍ਰ ੨੦ ਦੇ ਭਾਵ ਅਨੁਸਾਰ ਅਗਨੀ ਭੀ ਦੇਵਤਾ, ਵਾਯੂ ਭੀ ਦੇਵਤਾ, ਚੰਦ੍ਰਮਾ ਭੀ ਦੇਵਤਾ, ਵਿਸ਼ਨੂ ਭੀ ਦੇਵਤਾ, ਸ਼ਿਵ ਜੀ ਭੀ ਦੇਵਤਾ (ਮੁੜ ਮੁੜ ਈਹੋ) ਫਿਰ ਬ੍ਰਹਮ ਪਤੀ ਭੀ ਦੇਵਤਾ, ਇੰਦ੍ਰ ਭੀ ਦੇਵਤਾ, ਵਰੁਣ ਭੀ ਦੇਵਤਾ।

ਸਿੱਟਾ ਕੀ ! ਹਿੰਦੂ ਮਤ ਦੇ ਵਡੇ ਵਡੇ ਦੇਵਤੇ ਈਹੋ ਹਨ ਜੋ ਹਰ ਕੰਮ ਵਿਚ ਸਹਾਇਤਾਕਾਰ ਮੰਨੀ ਦੇ ਹਨ। ਤਥਾ ਵੇਦਾਂ ਵਿਚ ਇਨ੍ਹਾਂ ਦੀ ਮੁੱਖ ਉਪਾਸ਼ਨਾ ਮੰਨੀ ਗਈ ਹੈ। ਕਿਤੇ ਕਿਤੇ ਇਨ੍ਹਾਂ ਨਾਲ ਧਰਮ ਰਾਜਾ ਦੇਵਤਾ, ਮਿੱਤ੍ਰ ਦੇਵਤਾ, ਸਵਿਤਾ ਦੇਵਤਾ, ਵਾਸਦੇਵ ਦੇਵਤਾ, ਸਮੁੰਦ੍ਰ ਦੇਵਤਾ ਮਿਲਾਏ ਗਏ ਹਨ। ਅਗੇ ਇਨ੍ਹਾਂ ਦੀਆਂ ਸ਼ਾਖਾਂ ਅਨੁਸਾਰ ਤੇਤੀਸ ਕਰੋੜ ਦੇਵਤੇ ਧਿਆਏ ਜਾਂਦੇ ਹਨ ਕਈ ਹੁਣ ਵੀ ਮੁੱਖੀ ਤੇਤੀਸ ਹੀ ਗਿਣਦੇ ਹਨ। ਜਿਹਾ ਕਿ ਅਠ ਬਸੂ, ਗਿਆਰਾਂ ਰੁਦ੍ਰ, ਬਾਰਾਂ ਆਦਿਤਯ, ਇਕ ਪ੍ਰਜਾਪਤਿ ਅਰ ਇੱਕ ਇੰਦ੍ਰ। ਹਿੰਦੂ ਕਥਾ ਹੈ ਕਿ :- ਹਿੰਦੂਆਂ ਦੇ ਦੇਵਤਿਆਂ ਦੇ ਰਾਜੇ ਇੰਦ੍ਰ ਨੇ ਦੇਵਤਿਆਂ ਪਾਸੋਂ ਪੁੱਛਿਆ ਕਿ ਮਾਤਲੋਕ ਵਿਚ ਮੇਰੀ ਵਹੁਟੀ 'ਸਚੀ' ਜਾਂ ਮੇਰੀ ਉਰਬਸੀ ਅਪੱਛਰਾਂ ਨਾਲੋਂ ਬੀ ਕੋਈ ਸੁੰਦਰ ਇਸਤ੍ਰੀ ਹੈ ? ਅਖੇ ! ਚੰਦ੍ਰਮਾ ਦੇਵਤੇ ਨੇ ਕਹਿਆ ਕਿ ਗੋਤਮ ਤਪੇ ਦੀ ਇਸਤ੍ਰੀ ਅਹਿੱਲਿਆ ਅਤਯੰਤ ਸੁੰਦਰ ਹੈ, ਇਹ ਸੁਣ ਕੇ ਰਾਜੇ ਇੰਦ੍ਰ ਨੇ ਚੰਦ੍ਰਮਾ ਦੇਵਤੇ ਨਾਲ ਮਿਲ ਕੇ ਅਹਿਲਿਆ ਨਾਲ ਕੁਕਰਮ ਕਰਨ ਦੀ ਵਿਉਂਤ ਨਿਕਾਲੀ। ਅਖੇ ! ਚੰਦ੍ਰਮਾਂ ਨੇ ਤਾਂ ਮੁਰਗੇ ਦਾ ਰੂਪ ਧਾਰ ਕੇ ਅੱਧੀ ਰਾਤ ਤੋਂ ਪਹਿਲਾਂ ਹੀ ਗੋਤਮ ਦੇ ਘਰ ਅਗੇ ਜਾ ਕੇ ਬਾਂਗ ਦੇ ਦਿੱਤੀ ਔਰ ਆਪਣੇ ਚੜ੍ਹਨ ਔਰ ਛਿਪਣ ਵਿਚ ਭੀ ਤਬਦੀਲੀ ਕਰ ਦਿੱਤੀ। ਸੋ ਕੁੱਕੜ ਦੀ ਬਾਂਗ ਅਨੁਸਾਰ ਅਮ੍ਰਿਤ ਵੇਲਾ ਸਮਝ ਕੇ ਗੌਤਮ ਤਪਾ ਅਪਣੇ ਨਿੱਤ ਨਿਯਮ ਅਨੁਸਾਰ ਗੰਗਾ ਵਿਖੇ ਸਨਾਨ ਕਰਨ ਚਲਾ ਗਿਆ। ਉਧਰੋਂ ਇੰਦ੍ਰ ਦੇਵਤਾ ਗੌਤਮ ਦਾ ਸ੍ਵਾਂਗ ਧਾਰ ਕੇ ਉਸ ਦੇ ਅੰਦਰ ਜਾ ਵੜਿਆ। ਅੱਧੀ ਰਾਤ ਨੂੰ ਕੁਕਰਮ ਕਰਨ ਦੀ ਵਿਉਂਤ ਇਉਂ ਬਣਾਈ ਸੀ। ਅਖੇ ! ਇੰਦ੍ਰ ਦੇਵਤਾ ਅੰਮ੍ਰਿਤ ਵੇਲੇ ਇਹ ਪਾਪ ਨਹੀਂ ਸੀ ਕਰਨਾ ਚਾਹੁੰਦਾ। ਜਦ ਗੌਤਮ ਅੱਧੀ ਰਾਤ ਨੂੰ ਗੰਗਾ ਵਿੱਚ ਸਨਾਨ ਕਰਨ ਲੱਗਾ ਤਾਂ ਗੰਗਾ ਨੇ ਕਿਹਾ ਹਾਲਾਂ ਅੱਧੀ ਰਾਤ ਹੈ ਮੈਂ ਸੁਤੀ ਹਾਂ ਇਸ ਲਈ ਮੈਨੂੰ ਬੇਆਰਾਮ ਨ ਕਰੀਏ ਤਾਂ ਗੋਤਮ ਨੇ ਉਤਰ ਦਿੱਤਾ ਕਿ ਮੈਂ ਕੁੱਕੜ ਦੀ ਬਾਂਗ ਪਰ ਅੰਮ੍ਰਿਤ ਵੇਲੇ ਹੀ ਆਇਆ ਹਾਂ। ਅਖੇ ! ਤਿਸ ਪਰ ਗੰਗਾ ਮਾਈ ਨੇ ਕਿਹਾ ਕਿ ਨਹੀਂ ਤੇਰੇ ਨਾਲ ਧੋਖਾ ਹੋ ਰਿਹਾ ਹੈ। ਤਿਸ ਪਰ ਗੌਤਮ ਘਰ ਨੂੰ ਦੌੜਿਆ। ਇੰਦ੍ਰ ਦੀ ਚੋਰੀ ਦਾ ਪਤਾ ਹੋਣ ਪਰ ਰਿਖੀ ਨੇ ਉਡੇ ਜਾਂਦੇ ਚੰਦ੍ਰਮਾਂ ਨੂੰ ਆਪਣਾ ਗਿੱਲਾ ਪਰਨਾ ਮਾਰਿਆ ਜੋ ਅਜ ਤੀਕ ਚੰਦ੍ਰਮਾ ਵਿਚਲੇ ਕਾਲੇ ਦਾਗ ਉਸੀ ਪਰਨੇ ਦੇ ਦਾਗ ਮੰਨੇ ਹੈਨ। ਹਿੰਦੂਆਂ ਵਿੱਚ ਇਨ੍ਹਾਂ ਨਿਸ਼ਾਨਾਂ ਦਾ ਨਾਮ

ਚੰਦ੍ਰਮਾਂ ਨੂੰ 'ਕਲੰਕ ' ਮੰਨਿਆਂ ਜਾ ਰਿਹਾ ਹੈ । ਇਸ ਤੋਂ ਬਿਨਾਂ ਚੰਦ੍ਰਮਾਂ ਦੇ ਇਸ ਕਲੰਕ ਦਾ ਕਾਰਨ ਆਪਣੇ ਗੁਰੂ ਬ੍ਰਹਿਸਪਤ ਦੀ ਇਸਤ੍ਰੀ ਕੱਢਣਾ ਵੀ ਦੱਸਿਆ ਹੈ । ਇਹ ਕਥਾ ਵੀ ਹੈ ਕਿ ਚੰਦ੍ਰਮਾਂ ਦੇ ਘਰ ਦਖਜਪ੍ਰਜਾਪਤ ਦੀਆਂ ਛਬੀ ਸਤਾਈ ਕੁ ਲੜਕੀਆਂ ਸਨ 'ਚੰਦ੍ਰਮਾ' ਦੇ ਭੈੜੇ ਵਰਤਾਉ ਕਰਨੇ ਸੇ ਦਖਜਪ੍ਰਜਾਪਤ ਨੇ ਚੰਦ ਨੂੰ ਸਰਾਪ ਨਾਲ ਖਈ ਰੋਗ ਲਾ ਦਿੱਤਾ ਤਾਂ ਚੰਦ ਨੇ ਭਾਰੀ ਤਪ ਕਰਕੇ ਦਖਯ ਨੂੰ ਖੁਸ਼ੀ ਕੀਤਾ ਜਿਸ ਪਰ ਦਖਜ ਨੇ ਪੰਦ੍ਰਾਂ ਦਿਨ ਕਲਾ ਵਧਣੀ ਤੇ ਪੰਦ੍ਰਾਂ ਦਿਨ ਘਟਣੀ ਫੁਰਮਾ ਦਿੱਤੀ । ਗੌਤਮ ਦੇ ਸਮੇਂ ਤੋਂ ਬੀ ਵਧਣਾ ਘਟਣਾ ਸਰਾਪ ਕਹੀਦਾ ਹੈ । ਅਖੇ ! ਉਕਤ ਕੁਕਰਮਾਂ ਦੇ ਫਲ (ਕਲੰਕਾਂ) ਪਿੱਛੇ ਹੀ ਚੰਦ੍ਰਮਾਂ, ਸ਼ਿਵਜੀ ਦੀਆਂ ਜਟਾਂ ਅੰਦਰ ਰਹਿਣ ਵਾਲੀ ਗੰਗਾ ਵਿੱਚ ਸਨਾਨ ਕਰੀ ਜਾ ਰਿਹਾ ਹੈ ਤੇ ਸਦਾ ਸ਼ਿਵਾਂ ਦੇ ਮੱਥੇ ਪਰ ਰਹਿੰਦਾ ਹੈ ਪਰ ਅਜਾਂ ਤੀਕ ਓਹ ਕਲੰਕ ਨਹੀਂ ਹਟਿਆ । ਅਖੇ ! ਗੌਤਮ ਤਪੇ ਦੇ ਬਾਹਰੋਂ ਆਉਣ ਸਾਰ ਇੰਦ੍ਰ ਦੇਵਤਾ ਨੱਠ ਤੁਰਿਆ ਤਪੇ ਨੇ ਉਸ ਨੂੰ ਸਰਾਪ ਦੇ ਦਿੱਤਾ ਕਿ ਤੂੰ ਇੱਕ ਭਗ ਦੀ ਖਾਤਰ ਕੁਕਰਮ ਕਰਨ ਆਇਆ ਹੈਂ ਇਸ ਲਈ ਤੂੰ ਸਹਸ ਭਗ ਗਾਮੀ ਹੋਵੇਂਗਾ ਅਖੇ ! ਇਸ ਤੋਂ ਇੰਦ੍ਰ ਦੇ ਸਰੀਰ ਪਰ ਹਜ਼ਾਰਾਂ ਭਗ ਦੇ ਚਿੰਨ੍ਹ ਹੋ ਗਏ (ਸਰੀਰ ਫਿੱਟ ਗਿਆ) ਇੰਦ੍ਰ ਦੇਵਤਾ ਇਸ ਦੁੱਖ ਦਾ ਮਾਰਿਆ ਪੰਪਾਸਰ ਤਾਲਾਬ ਵਿੱਚ ਜਾ ਲੁਕਿਆ ਇੰਦ੍ਰ ਦਾ ਸਿੰਘਾਸਨ ਖਾਲੀ ਹੋਣ ਪਰ ਦੇਵਤੇ ਵਿਸ਼ਨ ਭਗਵਾਨ ਪਾਸ ਜਾ ਰੋਏ ਕਿ ਸਾਡੇ ਮਹਾਰਾਜੇ ਦੀ ਰੱਛਿਆ ਕਰੋ । ਲਿਖਾ ਹੈ ਕਿ ਤਿਸ ਪਰ ਵਿਸ਼ਨੂੰ ਜੀ ਨੇ ਪ੍ਰਸੰਨ ਹੋ ਕੇ ਇੰਦ੍ਰ ਦੇ ਸਰੀਰ ਪਰ ਹਜਾਰ ਭਗ ਦੀ ਜਗ੍ਹਾ ਹਜ਼ਾਰ ਨੇਤ੍ਰ ਰਚ ਦਿਤੇ ( ਦੇਖਾ ਵਿਸ਼ਨੂੰ ਜੀ ਦਾ ਇਨਸਾਫ ?)

ਇਹ ਭੀ ਦੱਸਿਆ ਹੈ ਕਿ ਤਪੇ ਨੇ ਅਹਿਲਿਆ ਨੂੰ ਬੀ ਸਰਾਪ ਨਾਲ ਪੱਥਰ (ਸਿਲਾ) ਬਣਾ ਦਿੱਤਾ । ਉਹ ਰਾਮਚੰਦ੍ਰ ਦੇ ਚਰਨ ਛੂਹਣ ਨਾਲ ਤਰੀ । ਅਖੇ ! ਤਪੇ ਨੇ ਅਪਣੀ ਸਪੁਤ੍ਰੀ ਅੰਜਨੀ ਨੂੰ ਬੀ ਪੁੱਛਿਆ ਸੀ ਅੰਦਰ ਕੌਣ ਹੈ ? ਉਸਨੇ ਕਿਹਾ 'ਮੰਜਾਰਾ' ਅਰਥਾਤ ਬਿੱਲਾ (ਜਾਂ ਮਾਂ ਦਾ ਯਾਰ) ਇਸ ਦੇ ਦੋ ਅਰਥੇ ਸਬਦ ਪਰ ਉਸ ਨੂੰ ਬੀ ਸਰਾਪ ਦੇ ਦਿੱਤਾ ਕਿ ਤੇਰੇ ਕਵਾਰੀ ਦੇ ਲੜਕਾ ਹੋਸੀ ਸੋ ਉਸ ਕਵਾਰੀ ਤੋਂ ਹਨੂਮਾਨ ਜੰਮੇ ਦਸੇ ਹੈਨ ॥

ਗੁਰੂ ਸਾਹਿਬਾਂ ਨੇ ਇਨ੍ਹਾਂ ਕਥਾਂ ਪਰ ਸੰਬੋਧ ਕੀਤਾ ਹੈ -

ਸਹੰਸ੍ਰ ਦਾਨ ਦੇ ਇੰਦ੍ਰ ਰੋਆਇਆ (ਰਾਮਕਲੀ ਵਾਰ ਮਹਲਾ ੩)
ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰ ਲੁਭਾਇਆ ॥
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ॥

(ਪ੍ਰਭਾਤੀ ਮਹਲਾ ੧-੧੩੪੪)

ਇਸ ਤੋਂ ਕੌਣ ਕਹਿ ਸਕਦਾ ਹੈ ਕਿ ਇੰਦ੍ਰ ਇਕ ਵਸ਼ਈ ਰਾਜਾ ਨਹੀਂ ਸੀ ?

ਭਗਤ ਰਵਿਦਾਸ ਜੀ ਨੇ ਇੰਦ੍ਰ ਨੂੰ 'ਕਾਮੀ' ਹੋਣ ਦਾ ਫਤਵਾ ਦਿੱਤਾ ਹੈ । ਯਥਾ-

ਗੋਤਮ ਨਾਰਿ ਉਮਾਪਤਿ ਸ੍ਰਾਮੀ । ਸੀਸੁ ਧਰਨਿ ਸਹਸ ਭਗ ਗਾਂਮੀ ॥

(ਜੈਤਸਰੀ ਰਵਿਦਾਸ-੭੧੦)

ਭਗਤ ਕਬੀਰ ਜੀ ਨੇ ਰਾਗ ਭੈਰਉ ਵਿਖੇ ਦਸਿਆ ਹੈ । 'ਮੈਲਾ ਬ੍ਰਹਮਾਂ ਮੈਲਾ ਇੰਦ । ਰਵਿ ਮੈਲਾ, ਮੈਲਾ ਹੈ ਚੰਦ ॥' ਸੋ ਜਦ ਦੇਵਤਿਆਂ ਦਾ ਰਾਜਾ ਇੰਦਰ ਐਸਾ ਹੈ ਤਦੇ ਗੁਰੂ ਹੁਕਮ ਹੈ ਕਿ:-

'ਇੰਦ੍ਰ ਇੰਦ੍ਰਾਸਣਿ ਬੈਠੇ ਜਮ ਕਾ ਭਉ ਪਾਵਹਿ ॥ ਜਮੁ ਨ ਛੋਡੈ ਬਹੁ ਕਰਮ ਕਮਾਵਹਿ ॥
ਸਤਿਗੁਰੁ ਭੇਟੈ ਤਾ ਮੁਕਤਿ ਪਾਈਐ ਹਰਿ ਹਰਿ ਰਸਨਾ ਪੀਜੈ ਹੇ ॥

(ਮਾਰੂ ਮਹਲਾ ੩-੧੦੪੯)

ਹਿੰਦੂ ਦੇਵਤੇ ਕਰਤਾਰ ਦੇ ਭੈ ਵਿਚ

ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥
ਭੈ ਵਿਚਿ ਜੋਧ ਮਹਾ ਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥

(ਆਸਾ ਮਹਲਾ ੧-੪੬੪)

ਸਿਧ ਸਾਧਿਕ ਤੇਤੀਸ ਕੋਰਿ ਤਿਰੁ ਕੀਮ ਨ ਪਰੀਐ ॥
ਬ੍ਰਹਮਾਦਿਕ ਸਨਕਾਦਿ ਸੇਖ ਗੁਣ ਅੰਤੁ ਨ ਪਾਏ ॥
ਅਗਹੁ ਗਹਿਓ ਨਹੀ ਜਾਇ ਪੂਰਿ ਸਰਬ ਰਹਿਓ ਸਮਾਏ ॥

(ਸਵੈਯੇ ਮਹਲਾ ੫-੧੩੯੬)

ਸਨਕ ਸਨੰਦ ਮਹੇਸ ਸਮਾਨਾਂ ॥ ਸੇਖਨਾਗਿ ਤੇਰੋ ਮਰਮੁ ਨ ਜਾਨਾਂ ॥ ੧ ॥
ਸੰਤਸੰਗਤਿ ਰਾਮ ਰਿਦੈ ਵਸਾਈ ॥ ਰਹਾਉ ॥
ਹਨੂਮਾਨ ਸਰਿ ਗਰੜ ਸਮਾਨਾਂ ॥ ਸੁਰਪਤਿ ਨਰਪਤਿ ਨਹੀ ਗੁਨ ਜਾਨਾਂ ॥

(ਧਨਾਸਰੀ ਕਬੀਰ-੬੯੧)

## ਹਿੰਦੂ ਮਤ ਵਿਚ ਦੇਵੀ ਪੂਜਾ

ਹਿੰਦੂ ਲੋਕ ਜਿਸ ਤਰ੍ਹਾਂ ਹਜ਼ਾਰਾਂ ਹੀ ਮਨਕਲਪਤ ਦੇਵਤੇ ਪੂਜੀ ਜਾ ਰਹੇ ਹੈਨ ਇਸੀ ਤਰ੍ਹਾਂ ਦੇਵੀ ਪੂਜਾ ਦੀ ਵੀ ਭਰਮਾਰ ਹੈ । ਦੇਵੀਆਂ ਜਾਂ ਤਾਂ ਦੇਵਤਿਆਂ ਦੀਆਂ ਵਹੁਟੀਆਂ ਹੈਨ ਜਾਂ ਕਵਾਰੀਆਂ ਲੜਕੀਆਂ ਅਥਵਾ ਮਨਕਲਪਤ ਸ਼ਕਤੀਆਂ ਦਾ ਨਾਮ ਹੈ । ਕੁਝ ਸਤੀਆਂ ਹੈਨ ਅਰ ਅਵਤਾਰਾਂ ਵਾਂਗ ਸਿਲਸਿਲੇ ਜੋੜ ਕੇ ਬੀ ਦਸੇ ਹਨ ॥ ਬਲਕਿ ਦੇਵੀਆਂ ਦੇ ਕਈ ਫਿਰਕੇ ਹੈਨ ਜੋ ਸ਼ਾਕਤਕ ਮਤ ਕਹੀਦੇ ਹੈਨ ।

ਭੈਰਉ ਦੇਵੀ ਦੀ ਖਾਸ ਪੂਜਾ ਹੁੰਦੀ ਹੈ । ਜੋ ਸ਼ਿਵਜੀ ਤੇ ਦੁਰਗਾ ਦੇਵੀ ਦੀ ਅਵਤਾਰ ਮੰਨੀ ਹੈ ਇਹ ਕੁਤੇ ਪਰ ਸਵਾਰ ਦਸੀ ਹੈ ਤੇ ਭੂਤਾਂ ਦੀ ਸਰਦਾਰਨੀ ਮੰਨੀ ਹੈ । ਇਸ ਦੀ ਸ਼ਕਲ ਵਡੀ ਡਰੌਣੀ ਜਿਹੀ ਦਿਖਲਾਈ ਹੈ ਸਿਰ ਖੁਥਾ ਤੇ ਹਥ ਵਿਚ ਛੁਰੀ ਤੇ ਸ਼ਰਾਬ ਦੀ ਬੋਤਲ ਮੂੰਹ ਕਾਲਾ ਹੁੰਦਾ ਏ ॥ ਸੀਤਲਾ ਦੇਵੀ ਦੀ ਸਵਾਰੀ ਖੋਤੇ ਦੀ ਦਖਾਈ ਹੈ ਹਿੰਦੂ ਇਹਨੂੰ ਮਾਤਾ(ਚੀਚਕ) ਦੀ ਬੀਮਾਰੀ ਦੀ ਰਖਜਕ ਕਰਕੇ ਪੂਜਦੇ ਹੈਨ । ਹਿੰਦੂ ਔਰਤਾਂ ਇਸ ਨੂੰ ਛੋਲੇ (ਬਰੂੜ), ਮਿੱਠੀ ਤੇ ਬੇਹੀ ਰੋਟੀਆਂ ਦਿੰਦੀਆਂ ਤੇ ਵਰਤ ਰਖਦੀਆਂ ਹਨ । ਇਸੇ ਤਰ੍ਹਾਂ ਕਾਲੀ ਕਲਕਤੇ ਵਾਲੀ ਮਸ਼ਹੂਰ ਹੈ ਅਖੇ ! ਚਾਰ ਦੇਵਤੇ ਇਸ ਦੀ ਸੇਵਾ ਕਰਦੇ ਹਨ, ਬੰਗਾਲੀ ਅਕਸਰ ਕਾਲੀ ਦੇ ਉਪਾਸ਼ਕ ਹੈਨ ਇਹ ਤੰਤ੍ਰਾਂ ਮੰਤ੍ਰਾਂ ਦੀ ਸਰਦਾਰਨੀ ਮੰਨੀ ਹੈ । ਕਾਲੀ ਦੀ ਪੂਜਾ ਵਿਚ ਚਾਰ ਚਕਰ ਚੌਹਾਂ ਦੇਵਤਿਆਂ (ਅਰਦਲੀਆਂ) ਦੇ ਬਣਾਂਦੇ ਨੇ । ਚਾਰ ਦੇਵਤੇ ਭੈਰਵ, ਜੋਗਨੀ, ਗਣੇਸ਼ ਅਰ ਕਸਸੇਤਰਾਮਾਲਾ ਮੰਨੇ ਹਨ । ਇਕ ਆਦਿ ਭਵਾਨੀ (ਜਾਂ ਅਸ਼ਟ ਭੁਜੀ ਮਹਾਂਮਾਈ) ਕਰਕੇ ਪ੍ਰਸਿਧ ਹੈ, ਇਸ ਪਾਸੋਂ ਹਿੰਦੂ ਮੁਰਾਦਾਂ ਮੰਗਦੇ ਹਨ ॥

ਉਕਤ ਦੇਵੀਆਂ ਤੋਂ ਬਿਨਾਂ ਦੁਰਗਾ ਦੇਵੀ ਦੀ ਵੀ ਖਾਸੀ ਮਾਨਤਾ ਹੈ ਇਸੇ ਨੂੰ ਭਗਉਤੀ (ਭਗਵਤੀ) ਕਹਿੰਦੇ ਨੇ । ਹਿੰਦੂਆਂ ਵਿਚ ਚੰਡੀ ਦੀ ਵਾਰਾਂ ਪ੍ਰਚਲਤ ਹੈਨ ਇਸਦੇ ਉਪਾਸ਼ਕ ਦੇਵੀ ਭਗਤ (ਸੰਤ) ਕਹੌਂਦੇ ਨੇ ਜੋਤਾਂ ਜਗਾ ਕੇ ਦੇਵੀ ਪੂਜਾ ਹੁੰਦੀ ਏ । ਰਾਤ ਨੂੰ ਜਾਗੇ ਕਰਦੇ ਨੇ ਤੇ ਨਵਰਾਤੇ ਦੇ ਦਿਨਾਂ ਵਿਚ ਦੇਵੀ ਭੇਟਾਂ ਗੌਂਦੇ ਨੇ । ਰਾਜੇ ਸੁੰਭ ਨਿਸੁੰਭ, ਰਕਤ, ਬੀਜ ਆਦਿਕਾਂ ਨਾਲ ਇਸੀ ਦੇ ਜੰਗ ਹੋਏ (ਦੇਖੋ ਦਸਮ ਗ੍ਰੰਥ ਵਿਚ ਚੰਡੀ ਚਰਿਤ੍ਰ ਤੇ ਭਗੁਉਤੀ ਵਾਰ)

**ਇਸ ਪਰ ਗੁਰਵਾਕ**

ਮਾਇਆ ਮੋਹੇ ਦੇਵੀ ਸਭਿ ਦੇਵਾ ॥ ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥

*(ਗਉੜੀ ਮਹਲਾ ੧-੨੨੭)*

ਚੇਰੀ ਕੀ ਸੇਵਾ ਕਰਹਿ ਠਾਕੁਰ ਨਹੀ ਦੀਸੈ ॥ ਪੋਖਰੁ ਨੀਰ ਵਿਰੋਲੀਐ ਮਾਖਨੁ ਨਹੀ ਰੀਸੈ ॥

*(ਗਉੜੀ ਮਹਲਾ ੧-੨੨੯)*

ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ ॥

*(ਰਾਗ ਭੈਰਉ ਮਹਲਾ ੫ )*

ਦੇਵੀ ਦੇਵਾ ਮੂਲੁ ਹੈ ਮਾਇਆ ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥

*(ਮਾਝ ਮਹਲਾ ੩-੧੨੯)*

ਅਨਹਦ ਰੂਪ ਅਨਾਹਦ ਬਾਨੀ ॥ ਚਰਨ ਸਰਨ ਜਿਹ ਬਸਤ ਭਵਾਨੀ ॥
ਬ੍ਰਹਮਾ ਬਿਸ਼ਨ ਅੰਤ ਨਹਿ ਪਾਯੋ ॥ ਨੇਤਿ ਨੇਤਿ ਮੁਖ ਚਾਰ ਬਤਾਯੋ ॥

ਕੋਟਿ ਇੰਦ੍ਰ ਉਪਇੰਦ੍ਰ ਬਨਾਯੋ ॥ ਬ੍ਰਹਮਾ ਰੁਦ੍ਰ ਉਪਾਇ ਖਪਾਯੋ ॥
*(ਅਕਾਲ ਉਸਤਤਿ ਪਾਤਸ਼ਾਹੀ ੧੦)*

ਦੇਵੀ ਦੇਵ ਪੂਜਾ ਦਾ ਫਲ

ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨੁ ਉਹੁ ਛਾਰ ਉਡਾਵੈ ॥੧।
ਹਉ ਤਉ ਏਕੁ ਰਮਈਆ ਲੈਹਉ ॥ ਆਨ ਦੇਵ ਬਦਲਾਵਨਿ ਦੈਹਉ ॥੧।॥ਰਹਾਉ॥
ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥੨ ॥
ਮਹਾਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਏ ਅਉਤਰੈ ॥ ੩ ॥
ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥ ੪ ॥
ਗੁਰਮਤਿ ਰਾਮਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥
*॥ ਗੋਂਡ ਨਾਮਦੇਉ-੮੭੪ ॥*

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ ਰਾਖੈ ਨਾਰਿ ॥
ਗਦਹੀ ਹੋਇਕੈ ਅਉਤਰੈ ਭਾਰੁ ਸਹੈ ਮਨ ਚਾਰਿ ॥
*॥ ਸਲੋਕ ਕਬੀਰ ਜੀ-੧੩੭੦ ॥*

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਰਾਤਿ ਜਗਾਵਨ ਜਾਇ ॥
ਸਰਪਨਿ ਹੋਇ ਕੈ ਅਉਤਰੈ ਜਾਏ ਅਪੁਨੇ ਖਾਇ ॥
*॥ ਸਲੋਕ ਕਬੀਰ-੧੩੭੦ ॥*

ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮੁ ਨਹੀ ਜਾਨਾ ॥
ਕਹਤ ਕਬੀਰ ਅਕੁਲੁ ਨਹੀ ਚੇਤਿਆ ਬਿਖਿਆ ਸਿਉ ਲਪਟਾਨਾ ॥
*॥ ਗਉੜੀ ਕਬੀਰ-੩੩੨॥*

ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥
*॥ ਰਾਮਕਲੀ ਮਹਲਾ ੫-੮੯੪॥*

## ਵੇਦ ਸਿਮ੍ਰਿਤ ਸ਼ਾਸਤ੍ਰ

ਅਜਕਲ ਦੇ ਵਿਦਜਵਾਨਾਂ ਦੀ ਖੋਜ ਦਾ ਸਿੱਟਾ ਹੈ ਕਿ ਹਿੰਦੂਆਂ ਦੇ ਵੇਦ ਆਦਿਕ ਪੰਜ ਕੁ ਹਜ਼ਾਰ ਸਾਲਾਂ ਤੋਂ ਪਹਿਲਾ ਨਹੀਂ ਸਨ, ਇਨ੍ਹਾਂ ਦੀ ਖੋਜ ਪੜਤਾਲ ਦਾ ਇੱਕ ਖਰੜਾ ਪੰਜਾਬੀ ਬੋਲੀ ਵਿਚ ਬੀ ਛਪ ਚੁਕਾ ਹੈ । ਵੇਦਾਂ ਵਿਚ ਅਵਤਾਰ ਕਥਾ ਵਿਚ ਦਸੇ ਗਏ ਦੇਵਤਿਆਂ ਦੀ ਪੂਜਾ ਤੇ ਯਗਾਂ ਅਰ ਹੋਮਾਂ ਦੀ ਮਰਯਾਦਾ ਤਥਾ ਹਿੰਦੂ ਤ੍ਰਿਮੂਰਤੀ ਸ਼ਾਖਾਂ ਦੇ ਇਤਿਹਾਸ ਤੇ ਸਮੇਂ ਦੀ ਰੀਤਾਂ ਰਸਮਾਂ ਦੇ ਨਿਰਣਯ ਮਿਲਦੇ ਹਨ ॥

ਤਵਾਰੀਖੀ ਖੋਜ ਦਸਦੀ ਹੈ ਕਿ ਚਾਰ ਕੁ ਹਜ਼ਾਰ ਬਰਸਾਂ ਤੋਂ ਪਹਿਲੇ ਹਿੰਦੂ (ਉਸ ਸਮੇਂ ਆਰਯਾ) ਪਛਮੋਤਰ ਤਥਾ ਹਿਮਾਲੇ ਦੇ ਪਹਾੜਾਂ ਤੋਂ ਵਧਦੇ ਵਧਦੇ ਪੰਜਾਬ ਵਲ ਆਏ। ਵੇਦਾਂ ਦੇ ਲਿਖੇ ਜਾਣ ਦਾ ਇਹੋ ਸਮਾਂ ਹੈ। ਆਰੀਆ ਲੋਕਾਂ ਦੀ ਪੂਜਾ ਮੁਤਾਬਕ ਅਗ, ਪਾਣੀ, ਸੂਰਜ , ਚੰਦ੍ਰਮਾਂ (ਕੁਦਰਤੀ ਵਸਤਾਂ) ਦੀ ਪੂਜਾ ਲਿਖੀ ਗਈ। ਇਹੋ ਸਮਾਂ ਸੰਸਾਰੀ ਵਿਦਯਾ ਪ੍ਰਚਾਰ ਦਾ ਸੀ। ਵੇਦਾਂ ਦੀ ਰਚਨਾਂ ਸਮੇਂ ਲੋਕਾਂ ਨੂੰ ਨਿਰਗੁਣ ਕਰਤਾਰ ਦੀ ਉਕੀ ਸੂਝ ਨਹੀਂ ਸੀ, ਨਾਹੀ ਆਵਾਗਵਨ ਦਾ ਮਸਲਾ ਖੁਲ੍ਹਿਆ ਸੀ॥ ਉਸ ਵੇਲੇ ਇੰਦ੍ਰ (ਪਹਾੜੀ ਰਾਜਾ) ਦੀ ਮਨੌਤ ਤਕੜੀ ਸੀ ਪਰੰਤੂ ਪਿੱਛੋਂ ਵੇਦਾਂ ਦੇ ਪ੍ਰਚਾਰਕ ਤਥਾ ਟੀਕੇ (ਸਿਮ੍ਰਿਤਾਂ ਸਾਸ਼ਤ੍ਰਾਂ) ਨੇ ਆਪੋ ਆਪਣੀ ਬੁੱਧ ਅਨੁਸਾਰ ਵਾਧੇ ਘਾਟੇ ਕੀਤੇ ਤੇ ਪੰਡਤ ਬਯਾਸ ਦੇ ਸਮੇਂ ਵਿੱਚ ਵੇਦ ਫਿਰ ਤਰਤੀਬਵਾਰ ਵਧਾ ਘਟਾ ਕੇ ਲਿਖੇ ਗਏ। ਰਾਜੇ ਇੰਦ੍ਰ ਦੀ ਪੂਜਾ ਪਿੱਛੇ ਪੈ ਕੇ ਛੋਟੇ ਦੇਵਤੇ ਬ੍ਰਹਮਾਂ ਬਿਸ਼ਨ ਮਹੇਸ਼ ਵਧ ਨਿਕਲੇ ਭਾਵ ਸਿਮ੍ਰਤੀਆਂ ਪੁਰਾਣਾਂ ਦੁਆਰੇ ਇਹ ਪ੍ਰਧਾਨ ਬਣਾ ਲਿਤੇ॥

ਢਾਈ ਕੁ ਹਜ਼ਾਰ ਸਾਲ ਹੋਏ ਹੈਨ ਕਿ ਸਾਕਯ ਮੁਨੀ ਗੋਤਮ, ਨੈਪਾਲ, ਤਿੱਬਤ ਆਦਿ ਇਲਾਕੇ ਦੇ ਰਾਜਕੁਮਾਰ ਜਨਮਿਆ ਜਿਸ ਨੇ ਬੁਧ ਨਾਮ ਸੇ ਮਸ਼ਹੂਰ ਹੋ ਕੇ ਵੇਦਾਂ ਦੀ ਸਿਖਯਾ ਤੋਂ ਵਿਰੁੱਧ ਐਸੀ ਜ਼ਬਰਦਸਤ ਅਵਾਜ਼ ਉਠਾਈ ਕਿ ਹਿੰਦੂ ਕਹਿ ਉਠੇ ਕਿ ਬੁਧ ਜੀ ਵਿਸ਼ਨੂੰ ਦੇ ਅਵਤਾਰ ਹੈਨ। ਚੂੰਕਿ ਹਿੰਦੂਆਂ ਵਿਚ ਗਊ ਘੋੜੇ ਆਦਿ ਪਸ਼ੂ ਬਲਕੇ ਆਦਮੀ ਤੀਕ ਦਾ ਮਾਸ ਯਗਾਂ ਵਿਚ ਹਵਨ ਹੁੰਦਾ ਤੇ ਗਊਮਾਸ ਬਤੌਰ ਤੋਹਫੇ ਦੇ ਵਰਤੀਂਦਾ, ਪਰੰਤੂ ਬੁੱਧ ਜੀ ਨੇ ਜੀਵ ਅਹਿੰਸਾ ਦਾ ਪ੍ਰਚਾਰ ਕਰਕੇ ਵੇਦਾਂ ਦੀ ਵੱਡੀ ਸਿਖਯਾ (ਗਊਮੇਧ ਯਗ, ਅਜਾਮੇਧ ਯਗ, ਅਸਮੇਧ ਯਗ, ਨਰਮੇਧ ਯਗ ਆਦਿ) ਪਰ ਸਖ਼ਤ ਨਫਰਤ ਦਲਾਈ, ਤਦ ਤੋਂ ਹਿੰਦੂ ਲੋਕਾਂ ਵਿਖੇ ਜੀਵ ਅਹਿੰਸਾ ਦਾ ਮਸਲਾ ਅਰੰਭ ਹੋਇਆ। ਫਿਰ ਭੀ ਮਾਸ ਦੀ ਕਤਈ ਬੰਦਸ਼ ਨਾ ਹੋ ਸਕੀ ਭਾਵ ਵੇਦਾਂ ਦੀ ਹਸਤੀ ਨਾਲ ਯਗਾਂ ਵਿਚ ਪਸ਼ੂ ਮਾਰਨੇ ਹਵਨ ਕਰਨੇ ਦਾ ਪ੍ਰਚਾਰ ਜਾਰੀ ਰਿਹਾ॥

ਪੁਰਾਣੀ ਬੋਲੀ ਹੋਣ ਕਰਕੇ ਵੇਦਾਂ ਦੀ ਤਾਲੀਮ ਘਟ ਗਈ ਹੈ ਲੱਖਾਂ ਵਿਚੋਂ ਮਸਾਂ ਇਕ ਵੇਦ ਪਾਠੀ ਮਿਲਦਾ ਹੈ, ਜਿਸ ਲਈ ਵੇਦ-ਸਿਖਿਯਾ ਸਿਮ੍ਰਿਤੀਆਂ ਪੁਰਾਣਾਂ ਆਦਿ ਵਿਚ ਆ ਚੁਕੀ ਹੈ, ਹਿੰਦੂ ਲੋਕ ਅਕਸਰ ਇਹੋ ਗ੍ਰੰਥ ਪੜ੍ਹਕੇ ਆਪਣੇ ਕੰਮ ਸਾਰਦੇ ਹੈਨ॥

## ਵੇਦ ਤੇ ਅਗਨੀ ਪੂਜਾ

ਹੇ ਅਗਨੀ! ਤੁਮ ਇਸ ਕਰਮ ਮੈਂ ਵੈਗੁਣ ਹੋਨੇ ਸੇ ਵਰਣ ਦੇਵ ਕੇ ਕ੍ਰੋਧ ਕੋ ਹਰਣ ਕਰੋ। ਕੈਸੇ ਤੁਮ ਸਰਬ ਕਰਮ ਮੇਂ ਸਾਖੀ ਚਤੁਰ ਹੋ ਔਰ ਸਭ ਸੇ ਉਤਮ ਹੋ ਔਰ ਦੇਵਤਾਉਂ ਕੋ ਯਗਯ ਕਾ ਭਾਗ ਦੇਣੇ ਵਾਲੇ ਹੋ, ਪ੍ਰਕਾਸ਼ਮਾਨ ਹੋ, ਇਸ ਲੀਏ ਮੰਦ ਬੁੱਧੀ ਵਾਲੇ ਹਮ ਕੋ ਜਾਨ ਹਮਾਰੇ ਸੇ ਕੀ ਹੂਈ ਅਵਗਯਾ ਅਨਾਦਰ ਕੋ ਖਿਮਾਂ ਕਰ ਸਰਬ ਪ੍ਰਕਾਰ ਸੇ ਕਲਯਾਣ ਦੇਵੋ ( ਸਕੁਲ ਯਜੁਰ ਵੇਦ ਅਧਯਾਯ ੨੧ ਮੰਤ੍ਰ ੩)

ਸੂਚਨਾ - ਵੇਦਾਂ ਵਿੱਚ ਇਹੋ ਜਿਹੇ ਹਜ਼ਾਰਾਂ ਮੰਤ੍ਰ ਹਨ ਵਿਸਥਾਰ ਦੇ ਡਰ ਤੋਂ ਵਧ ਹਵਾਲੇ ਨਹੀਂ ਲਿਖੇ ਗਏ। ਪੜਤਾਲ ਦਸਦੀ ਹੈ ਕਿ ਵੇਦਾਂ ਦੀ ਰਚਨਾਂ ਤੋਂ ਪਹਿਲੇ ਅਗਨੀਪੂਜਾ ਦਾ ਭਾਰੀ ਰਿਵਾਜ ਸੀ ਬਲਕਿ ਪਾਰਸੀ ਲੋਕ (ਪੁਰਾਣੇ ਹਿੰਦੂ) ਅਗਨੀ ਨੂੰ ਹੀ ਆਪਣਾ ਸਰਬਗੁਣ ਸਪੰਨ ਦੇਵਤਾ ਮੰਨਦੇ ਸੀ।

## ਸਿਮ੍ਰਿਤ ਪੁਰਾਣਾਂ ਵਿਚ ਵੇਦਾਂ ਦਾ ਮਹਾਤਮ

ਵੇਦ ਨਾਮਕ ਪੋਥੀਆਂ ਦਾ ਨਾਮ ਵੇਦ ਨਹੀਂ, ਵੇਦ ਦਾ ਅਰਥ ਪਰਮ ਗਿਆਨ ਹੈ। ਜੋ ਗਿਆਨ ਨੂੰ ਪ੍ਰਾਪਤ ਹੋ ਕੇ ਪਰਮ ਪਦ ਲਭਦਾ ਹੈ, ਉਸ ਨੂੰ ਵੇਦ ਗਜਾਤਾ ਆਖੀਦਾ ਹੈ ( ਵ੍ਰਿਹ ਪਰਾਸਰ ਸੰਹਿਤਾ ਅ: ੫)

ਇਸ ਤੋਂ ਸਿੱਧ ਹੁੰਦਾ ਹੈ ਕਿ ਵੇਦਾਂ ਦਾ ਅਸਲੀ ਅਰਥ "ਵੇਦ" ਨਹੀਂ ਨਿਰੋਲ ਗਿਆਨ ਦਾ ਹੈ। ਇਸੀ ਕਾਰਨ ਗੁਰੂ ਸਾਹਿਬਾਂ ਨੇ 'ਵੇਦ ਮੰਡਣ' ਪ੍ਰਸੰਗ ਵਿਚ ਬ੍ਰਹਮ ਗਿਆਨ ਮਹਿਮਾਂ ਨੂੰ ਹੀ ਵੇਦ ਪਦਵੀ ਦਿੱਤੀ ਹੈ, ਜਿਸ ਤਰ੍ਹਾਂ ਮਹਾਰਾਜਾ ਦਸਰਥ ਦਾ ਸਪੁਤ੍ਰ ਮਹਾਰਾਜਾ ਰਾਮ ਚੰਦ ਅਜੁਧਿਆ ਦਾ ਰਾਜਾ ਸੀ । ਨਾ ਕਿ 'ਰਮਤ ਰਾਮ' ? ਭਾਵ ਅਸਲ ਰਾਮ ਸਾਰੇ ਰਮਿਆ ਹੈ, ਇਸੇ ਤਰ੍ਹਾਂ 'ਏਕ ਕ੍ਰਿਸ਼ਨ ਸਰਬ ਦੇਵਾ' ਸਰਬ ਕਰਤਾ ਕਰਤਾਰ ਹੈ ਨਾ ਕਿ ਮਥਰਾ ਦਾ ਰਾਜਾ ਕ੍ਰਿਸ਼ਨ ਹੈ ?

ਹਿੰਦੂ ਗ੍ਰੰਥਾਂ 'ਮੁੰਡਿਕਉਪਨਸ਼ਦ' ਆਦਿ ਵਿਚ ਸਾਫ ਲਿਖਾ ਹੈ ਕਿ ਪਰਾ ਮਹਾਂ ਵਿਦਜਾ ਹੈ। ਅਰ ਅਪਰਾ (ਸਾਧਾਰਣ) ਦੂਜੀ ਤਰ੍ਹਾਂ ਦੀ ਵਿਦਯਾ ਹੈ, ਸੋ ਵੇਦ ਵਿਦਜਾ ਅਪਰਾ ਹੈ (ਭਾਵ ਪਰਾ ਨਹੀਂ ਹੈ ) ਰਿਗ ਵੇਦ ਦੇ ਦੇਵਤਾ ਦੇਵ ਹਨ ਔਰ ਯੁਜਰ ਦੇ ਮਾਨੁਸ਼ ਹਨ, ਸ਼ਾਮ ਵੇਦ ਦੇ ਪਿਤਰ ਹਨ, ਇਸ ਲਈ ਸ਼ਾਮ ਵੇਦ ਦਾ ਸ਼ਬਦ ਪਵਿਤ੍ਰ ਨਹੀਂ ਹੈ ॥ (ਮਨੂੰ ਅ: ੪ ਸ: ੧੨੪)॥

ਮਨੂੰ ਸਿਮ੍ਰਤੀ ਨੇ ਤਿੰਨਾਂ ਵੇਦਾਂ (ਗ੍ਰੰਥਾਂ) ਦਾ ਜ਼ਿਕਰ ਕੀਤਾ ਹੈ। ਅਥਰਵਣ ਨੂੰ ਨਹੀਂ ਮੰਨਿਆਂ, ਨਾਲ ਲੱਗਦੇ ਸ਼ਾਮਵੇਦ ਦੀ ਲਿਖਤ ਸਿਧਾਂਤ ਨੂੰ ਪਵਿਤ੍ਰ ਨਹੀਂ ਫੁਰਮਾਇਆ। ਸਾਥ ਹੀ ਸਪਸ਼ਟ ਕਰ ਦਿਤਾ ਹੈ ਕਿ ਵੇਦਾਂ ਦੀ ਤਾਲੀਮ ਸੰਸਾਰਕ (ਤ੍ਰੈਗੁਣੀ) ਹੈ ॥

## ਵੇਦਾਂ ਵਿਚ ਯਗ ਤੇ ਹੋਮ ਕਰਨੇ ਮੁਖ ਧਰਮ ਹੈ

"ਯਜੁਰਵੇਦ" ਯਗਾਂ ਅਰ ਹੋਮਾਂ ਦੀ ਮਹਿਮਾਂ ਨਾਲ ਭਰਪੂਰ ਹੈ, ਹਿੰਦੂਆਂ ਵਿਚ ਇੰਦ੍ਰ ਆਦਿ ਉਚ ਪਦਵੀਆਂ ਹਵਨ ਤੇ ਯਗਾਂ ਦੇ ਪ੍ਰਤਾਪ ਸੇ ਮੰਨੀਆਂ ਗਈਆਂ ਹਨ। ਵੇਦ ਵਿਚ ਤਿੰਨ ਕਾਲ ਹਵਨ ਕਰਨਾ ਦਸਿਆ ਹੈ, ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਅਰ ਸੰਝ ਨੂੰ ਸੂਰਜ ਡੁਬਣ ਵੇਲੇ ਅਰ ਮਧਿਅਨ ਕਾਲ ॥ (ਮਨੂ ਅ: ੨ ਸ: ੧੫)

ਬ੍ਰਹਮਾਂ ਜੀ ਨੇ ਪਸੁ ਯਗ ਵਾਸਤੇ ਹੀ ਬਣਾਏ ਹਨ, ਯਗ ਵਿਚ ਪਸ਼ੂ ਮਾਰਨ ਕਰਕੇ ਸਾਰੇ ਸੰਸਾਰ ਦਾ ਭਲਾ ਹੁੰਦਾ ਹੈ, ਇਸ ਲਈ ਹਿੰਸਾ ਦਾ ਕੋਈ ਦੋਸ਼ ਨਹੀਂ ਯੱਗ ਵਾਸਤੇ, ਧਾਨ

ਜੌਂ ਦੂਖਤ ਪਸ਼ੂ ਪੰਛੀ ਅਰ ਕਛੂ ਆਦਿਕ ਜੋ ਨਾਸ਼ ਹੁੰਦੇ ਹਨ, ਜੋ ਯਗ ਔਰ ਸ੍ਰਾਧ ਵਿਚ ਬਲਿਦਾਨ ਦਿੰਦੇ ਹੋਏ ਮਾਸ ਨੂੰ ਨਹੀਂ ਖਾਂਦਾ, ਓਹ ਮਰਕੇ ਇਕੀ ਜਨਮ ਤਾਂਈ ਸੂਰ ਬਣਦਾ ਹੈ (ਮਨੂ ਅ: ੫ ਸ: ੩੫, ੩੬, ੪੦ ਹ:ਨ:)

ਯਗ ਸਭ ਫਲਾਂ ਦੇ ਦੇਣ ਵਾਲਾ ਹੈ, ਯਗ ਕਰਕੇ ਹੀ ਦੇਵਤੇ ਜਿਉਂਦੇ ਹਨ, ਜੋ ਪਸ਼ੂ ਯਗ ਵਿਚ ਮਾਰਿਆ ਜਾਂਦਾ ਹੈ, ਓਹ ਮਾਰਣ ਵਾਲੇ ਸਮੇਤ ਸ੍ਵਰਗ ਨੂੰ ਪ੍ਰਾਪਤ ਹੁੰਦਾ ਹੈ। ( ਵਿਸ਼ਨੂੰ ਸਿਮ੍ਰਤੀ ਅ: ੫੧)

ਅੱਗ ਵਿਚ ਜੋ ਅਹੂਤੀ ਪਾਈ ਜਾਂਦੀ ਹੈ, ਓਹ ਸੂਰਜ ਨੂੰ ਪਹੁੰਚਦੀ ਹੈ, ਔਰ ਉਸ ਅਹੂਤੀ ਦਾ ਰਸ ਸੂਰਜ ਵਿਚੋਂ ਵਰਖਾ ਹੋ ਕੇ ਟਪਕਦਾ ਹੈ, ਜਿਸ ਤੋਂ ਅੰਨ ਪੈਦਾ ਹੁੰਦੇ ਹਨ, ਔਰ ਪ੍ਰਜਾ ਵਧਦੀ ਹੈ (ਮਨੂ ਅ: ੩, ਸ: ੭੬)

ਸਾਧੂ ਦਯਾਨੰਦ ਨੇ ਆਪਨੇ ਰਚੇ ਸਤਜਾਰਥ ਪ੍ਰਕਾਸ਼ ਦੇ ਅ: ੩ ਵਿਖੇ ਵੇਦਾਂ ਵਿਚੋਂ ਹਵਨ ਕਰਨ ਦੀ ਵਿਧੀ ਇਸ ਤਰ੍ਹਾਂ ਲਿਖੀ ਹੈ, ਯਥਾ - ਜੰਗਲ ਵਿਚ ਨਦੀ ਦੇ ਕਿਨਾਰੇ ਸਵੇਰੇ ਅਰ ਸ਼ਾਮਾਂ ਨੂੰ ਸੋਲਾਂ ਉਂਗਲ ਚੌੜੇ ਅਰ ਸੋਲਾਂ ਉਂਗਲ ਹੀ ਡੂੰਘੇ ਬਰਤਨ ਵਿਖੇ ਲਕੜਾਂ ਬਾਲ ਕੇ ਹਵਨ ਕਰੇ, ਮੰਤ੍ਰ ਪੜ੍ਹ ਕੇ ਅਹੂਤੀਆਂ ਦਵੇ, ਹਵਨ ਕਰਕੇ ਪਵਨ ਸੁਧ ਹੁੰਦੀ ਹੈ ਅਰ ਹਵਨ ਨ ਕਰਨੇ ਸੇ ਪਾਪ ਹੁੰਦਾ ਹੈ, ਕਿਉਂਕਿ ਹਵਾ ਵਿੱਚ ਦੁਰਗੰਧ ਪੈਦਾ ਹੋ ਜਾਂਦੀ ਹੈ ਜਿਸ ਤੋਂ ਬੀਮਾਰੀਆਂ ਫੈਲਦੀਆਂ ਹਨ। ਜੇਕਰ ਪੁਰਾਣੇ ਸਮੇਂ ਦੀ ਤਰ੍ਹਾਂ ਹੁਣ ਹੋਮ ਹੋਵੇ ਤਾਂ ਹਿੰਦੁਸਤਾਨ ਦੇ ਸਾਰੇ ਰੋਗ ਚਲੇ ਜਾਣ, ਖਾਣ ਨਾਲੋਂ ਹੋਮ ਵਿਖੇ ਘਿਉ ਵਰਤਣਾ ਚਾਹੀਦਾ ਹੈ, ਹਰ ਇਕ ਆਦਮੀ ਘਟ ਤੋਂ ਘਟ ਛੀ ਛੀ ਮਾਸੇ ਘਿਓ ਦੀਆਂ ਸੋਲਾਂ ਅਹੂਤੀਆਂ ਨਿਤ ਦਿਤਾ ਕਰੇ ॥

ਨੋਟ - ਸਾਧੂ ਦਜਾ ਨੰਦ ਦੇ ਨਿਕਾਲੇ ਹੋਏ ਵੇਦ ਸਿਧਾਂਤ ਮੁਜਬ ਜੇਕਰ ਹਰ ਇਕ ਆਦਮੀ ਛੀ ਛੀ ਮਾਸੇ ਘੀ ਦੀਆਂ ਸੋਲਾਂ ਅਹੂਤੀਆਂ ਹਰ ਰੋਜ਼ ਫੂਕੇ ਅਰ ਚੰਦਨ, ਕੇਸਰ, ਕਸਤੂਰੀ ਆਦਿ ਸੁਗੰਧੀਦਾਰ ਵਸਤਾਂ ਹਵਨ ਵਿਧੀ ਅਨੁਸਾਰ ਪਾਵੇ ਤਾਂ ਜਿਸ ਘਰ ਵਿਚ ਦਸ ਪੁਰਸ਼ ਰਹਿੰਦੇ ਹਨ, ਡੂਬੇ ਲੇਖੇ ਦੋ ਢਾਈ ਰੁਪਏ ਦਾ ਹਰ ਰੋਜ ਹਵਨ ਖਰਚ ਹੋਣਾ ਚਾਹੀਏ ਇਸ ਤੋਂ ਜਾਪਦਾ ਹੈ ਕਿ ਹਵਨ ਦੇ ਅਰਥ "ਘਰ ਫੂਕ ਤਮਾਸ਼ਾ" ਦੇਖਣਾ ਹਨ ਜੇ ਹਿੰਦੁਸਤਾਨ ਬੀਮਾਰੀ ਤੋਂ ਇਉਂ ਹਵਨਾਂ ਨਾਲ ਬਚ ਸਕੇ ਤਾਂ ਯੂਰਪ ਅਮਰੀਕਾ ਦੇ ਡਾਕਟਰਾਂ ਨੂੰ ਬੀ ਸੰਥਾ ਕਿਉਂ ਨਹੀਂ ਦਿੰਦੇ ਤਾਂ ਕਿ ਡਾਕਟਰੀ ਪੜ੍ਹਨ ਹਿੱਤ ਟੱਕਰਾਂ ਨਾ ਮਾਰਨ ॥

ਸ਼ੋਕ ਹੈ ! ਸਾਧੂ ਦਯਾਨੰਦ ਨੇ ਆਪਨੇ ਲਿਖੇ ਸਤਜਾਰਥ ਪ੍ਰਕਾਸ਼ ਨਾਮੀ ਪੁਸਤਕ ਵਿੱਚ ਪਾਣੀ, ਅਗਨੀ, ਸੂਰਜ, ਵਾਯੂ, ਪ੍ਰਿਥਵੀ ਆਦਿ ਕੁਦਰਤੀ ਚੀਜਾਂ ਦੇ ਅਰਥ ਈਸ਼ਵਰ ਕਰਕੇ ਵੇਦਾਂ ਵਿਖੇ ਈਸ਼ਵਰ ਉਪਾਸਨਾ ਸਿੱਧ ਕਰਨ ਦੀ ਕਾਫੀ ਕੋਸਿਸ਼ ਕੀਤੀ ਹੈ ਜੈਸਾ ਕਿ ਪਹਿਲੇ ਸਮੁਲਾਸ ਵਿਖੇ ਵਰਣ (ਸਮੁੰਦਰ ਦਾ ਦੇਵਤਾ) ਇੰਦਰ (ਦੇਵਤਿਆਂ ਦਾ ਰਾਜਾ) ਬ੍ਰਹਸਪਤੀ (ਬ੍ਰਹਮੰਡ ਦਾ ਸੁਆਮੀ ਜਾਂ ਵਿਸ਼ਨੂੰ) ਚੰਦ (ਚੰਦ੍ਰਮਾਂ) ਵਸੁ (ਧਰਤੀ)। ਸਿੱਟਾ ਕੀ ਹਰ ਇੱਕ ਦੇ ਅਰਥ ਖਿੱਚ ਕੇ ਰਬ ਕਰ ਮਾਰੇ ਹਨ ਜਿਸ ਤੋਂ ਸਿੱਧ ਹੁੰਦਾ ਹੈ ਆਪ ਦੇ ਮਿਸ਼ਨ ਵਿਚ ਖਿਚ ਪਾੜ ਦਾ ਨਾਮ ਹੀ ਸਚਾਈ ਹੈ।

ਸਾਧੂ ਦਯਾ ਨੰਦ ਜੀ ਦਾ ਦਿਲੀ ਮਨਸ਼ਾ ਸੀ ਕਿ ਓਹ ਕਿਵੇਂ ਵਿਚ ਦਸੀ ਗਈ ਦੇਵ ਅਰ ਜੜ ਪੂਜਾ ਨੂੰ ਰਬ ਸਿਧ ਕਰੇ ਇਸੇ ਲਈ ਮੰਗਲ, ਬੁੱਧ, ਸ਼ੁੱਕਰ, ਛਨਿਛਰ, ਚੰਦ, ਰਾਹੂ, ਕੇਤੂ ਆਦਿ ਨੌਂ ਗ੍ਰਹਿਆਂ ਦਾ ਨਾਮਾਂ ਨੂੰ ਵੀ ਰੱਬ ਦੇ ਨਾਮ ਨਾਲ ਲਿੱਖ ਦਿੱਤਾ ਔਰ ਵੇਦ ਵਿਚ ਆਏ ਸੇਸ਼, ਸ਼ੰਕਰ, ਭਗਵਾਨ, ਕਾਲ, ਬ੍ਰਹਮਾ, ਕਵੀ, ਸਵਿਤਾ, ਸ੍ਰੀ ਸਭ ਦੇ ਅਰਥ ਰਬ ਕਰਕੇ ਅਨਰਥ ਕੀਤਾ ਹੈ, ਹਾਲਾਂ ਕਿ ਵੇਦਾਂ ਦੇ ਕਈ ਟੀਕੇ ਮੌਜੂਦ ਹਨ ਜਿਨ੍ਹਾਂ ਵਿਚ ਸਚਾਈ ਨਾਲ ਅਰਥ ਕੀਤੇ ਹਨ ਪਰੰਤੂ ਸਾਧੂ ਜੀ ਨੇ ਅਯੋਗ ਖਿੱਚਾਂ ਨਾਲ ਆਪਣੀ ਵਿਦਜਾਵਾਨਤਾ ਨੂੰ ਉਲਟਾ ਕਲੰਕਤ ਕੀਤਾ ਏ ।

## ਭਗਵਤ ਗੀਤਾ ਤੇ ਵੇਦ

ਹਿੰਦੂਮਤ ਵਿਖੇ ਭਗਵਤ ਗੀਤਾ ਪਰਧਾਨ ਪੋਥੀ ਹੈ ਜਿਸ ਨੂੰ ਤਕਰੀਬਨ ਸਭੇ ਹਿੰਦੂ ਰਬੀ ਹੁਕਮ ਕਰਕੇ ਮੰਨਦੇ ਹਨ । ਗੀਤਾ ਵਿਖੇ ਸ੍ਰੀ ਕ੍ਰਿਸ਼ਨ ਜੀ ਨੇ ਸਾਫ ਫਰਮਾਇਆ ਹੈ ਕਿ ਜੈਸੇ ਚੌਵੀ ਅਵਤਾਰ ਮੇਰੇ ਅਕਾਰ ਰੂਪ ਹਨ ਤਿਉਂ ਗੀਤਾ ਸ਼ਬਦ ਰੂਪ ਅਵਤਾਰ ਹੈ । ਗੀਤਾ ਵਿਖੇ ਪੰਜ ਧਜਾਇ ਮੇਰਾ ਮੁਖ ਹੈ ਤੇ ਪੰਜ ਧਜਾਇ ਮੇਰੀਆਂ ਭੁਜਾਂ ਹਨ । ਪੰਜ ਧਜਾਇ ਮੇਰਾ ਹ੍ਰਿਦਾ ਹੈ ਸੋਲ੍ਹਵਾਂ ਧਜਾਇ ਮੇਰਾ ਮਨ । ਸਤਾਰਵਾਂ ਧਿਜਾਇ ਮੇਰੀਆਂ ਜੰਘਾਂ ਤੇ ਅਠਾਰਵਾਂ ਧਿਜਾਇ ਮੇਰੇ ਚਰਨ ਹਨ ਸਰਬ ਸਲੋਕ ਮੇਰੀਆਂ ਨਾੜਾਂ ਹਨ । ਗੀਤਾ ਦੇ ਅਖਰ ਮੇਰੇ ਰੋਮ ਹਨ । (ਦੇਖੋ ਧਜਾਇ ਪਹਿਲਾ ਗੀਤਾ ਮਹਾਤਮ) ॥

ਸੋ ਉਕਤ ਗੀਤਾ ਵਿਖੇ ਵੇਦਾਂ ਸਬੰਧੀ ਸਪਸ਼ਟ ਲਿਖਾ ਹੈ, "ਜਿਨ ਕਾ ਨਿਸਚਾ ਮੇਰੇ ਸਾਥ ਨਹੀਂ ਮੀਠੀ ਮੀਠੀ ਬਾਣੀ ਕਰ ਸ਼ਲੋਕੋਂ ਕੋ ਪੜ ਪੜ ਕਰ ਲੋਕੋਂ ਕੋ ਸੁਨਾਵਤੇਂ ਹੈਂ ਅਰ ਦੇਵਤਾ ਕੀ ਭਗਤ ਉਪਦੇਸ਼ ਕਰੇ ਹੈਂ ਵੇ ਅੰਧੇ ਮੂਰਖ ਆਪਣੇ ਆਪਕੋ ਪੰਡਤ ਕਹਾਵੇ ਹੈਂ । ਹੇ ਅਰਜਨ ਬੇਦ ਕੇ ਬਾਦ ਕਰ ਆਪ ਭੀ ਮੋਹੇ ਹੂਏ ਹੈਂ ਅਰ ਲੋਕੋਂ ਕੋ ਬੀ ਮੋਹਤ ਕਰਤੇਂ ਹੈਂ ।" ਦੇਖੋ ਧਿਆਇ ੨ ਭਗਵਤ ਗੀਤਾ । ਭਾਵ ਕੀ ਵੇਦਾਂ ਨੂੰ ਬਾਦ (ਚਰਚਾ ਝਗੜਾ) ਹੀ ਦੱਸਿਆ ਹੈ ॥ ਅਗੇ ਲਿਖਾ ਹੈ, "ਹੇ ਅਰਜਨ ! ਬੇਦ ਕਾ ਬ੍ਰਿਤਾਂਤ ਸੁਣ । ਬੇਦ ਕੀ ਬੁਧਿ ਭੀ ਤੀਨੋਂ ਗੁਣੋਂ ਵਿਖੇ ਹੈ । ਤੂੰ ਇਨ ਤੀਨੋਂ ਗੁਣੋਂ ਤੇ ਅਤੀਤ ਹੋ ॥" ਸਾਫ ਹੈ ਕਿ ਸ੍ਰੀ ਕਿਸ਼ਨ ਜੀ ਨੇ ਭਗਵਤ ਗੀਤਾ ਵਿੱਚ ਬੇਦ ਬਾਦ ਨੂੰ ਤਿੰਨੋਂ ਗੁਣਾਂ (ਰਜੋ ਤਮੋ ਸਤੋ) ਵਿਚ ਮੰਨਿਆਂ ਹੈ ਭਾਵ ਤੁਰੀਆ ਬਿਵਸਥਾ ਤੋਂ ਵੇਦ ਖਾਲੀ ਦਸੇ ਨੇ ॥ ਅਗੇ ਗਿਆਰਵੇਂ ਧਿਆਇ ਵਿਖੇ ਲਿਖਾ ਹੈ ਕਿ "ਹੇ ਅਰਜਨ ਮੇਰੇ ਰੂਪ ਕੋ ਦੇਖਣੇ ਕੀ ਦੇਵਤੇ ਭੀ ਬਾਂਛ ਕਰਤੇ ਹੈਂ ਸੋ ਰੂਪ ਤੁਝੇ ਦਿਖਾਇਆ ਹੈ" ਜੋ ਕਿ ਬੇਦ ਪਾਠੀਓਂ ਕੋ ਬੀ ਦੁਰਗਮ ਹੈ ॥ ਹੇ ਅਰਜਨ ! ਬੇਦ ਕੇ ਪੜ੍ਹੇ ਤੇ ਮੈਂ ਭੀ ਨਾਹੀਂ ਪਾਈਤਾ ਅਰ ਨਾ ਤਪੱਸਿਆ ਤੇ ਪਈਤਾ ਹੋਂ ਅਰ ਨ ਯੱਗ ਕੀਏ ਤੇ ਪਾਈਤਾ ਹੋਂ । ਹੇ ਅਰਜਨ ! ਅਨੇਕ ਪ੍ਰਕਾਰ ਜੋ ਧਰਮ ਹੈਂ ( ਹਿੰਦੂ ਮਤ ਦਾ ਕਰਮ ਕਾਂਡ) ਤਿਨ੍ਹਾਂ ਕਰ ਬੀ ਹਉਂ ਪਾਵਣਾ ਕਠਿਨ ਹੋਂ ਜੈਸੇ ਤੁਝ ਪਾਯਾ ਹੈ ਤੈਸੇ ਕਿਨੇ ਨਹੀਂ ਪਾਇਆ । ਤੂੰ ਮੇਰਾ ਅਨੰਨ ਭਗਤ ਹੈਂ ਮੁਝ ਬਿਨਾ (ਰਾਧੇ ਕ੍ਰਿਸ਼ਨ) ਤੂੰ ਕਿਸੀ ਕੀ ਭਗਤ ਨਹੀਂ ਕਰਤਾ" । ਦੇਖੋ ! (ਗੀਤਾ

ਧਿਆਯ ੧੧) ਜਿਸ ਤੋਂ ਸਾਫ ਹੁੰਦਾ ਹੈ ਕਿ ਵੇਦ ਪੜ੍ਹਨ ਨਾਲ ਹਿੰਦੂ ਰੱਬ ਪ੍ਰਸੰਨ ਨਹੀਂ ਹੁੰਦਾ। ਨਾਹੀ ਦਰਸ਼ਨ ਦਿੰਦਾ ਹੈ। ਤਾਂ ਤੇ ਵੇਦ ਪਾਠ ਦਾ ਕੋਈ ਲਾਭ ਨਹੀਂ ਹੈ। ਇਸ ਲਈ ਹਿੰਦੂ ਲੋਕ ਵੇਦਾਂ ਤੋਂ ਕੀ ਮੰਗਦੇ ਨੇ ? ਸਿੱਧ ਹੈ 'ਵੇਦ ਪਾਠ ਸੰਸਾਰ ਕੀ ਕਾਰ' ਤਥਾ 'ਸੰਤ ਕੀ ਮਹਿਮਾਂ ਵੇਦ ਨ ਜਾਨੈ' ਅਰਥਾਤ ਵੇਦ ਪਾਠ ਨਰਕ ਸੁਰਗ ਕਾ ਬੀਜ ਹੀ ਸਿੱਧ ਹੈ ॥

ਦੇਖੋ ! ਅਗੇ ਭਗਵਤ ਗੀਤਾ ਦੇ ਧਯਾਇ ਪੰਦ੍ਰਵੇਂ ਵਿਖੇ ਲਿਖਾ ਹੈ। 'ਸਭ ਬੇਦੋਂ ਮੇਂ ਪਹਿਚਾਨਣੇ ਜੋਗ ਮੈਂ ਹੀ ਹੋਂ ਬੇਦੋਂ ਕੇ ਜਾਨਣੇਹਾਰਾ ਬੀ ਮੈਂ ਹੀ ( ਕ੍ਰਿਸ਼ਨ ਜੀ) ਹੋਂ ਬੇਦੋਂ ਕਾ ਅੰਤ ਕਯਾ ਜਿਤਨੀ ਬੇਦੋਂ ਕੀ ਮਿਤ ਹੈ ਸੋ ਆਪਣੀ ਮਿਤ ਸੇ ਉਸਤਤਿ ਕਰੇ ਹੈਂ। ਜਬ ਮਹਿਮਾਂ ਕਰਤੇ ਬੇਦ ਕੀ ਮਿਤ ਰਹਿ ਜਾਏ ਤਬ ਵੇਦ ਨੇਤ ਨੇਤ ਕਹਿਤੇ ਹੈਂ ਜੋ ਤੁਮਾਰੀ (ਕ੍ਰਿਸ਼ਨ ਦੀ) ਮਹਿਮਾਂ ਕੇ ਜਾਨਣੇ ਕੋ ਹਉਂ ਸਮਰਥ ਨਹੀਂ। ਇਸ ਕਾਰਣ ਤੇ ਬੇਦੋਂ ਕਾ ਅੰਤ ਕਰਨੇਹਾਰਾ ਹੋਂ ਹੋਂ"। ਦੇਖੋ ਧਯਾਇ ੧੫ ਭਗਵਤ ਗੀਤਾ। ਕੀ ਇਸਤੋਂ ਹਿੰਦੂ ਭਰਾ ਸਮਝ ਨਹੀਂ ਸਕਦੇ ਕਿ ਕ੍ਰਿਸ਼ਨ ਜੀ (ਹਿੰਦੂ ਰਬ) ਮਹਾਰਾਜ ਵੇਦਾਂ ਨੂੰ ਆਪਣਾ ਧਰਮ ਪੁਸਤਕ ਤਸਲੀਮ ਨਹੀਂ ਕਰਦੇ, ਬਲਕਿ ਵੇਦਾਂ ਦਾ ਅੰਤ ਕਰਨੇਹਾਰ ਆਪਨੂੰ ਦਸਦੇ ਹਨ ਔਰ ਫੁਰਮੌਂਦੇ ਹੈਨ ਕਿ ਵੇਦ ਗ੍ਰੰਥ ਮੇਰੀ ਮਹਿਮਾਂ ਨੂੰ ਨਹੀਂ ਲਿਖ ਸਕਦੇ। ਫਿਰ ਕੀ ਕਾਰਨ ਹੈ ਕਿ ਹਿੰਦੂ ਲੋਕ ਸ੍ਰੀ ਕ੍ਰਿਸ਼ਨ ਜੀ ਦੇ ਬਚਨਾਂ ਤੋਂ ਬੇਮੁਖ ਹੋ ਕੇ ਵੇਦਾਂ ਦੇ ਗੀਤ ਗੌਣ ਜਾਂ ਵੇਦਾਂ ਪਰ ਸ਼ਰਧਾ ਧਰਨ ? ਸਿਧਾਂਤ ਕੀ ! ਸ੍ਰੀ ਭਗਵਤ ਗੀਤਾ ਦੇ ਪਾਠ ਦੀ ਉਚੱਤਾ ਵੇਦਾਂ, ਤੀਰਥਾਂ, ਯੱਗਾਂ, ਹੋਮਾਂ, ਦੇਵ ਪੂਜਾ ਸਭ ਤੋਂ ਉਚੀ ਦਰਸਾਈ ਹੈ ਸੋ ਗੀਤਾ ਸਚਮੁੱਚ ਐਸਾ ਹੀ ਹਿੰਦੂ ਗ੍ਰੰਥ ਤਥਾ ਹਿੰਦੂ ਰੱਬ, ਅਵਤਾਰ (ਸ੍ਰੀ ਕ੍ਰਿਸ਼ਨ ਜੀ ਮਹਾਰਾਜ) ਦਾ ਹੁਕਮ ਹੈ ਤਾਂ ਫਿਰ ਹਿੰਦੂਮਤੀਏ ਵੇਦਾਂ ਦਾ ਪਿੱਛਾ ਛੱਡਕੇ ਕਿਉਂ ਨਹੀਂ ਗੀਤਾ ਹੁਕਮ ਪਰ ਅਮਲ ਕਰਦੇ ?

**ਵੇਦਾਂ ਅਨੁਸਾਰ ਯਗ ਕਰਨ ਹਿਤ ਜ਼ੁਲਮ ਕਰਨਾ ਜਾਇਜ਼ ਹੈ**

ਜੇਕਰ ਯੱਗ ਸਾਮਾਨ ਬਿਨਾਂ ਰੁਪਏ ਪੂਰੇ ਨਹੀਂ ਹੁੰਦੇ, ਤੇ ਵੈਸ਼ ਤੋਂ ਬੀ ਧਨ ਨਹੀਂ ਮਿਲਦਾ ਤਾਂ ਸ਼ੂਦ੍ਰ ਪਾਸੋਂ ਧਨ ਖੋਹ ਕੇ (ਜਬਰਨ) ਯਗ ਕਰਨਾ ਮਨ੍ਹਾ ਨਹੀਂ ਹੈ (ਮਨੂ ਅ: ੧੧ ਸ: ੧੩)

**ਯਗ ਲਈ ਚੋਰੀ ਡਾਕੇ ਦੀ ਖੁਲ੍ਹ**

ਖੱਤ੍ਰੀ (ਯਗ ਲਈ) ਬ੍ਰਹਮਣ ਦਾ ਪਦਾਰਥ ਬਿਲਕੁਲ ਨ ਲਵੇ। ਜੇ ਬਹੁਤ ਭਿਆਨਕ ਸਮਾਂ ਹੋਵੇ ਤਾਂ ਮਾੜੇ ਕੰਮ ਕਰਨ ਵਾਲਾ ਤੇ ਸ਼ਾਸਤ੍ਰ ਵਿਖੇ ਲਿਖੇ ਕਰਮਾਂ ਦਾ ਤਿਆਗਣ ਵਾਲਾ ਤੇ ਸ਼ਾਸਤ੍ਰ ਵਿਖੇ ਲਿਖੇ ਕਰਮਾਂ ਦਾ ਤਿਆਗਣ ਵਾਲਾ ਬ੍ਰਾਹਮਣ ਜਾਂ ਖੱਤ੍ਰੀ ਹੈ ਉਸ ਦੇ ਘਰੋਂ ਚੋਰੀ ਕਰੇ (ਮਨੂ ਅ: ੧੧ ਸ: ੧੮)

ਕੀ ਇਹੋ ਧਾਨ ਚੋਰੀ ਕਰਕੇ ਪਿੱਤਰਾਂ ਲਈ ਦਾਨ ਦੇਣ ਪਰ ਪਿਤਰ ਬੀ ਚੋਰ ਨਾ ਹੋਏ ? ਜੋ ਪੁਰਸ਼ ਭਲੇ ਪੁਰਸ਼ਾਂ ਨੂੰ ਧਨ ਬੁਰਿਆਂ ਪਾਸੋਂ (ਸ਼ੁਦਰ ਆਦਿ ਤੋਂ) ਖੋਹ ਕੇ ਦਿੰਦਾ ਹੈ। ਉਹ ਆਪਣੇ ਆਪਨੂੰ ਬੇੜਾ ਬਣਾ ਕੇ ਦੋਹਾਂ ਨੂੰ ਤਾਰਦਾ ਹੈ (ਮਨੂ ਅ: ੧੧ ਅੰਕ ੧੯)

ਸੂਚਨਾ - ਫਿਰ ਮਹਿਮੂਦ ਤੇ ਔਰੰਗਜ਼ੇਬ ਤੇ ਨਾਦਰਸ਼ਾਹ ਦੁਰਾਨੀ ਆਦਿ ਸ਼ਾਹੀ ਲੁੱਟਾਂ ਮਾਰਾਂ ਤੇ ਹਿੰਦੂਆਂ ਤੋਂ ਖੋਹਾਖਿੰਜੀ ਕਿਵੇਂ ਬੁਰੀ ਕਹੀਏ ? ਓਹ ਬੀ ਤਾਂ ਮੁਸਲਮਾਨੀ ਸ਼ਰਹ ਮੂਜਬ ਕਾਫਰਾਂ ਤੋਂ ਖੋਸ ਕੇ ਮੋਮਨਾਂ ਦੇ ਪੇਟ ਦੀ ਭੁੱਖ ਮਿਟੌਣ ਖਾਤ੍ਰ ਹਵਨ (ਕੌਮੀ ਯਗ) ਕਰਦੇ ਸਨ ?

## ਅਧਰਮ ਦੀ ਸਿਖਯਾ

ਰਾਜਾ ਉਪਰਲੇ ਕੰਮਾਂ ਦੀ ਸਜਾ ਨਾ ਦੇਵੇ ॥ (ਮਨੂ ਅ: ੧੧ ਅੰਕ ੨੧)

(ਵਾਹ ! ਕਿਆ ਹੀ ਧਰਮ ਨੀਤੀ ਦੀ ਸੰਥਾ ਹੈ !) ਜਿਸ ਦੇਸ ਵਿਚ ਸੁਭਾਵਕ ਹੀ ਕਾਲਾ ਹਿਰਨ ਰਹੇ, ਓਸ ਦੇਸ ਵਿਚ ਯਗ ਹੋ ਸਕਦਾ ਹੈ। ਉਸ ਤੋਂ ਪਰਾਂ ਮਲੇਛ ਹੈਨ। ( ਮਨੂ ਧਿਆਇ ੨ ਸਲੋਕ ੨੩)

ਸੂਚਨਾ - ਦੇਖੋ ! ਕਾਲੇ ਹਿਰਨ ਬਿਨਾਂ ਵੇਦ ਗ੍ਰੰਥਾਂ ਦਾ ਯਗ ਕਰਮ ਹੀ ਨਹੀਂ ਚਲਦਾ, ਕੀ ਕਾਲਾ ਹਿਰਨ ਬੀ ਰਬ ਹੈ ?

## ਹਿੰਦੂਆਂ ਦੇ ਵੇਦਾਂ, ਸਿਮ੍ਰਿਤੀਆਂ, ਸ਼ਾਸਤ੍ਰਾਂ, ਪੁਰਾਣਾਂ ਆਦਿ ਸਬੰਧੀ ਸਤਿਗੁਰਾਂ ਦਾ ਫੈਸਲਾ

ਹਿੰਦੂ ਮਤ ਦੇ ਸ਼ਰੋਮਣੀ ਪੁਸਤਕ ਰਿਗ, ਯਜੁਰ, ਸ਼ਾਮ ਤਿੰਨੇ ਵੇਦ ਹੈਨ ਅਥਰਵਣ ਨੂੰ ਰਲਾ ਕੇ ਚਾਰ ਹੁੰਦੇ ਨੇ। ਮਨੂ ਸਿਮ੍ਰਿਤੀ ਨੇ ਵੇਦ ਤਿੰਨੇ ਲਿਖੇ ਹਨ ਅਰ ਸ਼ਾਸਤ੍ਰ ਬੀ ਤਿੰਨੇ ਮੰਨੇ ਹਨ ਪਰ ਦੋ ਦੋ ਹਿੱਸੇ ਗਿਣਕੇ ਛੇ ਸ਼ਾਸਤ੍ਰ ਗਿਣ ਲੈਂਦੇ ਨੇ ਜਿਹਾ ਕਿ :-

(੧) ਕਣਾਦ ਰਿਸ਼ੀ ਦਾ ਵੈਸ਼ੇਸ਼ਕ (੨) ਗੌਤਮ ਰਿਸ਼ੀ ਦਾ ਨਜਾਯ (੩) ਕਪਿਲ ਮੁਨੀ ਦਾ ਸਾਂਖਯ (੪) ਪਾਤੰਜਲ (ਜਾਂ ਯੋਗ ਦਰਸ਼ਨ) ਇਸ ਦੇ ਕਰਤੇ ਪਾਤੰਜਲਿ ਰਿਸ਼ੀ ਸਨ (੫) ਮੀਮਾਂਸਾ ਇਸ ਦੇ ਕਰਤੇ ਜੈਮਿਨੀ ਰਿਸ਼ੀ ਸਨ (੬) ਵੇਦਾਂਤ ਇਸ ਦੇ ਕਰਤੇ ਪੰਡਤ ਵੇਦ ਵਯਾਸ ਸਨ। ਇਨ੍ਹਾਂ ਛੇਆਂ ਸ਼ਾਸਤ੍ਰਾਂ ਦੇ ਛੀਏ ਰਾਹ ਹੈਨ। ਇਨ੍ਹਾਂ ਦਾ ਬਣਨਾ ਵੇਦਾਂ ਤੋਂ ਨਾ ਸੰਤੁਸ਼ਟਤਾ ਹੈ। ਵਧ ਘਟ ਪਦਾਰਥ ਗਿਆਨ ਦਾ ਨਾਮ ਮੁਕਤੀ ਮੰਨਦੇ ਹਨ। ਸਿਧਾਂਤ ਕੀ ! ਇਨ੍ਹਾਂ ਵਿਚ ਪਦਾਰਥਾਂ ਦੀ ਛਾਨ ਬੀਨ ਦਾ ਤਕੜਾ ਪਾਣੀ ਰਿੜਕਿਆ ਹੈ 'ਵੈਸੇਸ਼ਕ' ਕਹਿੰਦਾ ਹੈ ਦ੍ਰਵਜ, ਗੁਣ, ਕਰਮ, ਸਾਮਾਨਜ, ਵਿਸੇਸ਼, ਸਮਵਾਸ ਇਹ ਛੀਏ ਪਦਾਰਥ ਨਿਤਜ ਅਰ ਅਨਾਦੀ ਹੈਨ। ਮਿੱਟੀ, ਅੱਗ, ਪਾਣੀ, ਹਵਾ ਪਰਮਾਣੂ ਰੂਪ ਸੇ ਨਿਤਜ ਅਰ ਸਥੂਲ ਰੂਪ ਸੇ ਅਨਿਤਜ ਹੈਨ। ਜੀਵ ਆਤਮਾਂ ਸਭ ਸਰੀਰਾਂ ਵਿਚ ਭਿੰਨ ਭਿੰਨ ਹੈ। ਅਖੇ ! ਪਰਮਾਤਮਾਂ, ਜੀਵ ਆਤਮਾਂ ਤੋਂ ਜੁਦਾ ਹੈ ॥

ਬੱਸ ਇਨ੍ਹਾਂ ਪਦਾਰਥਾਂ ਦੇ ਗਿਆਨ ਹੋ ਜਾਣ ਦੇ ਨਾਮ ਮੁਕਤੀ ਦਸੀ ਏ ॥

ਨਜਾਯ ਸ਼ਾਸਤ੍ਰ ਸੋਲਾਂ ਪਦਾਰਥ ਦਸਦਾ ਹੈ। ਜਿਹਾ ਕਿ ਪ੍ਰਮਾਣ, ਪ੍ਰਮੇਯ, ਸੰਸ਼ਯ, ਪ੍ਰਯੋਜਨ, ਦ੍ਰਿਸ਼ਟਾਂਤ ਸਿਧਾਂਤ, ਅਵਜਵ, ਤਰਕ ਨਿਰਨਯ, ਵਾਦ, ਜਲਪ, ਵਿਤੰਡਾ, ਹੇਤ੍ਵਾਭਾਸ,

ਜਾਤਿ, ਛਲ, ਨਿਗ੍ਰਹ ਸਥਾਨ, ਇਨ੍ਹਾਂ ਸੋਲ੍ਹਾਂ ਪਦਾਰਥਾਂ ਦੇ ਯਥਾਕ੍ਰਮ ਤਤ੍ਵ ਗਯਾਨੀ ਤੋਂ ਮੁਕਤੀ ਹੋਣੀ ਦਸੀ ਏ। ਅਖੇ ! ਇਹੋ ਦੁਖਾਂ ਦਾ ਨਸ਼ਟ ਕਰਦੇ ਨੇ ॥

'ਸਾਂਖਯ' ਇਸ ਤੋਂ ਵਿਰੁਧ ਪੱਚੀਸ ਤਤ੍ਵਾਂ ਦੇ ਗਯਾਨ ਦਾ ਨਾਮ ਮੁਕਤੀ ਦਸਦਾ ਹੈ, ਜਿਹਾ ਕਿ ਪ੍ਰਕ੍ਰਿਤ, ਮਹਤੱਤ, ਅਹੰਕਾਰ, ਪੰਜੇ ਤਨ ਮਾਤ੍ਰ ਅਰ ਗਿਆਰਾਂ ਇੰਦ੍ਰੀਆਂ, ਪੰਜੇ ਮਹਾਂਭੂਤ, ਚੈਤਨਤਾ ਸ਼ਕਤੀ। ਅਖੇ ! ਜਗਤ ਨਿਤਯ ਹੈ ਪਰੰਤੂ ਪਰਿਣਾਮ ਰੂਪ ਪ੍ਰਵਾਹ ਨਾਲ ਬਦਲੀ ਜਾਂਦਾ ਹੈ। ਪ੍ਰਕ੍ਰਿਤੀ ਤੇ ਪੁਰਸ਼ ਇੱਕ ਦੂਏ ਦੇ ਮਦਦੀ ਹਨ। ਜੀਵ ਆਤਮਾਂ ਅਡੋ ਅਡੋ ਹੈ ਲਿੰਗ ਸਰੀਰ ਮਰਦਾ ਨਹੀਂ ਵਾਸ਼ਨਾਂ ਬੱਧਾ ਸੂਖਮ ਸਰੀਰ ਦੇਹ ਬਦਲਦਾ ਹੈ। ਅਖੇ ! ਜਦੋਂ ਪੁਰਸ਼ ਗਯਾਨ ਦੀ ਵੀਚਾਰ ਨਾਲ ਆਪਨੂੰ ਬੁੱਧੀ ਤੋਂ ਵੱਖ ਵੇਖਦਾ ਹੈ ਤਾਂ ਬੁੱਧੀ ਕਰਕੇ ਮਿਲੇ ਸੰਤਾਪਾਂ ਨਾਲ ਦੁਖੀ ਨਹੀਂ ਹੁੰਦਾ। ਬਸ ! ਇਸੀ ਅਵਸਥਾ ਦਾ ਨਾਮ ਮੁਕਤੀ ਕਿਹਾ ਹੈ। 'ਪਾਤੰਜਲ' ਨੇ ਦ੍ਰਿਸ਼ਟਾ ਅਰ ਦ੍ਰਿਸਯ ਦੇ ਦੋ ਹੀ ਪਦਾਰਥ ਦੱਸੇ ਨੇ। ਅਖੇ ! ਪੁਰਸ਼ ਦ੍ਰਿਸ਼ਟਾ ਤੇ ਪ੍ਰਕ੍ਰਿਤ ਰੂਪ ਸੰਸਾਰ ਦ੍ਰਿਸ਼ਯ ਹੈ ॥ ਸਿਧਾਂਤ ਕੀ ਪ੍ਰਕਿਤੀ ਤੋਂ ਵੱਖ ਹੋਣ ਦਾ ਨਾਮ ਮੁਕਤੀ ਧਰ ਲਿਤਾ ਹੈ ॥

"ਮੀਮਾਂਸਾ" ਇਹ ਸ਼ਾਸਤ੍ਰ ਵੇਦਾਂ ਵਿਚ ਦੱਸੇ ਯਗ ਕਰਮਾਂ ਦਾ ਹਮਾਇਤੀ ਹੈ। ਅਖੇ ! ਕਰਮ ਕਾਂਡ ਹੀ ਦੇਵਤਾ, ਰਾਖਸ਼ ਬਣਾ ਦਿੰਦਾ ਹੈ ਸ਼ੁਭ ਅਸ਼ੁਭ ਕਰਮਾਂ ਨਾਲ ਨਰਕ ਸੁਰਗ ਮਿਲਦੇ ਹੈਨ ॥

'ਵੇਦਾਂਤ' ਬ੍ਰਹਮਗਯਾਨ ਦੁਆਰੇ ਭੇਦਭਾਵ ਦੂਰ ਕਰਕੇ ਸਿੱਟਾ ਇਹ ਨਿਕਾਲਦਾ ਹੈ ਕਿ ਚਿੱਤ ਦੀ ਵ੍ਰਿਤੀਆਂ ਰੋਕਣ ਨਾਲ ਹੀ ਭਾਵ ਹੋਰ ਦ੍ਰਿਸ਼ਯ ਨਾ ਹੋਣ ਕਰਕੇ ਦ੍ਰਿਸ਼ਟਾ (ਪੁਰਸ਼) ਆਪਣੇ ਆਪ ਵਿੱਚ ਸਥਿਤ ਹੋ ਜਾਂਦਾ ਹੈ। ਅਖੇ ! ਚਿਤ ਵ੍ਰਿਤੀਆਂ ਵੈਰਾਗ ਅਰ ਅਭਯਾਸ ਨਾਲ ਰੋਕੋ। ਬੱਸ ! ਏਕਾਗ੍ਰਤਾ ਦਾ ਨਾਮ ਯੋਗ ਦੱਸ ਕੇ ਇਹੋ ਮੁਕਤੀ ਦੱਸੀਏ। ਇਸ ਵਿਚ ਯਮ, ਨਿਯਮ, ਆਸਨ, ਪ੍ਰਾਣਾਯਾਮ, ਧਾਰਣਾ, ਪ੍ਰਤਯਾਹਾਰ, ਸਮਾਧੀ, ਗਯਾਨ ਸਾਧਨ ਦੱਸੇ ਨੇ। ਇਸ ਕਰਕੇ ਆਤਮਾ ਸਾਖਯਾਤ ਹੁੰਦਾ ਹੈ ਅਖੇ ! ਜੀਵ ਹੀ ਬ੍ਰਹਮ ਹੈ ਹੋਰ ਕੋਈ ਰਬ ਨਹੀਂ। ਇਹੋ ਮੁਕਤੀ ਦਸੀਏ ॥

ਸਿੱਟਾ ਕੀ ! ਇਨ੍ਹਾਂ ਛੀਆਂ ਸ਼ਾਸਤ੍ਰਾਂ ਵਿਚ "ਆਪ ਆਪਣੀ ਬੁਧ ਹੈ ਜੇਤੀ" ਅਨੁਸਾਰ ਪਦਾਰਥਾਂ ਵਿਚ ਚੰਗੀ ਮਧਾਣੀ ਫੇਰੀ ਹੈ ਪਰੰਤੂ ਇਕ ਦੂਏ ਤੋਂ ਉਲਟੇ ਸਿਧਾਂਤ ਹੈਨ ਅਰ ਮੁਕਾਬਲੇ ਪਰ ਬਣਾਏ ਗਏ ਹਨ। ਇਨ੍ਹਾਂ ਦੇ ਮਗਰ ਲਗੁ 'ਛੀ ਦਰਸ਼ਨ' ਵਖੋ ਵਖਰੀ ਸ਼ਾਖਾਂ ਵਿਚ ਹਨ। ਇਨ੍ਹਾਂ ਛੀਆਂ ਸ਼ਾਸਤ੍ਰਾਂ ਤੋਂ ਬਿਨਾਂ ਬਹੁਤ ਸੀ ਸਿੰਮ੍ਰਤੀਆਂ ਹੈਨ ਜਿਨ੍ਹਾਂ ਵਿਚ ਪੁੰਨਾਂ ਤੇ ਕਰਮ ਕਾਂਡਾਂ ਦਾ ਲੇਖਾ ਪੱਤਾ ਹੈ। ਮੁਖ ਅਰ ਪ੍ਰਸਿੱਧ ਹੇਠਾਂ ਲਿਖੀ ਸਿੰਮ੍ਰਿਤੀਆਂ ਹਨ ਜਿਹਾ ਕਿ :– ਮਨੂਸਿੰਮ੍ਰਤੀ, ਲਾਗਯ ਵਲਕ, ਵ੍ਰਿਧਹਾਰੀਤ, ਲਘੂਹਾਰਿਤ, ਵਿਸ਼ਨੂ ਅੱਤ੍ਰਿ, ਲਘੁਅਤ੍ਰਿ, ਵ੍ਰਿਧ ਅਤ੍ਰਿ, ਔਸਨਸ਼, ਔਸਨਸ਼ਸਿੰਮ੍ਰਤ, ਆਂਗਿਰਸਯਮ, ਆਪਸਤੰਬ, ਸੰਵਰਤ, ਕਾਤਯਾਯਨ, ਵ੍ਰਿਹਸਪਤਿ, ਪਾਰਾਸਰ, ਵ੍ਰਿਹਤਪਾਰਾਸਰੀ, ਵਯਾਸ, ਲਘੁ ਵਯਾਸ, ਸੰਖ, ਲਿਖਿਤ, ਦੱਖ, ਗੋਤਮ, ਵ੍ਰਿਧਗੋਤਮ ਸ਼ਾਤਾਤਪ, ਵਿਸਿਸ਼ਟ, ਪੁਲਸਤ, ਨਾਰਦ, ਬੁਧ, ਕਸ਼ਯਪ।

ਇਨ੍ਹਾਂ ਤੋਂ ਬਿਨਾਂ ਅਠਾਰਾਂ ਪ੍ਰਸਿਧ ਪੁਰਾਣ ਹੈਨ, ਵੈਸ਼ਨਵ, ਬ੍ਰਹਮ, ਸ਼ੈਵ, ਸ਼ਾਕਤ, ਭਾਗਵਤ, ਨਾਰਦਯ, ਮਾਰਕੰਡੇਯ, ਆਗਨੇਯ, ਭਵਿਸ਼ਤ, ਬ੍ਰਹਮ ਬੈਵਰਤ, ਲੈਂਗ, ਵਰਾਹ, ਵਾਮਨ, ਸਕੰਦ, ਕੌਰਮ, ਮਾਤਸ਼ਯ, ਗਰੁੜ, ਬ੍ਰਹਮਾਂਡ ॥

ਇਹ ਅਠਾਰਾਂ ਪੁਰਾਣ ਲਗਪਗ ਬ੍ਰਹਮਾਂ, ਸ਼ਿਵ, ਵਿਸ਼ਨੂ ਦੇ ਗੀਤ ਅਰ ਤਿਨਾਂ ਦੇ ਮਤਾਂ ਦਾ ਹਾਲ ਤਥਾ ਵਿਸ਼ਨੂ ਅਵਤਾਰ ਕਥਾ ਅਰ ਦੇਵੀਆਂ ਦੀ ਪੂਜਾ, ਰਾਖਜਸ਼ ਅਰ ਦੇਵਾਂ ਤੇ ਜੰਗ ਯੁਧ, ਲੋਕ ਪ੍ਰਲੋਕ ਦੇ ਕਰਮੀ ਬੰਧ ਲੇਖੇ ਪਤੇ, ਪਥਰ ਅਰ ਮੂਰਤੀ ਪੂਜ ਦੇ ਉਪਦੇਸ਼ ਤੇ ਇਕ ਦੂਏ ਨਾਲ ਵਡੇ ਛੋਟੇ ਦਾ ਵਤਿੰਡਾ ਬਾਦ ਇਤਿਆਦਿ ਪ੍ਰਸੰਗਾਂ ਨਾਲ ਭਰਪੂਰ ਹੈਨ। ਤਾਂਤੇ ਸਿੰਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ (ਬ੍ਰਹਮਗਯਾਨ) ਸਾਰ ਨ ਜਾਣੀ ॥ ਰਾਮਕਲੀ ਮ: ੩ ॥ ਬੇਦ ਕੀ ਪੁਤ੍ਰੀ ਸਿਮ੍ਰਿਤਿ ਭਾਈ। ਸਾਂਕਲ ਜੇਵਰੀ ਲੈਹੈ ਆਈ ॥ ਗਉੜੀ ਕਬੀਰ ॥ ਭਾਵ ਨਾਮ ਤੋਂ ਸੁੰਞੇ ਸਿੰਮ੍ਰਿਤਿ ਸਾਸਤਰ ਪਾਪਾਂ ਪੁੰਨਾਂ ਦਾ ਲੇਖਾ ਪਤਾ ਕਰਦੇ ਹਨ ਅਰ ਵੇਦ ਦੀਆਂ ਧੀਆਂ ਸਿੰਮ੍ਰਿਤੀਆਂ ਕਰਮ ਕਾਂਡ ਰੂਪੀ ਸੰਗਲਾਂ ਬੇੜੀਆਂ ਨਾਲ ਸੰਸਾਰ ਨੂੰ ਕਰਮ ਬੰਧਨਾਂ ਵਿਚ ਜਕੜਨ ਲਈ ਰੁਚੀਆਂ ਹਨ। ਅਤੇ - ਛਿਅ ਘਰ ਛਿਅ ਗੁਰ ਛਿਅ ਉਪਦੇਸ਼ ॥ ਗੁਰੁ ਗੁਰੁ ਏਕੋ ਵੇਸ ਅਨੇਕ ॥ ਆਸਾ ਮਹਲਾ ੧ ॥ ਭਾਵ ਉਪਰ ਦੱਸੇ ਵਤ ਛੀਏ ਸ਼ਾਸ਼ਤ੍ਰ ਵਤਿੰਡਾ ਵਾਦ ਵਿਚ ਤਕੜੇ ਖਚਤ ਹਨ। ਇਸੀ ਤਰ੍ਹਾਂ - ਅਸਟ ਦਸੀ (ਅਠਾਰਾਂ ਪੁਰਾਣ) ਚਹੁੰ ਭੇਦ ਨ ਪਾਇਆ ॥ ਆਸਾ ਮਹਲਾ ੧ ॥ ਅਰਥਾਤ ਅਠਾਰਾਂ ਪੁਰਾਣਾਂ ਤੇ ਚਾਰ ਵੇਦਾਂ ਨੇ ਕਰਤਾਰ ਮ੍ਰਿਯਾਦਾ ਦਾ ਭੇਦ (ਭਾਉ ਭਗਤੀ ਮ੍ਰਿਯਾਦਾ) ਪ੍ਰਾਪਤ ਨਹੀਂ ਕੀਤਾ ॥

ਤਾਂਤੇ 'ਸਾਸਤ ਬੇਦ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥ ਪਾਖੰਡ ਮੈਲ ਨ ਚੁਕਈ ਭਾਈ ਅੰਤਰ ਮੈਲ ਵਿਕਾਰੀ' ॥ *ਸੋਰਠਿ ਮਹਲਾ ੧* ॥ ਅਰਥਾਤ ਹੇ ਭਾਈ ਵੇਦਾਂ ਸਾਸਤ੍ਰਾਂ ਦਾ ਉਪਦੇਸ਼ ਸੰਸਾਰ ਨੂੰ ਕਰਮ ਕਾਂਡਾਂ ਵਿਚ ਫਸਾਉਣਾ ਹੈ। ਸੋ ਇਸ ਤਰ੍ਹਾਂ ਪਖੰਡਾਂ ਤੇ ਵਿਕਾਰਾਂ ਦੀ ਮੈਲ ਨਹੀਂ ਉਤਰ ਸਕਦੀ। ਪੁਨਾ 'ਪੰਡਤ ਮੈਲ ਨ ਚੁਕਈ ਜੇ ਵੇਦ ਪੜੇ ਜੁਗ ਚਾਰ।' ਵਾਰ *ਸੋਰਠਿ ਮਹਲਾ ੩* ॥ ਕਿਉਂਕਿ ਵੇਦ ਕਤੇਬ ਇਫਤਰਾ (ਸੰਸੇ ਵਿਚ ਫਸਾਉਣ ਵਾਲੇ) ਭਾਈ ਦਿਲ ਕਾ ਫਿਕਰ ਨ ਜਾਇ ॥ ਕਬੀਰ ਰਾਗ ਤਿਲੰਗ ॥' ਤਥਾ -

ਸਿਮ੍ਰਿਤਿ ਸਾਸਤ੍ਰ ਬਹੁਤੁਬਿਸਥਾਰਾ ॥ ਮਾਇਆ ਮੋਹੁ ਪਸਰਿਆ ਪਾਸਾਰਾ ॥

*॥ ਮਾਰੂ ਸੋਲਹੇ ਮਹਲਾ ੩ ॥*

ਤ੍ਰੈ ਗੁਣ ਬਾਣੀ ਵੇਦ ਬੀਚਾਰੁ ॥ ਬਿਖਿਆ ਮੈਲੁ ਬਿਖਿਆ ਵਾਪਾਰ ॥

*॥ ਮਲਾਰ ਮਹਲਾ ੩-੧੨੬੨॥*

ਬੇਦਬਾਦ ਸਭਿ ਆਖਿ ਵਖਾਣਹਿ ॥ ਨ ਅੰਤਰੁ ਭੀਜੈ ਨ ਸਬਦੁ ਪਛਾਣਹਿ ॥

ਪੁੰਨੁ ਪਾਪੁ ਸਭੁ ਬੇਦਿ ਦ੍ਰਿੜਾਇਆ ਗੁਰਮੁਖਿ ਅੰਮ੍ਰਿਤ ਪੀਜੈ ਹੇ ॥

*॥ ਮਾਰੂ ਸੋਲਹਾ ਮਹਲਾ ੩-੧੦੫੦॥*

ਸਿਧਾਂਤ ਕੀ ! ਐਸੇ ਹੁਕਮਾਂ ਵਿਖੇ ਸਤਿਗੁਰਾਂ ਨੇ ਸਾਫ ਫੈਸਲਾ ਕਰ ਦਿਤਾ ਹੈ ਕਿ ਵੇਦਾਂ ਸ਼ਾਸਤ੍ਰਾਂ ਸਿਮ੍ਰਿਤਿਆਂ ਔਰ ਪੁਰਾਣਾਂ ਵਿਚੋਂ ਤਤਸਾਰ (ਬ੍ਰਹਮ ਗਯਾਨ) ਨਹੀਂ ਮਿਲਦਾ ਬਲਕਿ ਪੁੰਨ ਪਾਪ (ਕਰਮਕਾਂਡਾਂ) ਦੇ ਝੇੜੇ ਹਨ। ਜਿਸ ਕਰਕੇ ਲੋਕ ਉਲਟੇ ਮਾਇਆ ਮੋਹ ਪਸਾਰੇ ਤੋਂ ਛੁਟਣ ਦੀ ਥਾਂ ਬੱਧੇ ਜਾ ਰਹੇ ਹਨ।

ਵੇਦ ਸਿਮ੍ਰਿਤ ਸ਼ਾਸਤ੍ਰਾਦਿ(ਹਿੰਦੂ ਮਤ ਦੇ ਗ੍ਰੰਥ) ਤੁਰੀਆ ਅਵਸਥਾ ਦੇ ਗਿਆਨ ਤੋਂ ਸਖਣੇ ਭਾਵ ਤ੍ਰੈ ਗੁਣੀ ਪ੍ਰਚਾਰਕ ਹਨ

ਜਨਮਿ ਮਰੈ ਤ੍ਰੈਗੁਣ ਹਿਤਕਾਰੁ ॥ ਚਾਰੇ ਬੇਦ ਕਥਹਿ ਆਕਾਰੁ ॥
ਤੀਨਿ ਅਵਸਥਾ ਕਹਹਿ ਵਖਿਆਨੁ ॥ ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨ ॥
*॥ ਗਉੜੀ ਮਹਲਾ ੧-੧੫੪॥*

ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰਹਿ ਪੁਕਾਰ ॥
ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰ ਨ ਪਾਰਿ ॥
*॥ ਸਿਰੀ ਰਾਗ ਮਹਲਾ ੩-੩੦॥*

ਵੇਦੁ ਪੁਕਾਰੈ ਤ੍ਰਿਬਿਧਿ ਮਾਇਆ ॥ ਮਨਮੁਖ ਨ ਬੂਝਹਿ ਦੂਜੈ ਭਾਇਆ ॥
ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ ॥
*॥ ਮਾਝ ਮਹਲਾ ੩-੧੨੯॥*

ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥ ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥
ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ।੨॥ ਮਨਮੁਖ ਅਗਿਆਨਿ ਕੁਮਾਰਗਿ ਪਾਏ ॥
ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥ ਭਵਜਲ ਡੂਬੇ ਦੂਜੈ ਭਾਏ ॥
*॥ ਗਉੜੀ ਮਹਲਾ ੩-੨੩੦॥*

ਸਿਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ ਬਿਨੁ ਸਬਦੈ ਸੁਰਤਿ ਗਵਾਈ ॥
*॥ ਭੈਰਉ ਮਹਲਾ ੩ ॥*

ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ ॥
ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ ॥
*॥ ਵਡਹੰਸ ਮਹਲਾ ੩-੫੫੯॥*

ਜਦ ਵੇਦਾਂ ਦਾ ਮੁਖੀਆ ਬ੍ਰਹਮਾਂ ਹੀ ਵੇਦ ਬਿਪਤਾ ਵਿਚ ਫਸ ਗਿਆ ਫਿਰ ਹੋਰਾਂ ਦਾ ਕੀ ਹਾਲ !

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥
ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ॥ *(ਗਉੜੀ ਮਹਲਾ ੧-੨੨੪)*

ਨੋਟ - ਦੇਖੋ ਸ਼ਿਵ ਪੁਰਾਣ ਦੀ ਕਥਾ ਗ੍ਰੰਥ ਸ੍ਰਿਸਟੀ ਰਚਨਾ ਵਿਖੇ, ਬ੍ਰਹਮਾਂ ਨੂੰ ਕੈਸੇ ਹੰਕਾਰ ਹੋਇਆ। ਬ੍ਰਹਮਾ ਵੇਦ ਪੜੇ ਵਾਦੁ ਵਖਾਣੈ ॥ ਅੰਤਰ ਤਾਮਸੁ ਆਪੁ ਨ ਪਛਾਣੈ ॥ ਤਾਂ ਪ੍ਰਭੁ ਪਾਏ ਗੁਰਸਬਦੁ ਵਖਾਣੈ ॥ *ਗਉੜੀ ਮਹਲਾ ੩* ॥ ਦੇਖੋ ! ਬ੍ਰਹਮੇ ਦਾ ਆਪਣੇ ਪੁਤਾਂ ਨੂੰ ਵੇਦ ਪੜ੍ਹਾ ਕੇ ਸੰਤੁਸ਼ਟ ਨ ਕਰ ਸਕਣਾ, ਅੰਤ ਵਿਸ਼ਨੂੰ ਨੇ ਤਿੰਨਾ ਦੇ ਉਪਦੇਸ਼ ਲਈ ਅਵਤਾਰ ਧਾਰਨਾ। ਬ੍ਰਹਮਾ ਮੂਲੁ ਵੇਦ ਅਭਿਆਸਾ ॥ ਤਿਸ ਤੇ ਉਪਜੇ ਦੇਵ ਮੋਹ ਪਿਆਸਾ ॥ ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥ ਹਮ ਹਰਿ ਰਾਖੇ ਸਤਿਗੁਰੁ ਮਿਲਾਇਆ ॥ ਅਨਦਿਨੁ ਭਗਤਿ ਹਰਿਨਾਮੁ ਦ੍ਰਿੜਾਇਆ ॥ *(ਗਉੜੀ ਮਹਲਾ ੩)* ॥ ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥ ਤਾਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥ *(ਆਸਾ ਮਹਲਾ ੩)* ਸਨਕ ਸਨੰਦਨ ਅੰਤੁ ਨਹੀ ਪਾਇਆ ॥ ਬੇਦ ਪੜੇ ਪੜ ਬ੍ਰਹਮੇ ਜਨਮੁ ਗਵਾਇਆ ॥ *(ਆਸਾ ਕਬੀਰ)*

ਭਾਵ - ਬ੍ਰਹਮਾ ਔਰ ਉਸ ਦੇ ਪੁਤ੍ਰਾਂ ਨੂੰ ਵੇਦ ਪਾਠ ਤੋਂ ਅਕਾਲ ਪ੍ਰਾਪਤੀ ਨਾ ਹੋਈ ਇਸ ਲਈ ਵੇਦ ਪੜਨੇ ਸੇ ਬੇ ਅਰਥ ਹੀ ਮਨੁਸ਼ਾ ਜਨਮ ਗਵਾ ਦਿੱਤਾ।

ਵੇਦ ਸਿੰਮ੍ਰਿਤਿ ਸਾਸਤ੍ਰ ਗੁਰਮਤਿ (ਅਕਾਲੀ ਗਜਾਨ) ਤੋਂ ਸਖਣੇ ਹਨ

ਅਸਟਦਸੀ ਚਹੁ ਭੇਦੁ ਨ ਪਾਇਆ ॥ ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥
*(ਆਸਾ ਮਹਲਾ ੧-੩੫੫)*

ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ ॥
ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ ਇਕੁ ਅੰਮ੍ਰਿਤਨਾਮੁ ਮੇਰੈ ਰਿਦੈ ਸਿੰਚਾ ॥
*(ਧਨਾਸਰੀ ਮਹਲਾ ੫-੬੮੭)*

ਬੇਦ ਕਤੇਬ ਨ ਭੇਦ ਲਖਯੋ ਜਿਹ ਸੋਊ ਗੁਰੂ ਗੁਰ ਮੋਹਿ ਬਤਾਯੋ ॥
*(ਤੇਤੀਸ ਸਵਯੇ ਪਾ: ੧੦)*

ਬੇਦ ਕਤੇਬ ਨਭੇਦ ਲਹਯੋ ਤਿਹ ਸਿਧ ਸਮਾਧ ਸਭੈ ਕਰ ਹਾਰੇ ॥
ਸਿੰਮ੍ਰਿਤਿ ਸਾਸਤ ਬੇਦ ਸਭੈ ਗਹੁ ਭਾਂਤ ਪੁਰਾਨ ਬਿਚਾਰ ਬਿਚਾਰੇ ॥
*(ਤੇਤੀਸ ਸਵਯੇ ਪਾ: ੧੦)*

ਬੇਦ ਪੁਰਾਨ ਕਤੇਬ ਕੁਰਾਨ ਅਭੇਦ ਨ੍ਰਿਪਾਨ ਸਭੈ ਪਚ ਹਾਰੇ ॥
ਭੇਦ ਨ ਪਾਇ ਸਕੈਂ ਅਨਭੇਦ ਕੋ ਖੇਦਤ ਹੈ ਅਨ ਛੇਦ ਪੁਕਾਰੇ ॥
*(ਅਕਾਲ ਉਸਤਤਿ ਪਾ: ੧੦)*

ਵੇਦ ਸ਼ਾਸਤ੍ਰ ਨਾਮ ਤੋਂ ਸੁੰਵੇ ਹਨ

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ ॥

ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥

(ਸੂਹੀ ਮ: ੫-੭੪੭)

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ । (ਸੁਖਮਨੀ ਮ: ੫-੨੬੫)
ਚਾਰਿ ਬੇਦ ਜਿਹਵ ਭਨੇ ॥ ਦਸ ਅਸਟ ਖਸਟ ਸ੍ਰਵਨ ਸੁਨੇ ॥
ਨਹੀ ਤੁਲਿ ਗੋਬਿੰਦਨਾਮ ਧੁਨੇ ॥ ਸਾਰੰਗ ਮ: ੫-੧੨੨੯॥
ਨਵ ਛਿਅ ਖਟ ਕਾ ਕਰੇ ਬੀਚਾਰੁ ॥ ਨਿਸਦਿਨ ਉਚਰੈ ਭਾਰ ਅਠਾਰ ॥
ਤਿਨਿ ਭੀ ਅੰਤੁ ਨ ਪਾਇਆ ਤੋਹਿ ॥ ਨਾਮ ਬਿਹੂਣ ਮੁਕਤਿ ਕਿਉ ਹੋਇ ॥

(ਸਾਰੰਗ ਕੀ ਵਾਰ ਮ: ੪-੧੨੩੭)

ਚਤਰੁ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ ॥
ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ ॥ (ਗਉੜੀ ਮ : ੫-੨੧੬)

ਵੇਦ ਸ਼ਾਸਤ੍ਰ ਕਰਮ ਕਾਂਡੀ ਪੁਸਤਕ ਹਨ

ਸਿੰਮ੍ਰਿਤਿ ਸਾਸਤ੍ਰ ਬਹੁ ਕਰਮ ਕਮਾਏ ਪ੍ਰਭ ਤੁਮਰੇ ਦਰਸ ਬਿਨੁ ਸੁਖੁ ਨਾਹੀ ॥

(ਆਸਾ ਮ: ੫-੪੦੮)

ਸਾਸਤ੍ਰ ਬੇਦ ਪਾਪ ਪੁੰਨ ਵੀਚਾਰ ॥ ਨਰਕਿ ਸੁਰਗਿ ਫਿਰਿ ਫਿਰਿ ਅਉਤਾਰ ॥

(ਆਸਾ ਮ: ੫-੩੮੫)

ਬੇਦ ਸਾਸਤ੍ਰ ਜਨ ਧਿਆਵਹੀ ਤਰਣ ਕਉ ਸੰਸਾਰੁ ॥
ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ ॥

(ਆਸਾ ਮ: ੫-੪੦੫)

ਸਾਸਤ ਬੇਦ ਪੁਰਾਣ ਪੁਕਾਰਹਿ ਧਰਮੁ ਕਰਹੁ ਖਟੁ ਕਰਮ ਦ੍ਰਿੜਈਆ ॥
ਮਨਮੁਖ ਪਾਖੰਡ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ ਬੁਡਈਆ ॥

(ਬਿਲਾਵਲ ਮ: ੪-੮੩੪)

ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥ ਸਾਂਕਲ ਜੇਵਰੀ ਲੈ ਹੈ ਆਈ ॥ ੧ ॥
ਆਪਨ ਨਗਰੁ ਆਪ ਤੇ ਬਾਧਿਆ ॥ ਮੋਹ ਕੈ ਫਾਧਿ ਕਾਲ ਸਰੁ ਸਾਂਧਿਆ ॥ ਰਹਾਉ ॥
ਕਟੀ ਨ ਕਟੈ ਤੂਟਿ ਨਹ ਜਾਈ ॥ ਸਾ ਸਾਪਨਿ ਹੋਇ ਜਗ ਕਉ ਖਾਈ ॥
ਹਮ ਦੇਖਤ ਜਿਨਿ ਸਭੁ ਜਗੁ ਲੂਟਿਆ ॥ ਕਹੁ ਕਬੀਰ ਮੈ ਰਾਮ ਕਹਿ ਛੂਟਿਆ ॥

(ਗਉੜੀ ਕਬੀਰ-੩੨੯)

ਅਸਲ ਬੇਦ ਬ੍ਰਹਮ ਗਿਆਨ ਗੁਰਬਾਣੀ ਹੈ

ਗੁਰਮੁਖਿ ਨਾਦ ਬੇਦ ਬੀਚਾਰੁ ॥ ਗੁਰਮੁਖਿ ਮਜਨੁ ਚਜੁ ਆਚਾਰੁ ॥
(ਰਾਮਕਲੀ ਮ: ੧-੯੩੨)

ਸਭਿ ਨਾਦ ਬੇਦ ਗੁਰਬਾਣੀ ॥ ਮਨੁ ਰਾਤਾ ਸਾਰਿਗਪਾਣੀ ॥
ਤਹ ਤੀਰਥ ਵਰਤ ਤਪ ਸਾਰੇ ॥ ਗੁਰ ਮਿਲਿਆ ਹਰਿ ਨਿਸਤਾਰੇ ॥
(ਰਾਮਕਲਿ ਮ: ੧-੮੭੯ )

ਗੁਰਮੁਖਿ ਨਾਦੁ ਬੇਦੁ ਹੈ ਗੁਰਮੁਖਿ ਗੁਰ ਪਰਚੈ ਨਾਮੁ ਧਿਆਵੈਗੋ ॥
(ਕਾਨੜਾ ਮ : ੪-੧੩੧੧)

ਨਾਮੁ ਹਮਾਰੈ ਬੇਦ ਅਰੁ ਨਾਦ ॥ (ਭੈਰਉ ਮ: ੫-੧੧੪੫)

ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥
(ਆਸਾ ਮ: ੫-੩੯੭)

ਸੂਚਨਾ - ਗੁਰਬਾਣੀ ਵਿਖੇ ਹਿੰਦੂ ਮਤ ਦੇ ਗ੍ਰੰਥਾਂ (ਵੇਦ, ਸ਼ਾਸਤ੍ਰ, ਸਿਮ੍ਰਿਤ, ਪੁਰਾਣ ਆਦਿ) ਦਾ ਕਾਫੀ ਖੰਡਣ ਹੈ, ਪਰੰਤੂ ਕਿਧਰੇ ਦ੍ਰਿਸ਼ਟਾਂਤ ਅਰ ਸਾਖੀ ਤਥਾ ਪ੍ਰਥਾਇ ਬਚਨ ਹਨ ਜਿਸ ਤੋਂ ਡੂੰਘੀ ਵਿਚਾਰ ਕੀਤੇ ਬਿਨਾਂ ਭੁਲੇਖਾ ਲਗ ਜਾਂਦਾ ਹੈ (ਇਸ ਲਈ ਅਸੀਂ ਵੇਦਮਤ ਅਰ ਗੁਰਮਤ ਸਬੰਧੀ ਵੇਦ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਮਕ ਪੋਥੀ ਵਖ ਲਿਖੀ ਹੈ ॥) ਉਸ ਵਿਚ ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀ ॥ ਬਿਆਸ ਬੀਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥ ਮਾਰੂ ਰਵਿਦਾਸ ॥

ਭਾਵ ਹਿੰਦੂਮਤ ਦੇ ਗ੍ਰੰਥ ਇਸ ਬਾਤ ਦੇ ਗਵਾਹ ਹਨ ਕਿ ਪੰਡਤ ਵੇਦ ਵਜ਼ਾਸ ਨੂੰ ਜਦ ਵੇਦ ਪੜ੍ਹਕੇ ਸ਼ਾਂਤੀ ਨਾ ਹੋਈ ਤਾਂ ਅਤਿਅੰਤ ਦੁਖੀ ਹੋਇਆਂ, ਨਾਰਦ ਮੁਨੀ ਦੇ ਉਪਦੇਸ਼ ਕਰਨ ਪਰ ਰਾਮ ਨਾਮ ਜਪ ਕੇ ਸ਼ਾਂਤੀ ਆਈ ॥

ਖਸਟਮਿ ਖਟ ਸਾਸਤ੍ਰ ਕਹਹਿ ਸਿੰਮ੍ਰਿਤਿ ਕਥਹਿ ਅਨੇਕ ॥ ਊਤਮੁ ਊਚੋ ਪਾਰਬ੍ਰਹਮ ਗੁਣ ਅੰਤੁ ਨ ਜਾਣਹਿ ਸੇਖ ॥ ਨਾਰਦ ਮੁਨਿ ਜਨ ਸੁਕ ਬਿਆਸ ਜਸੁ ਗਾਵਤ ਗੋਬਿੰਦ ॥ ਰਸ ਗੀਧੇ ਹਰਿ ਸਿਉ ਬੀਧੇ ਭਗਤ ਰਚੇ ਭਗਵੰਤ ॥ ਗਉੜੀ ਮਹਲਾ ੫ ॥ ਭਾਵ - ਪੁਰਾਨਕ ਕਥਾ ਹੈ ਕਿ 'ਵੇਦ ਵਜ਼ਾਸ' ਦੇ ਪੁੱਤਰ ਸ਼ੁਕ ਨੂੰ ਵੇਦਾਂ ਤੋਂ ਸ਼ਾਂਤੀ ਨਾ ਹੋਈ ਜਿਸ ਨੇ ਨਾਰਦ ਦੇ ਕਹਿਣ ਪਰ ਜਨਕ ਨੂੰ ਗੁਰੂ ਧਾਰਨ ਕੀਤਾ ਅਰ ਨਾਰਦ ਨੇ ਵੇਦਾਂ ਨੂੰ ਨਿਰਾ ਚਰਚਾ ਬਾਦ ਹੀ ਦਸਿਆ ਹੈ । ਇਸੇ ਤਰ੍ਹਾਂ ਬ੍ਰਹਮਾਂ ਖੁਦ ਸੰਤੁਸ਼ਟ ਨਾ ਹੋ ਸਕਿਆ ਤੇ ਪੁਤਰਾਂ ਨੂੰ ਵੀ ਵੇਦਾਂ ਦੁਆਰੇ ਸ਼ਾਂਤੀ ਨਾ ਹੋ ਸਕੀ ॥ ਤਥਾ ਵੇਦ ਤਾਂ ਕੇਵਲ "ਨਵ ਛਿਅ ਖਟ ਕਾ ਕਰੇ ਵੀਚਾਰ" ਅਨੁਸਾਰ ਸੰਸਾਰਕ ਵਿਦਯਾ ਹੈ ਜਿਸ ਅਨੁਸਾਰ ਆਸ੍ਵਲਾਯਨ, ਪਾਨਿਨੀ, (ਦੂਜਾ ਪਾਨਿਨੀ) ਪਿੰਗਲ, ਗਰਗ, ਯਾਸਕ ਇਨ੍ਹਾਂ ਛੀਆਂ ਦੇ ਕੀਤੇ "ਕਲਪ, ਸਿਖਯਾ, ਬਯਾਕਰਣ, ਛੰਦ, ਜੋਤਸ਼, ਨਿਰੁਕਤ"

ਇਹ ਛੀ ਅੰਗ ਮੰਨੇ ਹਨ ਅਰ ਪਾਨਿਨੀ ਅਸਟਾਧਿਆਈ, (ਕੌਮਦੀ ਆਦਿ) ਸਾਕਟਾਯਨ, ਆਪ ਸਲੀਕਾ, ਗਾਲਵ, ਅਮਰਕਾ, ਇੰਦ੍ਰਕਾ, ਜਨਿੰਦ੍ਰਕਾ, ਚੰਦ੍ਰਕਾ, ਸਾਕਲਜਕਾ ਭਾਵ ਨੌ ਵਿਆਕਰਨਾਂ ਦਾ ਘੋਟਾ ਹੈ ।

**ਵੇਦਾਂ ਸ਼ਾਸਤ੍ਰਾਂ ਮਗਰ ਲੱਗਣ ਵਾਲੇ**

ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥
ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥
*(ਸਿਰੀ ਰਾਗ ਮਹਲਾ ੧-੫੬ )*

ਪੜਿ ਪੜਿ ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ ॥
ਹਰਿ ਨਾਮੁ ਚਿਤਿ ਨ ਆਵਈ ਨਹ ਨਿਜ ਘਰਿ ਹੋਵੈ ਵਾਸੁ ॥
*(ਮਲਾਰ ਮਹਲਾ ੩-੧੨੭੭)*

ਪਡੀਆ ਕਵਨ ਕੁਮਤਿ ਤੁਮ ਲਾਗੇ ॥
ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ ॥ ੧ ॥ ਰਹਾਉ ॥
ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥
ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ ॥੧॥
ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥ ੨ ॥
ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ ? ॥
ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ ॥ ੩ ॥
ਨਾਰਦ ਬਚਨ ਬਿਆਸੁ ਕਹਤੁ ਹੈ ਸੁਕ ਕਉ ਪੂਛਹੁ ਜਾਈ ॥
ਕਹਿ ਕਬੀਰ ਰਾਮੈਰਮਿ ਛੂਟਹੁ ਨਾਹਿ ਤ ਬੂਡੇ ਭਾਈ ॥
*(ਮਾਰੂ ਕਬੀਰ ਜੀ-੧੧੦੨ )*

ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ ॥
ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ ॥
*(ਤਿਲੰਗ ਬਾਣੀ ਕਬੀਰ ਕੀ-੭੨੭)*

ਕਬੀਰ ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ ॥
ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ ॥
*(ਸਲੋਕ ਕਬੀਰ-੧੩੭੧)*

ਭਾਵ ! ਬਗਤ ਕਬੀਰ ਜੀ ਦੀ ਰਾਇ ਵਿਖੇ ਗ੍ਰੰਥ ਕਾਗਜ਼ਾਂ ਦਾ ਮੰਡਲ ਅਰ ਸਿਆਹੀ ਸਰੂਪ ਕਰਮ ਕਪਾਟ ਅਰਥਾਤ ਕਰਮ ਬੰਧਨਾਂ ਦੇ ਫਾਟਕ ਲੱਗੇ ਨੇ 'ਪੱਥਰ ਪੂਜਾ' ਨੇ ਲੋਕ ਡੋਬ ਛਡੇ ਹੈਨ । ਪੰਡਤ ਲੋਕ (ਪੁਜਾਰੀ, ਪਾਂਡੇ) ਰਾਹਮਾਰ (ਲੁਟੇਰੇ) ਹੈਨ । ਤਾਂ ਤੇ ਬਚ ਜਾਓ ॥

## ਮੂਰਤੀ ਪੱਥਰ ਪੂਜਾ ਆਦਿ

"ਪੰਜ ਦੇਵ ਪੂਜਾ" ਹਿੰਦੂਆਂ ਵਿਚ ਕਦੀਮ ਤੋਂ ਚਲੀ ਆ ਰਹੀ ਹੈ ਜਿਸ ਦਾ ਨਾਮ 'ਪੰਚਾਇਤਨ' ਪੂਜਾ ਸਿਧ ਹੈ, ਜਿਸ ਵਿਚ ਸ਼ਿਵ, ਵਿਸ਼ਨੂ, ਅੰਬਕਾ,ਗਣੇਸ਼ ਅਰ ਸੂਰਜ ਦੀ ਮੂਰਤੀ ਬਣਾ ਕੇ ਪੂਜਦੇ ਹਨ । ਜਿੱਥੋਂ ਕਿਤੋਂ ਵੀ ਪੁਰਾਣੇ ਹਿੰਦੂ ਨਿਸ਼ਾਨ ਮਿਲਦੇ ਹਨ ਓਥੇ ਹੀ ਪਥਰਾਂ ਦੀਆਂ ਘੜੀਆਂ ਹੋਈਆਂ ਮੂਰਤਾਂ ਮਿਲਦੀਆਂ ਹਨ, ਬਲਕਿ ਹਿੰਦੂ ਧਰਮ ਦਾ ਮੁਢ ਹੀ ਪਥਰਾਂ ਦੇ ਦੇਵਤੇ ਬਣਾ ਕੇ ਪੂਜਣ ਤੋਂ ਮਿਲਦਾ ਹੈ । ਮੂਰਤੀ ਪੂਜਣ ਵਾਲੇ ਲੋਕਾਂ ਦੇ ਇਹੋ ਜਿਹੇ ਨਿਸਚੇ ਹਨ ਕਿ ਜਿਸ ਪ੍ਰਕਾਰ ਇਸਤ੍ਰੀ ਦੀ ਮੂਰਤੀ ਦੇਖਣ ਤੋਂ ਕਾਮ ਇੱਛਾ ਉਤਪੰਨ ਹੁੰਦੀ ਹੈ ਇਸੇ ਤਰ੍ਹਾਂ ਦੇਵ ਮੂਰਤੀ ਤੋਂ ਸ਼ਾਂਤੀ ਹੋ ਜਾਂਦੀ ਹੈ ਤੇ ਉਚ ਭਾਵ ਮਿਲਦੇ ਹਨ । ਪੱਥਰ ਮੂਰਤੀ ਲਈ ਹਿੰਦੂ ਗ੍ਰੰਥਾਂ ਵਿਚ ਇਹੋ ਜਿਹੇ ਕਿਤਨੇ ਪ੍ਰਸੰਗ ਹਨ ਕਿ ਮਹਾਦੇਵ (ਮੂਰਤੀ) ਇਕ ਵਾਰ ਮਲੇਛ ਨੂੰ ਦਰਸ਼ਨ ਨਾ ਦੇਣ ਦੇ ਕਾਰਣ ਖੂਹ ਵਿਚ ਜਾ ਡਿੱਗੀ, ਅਥਵਾ ਬੇਣੀ ਮਾਧੋ ਨਾਮੀ ਬ੍ਰਾਹਮਣ ਦੇ ਘਰ ਜਾ ਲੁਕੀ ।

ਇਕ ਇਹ ਬੀ ਮਸ਼ਹੂਰ ਹੈ ਕਿ ਸ਼ਾਹ ਔਰੰਗਜ਼ੇਬ ਨੇ ਜਦੋਂ ਕਾਸ਼ੀ ਵਿਚ ਬੁੱਤ ਭੰਨੇ ਤਾਂ 'ਲਾਟ ਭੈਰਵ' ਮੂਰਤੀ ਨੇ ਵਡੇ ਚਮਤਕਾਰੇ ਵਖਾਏ ਕਿ ਉਸ ਵਿਚੋਂ ਭੂੰਡ ਨਿਕਲਕੇ ਸਾਰੀ ਫੌਜ ਨੂੰ ਹੈਰਾਨ ਕਰ ਦਿੱਤਾ ਆਦਿ (ਹੈਰਾਨੀ ਹੈ ਜਿਸ ਵੇਲੇ ਮਹਿਮੂਦ ਗਜ਼ਨਵੀ ਨੇ ਸਭ ਤੋਂ ਸਰੋਮਨੀ ਸੋਮਨਾਥ ਮੰਦਰ (ਰਬ ਦਾ ਘਰ) ਢਾਹਿਆ ਤੇ ਬੁੱਤਾਂ ਦਾ ਚੂਰਾ ਚੂਰਾ ਕੀਤਾ, ਉਸ ਵੇਲੇ ਕੋਈ ਬੁੱਤ ਅਗੇ ਹੋਕੇ ਕਿਉਂ ਨ ਖੜੋਤਾ ? ਪਾਂਡਿਆਂ ਨੇ ਤਾਂ ਤਲਵਾਰ ਦੇ ਡਰ ਤੋਂ ਹੱਥੀਂ ਚੁਕ ਕੇ ਮਹਮੂਦ ਨੂੰ ਖਜ਼ਾਨੇ ਦਿੱਤੇ ਸਨ )।

ਗਯਾ ਜੀ ਵਿਚ ਇਹ ਮਸ਼ਹੂਰ ਹੈ ਕਿ ਪਿਤਰ ਉਥੋਂ ਆਪਣਾ ਹਥ ਕਢਕੇ ਪਿੰਡ ਲੈਂਦੇ ਹਨ । ਇਸ ਤਰ੍ਹਾਂ ਜਗਨਨਾਥ ਵਿਚ ਕਲੇਵਰ ਲਕੜ ਅਗੇ ਆ ਜਾਂਦੀ ਦਸੀ ਹੈ । ਇਹ ਕਰਾਮਾਤ ਦਸੀ ਹੈ ਕਿ ਜਗਨ ਨਾਥ ਉਪਰੋਥਲੀ ਸੈਂਕੜੇ ਹਾਡੀਆਂ ਪਕਦੀਆਂ ਹਨ । ਅਖੇ ! ਜੋ ਲੰਗਰ ਦੀ ਰੋਟੀ ਨਾ ਖਾਵੇ ਕੋਹੜੀ ਹੋ ਜਾਂਦਾ ਹੈ । ਕ੍ਰਿਸ਼ਨ ਦਾ ਰਥ ਆਪੇ ਚਲਦਾ ਹੈ ਪਾਪੀ ਨੂੰ ਦਰਸ਼ਨ ਨਹੀਂ ਹੁੰਦੇ । ਇਹੋ ਜਹੀਆਂ ਕਿਤਨੀਆਂ ਹੀ ਹਿੰਦੂ ਕਥਾ ਹੈਨ । ਇਹ ਬੀ ਪ੍ਰਸਿੱਧ ਹੈ ਕਿ ਰਾਮੇਸ਼੍ਵਰ ਵਿਖੇ ਗੰਗੋਤੀ ਦੇ ਜਲ ਚੜ੍ਹਾਨ ਸਮੇਂ ਸ਼ਿਵ ਲਿੰਗ ਵਧ ਜਾਂਦਾ ਹੈ । ਦੱਖਣ ਵਿਚ ਕਲੀਆ ਕੰਤਕੋ ਨਾਮੀ ਮੂਰਤੀ ਆਪੇ ਹੀ ਹੁੱਕਾ ਪੀਂਦੀ ਹੈ । ਡਾਕੋਰ ਦੀ ਮੂਰਤੀ ਦੁਆਰਕਾ ਭਗਤ ਨਾਲ ਆਪੇ ਹੀ ਚਲੀ ਆਈ ਜਾਂ ਰੱਤੀ ਸੋਨੇ ਬਰਾਬਰ ਤੁੱਲ ਗਈ ਸੀ । ਦੁਆਰਕਾ ਦੀ ਮੂਰਤੀ ਰਣਛੋੜ ਜੀ ਇਸਨੇ ਨਰਸੀ ਮਹਿਤਾ ਪਾਸ ਹੁੰਡੀ ਘੱਲੀ ਸੀ ।

ਸਿਧਾਂਤ ਕੀ ਹਿੰਦੂ ਮਤ ਵਿਚ ਬੁੱਤਾਂ ਬਾਰੇ ਇਹੋ ਜਹੀਆਂ ਬੇਅੰਤ ਕਥਾ ਮਸ਼ਹੂਰ ਹੈਨ।

ਜਿਨ੍ਹਾ ਦੇ ਆਸਰੇ ਪੁਜਾਰੀ ਲੋਕ ਆਪਣੇ ਗੁਜਾਰੇ ਕਰਦੇ ਹੈਨ। ਇਹੋ ਜਿਹੀਆਂ ਬਾਤਾਂ ਸੁਣਕੇ ਅਗਿਆਨੀ ਪੁਰਸ਼ ਪੱਥ੍ਰ ਜਾਂ ਮੂਰਤੀ ਪੂਜਾ ਪਰ ਵਡੀ ਸ਼ਰਧਾ ਧਾਰਦੇ ਹੈਨ।

ਇਸ ਤਰ੍ਹਾਂ ਪੱਥਰ ਪੂਜਾ ਦੀ ਸ਼ਰਧਾ ਨੇ ਇਸ ਦੇਸ ਦੀ ਤਰੱਕੀ ਦੇ ਬੇੜੇ ਵਿਚ ਸਚਮੁਚ ਪੱਥਰ ਪਾ ਛਡੇ ਹੈਨ। ਕ੍ਰੋੜਾਂ ਹਿੰਦੂ ਪੱਥਰਾਂ ਲੱਕੜਾਂ ਧਾਤਾਂ ਦੀ ਮੂਰਤਾਂ ਅਗੇ ਪਏ ਨੱਕ ਰਗੜੀ ਜਾ ਰਹੇ ਹਨ। ਪਰ ਅਜਾਂ ਤੀਕ ਪਥਰ ਨਹੀਂ ਪ੍ਰਸਿੱਜੇ।

## ਪੱਥਰ ਪੂਜਾ ਅਰ ਮਨੁਖ ਜਨਮ

ਜੋ ਪਾਥਰ ਕਉ ਕਹਤੇ ਦੇਵ ॥ ਤਾਕੀ ਬਿਰਥਾ ਹੋਵੈ ਸੇਵ ॥
ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥ ੧ ॥
ਠਾਕੁਰੁ ਹਮਰਾ ਸਦ ਬੋਲੰਤਾ ॥ ਸਰਬ ਜੀਆਂ ਕਉ ਪ੍ਰਭ ਦਾਨੁ ਦੇਤਾ ॥ ੧॥ਰਹਾਉ
ਅੰਤਰਿ ਦੇਉ ਨ ਜਾਨੈ ਅੰਧੁ ॥ ਭ੍ਰਮ ਕਾ ਮੋਹਿਆ ਪਾਵੈ ਫੰਧੁ ॥
ਨ ਪਾਥਰੁ ਬੋਲੈ ਨਾ ਕਿਛੁ ਦੇਇ ॥ ਫੋਕਟ ਕੰਰਮ ਨਿਹਫਲ ਹੈ ਸੇਵ ॥

*(ਭੈਰਉ ਮਹਲਾ ੫--੧੧੬੦)*

ਜੌ ਜੁਗ ਤੈ ਕਰਹੈ ਤਪਸਾ ਕਛੁ ਤੋਹਿ ਪ੍ਰਸੰਨ ਨ ਪਾਹਨ ਕੈਹੈ ॥
ਹਾਥ ਉਠਾਇ ਭਲੀ ਬਿਧਿ ਸੋ ਜੜ੍ਹ ਤੋਹਿ ਕਛੁ ਬਰ ਦਾਨ ਨ ਦੇਹੈ ॥
ਕੌਨ ਭਰੋਸ ਭਯੋ ਇਹ ਕੋ ਕਹੁ ਭੀਰ ਪਰੀ ਨਹਿ ਆਨ ਬਚੈਹੈ ॥
ਜਾਨ ਰੇ ਜਾਨ ਅਜਾਨ ਹਠੀ ਇਹ ਫੋਕਟ ਧਰਮ ਸੁ ਭਰਮ ਗਵੈਹੈ ॥

*ਅਕਾਲ ਉਸਤਤਿ ਪਾਤਿਸ਼ਾਹੀ ॥ ੧੦ ॥*

ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੇ ਸਭੁ ਸੰਸਾਰੁ ॥
ਇਸ ਭਰਵਾਸੇ ਜੋ ਰਹੇ ਬੂਡੇ ਕਾਲੀਧਾਰ ॥ *ਸ: ਕਬੀਰ-੧੩੭੧ ॥*
ਕਬੀਰ ਠਾਕੁਰੁ ਪੂਜਹਿ ਮੋਲਿਲੇ ਮਨਹਠ ਤੀਰਥ ਜਾਹਿ ॥
ਦੇਖਾ ਦੇਖੀ ਸ੍ਵਾਂ ਧਰਿ ਭੂਲੇ ਭਟਕਾ ਖਾਹਿ ॥ *ਸ: ਕਬੀਰ-੧੩੭੧ ॥*

ਏਕੈ ਪਾਥਰ ਕੀਜੈ ਭਾਉ ॥ ਦੂਜੈ ਪਾਥਰ ਧਰੀਐ ਪਾਉ ॥
ਜੇ ਓਹੁ ਦੇਉ ਤ ਓਹੁ ਭੀ ਦੇਵਾ ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥

*ਗੁਜਰੀ ਨਾਮਦੇਉ-੫੨੫ ॥*

### ਪਥਰ ਪੂਜਾ ਦਾ ਪ੍ਰਚਾਰ

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥
ਅੰਧੇ ਗੁੰਗੇ ਅੰਧ ਅੰਧਾਰ ॥ ਪਾਥਰ ਲੇ ਪੂਜਹਿ ਮੁਗਧ ਗਵਾਰ ॥

ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ?॥

*ਬਿਹਾਗੜੇ ਕੀ ਵਾਰ ਮਹਲਾ ੧-੫੫੬ ॥*

ਸੂਚਨਾ - ਨਾਰਦ ਮੁਨੀ ਦੇ ਨਾਮ ਪਰ ਹਿੰਦੂਆਂ ਦਾ ਪ੍ਰਸਿੱਧ ਗ੍ਰੰਥ ਨਾਰਦ ਪੁਰਾਣ ਹੈ (ਪਰ ਕ੍ਰਿਤ ਪੰਡਤ ਬਜਾਸ ਦੀ ਹੈ ) ਨਾਰਦ ਬ੍ਰਹਮਾਂ ਦੇ ਅੰਗੁਠੇ ਵਿਚੋਂ ਨਿਕਲੇ ਮੰਨੇ ਹਨ। ਦਸਿਆ ਹੈ ਕਿ ਦਖਜ ਪ੍ਰਜਾਪਤਿ ਦੇ ਗਿਆਰਾਂ ਸੌ ਪੁਤ੍ਰਾਂ ਨੂੰ ਨਾਰਦ ਨੇ ਉਪਦੇਸ਼ ਕਰਕੇ ਵਿਰਕਤ ਬਣਾ ਘਤਿਆ ਸੀ, ਜਿਸ ਪਰ ਉਸ ਨੇ ਨਾਰਦ ਨੂੰ ਸਰਾਪ ਦਿਤਾ ਕਿ ਤੂੰ ਦੋ ਘੜੀ ਟਿਕਣਾ ਨਾ ਪਾਵੇਂਗਾ। ਨਾਰਦ ਨੂੰ ਜੰਗਾਂ ਜੁਧਾਂ ਵਿਖੇ ਲੂਤੀਆਂ ਲੌਣ ਵਾਲਾ (ਚੁਗਲਖੋਰ) ਮੰਨਿਆਂ ਹੈ ਜਿਸ ਤਰ੍ਹਾਂ ਕਿ ਮੁਸਲਮਾਨਾ ਵਿਚ ਸ਼ੈਤਾਨ ਮੰਨਿਆਂ ਹੈ। ਵੈਸੇ ਨਾਰਦ ਮੁਨੀ ਪ੍ਰਸਿਧ ਵਿਦਵਾਨ ਹੋਏ ਦਸੇ ਹਨ। ਤੇ ਬਿਸ਼ਨੂ ਜੀ ਦੇ ਸਤਾਰਵੇਂ ਅਵਤਾਰ ਬੀ ਮੰਨੇ ਹਨ। ਇਨ੍ਹਾਂ ਦੀ ਰਚਨਾ "ਨਾਰਦ ਪੰਜਰਾਤ੍ਰ ਗ੍ਰੰਥ" ਭੀ ਦਸਿਆ ਹੈ। ਅਖੇ ! ਪੰਡਤ ਬਿਆਸ ਨੂੰ ਕਿਤਨੇ ਗ੍ਰੰਥ ਰਚਕੇ ਵੀ ਸ਼ਾਂਤੀ ਹਾਸਲ ਨ ਹੋਈ ਤਾਂ ਨਾਰਦ ਜੀ ਦੇ ਕਹਿਣ ਅਨੁਸਾਰ ਸ੍ਰੀਮਤ ਭਾਗਵਤ ਪੁਰਾਣ ਰਚਨ ਪਰ ਸ਼ਾਂਤੀ ਹੋਈ। ਨਾਰਦ ਮੁਨੀ, ਧਰੂ ਭਗਤ ਤੇ ਭਗਤ ਪ੍ਰਹਿਲਾਦ ਦੇ ਗੁਰੂ ਦਸੇ ਹਨ, ਮੂਰਤੀ ਪੂਜਾ ਦਾ ਰਿਵਾਜ ਬੀ ਨਾਰਦ ਤੋਂ ਚਲਣਾ ਸਿੱਧ ਹੁੰਦਾ ਹੈ। ਸ੍ਰੀ ਕ੍ਰਿਸ਼ਨ ਦੀ ਬੰਸਰੀ ਦੀ ਤਰ੍ਹਾਂ ਇਨ੍ਹਾਂ ਦਾ ਬੀਨ ਬਜੌਣਾ ਭੀ ਮਸ਼ਹੂਰ ਹੈ, ਹਿੰਦੂ ਮਤ ਵਿਚ ਨਾਰਦ ਦੇ ਮਤ ਦਾ ਕਾਫੀ ਪਰਚਾਰ ਹੈ ॥

ਨਾਰਦ ਪੰਚ ਰਾਤ੍ਰ ਗ੍ਰੰਥ ਵਿਚ ਮੂਰਤੀ ਪੂਜਾ ਦੇ ਪੰਜ ਅੰਗ ਮੰਨੇ ਹਨ 'ਅਭਿਗਮਨ, ਉਪਾਦਾਨ, ਇਜਯ, ਸ੍ਵਾਧਜਾਯ, ਯੋਗ ਅਰਥਾਤ (੧) ਥਾਂ ਲਿਪਣੀ ਤੇ ਦੇਵਤਾ ਸਦਣਾ (੨) ਫਲ ਆਦਿ ਕਠੇ ਕਰਨੇ (੩) ਪੂਜਾ ਕਰਨਾ (੪) ਚਿਤ ਵਿਚ ਮਨੋਰਥ ਰਖ ਕੇ ਮੰਤਰ ਜਪਣੇ (੫) ਦੇਵਤੇ ਦੇ ਸਰੂਪ ਦਾ ਖਿਆਲ ਕਰਨਾ ॥ ਬਸ ਇਹੋ ਤਰੀਕਾ "ਹਿੰਦੂ ਮੂਲੇ ਭੂਲੇ ਅਖੁਟੀ (ਗਲਤੀ ਵਿਚ) ਜਾਹੀ। ਨਾਰਦ ਕਹਿਆ ਸਿ ਪੂਜ ਕਰਾਹੀ" ਦਾ ਹੈ।

## ਸ਼ਿਵ ਲਿੰਗ ਦੀ ਪੂਜਾ

ਹਿੰਦੂਆਂ ਵਿਚ ਸ਼ਿਵਲਿੰਗ ਦੀ ਪੂਜਾ ਕਰਨ ਵਾਲੇ ਕਾਫੀ ਹਿੰਦੂ ਹਨ। ਸ਼ਿਵਲਿੰਗ ਪੂਜਾ ਦਾ ਵਡਾ ਪ੍ਰਚਾਰਕ 'ਬ੍ਰਿਖਬ' ਨਾਮੀ ਬ੍ਰਾਹਮਣ ਹੋਇਆ ਸੀ। ਜਿਸ ਨੇ ਬਾਹਰਵੀਂ ਸਦੀ (ਈਸਵੀ) ਵਿਚ 'ਲਿੰਗਾਯਤ' ਸ਼ੰਪ੍ਰਦਾ ਚਲਾਈ। ਅਖੇ ! ਬਾਹਨ (ਨੰਦੀ ਗਣ) ਨੂੰ ਸੁਪਨੇ ਵਿਚ ਸ਼ਿਵਾਂ ਨੇ ਕਿਹਾ ਕਿ ਹੇ ਮਦਲੰਬਿਕਾ ! ਮੈਂ ਤੇਰੇ ਗਰਭੋਂ ਹੋ ਕੇ ਬੀਰ ਸ਼ੈਵ ਧਰਮ ਦੀ ਨਿਉਂ ਰਖਾਂਗਾ। ਭਾਵ ਸ਼ਿਵ ਜੀ ਮਹਾਰਾਜ 'ਬ੍ਰਿਖਭ' ਰੂਪ ਧਾਰਕੇ ਜਨਮੇ, ਜਿਸਨੇ ਪਹਿਲੇ ਤਾਂ ਹਿੰਦੂਆਂ ਵਿਚ ਸੂਰਜ, ਅਗ, ਦੇਵੀ ਦੇਵਤਾ ਦੀ ਪੂਜਾ ਭੰਡੀ ਔਰ ਜਾਤ, ਪਾਤ, ਬ੍ਰਤ, ਸੌਧ, ਅਸੌਧ, ਸ੍ਰਾਧ, ਵਿਆਹ ਤੇ ਬ੍ਰਹਮਭੋਜ ਆਦਿ ਨਿੰਦੇ ਮਗਰੋਂ ਸ਼ਿਵ ਧਰਮ ਦੀ ਲਿੰਗਾਯਤ ਸੰਪ੍ਰਦਾ ਚੁਕ ਖੜੀ ਕੀਤੀ 'ਬਾਸਬ ਪੁਰਾਣ' ਦੁਆਰੇ ਪ੍ਰਚਾਰ ਕੀਤਾ। ਲੰਗਾਯਤੀ ਲੋਕ ਕਪੜੇ ਵਿਚ ਬੰਧ ਕੇ ਯਾਂ ਇਕ ਡਬੀ ਵਿਚ ਪਾ ਕੇ ਸ਼ਿਵ ਲਿੰਗ ਗਲ ਵਿਚ ਲਟਕਾਂਦੇ ਹਨ। ਅਖੇ !

ਬ੍ਰਿਖਭ (ਸ਼ਿਵ ਅਵਤਾਰ) ਦੇ ਜੰਮਦੇਸਾਰ ਗਲੇ ਵਿਚ 'ਸ਼ਿਵਲਿੰਗ' ਲਟਕਦਾ ਸੀ । ਕਈ ਲਿੰਗਾਯਤੀ ਸ਼ਿਵ ਲਿੰਗ ਨੂੰ ਗਲੇ ਦੀ ਥਾਂ ਤੜਾਂਗੀ ਵਿਚ ਜਾਂ ਕਮਰ ਨਾਲ ਵੀ ਲਟਕਾਂਦੇ ਹਨ । ਸ਼ਿਵਲਿੰਗ ਨੂੰ ਦੇਖੇ ਜਾਂ ਛੂਹੇ ਬਿਨਾਂ ਤਾਂ ਪਾਣੀ ਤੀਕ ਨਹੀਂ ਪੀਂਦੇ । ਇਨ੍ਹਾਂ ਦੇ ਪੁਜਾਰੀ ਬਿਭੂਤੀ ਭੀ ਲੈਂਦੇ ਹਨ । ਆਪ ਨੂੰ ਪਿੱਤਲ ਆਦਿ ਦਾ ਤੱਤਾ ਲਿੰਗ ਕਰਕੇ ਦਾਗਦੇ ਭੀ ਹੈਨ । ਮ੍ਰਿਤਕ ਦੇ ਗਲੇ ਚਿਠੀ ਪਰ ਲਿਖ ਕੇ ਘਲਦੇ ਹਨ ਕਿ ਹੇ ਸ਼ਿਵ ਜੀ ਮਹਾਰਾਜ ! ਇਸ ਨੂੰ ਆਪ ਨੇ ਜਗ੍ਹਾ ਦੇ ਦੇਣੀ ਆਦਿ । ਚਿੱਠੀ ਲਿਖਣ ਬਦਲੇ ਇਨ੍ਹਾਂ ਦੇ ਧਰਮ ਗੁਰੂ ਧਨ ਲੈਂਦੇ ਹਨ । ਜੇ ਧਨ ਨਾ ਮਿਲੇ ਤਾਂ ਪ੍ਰਵਾਨੇ ਪਰ ਦਸਖਤ ਹੀ ਨਹੀਂ ਕਰਦੇ । 'ਨਮੋ ਸ਼ਿਵਾਯ' ਮੰਤ੍ਰ ਜਪਦੇ ਹੈਨ । ਇਨ੍ਹਾਂ ਲੰਗਾਯਤਾਂ ਵਿਚ ਮੁਰਦਾ ਫੂਕਣ ਦੀ ਥਾਂ ਦੱਬਣਾ ਤੇ ਸਤੀ ਇਸਤ੍ਰੀ ਨੂੰ ਬੀ ਜਿੰਦਾ ਹੀ ਦਬਾ ਦੇਣਾ ਰਿਵਾਜ ਪ੍ਰਚਲਤ ਸੀ । ਇਸ ਸੰਪ੍ਰਦਾ ਦੀਆਂ ਇਸਤ੍ਰੀਆਂ ਇਕ ਨਾਲ ਸ਼ਾਦੀ ਕਰਕੇ ਦੂਜੇ ਪੁਰਖ ਨਾਲ ਬੀ ਦਿਨ ਕਟੀ ਕਰੀ ਜਾਂਦੀ ਆ ਹਨ । ਬਾਕੀ ਧਰਮ ਕਰਮ ਦੀ ਕੋਈ ਐਡੀ ਪ੍ਰਵਾਹ ਨਹੀਂ ਕੀਤੀ ਜਾਂਦੀ । ਇਹ ਸ਼ਿਵ ਲਿੰਗੀਏ ਮੰਦ੍ਰਾਂ ਵਿਚ ਤੇ ਭਿਖਾਰੀ ਬੀ ਹੈਨ । ਕੋਈ ਕੌਡੀਆਂ ਨਾਲ ਸਾਨ੍ਹ (ਸ਼ਿਵ ਜੀ ਦਾ ਬਲ) ਸਜਾ ਕੇ ਮੰਗਦੇ ਨੇ । ਇਨ੍ਹਾਂ ਦੇ ਸਥਾਨ 'ਜੰਗਮ ਬਾੜੀ' ਨਾਮ ਨਾਲ ਪ੍ਰਸਿੱਧ ਹੈਨ । ਬ੍ਰਿਖਭ (ਸ਼ਿਵ ਅਵਤਾਰ) ਦਾ ਵਡਾ ਲਿੰਗ ਕ੍ਰਿਸ਼ਨ ਨਦੀ ਦੇ ਕੰਢੇ ਸੰਗਮੇਸ਼੍ਰਰ ਹੈ, ਜਹਾਂ ਬ੍ਰਿਖਬ ਜੀ ਨੇ ਸਰੀਰ ਛਡਿਆ ਸੀ ।ਅਖੇ ! ਉਥੇ ਸ਼ਿਵਜੀ ਦੇ ਲਿੰਗ ਥਾਂਈ ਬ੍ਰਿਖਭ ਜੀ ਪ੍ਰਵੇਸ਼ ਕਰ ਗਏ । ਹੁਣ ਤੀਕ ਓਹ ਛੇਕ ਹੈ । ਲਿੰਗਾਯਤ ਔਰ ਮਾਧਵ ਮਤੀਏ ਉਥੇ ਜਾਂਦੇ ਨੇ ਇਨ੍ਹਾਂ ਦੀ ਤਾਦਾਦ ਨਿਜ਼ਾਮ ਮੈਸੂਰ ਕੁਰਗ ਰਾਜ ਮਹੇਂਦ੍ਰੀ ਅਰ ਮਦਰਾਸ ਪ੍ਰਾਂਤ ਵਿਚ ਤਕੜੀ ਹੈ । (ਪੰਜਾਬ ਵਿਚ ਤਕਰੀਬਨ ਇਹੋ ਜਹੇ ਹਿੰਦੂ ਸਤਿਗੁਰੂ ਨਾਨਕ ਜੀ ਦੇ ਪ੍ਰਚਾਰ ਨੇ ਵਹਿਮਾ ਤੋਂ ਛੁਡਾ ਦਿਤੇ ਹਨ)।

## ਸ਼ਿਵਲਿੰਗ ਪੂਜਾ ਪਰ ਗੁਰੂ ਹੁਕਮ

ਘਰਮਹਿ ਠਾਕੁਰੁ ਨਦਰਿ ਨ ਆਵੈ ॥ ਗਲਮਹਿ ਪਾਹਣੁ ਲੈ ਲਟਕਾਵੈ ॥ ੧ ॥
ਭਰਮੇ ਭੂਲਾ ਸਾਕਤੁ ਫਿਰਤਾ ॥ ਨੀਰੁ ਬਿਰੋਲੈ ਖਪਿ ਖਪਿ ਮਰਤਾ ॥੧॥ਰਹਾਉ॥
ਜਿਸੁ ਪਾਹਣ ਕਉ ਠਾਕੁਰੁ ਕਹਤਾ ॥ ਓਹੁ ਪਾਹਣੁ ਲੈ ਉਸ ਕਉ ਡੁਬਤਾ ॥ ੨ ॥
ਗੁਨਹਗਾਰ ਲੂਣ ਹਰਾਮੀ ॥ ਪਾਹਣ ਨਾਵ ਨ ਪਾਰਗਿਰਾਮੀ ॥ ੩ ॥
ਗੁਰੁ ਮਿਲਿ ਨਾਨਕ ਠਾਕੁਰੁ ਜਾਤਾ ॥ ਜਲਿ ਥਲਿ ਮਹੀਅਲਿ ਪੂਰਨ ਬਿਧਾਤਾ ॥

*ਸੂਹੀ ਮਹਲਾ ੫-੭੩੯ ॥*

ਕਾਂਹੂ ਲੈ ਠੋਕ ਬੰਧੇ ਉਰ ਠਾਕੁਰ ਕਾਹੂੰ ਮਹੇਸ ਕੋ ਏਸ ਬਖਾਨਜੋ ॥
ਕਾਹੂਮ ਕਹਜੋ ਹਰਿ ਮੰਦਰ ਮੇਂ ਹਰਿ ਕਾਹੂ ਮਸੀਤ ਕੇ ਬੀਚ ਪ੍ਰਮਾਨਜੋ ॥
ਕਾਹੂੰ ਨੇ ਰਾਮ ਕਹਜੋ ਕ੍ਰਿਸ਼ਨਾ ਕਹੂੰ ਕਾਹੂੰ ਮਨੈ ਅਵਤਾਰਨ ਮਾਨਯੋ ॥
ਫੋਕਟ ਧਰਮ ਵਿਸਾਰ ਸਭੈ ਕਰਤਾਰ ਹੀ ਕੋ ਕਰਤਾ ਜਿਯ ਜਾਨਯੋ ॥

*ਅਕਾਲ ਉਸਤਤ ਪਾ : ੧੦ ॥*

ਪੂਜ ਹਾਰੇ ਪਾਹਨ ਚਢਾਇ ਹਾਰੇ ਲਾਪਸੀ ॥
ਗਾਹ ਹਾਰੇ ਗੋਰਨ ਮਨਾਇ ਹਾਰੇ ਮੜੀ ਮੱਟ ਲੀਪ ਹਾਰੇ ਭੀਤਨ ਲਗਾਇ ਹਾਰੇ ਛਾਪਸੀ ॥
ਗਾਇ ਹਾਰੇ ਗੰਧ੍ਰਬ ਬਜਾਇ ਹਾਰੇ ਕਿੰਨਿ ਸਭ ਪਚ ਹਾਰੇ ਪੰਡਿਤ ਤਪੰਤ ਹਾਰੇ ਤਾਪਸੀ ॥
*ਅਕਾਲ ਉਸਤਤਿ ਪਾ : ੧੦ ॥*

## ਸਾਲਗ੍ਰਾਮ ਦੀ ਪੂਜਾ

ਜਿਥੇ ਸਾਲਗ੍ਰਾਮ ਦੀ ਮੂਰਤੀ ਹੈ, ਅਥਵਾ ਜਿਥੇ ਦ੍ਵਾਰਕਾ ਦੀ ਸਿਲ ਹੈ, ਉਥੇ ਜਰੂਰ ਮੁਕਤੀ ਜਾਣੋ, ਭਾਵ ਉਥੇ ਮਰਨ ਸੇ ਮੁਕਤੀ ਹੈ ॥ (ਗਰੜ ਧਿਆਯ ੨੭ ਅੰਕ ੨੫)

ਸੂਚਨਾ - ਸਾਲਗ੍ਰਾਮ ਦੀ ਕਥਾ ਪਿਛੇ ਦਿਤੀ ਗਈ ਹੈ ਕਿ ਬਿਸ਼ਨੂ ਜੀ ਜਲੰਧਰ ਦੀ ਪਤੀਬ੍ਰਤ ਇਸਤ੍ਰੀ ਦਾ ਸਤਭੰਗ ਕਰਨੇ ਸੇ ਉਸ ਵਲੋਂ ਸਰਾਪੇ ਗਏ ਪੱਥਰ ਬਣੇ ਸੀ, ਅਰ ਓਹ ਤੁਲਸੀ ਹੋਈ ॥ ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ ॥ ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ ॥ ਬਸੰਤ ਹਿੰਡੋਲੁ ਮਹਲਾ ੧ ॥

ਨੋਟ - ਤੁਲਸੀ ਦੇ ਬੂਟੇ ਨੂੰ ਲਗਾਵੇ, ਜਲ ਦੇਵੇ ਤੇ ਖਾਵੇ ਅਨਕ ਜਨਮ ਦੇ ਪਾਪ ਨਸ਼ਟ ਹੁੰਦੇ ਹਨ ॥ (ਗਰੜ ਧਿਆਯ ੨੭ ਅੰਕ ੨੯)

ਸਾਲਿਗ ਰਾਮੁ ਹਮਾਰੈ ਸੇਵਾ ॥ ਪੂਜਾ ਅਰਚਾ ਬੰਦਨ ਦੇਵਾ ॥ ੧ ॥ ਰਹਾਉ ॥
ਘੰਟਾ ਜਾਂਕਾ ਸੁਨੀਐ ਚਹੁਕੁੰਟ ॥ ਆਸਨੁ ਜਾਕਾ ਸਦਾ ਬੈਕੁੰਠ ।
ਜਾਂਕਾ ਚਵਰੁ ਸਭ ਊਪਰਿ ਝੁਲੈ ॥ ਤਾਕਾ ਧੂਪੁ ਸਦਾ ਪਰਫੁਲੈ ॥ ੨ ॥
ਘਟਿ ਘਟਿ ਸੰਪਟੁ ਹੈ ਰੇ ਜਾਕਾ ॥ ਅਭਗ ਸਭਾ ਸੰਗਿ ਹੈ ਸਾਧਾ ॥
ਆਰਤੀ ਕੀਰਤਨੁ ਸਦਾ ਅਨੰਦੁ ॥ ਮਹਿਮਾ ਸੁੰਦਰ ਸਦਾ ਬੇਅੰਤ ॥ ੩ ॥
ਜਿਸਹਿ ਪਰਾਪਤਿ ਤਿਸ ਹੀ ਲਹਨਾ ॥ ਸੰਤ ਚਰਨ ਓਹੁ ਆਇਓ ਸਰਨਾ ॥
ਹਾਥਿ ਚੜਿਓ ਹਰਿ ਸਾਲਗਿਰਾਮੁ ॥ ਕਹੁ ਨਾਨਕ ਗੁਰਿ ਕੀਨੋ ਦਾਨੁ ॥
*(ਆਸਾ ਮਹਲਾ ਮ-੩੯੩ )*

ਆਗੈ ਰਾਖਿਓ ਸਾਲਿਗਰਾਮੁ ॥ ਮਨੁ ਕੀਨੋ ਦਹਦਿਸ ਬਿਸ੍ਰਾਮੁ ॥
ਤਿਲਕੁ ਚਰਾਵੈ ਪਾਈ ਪਾਇ ॥ ਲੋਕੁ ਪਚਾਰਾ ਅੰਧੁ ਕਮਾਇ ॥
ਖਟੁ ਕਰਮਾ ਅਰੁ ਆਸਣੁ ਧੋਤੀ ॥ ਭਾਗਠਿ ਗ੍ਰਿਹ ਪੜੈ ਨਿਤ ਪੋਥੀ ॥
ਮਾਲਾ ਫੇਰੈ ਮੰਗੈ ਬਿਭੂਤ ॥ ਇਹ ਬਿਧਿ ਕੋਇ ਨ ਤਰਿਓ ਮੀਤ ॥
*(ਰਾਮਕਲੀ ਮਹਲਾ ੫-੮੮੭ )*

## ਬਾਰਾਂ ਜੋਤੀਲਿੰਗ ਦੀ ਪੂਜਾ

ਹਿੰਦੂ ਲੋਕ ਜਿਨ੍ਹਾਂ ਦਾ ਪੂਜਣਾ ਮਨ ਬਾਂਛਤ ਫਲ ਮਿਲਣਾ ਦਸਦੇ ਹਨ । ੧. ਸੋਮ ਨਾਥ

ਮੰਦਰ, ਇਹ ਦੁਆਰਕਾ ਤੋਂ ਪੂਰਬ ਵਲ ਸਠ ਸਤਰ ਕੋਹ ਪਰਿਭਾਸ ਖੇਤਰ ਵਿਖੇ (ਸੌਰਾਸ਼ਟਰ) ਹੈ। ਇਹ ਮੰਦਰ ਮਹਿਮੂਦ ਗਜ਼ਨਵੀ ਨੇ ਤੋੜ ਕੇ ਕਰੋੜਾਂ ਰੁਪਏ ਦੇ ਹੀਰੇ ਜਵਾਹਰ ਲੁਟੇ ਸਨ। 2. ਮਲ ਕਾਰਜਨ, ਸ੍ਰੀ ਸੈਲ ਨਾਮੀ ਪਹਾੜ ਵਿਖੇ ਹੈ। ੩. ਮਹਾਂਕਾਲ, ਉਜੈਨ ਵਿਖੇ। ੪. ਓਅੰਕਾਰ। ੫. ਬੈਦਜ ਨਾਥ, ਇਹ ਗਯਾ ਜੀ ਦੇ ਨੇੜੇ ਬੁਧ ਅਵਤਾਰ ਦੀ ਚਿਤਾ ਭੂਮੀ ਹੈ॥ ੬. ਭੀਮ ਸ਼ੰਕਰ, ਪੂਨਾ ਦੇ ਨਜ਼ਦੀਕ ਸਾਕਨੀ ਨਦੀ ਦੇ ਕਿਨਾਰੇ। ੭. ਰਾਮੇਸ੍ਵਰ, ਲੰਕਾ ਪੁਲ ਪਾਸ। ੮. ਨਾਗੇਸ, ਦਖਣ ਵਿਖੇ ਓਂਡਾ ਨਾਮੀ ਸਥਾਨ। ੯. ਬਿਸ੍ਰੇਸਰ, ਕਾਂਸੀ ਵਿਖੇ। ੧੦. ਤ੍ਰਿਯੰਬੁਕ, ਗੁਦਾਵਰੀ ਦੇ ਕੰਢੇ ਪੰਚਵਟੀ ਪਾਸ। ੧੧. ਕੇਦਾਰ, ਹਿਮਾਲੇ ਪਹਾੜ ਵਿਖੇ ਬਦ੍ਰੀ ਨਾਰਾਯਣ ਪਾਸ। ੧੨. ਘਸ ਮਰੇਸ, ਔਰੰਗਾਬਾਦ ਦੀ ਤਰਫ ਸਿਵਾਲਿਆਸ ਵਿਖੇ।

ਇਹ ਬਾਰਾਂ ਜੋਤੀ ਲਿੰਗ ਜਾਂ ਬਾਰਾਂ ਸਿਲਾ ਕਹੀਦੇ ਹਨ, ਇਨ੍ਹਾਂ ਸਥਾਨਾਂ ਪਰ ਪੱਥਰ ਪੂਜਾ ਦਾ ਮਹਾਤਮ ਪ੍ਰਧਾਨ ਹੈ। ਸ਼ੋਕ! ਕ੍ਰੋੜਾਂ ਹਿੰਦੂ ਪੱਥਰਾਂ ਦੀ ਪੂਜਾ ਕਰਕੇ ਅਕਾਲ ਪੁਰਖ ਵਲੋਂ ਬੇਮੁਖ ਹੋਈ ਜਾ ਰਹੇ ਹਨ॥

## ਗੁਰੂ ਫੈਸਲਾ

ਨਾਵਹਿ ਧੋਵਹਿ ਪੂਜਹਿ ਸੈਲਾ ॥ ਬਿਨੁ ਹਰਿ ਰਾਤੇ ਮੈਲੋ ਮੈਲਾ ॥
ਗਰਬੁ ਨਿਵਾਰਿ ਮਿਲੈ ਪ੍ਰਭੁ ਸਾਰਥਿ ॥ ਮੁਕਤਿ ਪ੍ਰਾਨ ਜਪਿ ਹਰਿ ਕਿਰਤਾਰਥਿ ॥

*(ਰਾਮਕਲੀ ਮਹਲਾ ੧-੯੦੪)*

ਕਹਾ ਭਯੋ ਜੋ ਅਤਿ ਹਿਤ ਚਿਤ ਕਰ ਬਹੁ ਬਿਧਿ ਸਿਲਾ ਪੁਜਾਈ ॥
ਪਾਂਨ ਥਕੇ ਪਾਂਹਨ ਕਰ ਪਰਸਤ ਕਛੁ ਕਰ ਸਿਧਿ ਨ ਆਈ ॥ ੧ ॥
ਅੱਛਤ ਧੂਪ ਦੀਪ ਅਰਪਤ ਹੈ ਪਾਂਹਨ ਕਛੂ ਨ ਖੈਹੈ ॥
ਤਾਂਮੈ ਕਹਾ ਸਿਧ ਹੈ ਰੇ ਜੜ ਤੋਹਿ ਕਹਾ ਬਰ ਦੇਹੈ ॥੨॥
ਜੌਂ ਜੀਅ ਹੋਤ ਦੇਤ ਕਛੁ ਤੁਹਿਕਰ ਮਨ ਬਚ ਕਰਮ ਬਿਚਾਰ ॥
ਕੇਵਲ ਏਕ ਸ਼ਰਣ ਸ੍ਵਾਮੀ ਬਿਨਯੌਂ ਨਹਿ ਕਤਹਿ ਉਧਾਰ ॥

*(ਦੇਵਗੰਧਾਰੀ ਪਾ: ੧੦)*

ਫੋਕਟ ਧਰਮ ਭਯੋ ਫਲ ਹੀਨ ਜੁ ਪੂਜ ਸਿਲਾ ਜੁਗ ਕੋਟਿ ਗਵਾਈ ॥
ਸਿੱਧਿ ਕਹਾਂ ਸਿਲ ਕੇ ਪਰਸੇ ਬਲ ਬ੍ਰਿਧਿ ਘਟੀ ਨਵ ਨਿਧਿ ਨ ਪਾਈ ॥

*(ਅਕਾਲ ਉਸਤਤਿ ਪਾ: ੧੦)*

## ਪੱਥਰ ਪੂਜਾ ਤਥਾ ਠਾਕਰ ਪੂਜਾ ਦਾ ਨਮੂਨਾ

ਰਾਧਾ ਬਲਭੀ ਤੇ ਬਲਭ ਚਾਰੀ ਹਿੰਦੂ ਮਹੰਤ ਯਸੋਦਾਂ ਦਾ ਰੂਪ ਧਾਰ ਕੇ ਕ੍ਰਿਸ਼ਨ ਨੂੰ ਪੰਘੂੜਾ ਝਟੋਂਦੇ ਹਨ ਅਤੇ ਘੁੰਡ ਕਢਦੇ ਹਨ, ਇਹ ਲੋਕ ਮਥਰਾ ਤੇ ਬਿੰਦਰਾਬਨ ਵਿਖੇ ਮਿਲਦੇ

ਹਨ। ਰਾਧਾਂ ਨੂੰ ਪਹਿਲੇ ਸਵਾਲ ਕੇ, ਪਿਛੋਂ ਕ੍ਰਿਸ਼ਨ ਦਾ ਪਲੰਘ ਵਛਾਂਦੇ ਹਨ, ਤਿਲਕ ਛਾਪ ਕੰਠੀ ਆਦਿ ਰਖਦੇ ਹਨ, ਇਹ ਲੋਕ ਵੈਸ਼ਨਵੀ ਹਿੰਦੂ ਹਨ, ਇਸ ਤੋਂ ਬਿਨਾਂ ਇਨ੍ਹਾਂ ਦੀ ਇਕ ਰੁੱਦ੍ਰ ਸੰਪ੍ਰਦਾਇ ਹੈ, ਜੋ ਬਲਭਚਾਰਯ ਦੇ ਨਾਮ ਪਰ ਹੀ ਹੈ, ਇਹ ਆਪ ਨੂੰ ਗੋਕਲੀ ਗੁਸਾਂਈ ਵੀ ਸਦਾਂਦੇ ਨੇ। ਇਹ ਬਵੰਜਾ ਦਿਨਾਂ ਦੀ "ਬਾਲ ਗੁਪਾਲ" (ਇਆਣਾ ਜਿਹਾ ਕ੍ਰਿਸ਼ਨ) ਦੀ ਮੂਰਤੀ ਪੂਜਦੇ ਹਨ। ਭਾਵੇਂ ਇਨ੍ਹਾਂ ਦਾ ਪਹਿਲਾ ਪ੍ਰਚਾਰਕ ਵਿਸ਼ਨੂੰ ਸ੍ਵਾਮੀ ਕਹੀਦਾ ਹੈ, ਪਰ ਬਲਭਚਾਰਯ ਹੀ ਪ੍ਰਸਿੱਧ ਹੈ, ਇਹ ਲੋਕ ਘਰਾਂ ਵਿਚ ਵੀ ਰਾਧਾ ਕ੍ਰਿਸ਼ਨ ਦੀਆਂ ਭਾਂਤ ਭਾਂਤ ਦੀਆਂ ਮੂਰਤਾਂ ਨਾਲ ਪਰਚੇ ਰਹਿੰਦੇ ਨੇ। ਗਰੀਬਾਂ ਪਾਸ ਿਪੱਤਲਾਂ ਦੀਆਂ ਮੂਰਤਾਂ ਤੇ ਅਮੀਰਾਂ ਪਾਸ ਸੋਨੇ ਦੀਆਂ ਮੂਰਤਾਂ ਹਨ, ਕ੍ਰਿਸਨ ਰਾਧਾ ਨੂੰ ਹਰ ਰੋਜ ਅੱਠ ਵਾਰੀ ਭੋਗ ਲਗਵੌਂਦੇ ਹਨ। ਪਹਿਲਾਂ ਤਾਂ ਸਵੇਰੇ ਹੀ ਠਾਕਰਾਂ (ਰਾਧਾ ਕ੍ਰਿਸ਼ਨ) ਨੂੰ ਵਿਛੌਣੇ ਤੋਂ ਉਠਾ ਕੇ ਹੱਥ ਮੂੰਹ ਧੁਲਾ ਕੇ ਆਸਨ ਪਰ ਬਿਠਾ ਕੇ ਹਾਜ਼ਰੀ ਛਕਾ ਦਿੰਦੇ ਨੇ, ਇਹ ਮੰਗਲ ਭੋਗ ਹੈ। ਫਿਰ ਦਿਨ ਚੜ੍ਹੇ ਚੰਦਨ ਕਪੂਰ ਆਦਿ ਪਿੰਡੇ ਪਰ ਲਾ ਕੇ ਤੇ ਨਵੀਂ ਪੁਸ਼ਾਕੇ ਪਹਿਰਾ ਕੇ ਸਜਧਜ ਨਾਲ ਠਾਕਰ ਦਰਬਾਰ ਲਾਉਂਦੇ ਨੇ, ਇਹ 'ਸ਼ਿੰਗਾਰ' ਸਦੌਂਦਾ ਹੈ। ਫਿਰ ਪਿਤਲ ਆਦਿ ਧਾਂਤ ਦੇ ਕ੍ਰਿਸ਼ਨ ਨੂੰ ਗੁਆਲਿਆਂ ਦੇ ਡੰਗਰ ਚਾਰਨ ਵਾਲਾ (ਗੁਆਲਾ) ਭੇਸ ਕਰਾਕੇ ਬਿੰਦ੍ਰਾਬਨ ਦੀਆਂ ਗਊਆਂ ਚਰਾਉਂਦੇ ਨੇ, ਇਹ "ਅਨੁਮਾਨੁ" ਪੂਜਾ ਹੈ। ਉਪਰੰਤ ਅਨੁਮਾਨ ਪਿਛੋਂ ਗਊਆਂ ਚਾਰ ਆਏ ਕ੍ਰਿਸ਼ਨ ਰਾਧਾ ਨੂੰ ਸੁਲਾ ਦਿੰਦੇ ਨੇ। ਅਧੇਕੁ ਘੰਟੇ ਪਿੱਛੋਂ ਉਠਾ ਕੇ ਫਿਰ ਤੀਜੇ ਪਹਿਰ ਦੀ ਰੋਟੀ ਦਿੰਦੇ ਹਨ। ਸੂਰਜ ਛਿਪੇ ਨਾਲ ਠਾਕਰਾਂ ਦੀ ਆਰਤੀ ਸੰਧਜਾ ਹੁੰਦੀ ਹੈ, ਤੇ ਰਾਤ ਦੀ ਵਰਦੀ ਪਹਿਨਾ ਦਿੰਦੇ ਹਨ। ਰਾਤ ਦੇ ਦਸ ਗਿਆਰਾਂ ਬਜੇ ਪਲੰਘ ਵਿਛਾ ਕੇ ਸੁਲਾ ਦਿੰਦੇ ਹਨ ਉਸ ਵੇਲੇ ਉਸਤਤੀ ਸਤੋਤ੍ਰ ਪੜ੍ਹਦੇ ਹਨ, ਪਾਸ ਜਲ ਦਾਤਨ ਆਦਿ ਸਭ ਸਮਾਨ ਰਖਦੇ ਹਨ॥

ਸਿੱਟਾ ਕੀ! ਪਾਂਡੇ ਲੋਕ ਸਾਰਾ ਦਿਨ ਇਹੋ ਕਿੱਤਾ ਕਰਕੇ ਪਿੱਤਲ ਆਦਿ ਧਾਤਾਂ ਦੇ ਬਣੇ ਕ੍ਰਿਸ਼ਨ ਰਾਧਾਂ ਦੇ ਵਸੀਲੇ ਅਪਣੀਆਂ ਮੌਜਾਂ ਲੈਂਦੇ ਹਨ ਭਾਵ ਹਿਦੂ ਧਨੀ ਲੋਕ ਠਾਕਰਾਂ ਦਾ ਸੀਤ ਪ੍ਰਸਾਦ ਲੈ ਕੇ ਮਾਯਾ ਦਿੰਦੇ ਹਨ।

ਉਕਤ ਮੂਰਤੀ ਪੂਜਾ ਕਰਨ ਵਾਲੇ ਹਿੰਦੂ ਖਾਸ ਖਾਸ ਦਿਨਾਂ ਨੂੰ ਜਿਹਾ ਕਿ ਕ੍ਰਿਸ਼ਨ ਦੀ ਰਥ ਪਰ ਯਾਤਰਾ ਰਾਸ ਯਾਤਰਾ। ਜਨਮ ਅਸ਼ਟਮੀ (ਹਿੰਦੂ ਰਬ ਦਾ ਜਨਮ ਦਿਨ) ਨੂੰ ਮੇਲੇ ਕਰਕੇ ਖੂਬ ਧੂਮ ਧਾਮ ਵਿਚ ਨਚਦੇ ਹੋਏ ਕ੍ਰਿਸ਼ਨ ਲੀਲਾ ਕਰਦੇ ਨੇ। ਇਸੇ ਤਰ੍ਹਾਂ ਦੇ ਬਲਭਚਾਰੀਆ ਹਿੰਦੂ ਮਥੇ ਪਰ 'ਉਰਧ ਪੁੰਡ' ਤਿਲਕ (ਖੜੀ ਲਕੀਰ ਜੋ ਨੱਕ ਤੀਕ ਲਿਆ ਕੇ ਦੂਜ ਦੇ ਚੰਦ ਜਾਂ ਅੰਗਰੇਜ਼ੀ ਯੂ ਵਾਂਗ) ਖਿਚਦੇ ਨੇ। ਦੋਹਾਂ ਲੀਕਾਂ ਵਿਚ ਇਕ ਲਾਲ ਰੰਗਾ ਗੋਲ ਜਿਹਾ ਟਿੱਕਾ ਲਾਂਦੇ ਹਨ, ਨਾਲੇ ਸ੍ਰੀ ਵੇਸ਼ਨਵਾਂ ਦੀ ਤਰ੍ਹਾਂ ਬਾਰਾਂ ਥਾਵੀਂ ਤਿਲਕ ਤੇ ਸੰਖ ਚਕ੍ਰ ਗਦਾ ਪਦਮ ਦੇ ਠੱਪੇ ਬੀ ਮਾਰਦੇ ਹਨ। ਗਲੇ ਤੁਲਸੀ ਦੀ ਕੰਠੀ ਤੇ ਹਥੀਂ ਜਮਪਾਲੀ। ਆਪਸ ਵਿਚ ਮਿਲਨ ਸਮੇਂ 'ਸ੍ਰੀ ਕ੍ਰਿਸ਼ਨ' ਅਰ 'ਜਯ ਗੁਪਾਲ' ਕਹਿੰਦੇ ਹਨ। ਇਨ੍ਹਾਂ ਦਾ ਨਿਸ਼ਚਾ ਹੈ ਕਿ ਕ੍ਰਿਸ਼ਨ ਦਾ ਸਥਾਨ ਬੈਕੁੰਠ ਧਾਮ ਤੋਂ ਉਪਰ ਅਰਥਾਤ ਚਾਰ ਅਰਬ ਮੀਲ ਉਚਾ ਹੈ। ਬਲਭੀ ਖਿਆਲਾਂ ਦੇ ਹਿੰਦੂ ਕਹਿੰਦੇ ਨੇ, ਸ਼ਿਵਾਂ ਦਾ ਕੈਲਾਸ਼, ਬਿਸਨੂ ਦਾ ਬੈਕੁੰਠ ਭਵਨ ਤਾਂ ਨਾਸ ਹੋ ਸਕਦਾ ਹੈ ਪਰ

ਸ੍ਰੀ ਗੋਪਾਲ ਦਾ 'ਗੋਲੋਕ ਧਾਮ' ਸਦਾ ਅਚੱਲ ਹੈ। ਇਹ ਲੋਕ ਕ੍ਰਿਸ਼ਨ ਨੂੰ ਕਾਲਾ (ਬਦਲ ਰੰਗਾ) ਸਦਾ ਹੀ ਜਵਾਨ, ਮੋਤੀਆਂ ਨਾਲ ਭੂਸ਼ਤ ਅਰ ਪੀਲੇ ਪਟ ਦੇ ਕਪੜੇ ਪੌਂਦਾ ਤੇ ਹਥ ਵਿਚ ਬੰਸਰੀ ਰਖਦਾ ਦਸਦੇ ਹਨ।

ਬਸ ਐਸਾ ਕ੍ਰਿਸ਼ਨ ਹਰਤਾ ਕਰਤਾ ਕਹੀਦਾ ਹੈ। ਐਸੇ ਕ੍ਰਿਸ਼ਨ ਦੇ ਸੱਜੇ ਮੋਢੇ ਪਰ ਨਰਾਇਣ ਤੇ ਖਬੇ ਪਰ ਲਛਮੀ ਤੇ ਬੁਧੀ ਪਰ ਦੁਰਗਾ ਦੇਵੀ ਅਰ ਰਸਨਾ ਪਰ ਸਵਿਤਰੀ ਤੇ ਇਛਾ ਪਰ ਕਾਮਦੇਵ, ਖਬੇ ਪਾਸੇ ਰਤੀ ਰਾਧਕਾਂ ਦੇ ਰੋਮ ਕਪ (ਤੀਸ ਕਰੋੜ ਗੋਪੀਆਂ) ਦਸਦੇ ਹਨ (ਦੇਖੋ ਹਿੰਦੂ ਚਿਤ੍ਰ)

ਬਲਭ (ਸ੍ਰੀ ਅਚਾਰਜ) ਦੇ ਸਤ ਲੜਕਿਆਂ ਦੇ ਨਾਮਾਂ ਪਰ ਇਨ੍ਹਾਂ ਦੀਆਂ ਸਤ ਸ਼ਾਖਾਂ ਹੈਨ ਜਿਹਾ ਕਿ - ਗਿਰਧਰ ਰਾਇ, ਗੋਬਿੰਦਰਾਇ, ਬਾਲਕ੍ਰਿਸ਼ਨ, ਘਨਸ਼ਾਮ, ਰਘੁਨਾਥ, ਬੁਧਨਾਥ। ਇਹ ਲੋਕ ਤਪ ਆਦਿ ਤੋਂ ਵਿਰੁਧ ਹਨ ਬਲਕਿ ਖਾ ਪੀ ਕੇ ਰਿਸ਼ਟ ਪੁਸ਼ਟ ਰਹਿਣਾ ਵਡਾ ਧਰਮ ਮੰਨਦੇ ਹੈਨ। ਇਹ ਲੋਕ ਬੀ ਆਪਣੇ ਆਪ ਨੂੰ ਮਨੁੱਖ ਕ੍ਰਿਸ਼ਨ ਤੇ ਇਸਤ੍ਰੀਆਂ ਰਾਧਾ ਰੂਪ ਹੋਣ ਦਾ ਪ੍ਰਚਾਰ ਕਰਦੇ ਨੇ। ਸਾਧੂ ਲੋਕ ਗੁਸਾਈ ਮਹਾਰਾਜ ਕਹੌਂਦੇ ਹਨ। ਤਨ, ਮਨ, ਧਨ ਗੁਰੂ ਦਾ ਦਸਦੇ ਹਨ। ਕਈ ਚੇਲੀ ਇਸਤ੍ਰੀਆਂ ਚਰਨ ਧੋ ਕੇ "ਚਰਨਾਮ੍ਰਿਤ" ਪੀਂਦੀਆਂ ਤੇ ਸਾਧੂਆਂ ਦੇ ਸੀਨੇ ਨਾਲ ਸੀਨਾ ਲੌਣਾ ਵਡੀ ਭਗਤੀ ਮੰਨਦੀਆਂ ਹਨ, ਇਹ ਪੁਸ਼ਟੀ ਮਾਰਗ ਪ੍ਰਚਾਰ ਹੈ॥

ਸਿੱਟਾ ਕੀ! ਗੁਸਾਂਈ ਲੋਕ ਹੀ ਅਸਲੋਂ ਘਰ ਬਾਰ ਦੇ ਮੁਖੀ ਹੁੰਦੇ ਹਨ। ਜਿਸ ਇਸਤ੍ਰੀ ਨਾਲ ਵਧ ਪਰੇਮ ਕਰਨ ਉਹੀ ਧੰਨ ਭਾਗਣ ਮੰਨੀਦੀ ਹੈ। ਕਈ ਤਾਂ ਵਿਆਹ ਵਿਚ ਗੁਸਾਂਈ ਨਾਲ ਫੇਰੇ ਹੀ ਦੇ ਛਡਦੇ ਹਨ। ਇੱਥੋਂ ਤੱਕ ਗੁਸਾਈਆਂ ਦਾ ਅਦਬ ਹੈ ਕਿ ਉਨ੍ਹਾਂ ਦੇ ਮੁਕ ਵਿਚੋਂ ਉਗਲੀ ਪੀਕ (ਥੁਕ) ਬੀ ਕਟੋਰੀ ਵਿਚ ਲੇ ਕੇ ਸੀਤ ਪ੍ਰਸਾਦ ਵਜੋਂ ਸਬੇ ਵੰਡ ਖਾਂਦੇ ਹਨ ਤੇ ਸਨਾਨ ਵਾਲੀ ਧੋਤੀ ਦਾ ਨਚੋੜਿਆ ਪਾਣੀ ਤੀਕ ਇਸਤ੍ਰੀਆਂ ਪੀ ਜਾਂਦੀਆਂ ਹਨ॥

ਉਕਤ ਲਛਣਾਂ ਵਾਲੇ ਹਿੰਦੂ ਸਬ ਤੋਂ ਵਧ "ਸੀ ਮਤ ਭਾਗਵਤ" ਨੂੰ ਮੰਨਦੇ ਹਨ। ਜਿਸ ਵਿਚ ਕ੍ਰਿਸ਼ਨ ਕਥਾ ਹਨ। ਬਾਕੀ ਵਿਸ਼ਨੂ ਪਦ ਤੇ ਬ੍ਰਿਜਬਿਲਾਸ ਆਦਿ ਸ੍ਰੀ ਕ੍ਰਿਸ਼ਨ ਬਿਸ਼ਨ ਦੀ ਉਸਤਤੀ ਦੇ ਗ੍ਰੰਥ ਹੀ ਉਤਮ ਜਾਣਦੇ ਹਨ। ਪੁਜਾਰੀ ਲੋਕ ਸ੍ਰੀ ਕ੍ਰਿਸ਼ਨ ਦੀ ਪਿਤਲ ਆਦਿ ਦੀਆਂ ਧਾਤਾਂ ਦੀਆਂ ਮੂਰਤਾਂ ਦਾ ਬੋਲਣਾ ਚਲਣਾਂ, ਸੇਵਾ ਲੈਣੀ ਆਦਿ ਦਸ ਕੇ ਕ੍ਰਿਸ਼ਨ ਸਰਧਾਲੂ ਹਿੰਦੂਆਂ ਨੂੰ ਐਸੀ ਬਨੌਟੀ ਕਥਾਵਾਂ ਨਾਲ ਭਰਮੌਂਦੇ ਰਹਿੰਦੇ ਹਨ। ਧੰਨ ਠਾਕਰ ਹੈਨ! ਇਸੀ ਪ੍ਰੇਮ ਵਿਚ ਮੂਰਤਾਂ ਨੂੰ ਨਏ ਕਪੜੇ, ਪਲੰਘ, ਗਹਿਣੇ ਭੋਜਨਾਂ ਦਾ ਥਾਲ ਦਿੰਦੇ ਰਹਿੰਦੇ ਹਨ ਤਾਂ ਕਿ ਠਾਕਰ ਖੁਸ਼ੀ ਹੋਵਨ ਤੇ ਸਾਡੇ ਨਾਲ ਭੀ ਬੋਲਣ ਚੱਲਣ। ਅਜਮੇਰ ਵਾਲੇ ਠਾਕਰ ਦੀ ਕਥਾ ਹੈ ਕਿ ਜਦ ਸ਼ਾਹ "ਔਰੰਗਜ਼ੇਬ" ਨੇ ਮਥਰਾ ਦੇ ਮੰਦਰ ਤੋੜੇ ਤਾਂ ਇੱਥੇ ਦਾ ਠਾਕਰ ਡਰਦਾ ਅਜਮੇਰ ਭੱਜ ਗਿਆ ਸੀ। ਉਥੇ ਜਾ ਕੇ ਤਦ ਤੋਂ ਆਪਣੀ ਮਾਨਤੀ ਕਰਾਈ ਜਾ ਰਿਹਾ ਹੈ। ਇਸ ਤਰ੍ਹਾਂ ਹਿਦੂੰਆਂ ਦੇ ਠਾਕਰਾਂ ਦੀਆਂ ਜੇ ਕਥਾਂਵਾਂ ਲਿਖੀਏ ਤਾਂ ਪੋਥੇ ਚਾਹੀਦੇ ਹੈਨ।

## ਠਾਕਰ ਪੂਜਾ ਪਰ ਗੁਰੂ ਹੁਕਮ

ਘਰਿ ਨਾਰਾਇਣੁ ਸਭਾ ਨਾਲਿ ॥ ਪੂਜ ਕਰੇ ਰਖੇ ਨਾਵਾਲਿ ॥
ਕੁੰਗੂ ਚੰਨਣੁ ਫੁਲ ਚੜਾਏ ॥ ਪੈਰੀ ਪੈ ਪੈ ਬਹੁਤੁ ਮਨਾਏ ॥
ਮਾਣੂਆ ਮੰਗਿ ਮੰਗਿ ਪੈਨ੍ਹੈ ਖਾਇ ॥ ਅੰਧੀ ਕੰਮੀ ਅੰਧ ਸਜਾਇ ।
ਭੁਖਿਆਂ ਦੇਇ ਨ ਮਰਦਿਆ ਰਖੈ ॥ ਅੰਧਾ ਝਗੜਾ ਅੰਧੀ ਸਥੈ ॥
*(ਸਾਰੰਗ ਕੀ ਵਾਰ ਮਹਲਾ ੧-੧੨੪੦)*

ਸਗਲੀ ਥੀਤਿ ਪਾਸਿ ਡਾਰਿ ਰਾਖੀ ॥ ਅਸ਼ਟਮ ਥੀਤਿ ਗੋਬਿੰਦ ਜਨਮਾ ਸੀ ॥ ੧ ॥
ਭਰਮਿ ਭੂਲੇ ਨਰ ਕਰਤ ਕਚਰਾਇਣ॥ ਜਨਮ ਮਰਣ ਤੇ ਰਹਤ ਨਾਰਾਇਣ ॥੧॥ ਰਹਾਉ॥
ਕਰਿ ਪੰਜੀਰੁ ਖਵਾਇਓ ਚੋਰ ॥ ਓਹੁ ਜਨਮਿ ਨ ਮਰੈ ਰੇ ਸਾਕਤ ਢੋਰ ॥ ੨ ॥
ਸਗਲ ਪਰਾਧ ਦੇਹਿ ਲੋਰੋਨੀ ॥ ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥ ੩ ॥
ਜਨਮਿ ਨ ਮਰੈ ਨ ਆਵੈ ਨ ਜਾਇ ॥ ਨਾਨਕ ਕਾ ਪ੍ਰਭੁ ਰਹਿਓ ਸਮਾਇ ।
*(ਭੈਰਉ ਮਹਲਾ ੫-੧੧੩੬)*

ਜੋ ਪਾਥਰ ਕੀ ਪਾਂਈ ਪਾਇ ॥ ਤਿਸਕੀ ਘਾਲ ਅਜਾਂਈ ਜਾਇ ॥ ੧ ॥
ਠਾਕੁਰੁ ਹਮਰਾ ਸਦ ਬੋਲੰਤਾ ॥ ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥੧॥ਰਹਾਉ॥
ਅੰਤਰਿ ਦੇਉ ਨ ਜਾਨੈ ਅੰਧੁ ॥ ਭ੍ਰਮ ਕਾ ਮੋਹਿਆ ਪਾਵੈ ਫੰਧੁ ।
ਨ ਪਾਥਰੁ ਬੋਲੈ ਨਾ ਕਿਛੁ ਦੇਇ ॥ ਫੋਕਟ ਕਰਮ ਨਿਹਫਲ ਹੈ ਸੇਵ ॥ ੨ ॥
ਜੇ ਮਿਰਤਕ ਕਉ ਚੰਦਨੁ ਚੜਾਵੈ ॥ ਉਸ ਤੇ ਕਹਹੁ ਕਵਨੁ ਫਲ ਪਾਵੈ ॥
ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ ॥ ਤਾਂ ਮਿਰਤਕ ਕਾ ਕਿਆ ਘਟ ਜਾਈ ॥੩॥
ਕਹਤ ਕਬੀਰ ਹਉ ਕਹਉ ਪੁਕਾਰਿ ॥ ਸਮਝਿ ਦੇਖੁ ਸਾਕਤ ਗਾਵਾਰ ॥
ਦੂਜੇ ਭਾਇ ਬਹੁਤੁ ਘਰ ਗਾਲੇ ॥ ਰਾਮ ਭਗਤ ਹੈ ਸਦਾ ਸੁਕਾਲੇ ॥
*(ਭੈਰਉ ਮਹਲਾ ੫-੧੧੬੦ )*

ਕਤ ਜਾਈਐ ਰੇ ਘਰ ਲਾਗੋ ਰੰਗੁ । ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥੧॥ਰਹਾਉ॥
ਏਕ ਦਿਵਸ ਮਨ ਭਈ ਉਮੰਗ ॥ ਘਸਿ ਚੰਦਨ ਚੋਆ ਬਹੁ ਸੁਗੰਧ ॥
ਪੂਜਨ ਚਾਲੀ ਬ੍ਰਹਮਠਾਇ ॥ ਸੋ ਬ੍ਰਹਮ ਬਤਾਇਓ ਗੁਰ ਮਨ ਹੀ ਮਾਹਿ ॥ ੧ ॥
ਜਹ ਜਾਈਐ ਤਹ ਜਲ ਪਖਾਨ ॥ ਤੂ ਪੂਰ ਰਹਿਓ ਹੈ ਸਭ ਸਮਾਨ ॥
ਬੇਦ ਪੁਰਾਨ ਸਭ ਦੇਖੇ ਜੋਇ ॥ ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥ ੨ ॥
ਸਤਿਗੁਰ ਮੈਂ ਬਲਿਹਾਰੀ ਤੋਰ ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥

ਰਾਮਾਨੰਦ ਸੁਆਮੀ ਰਮਤ ਬ੍ਰਹਮ ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥
(ਬਸੰਤੁ ਰਾਮਾਨੰਦੁ-੧੧੯੫ )

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ।
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥
ਭੂਲੀ ਮਾਲਿਨੀ ਹੈ ਏਉ ॥ ਸਤਿਗੁਰੁ ਜਾਗਤਾ ਹੇ ਦੇਉ ॥ ੧ ॥ ਰਹਾਉ ॥
ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰ ਦੇਉ ॥
ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ ॥ ੨ ॥
ਪਾਖਾਨ ਗਢਿ ਕੈ ਮੂਰਤਿ ਕੀਨੀ ਦੇ ਕੈ ਛਾਤੀ ਪਾਉ ॥
ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਨਹਾਰੇ ਖਾਉ ॥ ੩ ॥
ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ ॥
ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ ॥ ੪ ॥
ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ ॥
ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ ॥
(ਆਸਾ ਕਬੀਰ ਜੀ-੪੭੯)

## ਬੀਠਲ ਮੂਰਤੀ ਪੂਜਾ ਤੇ ਉਸਦਾ ਵੇਰਵਾ

ਹਿੰਦੂ ਗ੍ਰੰਥਾਂ ਵਿਚ ਕਥਾ ਹੈ ਕਿ ਸ੍ਰੀ ਕ੍ਰਿਸ਼ਨ ਜੀ ਦੀ ਵਹੁਟੀ ਰੁਕਮਣੀ ਕ੍ਰਿਸ਼ਨ ਜੀ ਨਾਲ ਰੁਸ ਕੇ ਜਦ ਦੁਵਾਰਕਾ ਤੋਂ ਪੁੰਡਰਪੁਰ ਪਾਸ (ਭੀਮਾ ਨਦੀ ਦੇ ਕੰਢੇ) ਪਹੁੰਚੀ ਤਾਂ ਕ੍ਰਿਸ਼ਨ ਜੀ ਭਾਲਦੇ ਪਿਛੋਂ ਆ ਪਹੁੰਚੇ। ਇਥੇ ਇਕ ਪੰਡਾਰੀ ਨਾਮ ਦਾ ਸਨਿਆਸੀ ਸੀ, ਉਸਨੇ ਕ੍ਰਿਸਨ ਤੇ ਰੁਕਮਨੀ ਦੀ ਅਤਜੰਤ ਸੇਵਾ ਕੀਤੀ, ਸ੍ਰੀ ਕ੍ਰਿਸ਼ਨ ਜੀ ਨੇ ਖੁਸ਼ ਹੋ ਕੇ ਕਿਹਾ ਕਿ ਸਾਥੋਂ ਕੁਝ ਮੰਗ ਲੈ ਸੰਨਿਆਸੀ ਨੇ ਨੇਕ ਉਲਾਦ ਮੰਗੀ। ਇਸ ਪਰ ਕ੍ਰਿਸ਼ਨ ਨੇ ਕਿਹਾ ਕਿ ਅਛਾ ਤੂੰ ਸ਼ਾਦੀ ਕਰਵਾ ਲੈ ਮੈਂ ਤੇਰੇ ਘਰ ਜਨਮ ਪਾਵਾਂਗਾ (ਭਾਵ ਤੇਰਾ ਪੁਤਰ ਹੋਵਾਂਗਾ)। ਕਥਾ ਹੈ ਕਿ ਉਸ ਦੇ ਘਰ ਕ੍ਰਿਸ਼ਨ ਜੰਮਿਆਂ ਜਿਸ ਦਾ ਨਾਮ ਬੀਠਲ ਰਖਿਆ। ਲੋਕੀ ਇਸ ਨੂੰ ਕ੍ਰਿਸ਼ਨ ਅਵਤਾਰ ਮੰਨ ਕੇ ਬੀਠਲ ਬੀਠਲ ਜਪਨ ਲਗੇ। ਬੀਠਲ ਦੇ ਘਰ ਬੀ ਸਤ ਪੁੱਤਰ ਜਨਮੇ ਦਸੇ ਹਨ। ਬੀਠਲ ਜਾਂ ਪੰਡੂ ਰੰਗ ਬੀਠਲ ਜਾਂ ਪੰਡੂ ਰੰਗ ਬੀਠਲ ਦੀ ਗਚੀ ਗੋਕਲ ਵਿਚ ਹੈ ਸੋ ਕ੍ਰਿਸ਼ਨ ਦੀ ਮੂਰਤੀ ਘੜਕੇ ਉਸ ਨੂੰ ਬੀਠਲ ਹੀ ਕਹੀ ਜਾਂਦੇ ਹਨ॥

ਪੁੰਡਰਕ ਨਾਮੀ ਇਕ ਪ੍ਰਚਾਰਕ ਬੀ ਸੀ, ਬਿਠਲ ਭਗਤ ਨਾਮਕ ਤਕੜਾ ਲਾਣਾ ਹੈ। ਕਈ ਲਿਖਤਾਂ ਵਿਚ ਬਿਠਲ ਨੂੰ ਵਿਸਨੂੰ ਦਾ ਨੌਵਾਂ ਅਵਤਾਰ ਬੀ ਮੰਨਿਆ ਹੈ।

ਇਸੀ ਤਰ੍ਹਾਂ ਉੜੀਸਾ ਵਿਚ ਨਹਿੰਗ, ਕਾਲਿੰਦੀ, ਬਿੰਦੂਧਾਰੀ ਆਦਿ ਕਈ ਫਿਰਕੇ

ਹੈਨ । ਇਹ ਕ੍ਰਿਸ਼ਨ ਦੀ ਮੂਰਤੀ ਬਣਾ ਕੇ ਵਖੋ ਵਖ ਤਰੀਕੇ ਨਾਲ ਪੂਜਾ ਕਰਦੇ ਨੇ । ਜਗਨਨਾਥ, ਰਾਧਾ ਗੋਪਲਾ ਅਰ ਸਾਲਿਗਰਾਮ ਮੂਰਤਾਂ ਵਿਚ ਕ੍ਰਿਸ਼ਨ ਹੀ ਮੰਨਿਆਂ ਹੈ ਪਰ ਵਡਾ ਵਡੇਰਾ ਜਗਨਨਾਥ ਹੈ ॥

## ਬੀਠਲ ਪੂਜਾ ਪਰ ਗੁਰੂ ਵਾਕ

ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥
ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥

*(ਰਾਗ ਗੁਜਰੀ ਮ: ੧-੪੮੯ )*

ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ ॥
ਪਹਿਲੇ ਦੂਧੁ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ ॥ ੩ ॥
ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰ ਨਹੀ ॥
ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ ॥

*(ਅਸਾ ਨਾਮਦੇਵ-੪੮੫)*

ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ ॥
ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ ॥ ੧ ॥
ਜਤ੍ਰ ਜਾਉ ਤਤ ਬੀਠਲੁ ਭੈਲਾ ॥ ਮਹਾ ਅਨੰਦ ਕਰੇ ਸਦ ਕੇਲਾ ॥ ੧ ॥ ਰਹਾਉ ॥
ਆਨੀਲੇ ਫੂਲ ਪਰੋਈਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ ॥
ਪਹਿਲੇ ਬਾਸੁ ਲਈ ਹੈ ਭਵਰਹ ਬੀਠਲੁ ਭੈਲਾ ਕਾਇ ਕਰਉ ॥ ੨ ॥

*(ਅਸਾ ਨਾਮਦੇਵ-੪੮੫)*

ਦੂਧੁ ਤ ਬਛਰੈ ਥਨਹੁ ਬਿਟਾਰਿਓ ॥ ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥ ੧ ॥
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥ ਅਵਰੁ ਨ ਫੂਲੁ ਅਨੂਪ ਨ ਪਾਵਉ ॥੧॥ਰਹਾਉ॥
ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥ ਬਿਖੁ ਅੰਮ੍ਰਿਤ ਬਸਹਿ ਇਕ ਸੰਗਾ ॥ ੨ ॥
ਧੂਪ ਦੀਪ ਨਈ ਬੇਦਹਿ ਬਾਸਾ ॥ ਕੈਸੇ ਪੂਰ ਕਰਹਿ ਤੇਰੀ ਦਾਸਾ ॥ ੩ ॥
ਤਨ ਮਨ ਅਰਪਉ ਪੂਜ ਚਰਾਵਉ ॥ ਗੁਰਪਰਸਾਦਿ ਨਿਰੰਜਨੁ ਪਾਵਉ ॥ ੪ ॥
ਪੂਜਾ ਅਰਚਾ ਆਹਿ ਨ ਤੋਰੀ ॥ ਕਹਿ ਰਵਿਦਾਸ ਕਵਨ ਗਤਿ ਮੋਰੀ ॥

*(ਗੁਜਰੀ ਰਵਿਦਾਸ-੫੨੫)*

ਨਾਮ ਧਰੀਕ ਠਾਕਰਾਂ ਨੂੰ ਛੱਡ ਕੇ ਕਰਤਾਰ ਪੂਜਾ ਕਰੋ

ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥
ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥ ੧ ॥

ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥
*(ਰਾਗ ਗੁਜਰੀ ਮਹਲਾ ੧-੪੮੯)*

ਮਨ ਸੰਪਟ ਜਿਤੁ ਸਤਸਰਿ ਨਾਵਣੁ ਭਾਵਨ ਪਾਤੀ ਤ੍ਰਿਪਤ ਕਰੇ ॥
ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ ਬਿਧਿ ਸਾਹਿਬ ਰਵਤੁ ਰਹੈ ॥
*(ਸੂਹੀ ਮਹਲਾ ੧-੭੨੮)*

ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ ॥
ਬਾਜਾ ਮਾਣ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ ॥
ਫੇਰੀ ਫੇਰੁ ਨ ਹੋਵੈ ਕਬ ਹੀ ਏਕੁ ਸਬਦੁ ਬੰਧਿ ਪਾਲੈ ॥
ਨਾਰਦੀ ਨਰਹਰ ਜਾਣਿ ਹਦੂਰੇ ॥ ਘੂੰਘਰ ਖੜਕੁ ਤਿਆਗਿ ਵਿਸੂਰੇ ॥
ਸਹਜ ਅਨੰਦ ਦਿਖਾਵੈ ਭਾਵੈ ॥ ਏਹੁ ਨਿਰਤਿਕਾਰੀ ਜਨਮਿ ਨ ਆਵੈ ॥
*(ਰਾਮਕਲੀ ਮਹਲਾ ੫-੮੮੫)*

ਪੂਜਾ ਕਰੈ ਸਭੁ ਲੋਕੁ ਸੰਤਹੁ ਮਨਮੁਖਿ ਥਾਇ ਨ ਪਾਈ ॥ ੪ ॥
ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ ਪੂਜਾ ਥਾਇ ਪਾਈ ॥
*(ਰਾਮਕਲੀ ਮਹਲਾ ੩-੯੧੦)*

ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ਕਿਆ ਹਉ ਪੂਜ ਚੜਾਈ ॥ ੨ ॥
ਹਰਿ ਸਾਚੇ ਭਾਵੈ ਸਾ ਪੂਜਾ ਹੋਵੈ ਭਾਣਾ ਮਨਿ ਵਸਾਈ ॥
*(ਰਾਮਕਲੀ ਮਹਲਾ ੩-੯੧੦)*

ਸੂਚਨਾ - ਪੱਥਰ ਦੇ ਖੰਡਣ ਬਾਰੇ ਦਸਮ ਗ੍ਰੰਥ ਵਿਚੋਂ ਚਰਿਤ੍ਰ ਨੰ: ੨੬੬ ਪੜੋ, ਜਿਹਾ ਕਿ " ਮਾਟੀ ਕੇ ਬਣਾਏ ਸ਼ਿਵ' ਇਸਦਾ ਨਾਮ 'ਠਗ ਲੀਲਾ' ਕਥਾ ਬੀ ਪ੍ਰਸਿਧ ਹੈ ॥

# ਹਿੰਦੂ ਤੀਰਥ ਅਰ ਤਿਨ੍ਹਾਂ ਦਾ ਬਿਰਤਾਂਤ

## ਹਿੰਦੂਆਂ ਦੇ ਪ੍ਰਸਿੱਧ ੬੮ ਤੀਰਥਾਂ ਦੇ ਨਾਮ

੧ - ਕਸ਼ਮੀਰ ਮੰਡਲ।੨ - ਕਟਾਖ।੩ - ਜਲੰਧਰ ਪੀਠ, ਜਿਸ ਵਿਖੇ ਜ੍ਵਾਲਾਮੁਖੀ, ਕਾਂਗੜਾ, ਰਵਾਲਸਰ, ਮਨੀਕਰਣ ਸ਼ਾਮਲ ਹੈਨ।੪ - ਕੁਰਖੇਤ੍ਰ।੫ - ਮਾਇਆਪੁਰੀ ਤਥਾ ਹਰਿਦੁਆਰ ਤੀਰਥ। ੬ - ਦੇਵ ਪ੍ਰਯਾਗ। ੭ - ਗੰਗੋਤਰੀ (ਗੰਗਾ ਦਾ ਦਹਾਨਾ)॥ ੮ - ਕੇਦਾਰਨਾਥ।੯ - ਬਦਰੀ ਨਾਥ। ੧੦ - ਨੰਦ ਪ੍ਰਯਾਗ॥੧੧ - ਕਨਵ ਪ੍ਰਯਾਗ। ੧੨ - ਆਦਿ ਬਦਰੀ। ੧੩ - ਸੰਭਲ ਗ੍ਰਾਮ (ਜਿਥੇ ਕਲਕੀਅਵਤਾਰ ਹੋਣਾ ਹੈ) ੧੪ - ਬਿਰਜ ਭੂਮੀ (ਜਹਾਂ ਕ੍ਰਿਸ਼ਨ ਜੀ ਜਨਮੇ) ੧੫ -- ਨੈਮ ਖਾਰਣਯ ਸੂਤਕੀ ਗੱਦੀ। ੧੬ - ਬਿਠੂਰ ਜਾਂ ਬ੍ਰਹਮਾ ਵਰਤ। ੧੭ - ਪ੍ਰਯਾਗ ਰਾਜ। ੧੮ - ਚਿਤ੍ਰ ਕੂਟ। ੧੯ - ਅਯੁਧਿਆਪੁਰੀ।੨੦ - ਪੁਲਹਾਸ੍ਰਮ (ਰਿੜੀ ਨਾਮਕ ਸਥਾਨ ਵਿਖੇ) ੨੧ - ਮੁਕਤ ਨਾਥ (ਜਿੱਥੋਂ ਸਾਲਗਰਾਮ ਨਿਕਲਿਆ) ੨੨ - ਦਾਮੋਦਰ ਕੁੰਡ।੨੩ - ਨੈਪਾਲ ਪਸੁਪਤਿ। ੨੪ - ਜਨਕਪੁਰ।੨੫ - ਕਾਂਸੀ ੨੬ - ਗੋਮਤੀ (ਗੰਗਾ ਮਿਲਾਪ) ੨੭ - ਵਿਸਵਾਮਿਤ੍ਰ ਕਾ ਯਗ ਸਥਾਨ ਬਖਤਸਰ ਪਿੰਡ ਵਿਖੇ। ੨੮ - ਭ੍ਰਿਗ ਕਾ ਆਸ਼ਰਮ (ਗੰਗਾ ਸਰਜੂ ਕਾ ਸੰਗਮ ਸਥਾਨ ਭੋਜਪੁਰ ਵਿਖੇ) ੨੯ - ਸੋਨ ਭੰਦ੍ਰਕਾ ਸੰਗਮ ( ਗੰਗਾ ਸਿਉਂ ਸ਼ੇਰਪੁਰ ਸਥਾਨ ਵਿਖੇ)। ੩੦ - ਗੰਡਕੀ ਕਾ ਗੰਗਾ ਸੇ ਸੰਗਮ ( ਹਰੀਹਰ ਖੇਤਰ ਪਟਨਾ ਮੇਂ) ੩੧ - ਗਯਾ।੩੨ - ਕਮਖਿਆ (ਕਾਵਰੂ ਦੇਸ਼ ਮੇਂ) ੩੩ - ਗੰਗਾ ਸਾਗਰ, ਕਪਲ ਕਾ ਆਸ਼ਰਮ। ੩੪ - ਵੈਤਰਣੀ ਨਦੀ। ੩੫ - ਜਗਨਨਾਥਪੁਰੀ ਜਾਂ ਭੁਵਨੇਸ਼੍ਰਰ ਸ਼ਿਵ। ੩੬ - ਆਦੀਕੂਰਮ॥੩੭ - ਰਾਮਤੀਰਥ ।੩੮ - ਪਦਮ ਨਾਭ।੩੯ - ਆਦੀਕੂਰਮ। ੩੭ - ਰਾਮਤੀਰਥ।੩੮ - ਸ੍ਰੀ ਨਰ ਸਿੰਘ ਸਿੰਘਾ ਚਲ ਵਿਖੇ।੪੦ - ਪਾਦਗਯਾ (ਜਾਂ ਗਯਾ ਕਾ ਪਾਦ ਸਥਾਨ) ੪੧ - ਸਪਤ ਸਾਗਰ।੪੨ - ਬਸਿਸ਼ਟ ਸਾਗਰ।੪੩ - ਕ੍ਰਿਸ਼ਨ ਸਾਗਰ॥ ੪੪ - ਪੰਨਾ ਨਰਸਿੰਘ। ੪੫ - ਤੰਡੀਰ ਮੰਡਲ (ਸਠਾਂ ਯੋਜਨਾਂ ਵਿਚ ਭਾਵ ਭਗਵਾਨ ਕੇ ਅਵਤਾਰ ਦਾ ਸਥਾਨ) ੪੬ - ਚੋਲ ਦੇਸ ਮੇਨ ਸ੍ਰੀ ਰੰਗ ਆਦਿਕ ਬਿਆਲੀ ਸਥਾਨੋਂ ਮੇਂ ਭਗਵਾਨ ਦੇ ਅਵਤਾਰ ਕਾ ਸਥਾਨ।੪੭ - ਸੇਤੁਬੰਧ ਰਾਮੇਸ਼੍ਰਰ।੪੮ - ਪਾਂਡਯ ਦੇਸ਼ ਵਿਚ ਅਠਾਰਾਂ ਸਥਾਨਾਂ ਵਿਚ ਭਗਵਾਨ ਦੇ ਅਵਤਾਰ ਦਾ ਸਥਾਨ।੪੯ - ਮਲਯਵਾਰਦੇਸ ਵਿਚ ਚੌਦਾਂ ਸਥਾਨਾਂ ਵਿਖੇ ਪਦਮਾ ਭਜ ਨਾਰਦਾਦ ਭਗਵਾਨ ਦੇ ਅਵਤਾਰ ਕੇ ਸਥਾਨ। ੫੦ - ਕਿਸਕਿੰਧਾ ਬਾਲੀ ਕੀ ਰਾਜਧਾਨੀ।੫੧ - ਪੰਡਰਪੁਰ ਬਿਠਲ ਕਾ ਸਥਾਨ।੫੨ - ਪੰਚਵਟੀ (ਜਿੱਥੇ ਸੂਪਨਖਾਂ ਦਾ ਨੱਕ ਕਟਿਆ) ੫੩ - ਤ੍ਰਿਯੰਬਕ ਜਯੋਤੀ ਲਿੰਗਾਂ ਵਿਖੇ ਰਾਜਾ

ਹੈ, ਜਿਥੋਂ ਗੁਦਾਵਰੀ ਨਿਕਲਦੀ ਹੈ । ੫੪ - ਤਾਪੀ ਨਦੀ ਕਾ ਸਾਗਰ ਸੇ ਸੰਗਮ ਭ੍ਰਮਸ ਸਥਾਨ ਵਿਖੇ । ੫੫ - ਸੰਗਮਲ ਭਾਰਾ ਸਥਾਨ ਵਿਖੇ ਨਰਬਦਾ ਸਾਗਰ ਸੇ । ੫੬ - ਪ੍ਰਭਾਵਛੇਤ੍ਰ । ੫੭-ਸੁਦਾਮਾਪੁਰੀ । ੫੮-ਮਾਧਵਪੁਰ । ੫੯- ਗੋਮਤੀ ਕਾ ਸਾਗਰ ਸੇ ਮਿਲਾਪ ਜਿਥੇ ਦੁਆਰਕਾ ਡੁੱਬੀ ਸੀ । ੬੦ - ਬੇਟ ਦੁਆਰਕਾ ਰਮਣਕ ਦੀਪ, ਜਿੱਥੇ ਪੀਪਾ ਨੇ ਛਾਲ ਮਾਰੀ ਸੀ । ੬੧ - ਨਰਾਇਣ ਸਰੋਵਰ ਜਾਂ ਕੁਟੇਸ਼ਵਰ ਮਹਾਦੇਵ । ੬੨ - ਰੈਵਤ ਗਿਰ ਜਾਂ ਗਿਰਿਨਾਰ ਪਰਬਤ । ੬੪-ਪੁਸ਼ਕਰ ਤੀਰਥ । ੬੫-ਬਿੰਦਸਰ (ਸਿੱਧਪੁਰ ਵਿਖੇ) - ਲੋਹਾਗਰ । ੬੬ - ਉਜੈਨ । ੬੭ - ਓਅੰਕਾਰ । ੬੮ - ਹਿੰਗਲਾਜ ॥

ਇਹ ਹਿੰਦੂਆਂ ਦੇ ਉਪਰ ਲਿਖੇ ਅਠਾਹਠ ਤੀਰਥ ਮੰਨੇ ਪ੍ਰਮੰਨੇ ਜਾਂ ਪ੍ਰਸਿੱਧ ਤੀਰਥ ਹਨ, ਇਨ੍ਹਾਂ ਵਿਚ ਇਸਨਾਨ ਕਰਨ ਜਾਂ ਯਾਤ੍ਰਾ ਕਰਨ ਦਾ ਵਖੋ ਵਖ ਫਲ ਦਸਿਆ ਹੈ । ਇਨਾਂ ਤੋਂ ਬਿਨਾ ਹੋਰ ਤੀਰਥ ਬੀ ਬਹੁਤ ਸਾਰੇ ਹਨ ਅਰ ਇਕ ਤੀਰਥ ਦੀਆਂ ਕਈ ਕਈ ਸ਼ਾਖਾਂ ਹਨ ਜੋ ਹਜ਼ਾਰਾਂ ਦੀ ਗਿਣਤੀ ਵਿਚ ਵਧ ਜਾਂਦੇ ਹਨ ।

## ਅਠਾਹਠ ਤੀਰਥਾਂ ਪਰ ਗੁਰਵਾਕ

ਅਠਸਿਠ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰ ਸਾਰੀ ॥
ਅਨਿਕ ਸੋਚ ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ ॥

(ਗੁਜਰੀ ਮਹਲਾ ੫-੪੯੫)

ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥
ਅਠਸਠਿ ਤੀਰਥਿ ਜੇ ਨਾਵਹਿ ਉਤਰੈ ਨਾਹੀ ਮੈਲੁ ॥

(ਵਾਰ ਆਸਾ ਮਹਲਾ ੧-੪੭੩)

ਇਹੁ ਮਨੁ ਮੈਲਾ ਇਕੁ ਨ ਧਿਆਏ ॥ ਅੰਤਰਿ ਮੈਲੁ ਲਾਗੀ ਬਹੁ ਦੂਜੇ ਭਾਏ ॥
ਤਟਿ ਤੀਰਥ ਦਿਸੰਤਰਿ ਭਵੈ ਅਹੰਕਾਰੀ ਹੋਰ ਵਧੇਰੈ ਹਉਮੈ ਮਲੁ ਲਾਵਣਿਆ ।

(ਮਾਝ ਮਹਲਾ ੩-੧੧੬)

ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ ਪੂਜਨ ਕਉ ਬਹੁ ਦੇਵ ॥
ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ ਛੂਟਨੁ ਹਰਿ ਕੀ ਸੇਵ ।

(ਗਉੜੀ ਕਬੀਰ-੩੩੬ )

## ਐਸੀ ਗੱਪਾਂ ਪਰ ਗੁਰਵਾਕ

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥

ਸਾਧ ਭਲੇ ਅਣਨਾਤਿਆ ਚੋਰਿ ਸਿ ਚੋਰਾਚੋਰ ॥ (ਸਲੋਕ ਮਹਲਾ ੧-੭੮੯)

ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦ ਭਇਆ ॥
ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥
(ਭੈਰਉ ਆਸਾ ਮਹਲਾ ੧-੧੧੫੩)

ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ ॥
ਤੀਰਥ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਨਾਮੁ ਧਿਆਏ ॥
(ਵਾਰ ਮਾਝ ਮਹਲਾ ੧-੧੪੦)

ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰਿ ਕੀ ਹਉਮੈ ਕਦੇ ਨ ਜਾਇ ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥
(ਗੁਜਰੀ ਮਹਲਾ ੩-੪੯੧)

ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁ ਲਾਏ ਘਰ ਕੋ ਠਾਕੁਰੁ ਇਕੁ ਤਿਲੁ ਨ ਮਾਨੈ ॥
(ਧਨਾਸਰੀ ਮਹਲਾ ੫-੬੮੭)

ਪਾਪ ਕਰਹਿ ਪੰਚਾਂ ਕੇ ਬਸਿ ਰੇ ॥ ਤੀਰਥਿ ਨਾਇ ਕਹਹਿ ਸਭਿ ਉਤਰੇ ॥
ਬਹੁਰਿ ਕਮਾਵਹਿ ਹੋਇ ਨਿਸੰਕ ॥ ਜਮ ਪੁਰਿ ਬਾਂਧਿ ਖਰੇ ਕਾਲੰਕ ॥
(ਪ੍ਰਭਾਤੀ ਮਹਲਾ ੫-੧੩੪੮)

ਤੀਰਥਿ ਨਾਇ ਕਹਾ ਸੁਚਿ ਸੈਲੁ ॥ ਮਨ ਕਉ ਵਿਆਪੈ ਹਉਮੈ ਮੈਲ ॥
(ਭੈਰਉ ਮਹਲਾ ੫-੧੧੪੯)

ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ ॥
ਜੋਗ ਜਗ ਨਿਹਫਲ ਤਿਹ ਮਾਨੋ ਜੋ ਪ੍ਰਭ ਜਸੁ ਬਿਸਰਾਵੈ ॥
(ਬਿਲਾਵਲ ਮਹਲਾ ੯-੮੩੧)

ਤੀਰਥ ਕੋਟ ਕੀਏ ਇਸ਼ਨਾਨ ਦੀਏ ਬਹੁ ਦਾਨ ਮਹਾਂ ਬ੍ਰਤ ਧਾਰੇ ॥
ਦੇਸ ਫਿਰਯੋ ਕਰ ਭੇਸ ਤਪੋ ਧਨ ਕੇ ਸਧਰੇ ਨ ਮਿਲੇ ਹਰਿ ਪਿਆਰੇ ॥
(ਅਕਾਲ ਉਸਤਤਿ ਪਾਤਸ਼ਾਹੀ ੧੦ )

## ਗੰਗਾ ਬਾਬਤ ਹਿੰਦੂ ਮਤ ਦੀ ਕਥਾ

ਅਖੇ ! ਰਾਜਾ ਸਗਰ ਦੇ ਸਠ ਹਜਾਰ ਪੁੱਤ੍ਰ ਕਲਪ ਨਾਮੀ ਰਿਸ਼ੀ ਨੇ ਸਰਾਪ ਨਾਲ ਇਸ ਕਰਕੇ ਮਾਰੇ ਸਨ ਕਿ ਉਨ੍ਹਾਂ ਦੇ ਆਸਨ ਪਰ ਘੋੜੇ ਚੜ੍ਹਾ ਕੇ ਦੁਖ ਦਿੱਤਾ ਸੀ । ਹਿੰਦੂ ਖਿਆਲਾਂ ਮੁਜਬ ਸਰਾਪ ਨਾਲ ਮਰਨ ਦੇ ਕਾਰਨ ਓਹ ਗਤੀ ਹੀਨ ਰਹਿਣ ਕਰਕੇ ਰਾਜੇ ਨੇ ਆਪਣੇ ਪੋਤ੍ਰੇ

ਅੰਸੂ ਮਨ ਨੂੰ ਰਿਸ਼ੀ ਪਾਸ ਪੁਤ੍ਰਾਂ ਦੀ ਗਤੀ ਕਰਨ ਹਿਤ ਭੇਜਿਆ, ਰਿਸ਼ੀ ਜੀ ਨੇ ਕਿਹਾ ਕਿ ਤੁਹਾਡੀ ਕੁਲ ਵਿਚੋਂ ਕੋਈ ਆਪਣੇ ਪੁਤ੍ਰਾਂ ਦੇ ਮਰਨ ਸਥਾਨ ਪਰ ਗੰਗਾ ਲਿਆਵੇ ਤਾਂ ਇਨ੍ਹਾਂ ਦੀ ਗਤੀ ਹੋਸੀ। ਅਖੇ ! ਉਕਤ ਮੁੱਦੇ ਨੂੰ ਅੱਗੇ ਰਖ ਕੇ ਰਾਜੇ ਸਗਰ ਦੀ ਕੁਲ ਵਿਚੋਂ ਰਾਜਾ ਦਲੀਪ ਦੇ ਸਪੁਤ੍ਰ ਭਗੀਰਥ ਨੇ ਭਾਰੀ ਤਪ ਕੀਤਾ, ਜਿਸ ਤੋਂ ਗੰਗਾ ਪ੍ਰਸੰਨ ਹੋ ਕੇ ਸ਼ਿਵਜੀ ਦੀ ਜਟਾਂ ਵਿਚੋਂ ਦੀ ਉਥੇ ਦੀ ਬਹਿ ਤੁਰੀ ਜਹਾਂ ਸੇ ਭਾਗੀਰਥ ਰਾਜ ਪੁਤ੍ਰਾਂ ਦੇ ਮਰਘਟ ਸਥਾਨ ਪਰ ਪਹੁੰਚਿਆ। ਗੰਗਾ ਸਬੰਧੀ ਹੋਰ ਬੀ ਕਈ ਕਥਾਂ ਹਨ ਕਿ ਜਦ ਵਿਸ਼ਨੂ ਨੇ ਬਾਵਨ ਅਵਤਾਰ ਧਾਰਿਆ ਸੀ ਤਾਂ ਬਲ ਦੀ ਢਾਈ ਕਰਮ ਜਮੀਨ ਮਿਣਨ ਪਰ ਇਕ ਪੈਰ ਬ੍ਰਹਮ ਪੁਰੀ ਵਿਚ ਜਾ ਟਿਕਿਆ ਸੀ ਅਖੇ ! ਬ੍ਰਹਮਾਂ ਨੇ ਉਸ ਪੈਰ ਨੂੰ ਨਾਰਾਇਣ ਦੇ ਕੱਠੇ ਹੋਏ ਅਥਰੂਆਂ ਦੇ ਜਲ ਨਾਲ ਧੋਤਾ ਉਸ ਤੋਂ ਮਾਤ ਲੋਕ ਵਿਚ ਗੰਗਾ, ਜਮਨਾ, ਗੁਦਾਵਰੀ ਆਦਿ ਚਾਰ ਨਦੀਆਂ ਵਹਿ ਤੁਰੀਆਂ। ਭਾਗੀਰਥ ਦੇ ਲਿਆਵਨ ਕਰਕੇ ਗੰਗਾ ਦਾ ਨਾਮ ਭਗੀਰਥੀ ਪੈ ਗਿਆ। ਇਕ ਕਥਾ ਇਉਂ ਬੀ ਹੈ ਕਿ ਗੰਗਾ ਨੂੰ ਰਾਜਾ ਪਰੂਰਵਾ ਦੇ ਪੁਤ੍ਰ ਜੇਹਨੂੰ ਨੇ ਸੁੜਾਖ ਲਿਆ ਸੀ ਦੇਵਤਿਆਂ ਦੀ ਮਿਨਤਾਂ ਪਰ ਜੇਹਨੂੰ ਨੇ ਅਪਨੀਆਂ ਲੱਤਾਂ ਚੀਰ ਕੇ ਕੱਢੀ ਸੀ ਅਖੇ ! ਤਦੇ ਗੰਗਾ ਨੂੰ ਜਾਹਰਨਵੀ ਜਾਂ ਜੇਹਨੂੰ ਦੀ ਧੀ ਕਹਿਆ ਜਾਂਦਾ ਹੈ।

## ਤੀਰਥ ਵਡਾ ਕਿ ਹਰਿ ਕਾ ਦਾਸ ?

ਜਾਹਰ ਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ ॥
ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ ॥

*(ਮਲਾਰ ਮ: ੪-੧੨੬੩)*

ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥੧॥
ਤੀਰਥਿ ਅਠਸਠਿ ਮਜਨੁ ਨਾਈ ॥
ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ ॥

*(ਮਲਾਰ ਮਹਲਾ ੪-੧੨੬੩)*

ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ ॥
ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ ॥

*(ਮਲਾਰ ਮਹਲਾ ੪-੧੨੬੩)*

## ਗੰਗਾਜਲ ਪਰ ਗੁਰਵਾਕ

ਗੰਗਾ ਜਲੁ ਗੁਰ ਗੋਬਿੰਦ ਨਾਮ ॥
ਜੋ ਸਿਮਰੈ ਤਿਸਕੀ ਗਤਿ ਹੋਵੈ ਪੀਵਤ ਬਹੁੜਿ ਨ ਜੋਨ ਭ੍ਰਮਾਮ ॥

*(ਭੈਰਉ ਮਹਲਾ ੫-੧੧੩੭)*

ਹਿੰਦੂ ਲੋਕ ਗੰਗਾ ਦੇ ਪਾਣੀ ਨੂੰ ਪਾਪਾਂ ਲਈ ਜਲਾਬ ਵਤ ਮੰਨਦੇ ਹਨ ਗੰਗਾ ਜਲ ਧੋਣ ਨਾਲ (ਕਚੇ ਚੰਮ ਦਾ ਬੋਕਾ) ਬੀ ਪਵਿਤ੍ਰ ਮੰਨਦੇ ਹਨ। ਸਭ ਪਾਪੀ ਗੰਗਾ ਨ੍ਹਾ ਕੇ ਪਾਪ ਉਤਾਰਦੇ ਤੇ ਪਾਣੀ ਪੀ ਕੇ ਪਵਿਤਰ ਹੋਣਾ ਮੰਨਦੇ ਹਨ। ਨਦੀ ਵਿਚੋਂ ਮਟਕੀਆਂ ਭਰ ਭਰ ਘਰਾਂ ਨੂੰ ਲਈ ਆਉਂਦੇ ਹਨ। ਜਿਥੇ ਇਸ਼ਨਾਨ ਕਰਦੇ ਤੇ ਮੁਰਦਿਆਂ ਦੇ ਫੂਲ (ਹੱਡ) ਸੁਟਦੇ ਹਨ ਉਸ ਸਥਾਨ ਦਾ ਨਾਮ ਹਰਿਦਵਾਰ(ਰਬ ਦਾ ਦਰਵਾਜਾ) ਧਰ ਛਡਿਆ ਹੈ। ਪਾਂਡੇ ਇਥੇ ਯਾਤਰੂ ਲੋਕਾਂ ਨੂੰ ਚੰਗੀ ਤਰ੍ਹਾਂ ਠੱਗਦੇ ਹਨ। ਹਿੰਦੂ ਮਤੀਏ ਗੰਗਾ ਨਦੀ ਵਿਚ ਮੁਰਦਿਆਂ ਦੇ ਹਡ ਇਸ ਲਈ ਸੁਟਦੇ ਹਨ ਕਿ ਇਉਂ ਗੰਗਾ ਹੱਡ ਲੈ ਕੇ ਮੁਕਤੀ ਦਿੰਦੀ ਹੈ। ਗੰਗਾ ਨਦੀ ਨੂੰ ਹਿੰਦੂ ਲੋਕ ਜਿਉਂਦੀ ਜਾਗਦੀ ਮਾਤਾ ਵਤ ਮੰਨਦੇ ਹਨ, ਤਦੇ ਗੰਗਾ ਮਾਈ ਆਖਦੇ ਹਨ ਪਰ ਅੰਗਰੇਜ਼ਾਂ ਨੇ ਇਸ ਗੰਗਾ ਵਿਚੋਂ ਕਈ ਨਹਿਰਾਂ ਨਿਕਾਲ ਕੇ ਦੇਸ ਨੂੰ ਪਾਣੀ ਦੇ ਕੇ ਬੇਅੰਤ ਫਾਇਦਾ ਉਠਾ ਰਖਿਆ ਹੈ ॥

ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ ॥
ਨਾਰਾਇਣੁ ਸੁ ਪ੍ਰਸੰਨ ਹੋਇ ਤ ਸੇਵਕੁ ਨਾਮਾ ॥

*(ਬਸੰਤ ਬਾਣੀ ਨਾਮਦੇਉ-੧੧੯੫)*

## ਦਸ ਪੁਰਬਾਂ ਪਰ ਗੁਰਵਾਕ

ਤੀਰਥ ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ।
ਗੁਰ ਗਿਆਨੁ ਸਾਚਾ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥

*(ਧਨਾਸਰੀ ਮਹਲਾ ੧-੬੮੭)*

ਸੂਚਨਾ- ਹਿੰਦੂ ਮਤ ਵਿਖੇ ਜੇਠ ਸੁਦੀ ਅਰ ਅਸੂ ਸੁਦੀ ਨੂੰ 'ਦਸਿਹਰਾ' ਮੰਨਦੇ ਹੈਨ। ਅਖੇ ! ਅੱਸੂ ਵਿੱਚ ਤਾਂ ਰਾਵਨ (ਦਸਹਿਰਾ) ਰਾਮਚੰਦ ਨੇ ਮਾਰਿਆ ਸੀ ਅਰ ਜੇਠ ਵਿਚ ਦਸ ਪਾਪਾਂ ਨੂੰ ਧੋਣ ਵਾਲੀ ਗੰਗਾ ਜੰਮੀ ਸੀ। ਹਿੰਦੂ ਮਤ ਵਾਲੇ ਗੰਗਾ ਨ੍ਹਾਕੇ ਇਹ ਦਸ ਪਾਪ ਉਤਾਰਦੇ ਨੇ। "ਵੇਦਾਂ ਦੀ ਵਿਰੋਧਤਾ, ਦਾਨ ਕਹਿ ਕੇ ਮੁਕਰਨਾ, ਪਰ ਇਸਤ੍ਰੀ ਗਾਮਤਾ, ਕੁਬਚਨ (ਮੰਦੇ ਬਚਨ) ਬੋਲਣੇ, ਝੂਠ ਬੋਲਣਾ,ਚੁਗਲੀ ਕਰਨੀ, ਚੋਰੀ, ਬੁਰਾ ਚਿਤਵਨਾ, ਬਕਵਾਸ ਕਰਨਾ।" ਹਿੰਦੂ ਮਤ ਵਾਲਿਆਂ ਦੇ ਦਸ ਪੁਰਬ (ਅੱਠੇ, ਚੌਦੇਂ, ਮੌਸ, ਸੰਕ੍ਰਾਂਤ ਅਰ ਪੂਰਨਮਾਸੀ, ਉਤ੍ਰਾਯਣ, ਦਖਣਾਯਣ, ਵਯਤਿਪਾਤ, ਚੰਦ੍ਰਮਾਂ ਅਰ ਸੂਰਜ ਦਾ ਗ੍ਰਹਿਣ) ਤਥਾ ਜੇਠ ਮਹੀਨੇ ਦਾ ਚਾਨਣਾ ਪੱਖ ਤੇ ਦਸਮੀ ਥਿੱਤ, ਹਸਤ ਨਖਜਤ੍ਰ, ਬੁਧਵਾਰ ਗੁਰਕਰਣ, ਅਨੰਦਯੋਗ, ਪ੍ਰਯਤਿਪਾਤਿ ਯੋਗ, ਕੰਨਜਾਂ ਦਾ ਚੰਦ੍ਰਮਾ, ਬ੍ਰਿਖ ਦਾ ਸੂਰਜ, ਭਾਵ ਇਸ ਦਸਾਂ ਪਾਪਾਂ ਨੂੰ ਹਰਦੇ ਹੈਨ ਪ੍ਰੰਤੂ ਗੁਰੂ ਗਜਾਨ ਸਰਬ ਪਾਪ ਨਾਸ਼ਕ ਹੈ ॥

## ਖਾਸ ਖਾਸ ਹਿੰਦੂ ਤੀਰਥਾਂ ਸਬੰਧੀ ਸੂਚਨਾ

ਸੰਮਿਲਤ ਸੂਬਾ (ਯੂ.ਪੀ.) ਵਿਖੇ ਬਿਦ੍ਰਾਬਨ ਵਿਚ ਕ੍ਰਿਸ਼ਨ ਗਵਾਲਿਆਂ ਵਿਚ ਪਲਿਆ, ਇਥੇ ਹੀ ਗੁਜਰੀਆਂ ਨਾਲ ਰਾਸ ਮੰਡਲਾਂ ਕਰਦੇ ਰਹੇ। ਹਿੰਦੂ ਲੋਕ ਇਥੇ ਦੀ ਯਾਤਰਾ ਕਰਨਾ ਮਹਾਂ ਪਵਿਤ੍ਰ ਮੰਨਦੇ ਹਨ, ਅਜ ਕਲ ਉਥੇ ਕ੍ਰਿਸ਼ਨ ਮੰਦਰਾਂ ਵਿਚ ਬੁੱਤ ਪ੍ਰਸਤੀ ਦਾ ਬਾਜ਼ਾਰ ਗਰਮ ਹੈ ॥ ਦੁਆਰਕਾ ਸ਼ਹਿਰ ਜਹਾਂ ਸ੍ਰੀ ਕ੍ਰਿਸ਼ਨ ਜੀ ਜਰਾਸਿੰਧ ਤੋਂ ਭਾਂਜ ਖਾ ਕੇ ਮੰਦ੍ਰ ਪਾ ਕੇ ਬਸੇ ਸਨ। ਇਹ ਬੀ ਰੱਬ ਘਰ ਮੰਨੀਦਾ ਹੈ। ਇਸ ਦੇ ਪਾਸ ਹੀ ਪ੍ਰਭਾਸ ਛੇਤ੍ਰ ਹੈ ਜਹਾਂ ਜਾਦਵ ਲੜ ਮਰੇ ਸਨ। ਦੁਆਰਕਾ ਕਾਠੀਆ ਵਾੜ ਗੁਜਰਾਤ ਦੇ ਇਲਾਕੇ ਵਿਚ ਹੈ। ਹਿੰਦੂ ਲੋਕ 'ਦਖਨ ਦੇਸ ਹਰੀ ਕਾ ਬਾਸਾ' ਤਥਾ 'ਪੁਰੀ ਦੁਆਰਾ' ਇਸੀ ਸਥਾਨ ਨੂੰ ਕਹਿੰਦੇ ਹਨ ਕਾਂਸੀ (ਕਾਂਸੀ ਕਾਂਤੀ ਪੁਰੀ ਦੁਆਰਾ ਮਾਰੂ ਮਹਲਾ ੧) ਕਾਂਸੀ ਵਿਚ ਕ੍ਰਿਸ਼ਨ ਜੀ ਗਊਆਂ ਚਾਰਦੇ ਰਹੇ, ਇਥੇ ਮਰਨਾ ਸਿੱਧਾ ਸੁਰਗੀ ਜਾਣਾ ਮੰਨੀਦਾ ਹੈ ਨਾਲੇ ਇਹ ਸ਼ਿਵ ਪੁਰੀ ਮੰਨੀ ਹੈ। ਇਥੇ ਹੀ ਕਰਵਤ੍ਰ (ਖੂਨੀਆਰਾ) ਹੈ। ਜਹਾਂ ਆਰੇ ਨਾਲ ਹਿੰਦੂ ਚਿਰ ਕੇ ਸੁਰਗਾਂ ਨੂੰ ਜਾਂਦੇ ਸੀ )ਅਜਕਲ ਕਾਨੂੰਨਨ ਬੰਦ ਹੈ)। ਰਿਖੀਕੇਸ ਡੇਰਾ ਦੂਨ ਦੇ ਇਲਾਕੇ ਵਿਚ ਹਰਿਦੁਆਰ (ਗੰਗਾ) ਤੋਂ ਦਸ ਬਾਰਾਂ ਕੁ ਕੋਹ ਹੈ ਇਥੇ ਤਪ ਕਰਨਾ ਸਿੱਧਾ ਰੱਬ ਨੂੰ ਮਿਲਣਾ ਦਸਦੇ ਹੈਨ। ਗਯਾ ਜਾ ਕੇ ਮੁਰਦਿਆਂ ਦੇ ਪਿੰਡ ਭਰਦੇ ਨੇ ਇਹ ਸਥਾਨ ਪਟਨੇ ਤੋਂ ਦੱਖਣ ਵੱਲ ਹੈ। ਅਖੇ ! ਇੱਥੇ ਮੁਰਦੇ ਹਥ ਕਢ ਕੇ ਜੌਆਂ ਦੇ ਪਿੰਨ ਲੈਂਦੇ ਨੇ। ਮਾਨ ਸਰੋਵਰ ਝੀਲ ਜਹਾਂ ਹੰਸ ਰਹਿੰਦੇ ਮੰਨੇ ਹੈਨ। ਹਮਾਲੇ ਵਿਚ ਗਲਣ ਵਾਲੇ ਇੱਥੇ ਹੀ ਜਾਂਦੇ ਨੇ ਇਹ ਤਿੱਬਤ ਵਿਚ ਪੰਦਰਾਂ ਹਜ਼ਾਰ ਫੁੱਟ ਉਚੀ ਦੱਸੀ ਜਾਂਦੀ ਹੈ।

ਕੁਰੂਛੇਤ੍ਰ, ਜਹਾਂ ਕੈਰਵਾਂ ਪਾਂਡਵਾਂ ਦਾ ਜੁੱਧ ਤੇ ਪਹਿਲੀ ਧਰਤੀ ਮੰਨੀ ਹੈ ਇਥੇ ਹੀ ਵਿਸ਼ਨੂੰ ਦਾ ਚੌਕੜੀ ਮਾਰਕੇ ਮਧ ਕੈਟਭ ਦੈਂਤਾਂ ਨੂੰ ਮਾਰਨਾ ਕਹੀਦਾ ਹੈ। ਇਥੇ ਹਿੰਦੂ ਮੁਕਤੀ ਦੀ ਇੱਛਾ ਨਾਲ ਜਾਂਦੇ ਨੇ। ਗੁਦਾਵਰੀ ਨਦੀ ਬੰਬਈ ਪਾਸੋਂ ਨਾਸਕ ਦੀਆਂ ਪਹਾੜੀਆਂ ਵਿਚੋਂ ਨਿਕਲਦੀ ਹੈ। ਗੰਗਾ, ਸੁਰਸਤੀ, ਗੁਦਾਵਰੀ, ਗੋਮਤੀ, ਜਮਨਾ ਇਹ ਭੈਣਾਂ ਮੰਨੀਆਂ ਹੈਨ। ਗੋਮਤੀ ਸੂਬਾ ਯੂ.ਪੀ. ਵਿਚ (ਅਵਧ) ਹੈ ਇਸ ਦੇ ਕੰਢੇ ਪਰ ਬੇਅੰਤ ਗਊਆਂ ਚਰਦੀਆਂ ਦਸੀਆਂ ਹਨ। ਉਡੀਸਾ (ਉੜੀਸਾ) ਸਮੁੰਦਰ ਦੇ ਕੰਢੇ ਪਰ ਹੈ (ਅਸਲੋਂ ਇਹ ਜਗਨਨਾਥ ਹੀ ਹੈ) ਜਹਾਂ ਕ੍ਰਿਸ਼ਨ ਔਰ ਉਸਦੇ ਭ੍ਰਾਤਾ ਬਲਭੱਦ੍ਰ ਤੇ ਸੁਭੱਦ੍ਰਾਂ (ਕ੍ਰਿਸ਼ਨ ਦੀ ਭੈਣ) ਦੀ ਮੂਰਤਾਂ ਬਣਾ ਕੇ ਹਿੰਦੂ ਪੂਜਦੇ ਹਨ ॥ ਜਗਨਨਾਥ ਮੱਕੇ ਦੀ ਤਰ੍ਹਾਂ "ਰੱਬ ਦਾ ਘਰ" ਪ੍ਰਸਿੱਧ ਹੈ ॥ ਕੇਦਾਰਾ (ਜਾਂ ਕੇਦਾਰ ਨਾਥ) ਇਹ ਹਿਮਾਲੇ ਪਹਾੜ ਵਿਖੇ ਹੈ ਇਥੇ ਬਾਰਾਂ ਜੋਤੀ ਲਿੰਗ ਵਿੱਚੋਂ ਮਹੀਈਸ ਜੋਤੀ ਲਿੰਗ ਹੈ। ਇਹ ਸ਼ਿਵ ਅਸਥਾਨ ਹੈ ਇਸ ਥਾਂ ਬੀ ਰੱਬ ਦੀ ਵਸੋਂ ਦੱਸੀ ਗਈ ਹੈ। ਸ਼ਹਿਰ ਮਥਰਾ ਜਹਾਂ ਕ੍ਰਿਸ਼ਨ ਨੇ ਆਪਣੇ ਮਾਮੇ ਕੰਸ ਨੂੰ ਮਾਰਿਆ ਸੀ ਜਮਨਾ ਦੇ ਕਿਨਾਰੇ ਯੂ.ਪੀ. ਵਿਚ ਹੈ ਇਸ ਥਾਂ ਭੀ ਮੁਕਤੀ ਭਾਲੀ ਦੀ ਹੈ।

"ਗੰਗਾ ਜਮੁਨਾ ਕੇਲ ਕੇਦਾਰਾ ॥ ਕਾਸੀ ਕਾਂਤੀ ਪੁਰੀ ਦੁਆਰਾ ॥

ਗੰਗਾ ਸਾਗਰੁ ਬੇਣੀ ਸੰਗਮੁ ਅਠਸਠਿ ਅੰਕਿ ਸਮਾਈ ਹੇ ॥"

(ਮਾਰੂ ਮਹਲਾ ੧-੧੦੨੨)

ਨੋਟ - ਹਿੰਦੂ ਮਤ ਦੇ ਖਿਆਲਾਂ ਮੁਜਬ ਹਾੜੰਬੇ ਜਾਂ ਮਗਹਰ ਦੀ ਧਰਤੀ ਪਰ ਮਰਨ ਵਾਲੇ ਪ੍ਰਾਣੀ ਭਾਵੇਂ ਕਿੱਡੇ ਹੀ ਧਰਮੀ ਅਤੇ ਭਗਤ ਹੋਣ ਉਥੇ ਮਰ ਕੇ ਬਾਂਦਰ ਖੋਤੇ ਬਣਦੇ ਹੈਨ ਤੇ ਸੁਰਗਾਂ ਤੋਂ ਸੱਖਣੇ ਰਹਿੰਦੇ ਹਨ ਪ੍ਰੰਤੂ ਕਾਂਸੀ(ਬਨਾਰਸ) ਮਰਨ ਵਾਲੇ ਭਾਵੇਂ ਕਿੱਡੇ ਪਾਪੀ ਹੋਣ ਸਿੱਧੇ ਸੁਰਗਾਂ ਨੂੰ ਹੀ ਜਾਂਦੇ ਹਨ। ਮਗਹਰ ਦਾ ਇਲਾਕਾ ਅਜੁਧਿਆ ਤੋਂ ਅੱਸੀ ਨੱਬੇ ਮੀਲ ਦੀ ਵਿਥ ਪਰ ਹੈ ਜੋ ਹਾੜੰਬਾ ਇਲਾਕੇ ਤੋਂ ਸ਼ੁਰੂ ਹੁੰਦਾ ਹੈ। ਗੋਰਖ ਪੁਰ ਤੋਂ ਪੰਦਰਾਂ ਬੀਸ ਮੀਲ ਪਰ ਮੁਕਦਾ ਹੈ। ਕਾਂਸ਼ੀ(ਬਨਾਰਸ) ਗੰਗਾ ਦੇ ਕੰਢੇ ਸੂਬਾ ਯੂ.ਪੀ ਵਿਚ ਹੈ ਹਿੰਦੂ ਇਸ ਨੂੰ ਸ਼ਿਵਾਂ ਦੀ ਪੁਰੀ ਆਖਦੇ ਨੇ ਤਦੇ ਇਥੇ ਕਰਵਤ੍ਰ (ਖੂਨੀਆਰਾ) ਗੱਡਿਆ ਸੀ ਤਾਂ ਕਿ ਹਿੰਦੂ ਸੁਰਗਾਂ ਨੂੰ ਜਾਣ, ਪੁਰਾਣੇ ਸਮੇਂ ਦੇ ਹਿੰਦੂ ਵੱਸ ਲੱਗਦੇ ਕਾਂਸੀ ਜਾ ਕੇ ਹੀ ਮਰਦੇ ਸਨ ॥

ਨਾ ਕਾਸੀ ਮਤਿ ਊਪਜੇ ਨਾ ਕਾਸੀ ਮਤਿ ਜਾਇ ॥
ਸਤਿਗੁਰ ਮਿਲਿਐ ਮਤਿ ਊਪਜੈ ਤਾਂ ਇਹ ਸੋਝੀ ਪਾਇ ॥

(ਗੁਜਰੀ ਮਹਲਾ ੩-੪੯੧)

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥
ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥
ਪੂਜਹੁ ਰਾਮੁ ਏਕੁ ਹੀ ਦੇਵਾ ॥ ਸਾਚਾ ਨਾਵਣੁ ਗੁਰ ਕੀ ਸੇਵਾ ॥ ਰਹਾਉ ॥
ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡਕ ਨਾਵਹਿ ॥
ਜੈਸੇ ਮੇਂਡਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵੈ ॥
ਮਨਹੁ ਕਠੋਰੁ ਮਰੈ ਬਨਾਰਸਿ ਨਰਕੁ ਨ ਬਾਂਚਿਆ ਜਾਈ ॥
ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ ॥
ਦਿਨਸੁ ਨ ਰੈਨਿ ਬੇਦ ਨਹੀ ਸਾਸਤ੍ਰ ਤਹਾਂ ਬਸੈ ਨਿਰੰਕਾਰਾ ॥
ਕਹਿ ਕਬੀਰ ਨਰ ਤਿਸਹਿ ਧਿਆਵਹੁ ਬਾਵਰਿਆ ਸੰਸਾਰਾ ॥

(ਆਸਾ ਕਬੀਰ-੪੮੪)

ਕਹਤੁ ਕਬੀਰੁ ਸੁਨਹੁ ਰੇ ਲੋਈ ਭਰਮਿ ਨ ਭੂਲਹੁ ਕੋਈ ॥
ਕਿਆ ਕਾਸੀ ਕਿਆ ਊਖਰੁ ਮਗਹਰੁ ਰਾਮੁ ਰਿਦੈ ਜਉ ਹੋਈ ॥

(ਰਾਗ ਧਨਾਸਰੀ ਕਬੀਰ ਜੀ-੬੯੨)

## ਮਾਘ ਦੇ ਸ਼ਨਾਨ ਤੇ ਗੁਰਵਾਕ

ਪ੍ਰਯਾਗ ਰਾਜ ਸਮਿਲਤ ਸੂਬਾ ਯੂ.ਪੀ. ਵਿਚ ਹੈ। ਸ਼ਹਿਰ ਅਲਾਹਾਬਾਦ ਪਾਸ ਗੰਗਾ,

ਜਮਨਾ, ਸੁਰਸਤੀ (ਤ੍ਰੈਬੇਣੀ) ਮਿਲਣ ਦਾ ਨਾਮ ਪ੍ਰਯਾਗ ਹੈ । ਮਹੀਨੇ ਮਾਘ ਵਿਚ ਇਥੇ ਕਰੋੜਾਂ ਹਿੰਦੂ ਸ਼ਨਾਨ ਕਰਕੇ ਪਾਪ ਉਤਾਰਨਾ ਖਿਆਲ ਰਖਦੇ ਹਨ ਪਹਿਲਾਂ ਇਥੇ ਬੀ ਕਰਵਤ੍ਰ ਸੀ, ਜਿਸ ਨਾਲ ਸਰਧਾਲੂਆਂ ਨੂੰ ਚੀਰ ਕੇ ਦੋ ਫਟ ਕਰ ਤੇ ਉਸ ਦਾ ਧਨ ਧਾਮ ਲੁਟ ਕੇ ਸੁਰਗਪੁਰੀ ਘਲਦੇ ਸਨ । ਤਦੇ ਸਤਿਗੁਰਾਂ ਨੇ ਫੁਰਮਾਇਆ ਹੈ

"ਮਕਰ ਪ੍ਰਾਗ ਦਾਨੁ ਬਹੁ ਕੀਆ ਸਰੀਰੁ ਦੀਓ ਅਧ ਕਾਟਿ ॥

*(ਮਾਲੀ ਗਉੜਾ ਮਹਲਾ ੫-੯੮੬)*

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥<br>
ਸਾਜਨ ਸਹਜਿ ਮਿਲੇ ਗੁਣ ਗਹਿ ਅੰਕ ਸਮਾਨਿਆ ॥<br>
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ ॥<br>
ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ ॥<br>
ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ ॥<br>
ਨਾਨਕ ਮਾਘਿ ਮਹਾਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ ॥

*(ਤੁਖਾਰੀ ਛੰਤ ਮਹਲਾ ੧-੧੧੦੯)*

ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸਨਾਨੁ ॥<br>
ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ ॥

*(ਸਿਰੀ ਰਾਗ ਮਹਲਾ ੫-੪੯)*

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥<br>
ਹਰਿ ਕਾ ਨਾਮ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥

*(ਬਾਰਾਂ ਮਾਹ ਮਾਝ ਮਹਲਾ ੫-੧੩੫)*

ਅਸਲੀ ਤੀਰਥ ਸਾਧ ਸੰਗਤ ਹੈ

ਗੁਰ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ ॥<br>
ਸਤਿਗੁਰਿ ਪਾਈਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ॥

*(ਪ੍ਰਭਾਤੀ ਮਹਲਾ ੧-੧੩੨੯)*

ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ ॥

*(ਆਸਾ ਮਹਲਾ ੧-੪੩੭)*

ਸਤਿਸੰਗਤਿ ਸਾਧ ਧੂਰਿ ਮੁਖਿ ਪਰੀ ॥ ਇਸਨਾਨੁ ਕੀਓ ਅਠਸਠਿ ਸੁਰਸਰੀ ॥ ੩ ॥<br>
ਹਮ ਮੂਰਖ ਕਉ ਹਰਿ ਕਿਰਪਾ ਕਰੀ ॥ ਜਨੁ ਨਾਨਕੁ ਤਾਰਿਓ ਤਾਰਣ ਹਰੀ ॥

*(ਭੈਰਉ ਮਹਲਾ ੪-੧੧੩੪)*

ਸੰਕਰੁ ਨਾਰਦੁ ਸੇਖਨਾਗ ਮੁਨਿ ਧੂਰਿ ਸਾਧੂ ਕੀ ਲੋਚੀਜੈ ॥
ਭਵਨ ਭਵਨ ਪਵਿਤੁ ਹੋਹਿ ਸਭਿ ਜਹ ਸਾਧੂ ਚਰਨ ਧਰੀਜੈ ॥
*(ਕਲਿਆਨੁ ਮਹਲਾ ੪-੧੩੨੬)*

ਸੇਵਉ ਸਾਧ ਸੰਤ ਚਰਨੇਰੈ ॥ ਬਾਂਛਉ ਧੂਰਿ ਪਵਿਤ੍ਰ ਕਰੇਰੈ ॥
ਅਠਸਠਿ ਮਜਨੁ ਮੈਲੁ ਕਟੇਰੇ ॥ *(ਕਾਨੜਾ ਮਹਲਾ ੫-੧੩੦੪ )*
ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ ॥
ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ ਪਰਾਗੇ ॥
*(ਗਉੜੀ ਕੀ ਵਾਰ ਮਹਲਾ ੫-੩੨੨)*

ਤੀਰਥੀਂ ਸ਼ਨਾਨ ਸੇ ਮਨ ਦੀ ਸੁਧੀ ਨਹੀ

ਮਨਮੁਖ ਮੁਗਧ ਕਰਹਿ ਚਤੁਰਾਈ ॥ ਨਾਤਾ ਧੋਤਾ ਥਾਇ ਨ ਪਾਈ ॥
ਜੇਹਾ ਆਇਆ ਤੇਹਾ ਜਾਸੀ ਕਰਿ ਅਵਗੁਣ ਪਛੋਤਾਵਣਿਆ ॥
*(ਮਾਝ ਮਹਲਾ ੩-੧੧੪)*

ਮਨ ਕਾਮਨਾ ਤੀਰਥ ਦੇਹ ਛੁਟੈ ॥ ਗਰਬੁ ਗੁਮਾਨੁ ਨ ਮਨ ਤੇ ਹੁਟੈ ॥
ਸੋਚ ਕਰੈ ਦਿਨਸੁ ਅਰੁ ਰਾਤਿ ॥ ਮਨ ਕੀ ਮੈਲੁ ਨ ਤਨ ਤੇ ਜਾਤਿ ॥
ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥ ਮਨ ਤੇ ਕਬਹੂ ਨ ਬਿਖਿਆ ਟਰੈ ॥
ਜਲਿ ਧੋਵੈ ਬਹੁ ਦੇਵ ਅਨੀਤਿ ॥ ਸੁਧ ਕਹਾ ਹੋਇ ਕਾਚੀ ਭੀਤਿ ॥
*(ਸੁਖਮਨੀ ਮਹਲਾ ੫-੨੬੫ )*

ਦੇਹੀ ਧੋਇ ਨ ਉਤਰੈ ਮੈਲੁ ॥ ਹਉਮੈ ਬਿਆਪੈ ਦੁਬਿਧਾ ਫੈਲੁ ॥
*(ਰਾਮਕਲੀ ਮਹਲਾ ੫-੮੯੩ )*

ਹ੍ਰਿਦੈ ਕਪਟੁ ਮੁਖ ਗਿਆਨੀ ॥ ਝੂਠੇ ਕਹਾ ਬਿਲੋਵਸਿ ਪਾਨੀ ॥ ੧ ॥
ਕਾਂਇਆ ਮਾਂਜਸਿ ਕਉਨ ਗੁਨਾਂ ॥ ਜਉ ਘਟ ਭੀਤਰਿ ਹੈ ਮਲਨਾਂ ॥ ੧ ॥ ਰਹਾਉ ॥
ਲਉਕੀ ਅਠਸਠਿ ਤੀਰਥ ਨ੍ਹਾਈ ॥ ਕਉਰਾਪਨੁ ਤਊ ਨ ਜਾਈ ॥ ੨ ॥
ਕਹਿ ਕਬੀਰ ਬੀਚਾਰੀ ॥ ਭਵਸਾਗਰੁ ਤਾਰਿ ਮੁਰਾਰੀ ॥
*(ਸੋਰਠ ਕਬੀਰ ਜੀ-੬੫੬)*

ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ॥
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ?
*(ਗਉੜੀ ਰਵਿਦਾਸ-੩੪੬)*

ਮਨ ਦਾ ਸ਼ਨਾਨ

ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥ਨਾਤਾ ਸੋ ਪਰਵਾਣੁ ਸਚੁ ਕਮਾਈਐ ॥

*(ਵਡਹੰਸ ਮਹਲਾ ੧-੫੬੫)*

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥

*(ਸੋਰਠਿ ਮਹਲਾ ੫-੬੧੧ )*

# ਵਰਤਾਂ (ਬ੍ਰਤਾਂ) ਦਾ ਮਹਾਤਮ

ਸ਼ਿਵ ਪੁਰਾਣ ਆਦਿ (ਹਿੰਦੂ ਮਤ ਦੇ ਗ੍ਰੰਥਾਂ) ਵਿਖੇ ਤ੍ਰਿਅਉਦਸੀ, ਸੋਮਵਾਰ ਦਿਨ ਸ਼ੁਭ ਮੰਨੇ ਹਨ ਅਰਦ ਆਦਿਵਤਾਰ ਵਿਚ ਆਇਤਵਾਰ ਅਤੇ ਚੰਦ੍ਰਖੰਡ ਵਿਚ ਸੋਮ ਗ੍ਰਹਿ ਵਾਲੇ ਮੰਗਲ, ਬੁਧ, ਵੀਰ, ਸ਼ੁਕਰ, ਛਨਿਛਰ, ਰਾਹੂਕੇਤੂ ਦੀ ਨੰਬਰਦਾਰੀ ਦੱਸੀ ਹੈ, ਇਸੀ ਤਰ੍ਹਾਂ ਵੈਸ਼ਨਵਾਂ ਦੀ ਇਕਾਦਸੀ, ਵਾਮਨ ਦੀ ਦ੍ਵਾਦਸੀ ਅਰ ਨਰਸਿੰਘ ਤੇ ਅਨੰਤਦੀ ਚੌਦਸ ਅਰ ਚੰਦ੍ਰਮਾਂ ਦੀ ਪੂਰਨਮਾਸ਼ੀ ਤੇ ਵਸੂਆਂ ਦੀ ਅੱਠੇਂ ਅਰ ਦਿਗਪਾਲਾਂ ਦੀ ਦਸਮੀ, ਦੁਰਗਾਦੇਵੀ ਦੀ ਨੌਮੀ ਅਰ ਮੁਨੀਆਂ ਦੀ ਸਤਮੀ ਅਤੇ ਸ੍ਵਾਮੀਕਾਰਤਕ ਦੀ ਛਠ, ਨਾਗਾਂ ਦੀ ਪੰਚਮੀ, ਗਣੇਸ਼ ਦੀ ਚੌਦਸ, ਗਉਰੀ ਦੀ ਤ੍ਰਿਤੀਆ, ਅਸਵਨੀ ਕੁਮਾਰ ਦੀ ਦੂਜ ਅਰ ਦੇਵੀ ਦੀ ਏਕਮ, ਪਿਤ੍ਰਾਂ ਦੀ ਉਮਸਿਆ।

ਸਿੱਟਾ ਕੀ ! ਇਸ ਤਰ੍ਹਾਂ ਹਰ ਇਕ ਦਿਨ ਪਰ ਕਿਸੇ ਨਾ ਕਿਸੇ ਦਾ ਕਬਜ਼ਾ ਹੈ ਅਰ ਇਹ ਦਿਨ ਹਿੰਦੂਆਂ ਦੇ ਅੰਨ ਨਾ ਖਾਣ ਅਰਥਾਤ ਵਰਤਾਂ ਦੇ ਹੈਨ। ਅਖੇ ! ਇਨ੍ਹਾਂ ਦਿਨਾਂ ਵਿਚ ਅੰਨ ਖਾ ਕੇ ਨਰਕ ਗਾਮੀ ਹੋਣਾ ਪੈਂਦਾ ਹੈ ॥ ਜੇ ਸਾਰੇ ਦਿਨਾਂ ਦਾ ਲੇਖਾ ਪਤਾ ਨਿਕਾਲੀਏ ਤਾਂ ਹਿੰਦੂ ਲੋਕ ਕਿਸੀ ਦਿਨ ਬੀ ਅੰਨ ਨਹੀਂ ਖਾ ਸਕਦੇ ॥ ਨਿਰਣੇ ਸਿੰਧੂ ਅਰ ਧਰਮ ਸਿੰਧੂ ਗ੍ਰੰਥਾਂ ਵਿਚ ਬਰਨਾਂ ਦੇ ਨਿਯਮਾਂ ਉਪਨਿਯਮਾਂ ਸਹਿਤ ਵ੍ਰਤ ਮਿਲਦੇ ਹਨ। ਇਕਾਦਸੀ ਸਬੰਧੀ ਜਿਕਰ ਹੈ ਕਿ ਜਿਤਨੇ ਪਾਪ ਹੈਨ ਓਹ ਇਕਾਦਸੀ ਵਾਲੇ ਦਿਨ ਅੰਨ ਵਿਖੇ ਆ ਕੇ ਰਹਿੰਦੇ ਹਨ ॥

"ਦਿਲ ਨੂੰ ਤਕੜਾ ਕਰਕੇ ਇੰਦ੍ਰੀ ਜਿਤਕੇ ਬਾਰਾਂ ਦਿਹਾੜੇ ਨਿਰਾਧਾਰ ਰਹੇ, ਇਹ ਵਰਤ ਸਾਰੇ ਪਾਪ ਨਸ਼ਟ ਕਰਨ ਵਾਲਾ ਹੈ" (ਮਨੂ ਅ: ੧੧ ਸ: ੨੧) ਵਰਤ ਮਾਨੁਖ ਨੂੰ ਬੈਕੁੰਠ ਦਿੰਦਾ ਹੈ ॥ (ਗਰੜ ਅ: ੨੬ ਅੰਕ ੧੪)

## ਵਰਤਾਂ ਪਰ ਗੁਰੂ ਹੁਕਮ

ਅੰਨੁ ਨ ਖਾਇਆ ਸਾਦੁ ਗਵਾਇਆ ॥ ਬਹੁ ਦੁਖ ਪਾਇਆ ਦੂਜਾ ਭਾਇਆ ॥

*(ਵਾਰ ਆਸਾ ਮਹਲਾ ੧-੪੬੭)*

ਅੰਨੁ ਨ ਖਾਹਿ ਦੇਹੀ ਦੁਖੁ ਦੀਜੈ ॥ ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ ॥
ਮਨਮੁਖਿ ਜਨਮੈ ਜਨਮਿ ਮਰੀਜੈ ॥ *(ਰਾਮਕਲੀ ਮਹਲਾ ੧-੯੦੫)*

ਵਰਤੁ ਨੇਮੁ ਨਿਤਾਪ੍ਰਤਿ ਪੂਜਾ ॥ ਬਿਨੁ ਬੂਝੇ ਸਭੁ ਭਾਉ ਹੈ ਦੂਜਾ ॥

*(ਬਿਲਾਵਲ ਮਹਲਾ ੩-੮੪੧)*

ਛੋਡਹਿ ਅੰਨੁ ਕਰਹਿ ਪਾਖੰਡ ॥ ਨਾ ਸੋਹਾਗਨਿ ਨਾ ਓਹਿ ਰੰਡ ॥
ਜਗ ਮਹਿ ਬਕਤੇ ਦੂਧਾ ਧਾਰੀ ॥ ਗੁਪਤੀ ਖਾਵਹਿ ਵਟਿਕਾ ਸਾਰੀ ॥ ੩ ॥
ਅੰਨੈ ਬਿਨਾ ਨ ਹੋਇ ਸੁਕਾਲੁ ॥ ਤਜਿਐ ਅੰਨਿ ਨ ਮਿਲੈ ਗੁਪਾਲੁ ॥
ਕਹੁ ਕਬੀਰ ਹਮ ਐਸੇ ਜਾਨਿਆ ॥ ਧੰਨੁ ਅਨਾਦਿ ਠਾਕੁਰ ਮਨੁ ਮਾਨਿਆ ॥
*(ਗੋਂਢ ਕਬੀਰ ਜੀ-੮੭੩)*

ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ॥ਵਰਤੁ ਤਪਨ ਕਰਿ ਮਨੁ ਨਹੀ ਭੀਜੈ ॥
ਰਾਮਨਾਮ ਸਰਿ ਅਵਰੁ ਨ ਪੂਜੈ ॥ *(ਰਾਮਕਲੀ ਮਹਲਾ ੧-੯੦੫)*

## ਚੰਦ੍ਰਾਇਣ ਵਰਤ ਮਹਾਤਮ

ਵਡੇ ਵੇਲੇ, ਦੁਪਹਿਰੇ, ਸੰਧਿਆ ਵੇਲੇ ਸ਼ਨਾਨ ਕਰ ਕੇ ਚਾਨਣੇ ਪੱਖ ਪੂਰਨਮਾਸ਼ੀ ਨੂੰ ਪੰਦ੍ਰਾਂ ਬੁਰਕੀਆਂ(ਅੰਨ) ਖਾਵੇ ਤੇ ਦੂਜੇ ਦਿਨ ਅੰਧੇਰ ਪੱਖ ਦੀ ਏਕਮ ਨੂੰ ਇਕ ਬੁਰਕੀ ਘਟਾ ਕੇ ੧੪ ਬੁਰਕੀਆਂ। ਏਸੇ ਤਰ੍ਹਾਂ ਘਟਾਂਦਿਆਂ ੨ ਅਮਸਿਆ ਨੂੰ ਨਿਰਾਹਾਰ ਕਰਕੇ ਤੇ ਚਾਨਣੇ ਪੱਖ ਦੀ ਏਕਮ ਨੂੰ ਇਕ ਗ੍ਰਾਹੀ ਤੋਂ ਵਧਾਂਦੇ ਵਧਾਂਦੇ ਮੁੜ ਪੂਰਨਮਾਸੀ ਨੂੰ ਪੰਦਰਾਂ ਬੁਰਕੀਆਂ ਹੋ ਜਾਵਨ ਇਹ ਵਰਤ ਯਥੀਪਕਾ ਮੱਧ ਚੰਦ੍ਰਾਇਣ ਸਦਾਂਵਦਾ ਹੈ। (ਮਨੂ ਅ: ਅੰਕ ੨੧੬)

ਸੂਚਨਾ - ਇਸ ਤਰ੍ਹਾਂ ਕੋਈ ਵਰਤ ਮਧ ਤੇ ਕੋਈ ਪੱਖ ਦੇ ਸਿਰੇ ਭਾਵ ਪੁੱਠੇ ਸਿੱਧੇ ਕਈ ਪ੍ਰਕਾਰ ਦੇ ਹਨ ਜਿਨ੍ਹਾਂ ਦੇ ਨਾਮ "ਯਤੀ ਚੰਦ੍ਰਾਇਣ" "ਸਿਸਯ ਚੰਦ੍ਰਾਂਇਣ" ਆਦਿ ਆਦਿ ਹੈਨ। ਰਾਤ ਨੂੰ ਬਸਤ੍ਰਾਂ ਸਮੇਤ ਸਨਾਨ ਕਰਨਾ, ਧਰਤੀ ਪਰ ਸੌਣਾ, ਖੜੇ ਰਹਿਣਾ, ਬ੍ਰਹਮਚਾਰੀ ਰਹਿਣਾ, ਛਿਕਰੇ (ਪਲਾਹ) ਦਾ ਡੰਡਾ ਧਾਰਨ ਕਰਨਾ, ਗੁਰੂ ਦੇਵਤੇ ਬ੍ਰਹਮਣਾਂ ਦੀ ਪੂਜਾ ਕਰਨੀ, ਵਰਤਾਂ ਵਿਚ ਇਸ ਤਰ੍ਹਾਂ ਦੇ ਕਿਤਨੇ ਨਿਯਮ ਹੈਨ ਔਰ ਇਨ੍ਹਾਂ ਵਰਤਾਂ ਦੇ ਵਖੋ ਵਖ ਫਲ ਦਸੇ ਹਨ (ਦੇਖੋ ਮਨੂ ਅ: ੧੧ ਸਲੋਕ ੨੨੩ ਤੋਂ ਲਾ ਕੇ ੨੨੪ ਤਕ)

## ਚੰਦ੍ਰਾਇਣ ਵਰਤ ਖੰਡਣ

ਅਕਲ ਕਲਾ ਨਹਿ ਪਾਈਐ ਪ੍ਰਭੁ ਅਲਖ ਅਲੇਖੰ ॥
ਖਟੁ ਦਰਸਨ ਭ੍ਰਮਤੇ ਫਿਰਹਿ ਨਹਿ ਮਿਲੀਐ ਭੇਖੰ ॥
ਵਰਤ ਕਰਹਿ ਚੰਦ੍ਰਾਇਣਾ ਸੇ ਕਿਤੇ ਨ ਲੇਖੰ ॥
ਵੇਦ ਪੜਹਿ ਸੰਪੂਰਨਾ ਤਤੁ ਸਾਰ ਨ ਪੇਖੰ ॥
ਤਿਲਕੁ ਕਢਹਿ ਇਸਨਾਨੁ ਕਰਿ ਅੰਤਰਿ ਕਾਲੇਖੰ ॥
ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ ॥ *(ਮਾਰੂ ਵਾਰ ਮਹਲਾ ੫-੧੦੯੮)*

## ਅਹੋਈ ਵਰਤ

ਹਿੰਦੂ ਇਸਤ੍ਰੀਆਂ ਵਿਖੇ ਸੀਤਲਾ ਦਾ ਵਰਤ ਭੀ ਮਸ਼ਹੂਰ ਹੈ ਉਸੀ ਨੂੰ ਸਾਂਝੀ ਜਾਂ

ਅਹੋਈ ਦਾ ਬਰਤ ਕਹੀਦਾ ਹੈ ਇਹ ਅਠ ਕਤਕ ਦਾ ਦਿਨ ਨਿਯਤ ਹੈ । ਅਕਸਰ ਕੁਆਰੀਆਂ ਲੜਕੀਆਂ ਰਖਦੀਆਂ ਹਨ ਜੋ ਕੰਧ ਲਿਪ ਕੇ ਮਿਟੀ ਦੀ ਸਾਂਝੀ ਬਣਾ ਕੇ ਪੂਜਦੀਆਂ ਹਨ। ਦਵਾਲੀ ਤੋਂ ਦੂਜੇ ਦਿਨ ਜਲ ਪ੍ਰਵਾਹ ਹੁੰਦੀ ਹੈ 'ਰਾਧਾ ਕੁੰਡ' ਪਰ ਖਾਸ ਸਨਾਨ ਕਰਦੇ ਨੇ ਮਥਰਾ ਦੇ ਪਾਸ ਹੈ । ਭਗਤ ਕਬੀਰ ਜੀ ਨੇ ਫੁਰਮਾਇਆ ਹੈ -

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ ਰਾਖੈ ਨਾਰਿ ॥
ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ ॥ *(ਸਲੋਕ ਕਬੀਰ-੧੩੭੦)*

## ਇਕਾਦਸੀ ਬ੍ਰਤ ਮਹਾਤਮ

ਇਕਾਦਸੀ ਦੇ ਬ੍ਰਤਾਂ ਬਾਬਤ ਇਕ ਕਥਾ ਲਿਖੀ ਹੈ ਕਿ - ਬ੍ਰਹਮ ਲੋਕ ਵਿੱਚ ਇਕ ਵੇਸਵਾ ਸੀ ਅਖੇ ! ਉਥੇ ਕੋਈ ਅਪਰਾਧ ਕਰ ਬੈਠੀ ਤਾਂ ਜ਼ਮੀਨ ਪਰ ਸੁਟੀ ਗਈ ਅਰ ਜਿਥੇ ਡਿਗੀ ਸੀ ਉਸਨੇ ਕਿਹਾ ਕਿ ਮੈਨੂੰ ਕੋਈ ਇਕਾਦਸੀ ਬ੍ਰਤ ਦਾ ਫਲ ਦੇਵੇ ਤਾਂ ਮੈਂ ਮੁੜ ਬ੍ਰਹਮ ਲੋਕ ਵਿਚ ਜਾਵਾਂ ਤਾਂ ਉਥੇ ਕੋਈ ਬੀ ਬ੍ਰਤੀ ਨਹੀਂ ਸੀ । ਅਖੇ ! ਅੰਤ ਕਿਸੀ ਸੁਦਰ ਦੀ ਇਸਤ੍ਰੀ ਨੇ ਪਤੀ ਨਾਲ ਲੜ ਕੇ ਏਕਾਦਸੀ ਵਾਲੇ ਦਿਨ ਰੋਟੀ ਨਹੀਂ ਖਾਈ ਸੀ । ਉਸਨੇ ਵੇਸਵਾ ਦੇ ਬਬਾਣ ਨੂੰ ਛੂਹਿਆ ਤਾਂ ਬਬਾਣ ਉਪਰ ਨੂੰ ਉਡ ਗਿਆ । ਤਾਂਤੇ ਕੋਈ ਜਾਣਕੇ ਇਕਾਦਸੀ ਵਰਤ ਰਖੇ ਤਾਂ ਬ੍ਰਹਮ ਲੋਕ ਹੀ ਜਾ ਵਸਦਾ ਹੈ ॥ ਇਕਾਦਸੀ ਦੇ ਨਾਮ-ਕਾਮਦਾ, ਪੁੱਤ੍ਰਦਾ, ਨਿਰਜਲਾ, ਆਦਿ ਰਖੇ ਨੇ । ਕੋਈ ਕਾਮ ਇਛਾ ਲਈ ਕੋਈ ਪੁੱਤ੍ਰ ਲਈ ਕੋਈ ਦੌਲਤ ਲਈ ਇਕਾਦਸ਼ੀ ਬ੍ਰਤ ਧਰਦਾ ਹੈ 'ਵਿਧਵਾ ਇਸਤ੍ਰੀਆਂ' ਦਾ ਧ੍ਰਮ ਤਾਂ ਇਕਾਦਸ਼ੀ ਵਰਤ ਹੀ ਰਖੇ ਨੇ ।

ਏਕਾਦਸੀ ਇਕੁ ਰਿਦੈ ਵਸਾਵੈ ॥ ਹਿੰਸਾ ਮਮਤਾ ਮੋਹੁ ਚੁਕਾਵੈ ।
ਫਲੁ ਪਾਵੈ ਬ੍ਰਤੁ ਆਤਮ ਚੀਨੈ ॥ ਪਾਖੰਡਿ ਰਾਚਿ ਤਤੁ ਨਹੀ ਬੀਨੈ ॥
ਨਿਰਮਲੁ ਨਿਰਾਹਾਰੁ ਨਿਹਕੇਵਲੁ ॥ ਸੂਚੈ ਸਾਚੇ ਨਾ ਲਾਗੈ ਮਲੁ ॥
*(ਬਿਲਾਵਲ ਮਹਲਾ ੧-੮੪੦)*

ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ॥
ਏਕਾ ਦਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥
ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ ॥ *(ਰਾਮਕਲੀ ਮਹਲਾ ੫-੯੦੫)*

## ਇਕਾਦਸੀ ਬ੍ਰਤ ਖੰਡਣ

ਏਕਾਦਸੀ ਨਿਕਟਿ ਪੇਖਹੁ ਹਰਿਰਾਮੁ ॥ ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ ।
ਮਨਿ ਸੰਤੋਖੁ ਸਰਬ ਜੀਅ ਦਇਆ ॥ ਇਨ ਬਿਧਿ ਬਰਤੁ ਸੰਪੂਰਨ ਭਇਆ ॥
*(ਗਉੜੀ ਮਹਲਾ ੫-੨੯੯)*

ਏਕਾਦਸੀ ਏਕ ਦਿਸ ਧਾਵੈ ॥ ਤਉ ਜੋਨੀ ਸੰਕਟ ਬਹੁਰਿ ਨ ਆਵੈ ॥

(ਗਉੜੀ ਕਬੀਰ-੩੪੪)

ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ ॥
ਏਕਾਦਸੀ ਬ੍ਰਤ ਰਹੈ ਕਾਹੇ ਕਉ ਤੀਰਥ ਜਾਂਈ ॥ (ਟੋਡੀ ਬਾਣੀ ਨਾਮਦੇਵ-੭੧੮ )

ਨਉਮੀ ਨੇਮੁ ਸਚੁ ਜੇ ਕਰੈ ॥ ਕਾਮ ਕ੍ਰੋਧੁ ਤ੍ਰਿਸਨਾ ਉਚਰੈ ॥
ਦਸਮੀ ਦਸੇ ਦੁਆਰ ਜੇ ਠਾਕੈ ਏਕਾਦਸੀ ਏਕੁ ਕਰਿ ਜਾਣੈ ॥
ਦੁਆਦਸੀ ਪੰਚ ਵਸਗਤਿ ਕਰ ਰਾਖੈ ਤਉ ਨਾਨਕ ਮਨੁ ਮਾਨੈ ॥
ਐਸਾ ਵਰਤੁ ਰਹੀਜੈ ਪਾਡੇ ਹੋਰ ਬਹੁਤੁ ਸਿਖ ਕਿਆ ਦੀਜੈ ॥

(ਸਾਰੰਗ ਕੀ ਵਾਰ ਮਹਲਾ ੧-੧੨੪੫)

## ਅਸਲੀ ਵ੍ਰਤ

ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥
ਜੁਗਤਿ ਧੋਤੀ ਸੁਰਤਿ ਚਉਕਾ ਤਿਲਕ ਕਰਣੀ ਹੋਇ ॥
ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ ॥

(ਸਾਰੰਗ ਕੀ ਵਾਰ ਮਹਲਾ ੧-੧੨੪੫)

ਖਿਮਾ ਗਹੀ ਬ੍ਰਤ ਸੀਲ ਸੰਤੋਖੰ ॥ ਰੋਗੁ ਨ ਬਿਆਪੈ ਨਾ ਜਮ ਦੋਖੰ ॥

(ਗਉੜੀ ਮਹਲਾ ੧-੨੨੩)

ਸਭਿ ਤੀਰਥ ਵਰਤ ਜਗ ਪੁੰਨ ਤੋਲਾਹਾ ॥ ਹਰਿ ਹਰਿ ਨਾਮ ਨ ਪੁਜਹਿ ਪੁਜਾਹਾ ॥

(ਜੈਤਸਰੀ ਮਹਲਾ ੪-੬੯੯)

## ਸੰਧਯਾ, ਤਰਪਣ, ਗਾਯਤ੍ਰੀ

ਹਿੰਦੂਮਤ ਵਿਖੇ ਸੰਧਯਾ ਤਰਪਣ ਪ੍ਰਧਾਨ ਹੈ ਭਾਵ ਸੰਧਜਾਕਾਲ ਵਿਖੇ ਜਲ ਮ੍ਰਿਤਕਾਦਿ ਕੋ ਸੌਚ ਸਨਾਨ ਕਰਕੇ ਤ੍ਰਿਪਾਲ (ਅਰਥਾਤ ਗਾਯਤ੍ਰੀ) ਦਾ ਵੀਚਾਰ ਕਰਦੇ ਹਨ । ਹਿੰਦੂਆਂ ਵਿਚ ਗਾਯਤ੍ਰੀ ਮੰਤ੍ਰ ਪਰਮ ਗੁਪਤ ਰਖਣੇ ਦਾ ਮਹਾਤਮ ਹੈ । ਗਾਯਤ੍ਰੀ ਜਾਪ ਸਮੇ ਥਾਂ ਲਿਪਕੇ ਤੇ ਆਸਨ ਲਗਾ ਕੇ ਸੂਰਜ ਵਲ ਮੁਖ ਕਰ ਅਰ ਚੁਲੀ ਆਦਿ ਕਰਕੇ ਫਿਰ ਹਥ ਵਿਚ ਪਾਣੀ ਲੈ ਕੇ ਵਾ "ਸ਼ੰਨੋ ਦੇਵੀ" ਐਸੇ ਮੰਤ੍ਰ ਸੇ ਤਿੰਨ ਵਾਰ ਜਲ ਸੇ ਆਚਮਨ ਕਰਦੇ ਨੇ । ਅਰ ਸਜੇ ਹਥ ਸੇ ਜਲ ਲੈ ਕੇ ਸੁਪ੍ਰਣਵ ਗਾਯਤ੍ਰੀ ਸੇ ਸਰੀਰ ਦੇ ਚਾਰੇ ਪਾਸੇ ਜਲ ਸੁਟਦੇ ਨੇ, ਫਿਰ 'ਓਮ' ਵਾਕ ਨਾਲ ਨਾਭੀ ਤੀਕ ਚਖੁਸ਼ਾਦਿ ਇੰਦ੍ਰੀਆਂ ਨੂੰ ਉਂਗਲੀਆਂ ਨਾਲ ਛੂੰਹਦੇ ਹਨ ॥ ਫਿਰ 'ਓ ਭੂ:

ਪੁਨਾਤੁ' ਆਦਿ ਮੰਤ੍ਰ ਨਾਲ ਸਿਰ ਨੂੰ ਛਿਟੇ ਦਿੰਦੇ ਹਨ ॥ ਇਸ ਨੂੰ ਮਾਰਜਨ ਨਾਮ ਨਾਲ ਪੁਕਾਰਦੇ ਹਨ। 'ਓਂ ਭੂ' ਇਤ ਆਦਿ ਮੰਤ੍ਰ ਨਾਲ ਕੁੰਭਕ ਰੇਚਕ ਇਹ ਪ੍ਰਾਣਾਯਾਮ ਕਰਦੇ ਹਨ ਉਪਰੰਤ 'ਓ: ਰਿ: ਤੰਚ' ਐਸੇ ਮੰਤਰ ਨਾਲ ਤਥਾ ਸ਼ੰਨੋ ਦੇਵੀ ਆਦਿ ਆਖ ਕੇ ਕੁਰਲੀਆਂ ਕਰਦੇ ਨੇ ਫਿਰ ਗਾਯਤ੍ਰੀ ਮੰਤਰ ਨਾਲ ਪਾਣੀ ਦੀ ਚੁਲੀਆਂ ਪੜ੍ਹ ਕੇ ਖੜ੍ਹੇ ਹੋ ਕੇ ਸੂਰਜ ਨੂੰ ਦਿੰਦੇ ਨੇ ਫਿਰ 'ਓਂ ਭ੍ਰਿਗਵੇਨਮ' ਅਦਿ ਮੰਤ੍ਰਾਂ ਨਾਲ ਬੇਨਤੀ ਕਰਦੇ ਨੇ। 'ਓਂ ਉਦੂਯੰਤੰ' ਇਤਿਆਦਿ ਮੰਤ੍ਰਾਂ ਨਾਲ ਬੇਨਤੀ ਕਰਕੇ ਸਰਬ ਕਾਮਨਾ ਦੀ ਸਿਧੀ ਚਾਹੁੰਦੇ ਨੇ ਇਸ ਦਾ ਨਾਮ ਉਪ ਸਥਾਨ ਹੈ ਫਿਰ ਗੋਤ੍ਰੀ ਆਦਿ ਸੇ ਨਮਸ ਕਰਕੇ ਸਮਰਪਣ ਕਰਦੇ ਹਨ। ਤੇ 'ਓਂ ਸੂਰਯਸਚ' ਮੰਤ੍ਰ ਨਾਲ ਬੇਨਤੀ ਕਰਦੇ ਹਨ। ਅਖੇ ! ਮੇਰੇ ਹਥਾਂ ਪੈਰਾਂ ਦੇ ਪਾਪ ਨੱਠਣ ! ਫਿਰ 'ਓਂ: ਭੂ:ਭਵ: ਸ੍ਵ: ਤੀਨ ਬਜਾਹਿਤੀ' ਕਹਿ ਕੇ – (੧) ਤਤ (੨) ਸਬਿਤੁ: (੩) ਬਰੇਣਯੰ (੪) ਭਰਗ (੫) ਦੇਵਸਜ (੬) ਧੀਮਹਿ (੭) ਧਿਯ: (੮) ਯੋਨ: (੯) ਪ੍ਰਚੋਦਜਾਤ (੧੦) ਨ: ॥ ਇਹ ਦਸੇ ਪਦ ਕਹਿੰਦੇ ਨੇ ॥

ਬਸ ! ਈਹੋ ਦਸਾਂ ਪਦਾਂ ਦੀ ਹਿੰਦੂ ਗਾਯਤ੍ਰੀ ਕਹੀ ਜਾਂਦੀ ਹੈ। ਇਨ੍ਹਾਂ ਸ਼ਬਦਾਂ ਨਾਲ ਇਕਾਂਤ ਦਿਸ਼ਾ ਵਿਚ ਤਿੰਨੇ ਵੇਲੇ ਭਜਨ ਕਰਦੇ ਹੈਨ। ਇਸ ਦੇ ਅਰਥ ਅਕਸਰ ਇਉਂ ਕਰਦੇ ਹਨ 'ਓਂ ਕਾ ਓਮ' ਭੂ ਦਾ ਭੂਮੀ'। 'ਭੁਵਾ ਦਾ ਅਕਾਸ਼'। 'ਸ੍ਵਾ ਦਾ ਸ੍ਵਰਗ'। ਕਿ ਹਮ ਸੂਰਜ ਕੀ ਵਡੀ ਜੋਤ ਕਾ ਧਿਆਨ ਧਰਦੇ ਹਾਂ ਓਹ ਹਮਾਰੇ ਮਨ ਨੂੰ ਪ੍ਰਕਾਸ਼ ਕਰੇ ਆਦਿ ਆਦਿ। ਤਥਾ ਤਤ, ਸਵਿਤੁ, ਬਰੇਣਯੰ, ਭਰਗੋ, ਦੇਵਸਜ, ਧੀ ਮਹਿ, ਧਿਯੋ, ਯੋਨਾ ਪ੍ਰਚੋਦਜਾਤ ਨ: ॥ ਇਸ ਤੋਂ ਸਿੱਧ ਹੁੰਦਾ ਹੈ ਕਿ ਹਿੰਦੂਆਂ ਦਾ ਗਾਯਤ੍ਰੀ ਮੰਤ੍ਰ (ਮੂਲ ਮੰਤ੍ਰ) ਨਿਰਗੁਣ ਸਰੂਪ ਦੀ ਉਪਾਸ਼ਨਾ ਹੈ ॥

ਹਿੰਦੂ ਮਤ ਦਾ ਮੂਲ ਮੁੱਦਾ ਇਹ ਗਾਯਤ੍ਰੀ ਮੰਤਰ ਮੰਨਿਆਂ ਜਾਂਦਾ ਹੈ ਅਖੇ ! ਰਿਸ਼ੀਆਂ ਨੇ 'ਓਅੰ: ਭੂ: ਭੁਵ: ਸ੍ਵ:' ਇਤਨਾ ਵਾਧੂ ਪਾਠ ਪਿਛੋਂ ਇਸ ਨਾਲ ਜੋੜਿਆਂ ਹੈ ਅਸਲੋਂ ਗਾਯਤ੍ਰੀ ਦੇ ਅਰਥ ਇਹੋ ਹਨ ਕਿ ਸੂਰਜ ਦੇਵਤਾ ਸਭ ਨੂੰ ਜੀਵਾਲਦਾ ਹੈ, ਅਰ ਦੁਖਾਂ ਕਲੇਸ਼ਾਂ ਤੋਂ ਛੁਡਾਂਵਦਾ ਹੈ। ਸੂਰਜ ਦੇਵਤਾ ਪ੍ਰਕਾਸ਼ ਰੂਪ ਹੈ ਅਰ ਬੇਨਤੀ ਯੋਗ ਹੈ। ਪਾਪਾਂ ਦਾ ਨਸ਼ਟ ਕਰਨ ਵਾਲਾ ਹੈ। ਸੂਰਜ ਸਾਡੀਆਂ ਬੁਧੀਆਂ ਨੂੰ ਪ੍ਰੇਰਦਾ ਹੈ, ਉਸ ਦਾ ਅਸੀਂ ਧਿਆਨ ਧਰਦੇ ਹਾਂ ਆਦਿ। ਪ੍ਰੰਤੂ ਅਜ ਕਲ ਵਿਦਵਾਨ ਹਿੰਦੂ ਇਹੋ ਅਰਥ ਈਸ਼੍ਵਰ ਵਲ ਲੌਣ ਦੀ ਕੋਸ਼ਿਸ਼ ਕਰਦੇ ਨੇ "ਜਿਸ ਤਰ੍ਹਾਂ ਕਿ ਈਸਾਈਆਂ ਦਾ ਗਾਡ **God** ਸ਼ਬਦ ਟਯੂਟਨ **Teutons** ਲੋਕ ਆਪਣੀ ਦੇਵਤਾ ਮੂਰਤੀ ਲਈ ਵਰਤਦੇ ਸਨ। ਈਸਾਈ ਪ੍ਰਚਾਰ ਦੇ ਸਿਖਰ ਚੜਨ ਪਰ ਈਹੋ ਗਾਡ, ਖੁਦਾ ਅਰਥਾਂ ਨਾਲ ਪ੍ਰਸਿੱਧ ਕੀਤਾ ਗਿਆ। ਇਸੇ ਤਰ੍ਹਾਂ ਮੁਸਲਮਾਨਾਂ ਦਾ ਅੱਲਾ ਬੀ ਕਦੇ ਮੂਰਤੀ ਦਾ ਹੀ ਨਾਮ ਸੀ ਪਰ ਕੁਰਾਨ ਮਜ਼ਦਿ ਵਿਚ ਖੁਦਾ ਬਣ ਗਿਆ। ਬਲਕੇ ਯਹੂਦੀਆਂ ਦਾ ਜਹੋਵਾ **Xehovah** ਸ਼ਬਦ ਬੀ ਪਹਿਲੇ ਸਮੇਂ ਵਿਚ ਅਸੀਰੀਆਂ ਦਾ ਇਕ ਦੇਵਤਾ ਸੀ" ਸੋ ਇਸੇ ਤਰ੍ਹਾਂ ਹੁਣ ਹਿੰਦੂ ਵਿਦਵਾਨ ਬੀ ਗਾਯਤ੍ਰੀ ਦੇ ਅਰਥ ਰਬ ਵਲ ਲਾਉਣਾ ਪਸੰਦ ਕਰਦੇ ਹਨ। ਵੈਸੇ ਹਾਲਾਂ ਤੀਕ ਵੀ ਸੀਤਾਰਾਮ, ਰਾਧੇ ਕ੍ਰਿਸ਼ਨ, ਉਮਾਪਤਿ ਤਥਾ ਲਛਮੀ ਨਾਰਾਇਣ, (ਬਿਸ਼ਨ ਜੀ)

ਸਚੀਪਤ ਆਦਿ ਅਵਤਾਰਾਂ ਤਥਾ ਦੇਵਤਿਆਂ ਦੇ ਨਾਮ ਅਜਪਾ ਜਾਪ ਸੇ ਰਟੇ ਜਾਂਦੇ ਹਨ। ਪਰੰਤੂ ਕਠਿਨਤਾ ਇਹ ਹੈ ਕਿ ਐਸੇ ਜਾਪ ਜਿਨ੍ਹਾਂ ਨਾਲ ਸੀਤਾ, ਰਾਧਕਾਂ, ਸਚੀ, ਰੁਮਾ, ਲਛਮੀ ਆਦਿ ਇਸਤ੍ਰੀਆਂ ਦੇ ਨਾਮ ਹਨ ਓਹ ਕਿਵੇਂ ਬੀ ਬਦਲ ਨਹੀਂ ਸਕਦੇ ਤਥਾ ਰਬ ਦੇ ਅਰਥਾਂ ਵਿਚ ਨਹੀਂ ਔਂਦੇ, ਵੈਸੇ ਹਿੰਦੂ ਮਤ ਵਿਚ ਰਾਮ, ਬਿਸ਼ਨ, ਕ੍ਰਿਸਨ ਸਬਦਾਂ ਨੂੰ ਨਿਰਗੁਣ ਵਲ ਜੋੜੇ ॥ ਪਰੰਤੂ ਹਿੰਦੂਆਂ ਦੇ ਗਾਯਤ੍ਰੀ ਮੰਤ੍ਰ ਦੇ ਅਰਥ ਹਰ ਹਾਲਤ ਵਿਚ ਸੂਰਜ ਦੀ ਉਪਾਸ਼ਨਾ ਹੈਨ ਜਿਸ ਨੂੰ ਸੂਰਜ ਭਗਵਾਨ ਨਾਮ ਨਾਲ ਪੂਜਿਆ ਜਾਂਦਾ ਹੈ। ਵੇਦਾਂ ਵਿਚ ਵੀ ਸੂਰਜ ਦੀ ਉਪਾਸਨਾ ਹੈ। ਦਸਿਆ ਜਾਂਦਾ ਹੈ ਕਿ ਇਹ ਗਾਯਤ੍ਰੀ ਮੰਤ੍ਰ ਪੰਡਤ ਵਿਸ੍ਵਾਮਿਤ੍ਰ ਜੀ ਦੀ ਕ੍ਰਿਤ ਹੈ। ਭਾਵੇਂ ਪਿਛੋਂ ਲਾਏ ਓਅੰ(ਓਮ) ਸ਼ਬਦ ਦੇ ਅਰਥ ਈਸ੍ਵਰ ਵਲ ਖਿਚਣ ਲਈ ਹੈਨ ਪਰੰਤੂ ਹਿੰਦੂਆਂ ਦਾ ਮੰਗਲਾ ਚਰਨ (ਇਸ਼ਟ ਉਸਤਤ) 'ਓਅੰ ਸ੍ਰੀ ਗਣੇਸ਼ਾਯ ਨਮਹ' ਸਾਫ ਦਸਦਾ ਹੈ ਕਿ ਗਾਯਤ੍ਰੀ ਦੇ ਅਰਥ ਸੂਰਜ ਆਦਿ ਦੇਵ ਪੂਜਾ ਹੀ ਰਹਿਣਗੇ। ਇਸ ਤੋਂ ਬਿਨਾਂ ਜੋ ਕਿ ਸੂਰਜ ਚੰਦ੍ਰ ਆਦਿ ਪੂਜਾ ਤੋਂ ਹਟੇ ਹਨ ਓਹ ''ਅਹੰ ਬ੍ਰਹਮਾ ਸਮਿ' ਦੇ ਨਾਰਿਆਂ ਨਾਲ ਹੰਕਾਰ ਵਿਚ ਸੜ ਰਹੇ ਹਨ॥

ਤਾਂਤੇ ਨਮ: ਸਿਵਾਯ, ਨਰ ਸਿੰਘ ਨਾਮ, ਸ੍ਰੀ ਰਾਮ ਚੰਦ੍ਰਾਯਨਮ, ਸੀਤਾ ਰਾਮ, ਸ੍ਰੀ ਰਾਧਾ ਬਯਾਨਮ: ਗੋਬਿੰਦਾਯਨ: ਆਦਿ ਕਿਸੀ ਨੇ ਬੀ ਕੰਮ ਨਹੀਂ ਸਾਰਨੇ। ਹਿੰਦੂ ਧਰਮੀਆਂ ਦਾ ਇਸੇ ਤਰ੍ਹਾਂ ਦਾ ਹੁਲੀਆ ਗੁਰੂ ਸਾਹਿਬਾਨ ਨੇ ਖਿਚਿਆ ਹੈ॥

ਪੜਿ ਪੁਸਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥
ਮੁਖਿ ਝੂਠੁ ਬਿਭੂਖਣ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥
ਗਲਿ ਮਾਲਾ ਤਿਲਕ ਲਿਲਾਟੰ ॥ ਦੋਇ ਧੋਤੀ ਬਸਤ੍ਰ ਕਪਾਟੰ ॥
ਜੇ ਜਾਨਸਿ ਬ੍ਰਹਮੰ ਕਰਮੰ ॥ ਸਭਿ ਫੋਕਟ ਨਿਸਚਉ ਕਰਮੰ ॥
ਕਹੁ ਨਾਨਕ ਨਿਹਚਉ ਧਿਆਵੈ ॥ ਵਿਣੁ ਸਤਿਗੁਰ ਵਾਟ ਨ ਪਾਵੈ ॥

*(ਸਲੋਕ ਸਹਸਕ੍ਰਿਤੀ ਮਹਲਾ ੧-੪੭੦)*

ਤ੍ਰੈਗੁਣ ਧਾਤੁ ਬਹੁ ਕਰਮ ਕਮਾਵਹਿ ਹਰਿ ਰਸ ਸਾਦੁ ਨ ਆਇਆ ॥
ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ ॥

*(ਸੋਰਠ ਮਹਲਾ ੩-੬੦੩)*

ਏਹਾ ਸੰਧਿਆ ਪਰਵਾਣੁ ਹੈ ਜਿਤੁ ਹਰਿ ਪ੍ਰਭੁ ਮੇਰਾ ਚਿਤਿ ਆਵੈ ॥
ਹਰਿ ਸਿਉ ਪ੍ਰੀਤਿ ਊਪਜੈ ਮਾਇਆ ਮੋਹੁ ਜਲਾਵੈ ॥
ਗੁਰਪਰਸਾਦੀ ਦੁਬਿਧਾ ਮਰੈ ਮਨੂਆ ਅਸਥਿਰੁ ਸੰਧਿਆ ਕਰੇ ਵੀਚਾਰੁ ॥
ਨਾਨਕ ਸੰਧਿਆ ਕਰੈ ਮਨਮੁਖੀ ਜੀਉ ਨ ਟਿਕੈ ਮਰਿ ਜੰਮੈ ਹੋਇ ਖੁਆਰੁ ॥

*(ਬਿਹਾਗੜੇ ਕੀ ਵਾਰ ਮਹਲਾ ੩-੫੫੩)*

ਨੋਟ - ਸੂਰਜ ਭਗਵਾਨ ਹਿੰਦੂਆਂ ਦਾ ਪ੍ਰਸਿੱਧ ਦੇਵਤਾ ਹੈ, ਵੇਦਾਂ ਵਿਚ ਇਸਦੀ ਪੂਜਾ ਕਰਨੀ ਦਸੀ ਹੈ। ਓਪਰ ਦਸੇ ਵਤ ਹਿੰਦੂਆਂ ਦਾ ਗਾਯਤ੍ਰੀ ਮੰਤ੍ਰ (ਹਿੰਦੂ ਮੂਲ ਮੰਤ੍ਰ) ਦੇ ਅਰਥ ਵੀ ਸੂਰਜ ਪੂਜਾਦੇ ਹਨ। ਕ੍ਰੋੜਾਂ ਹਿੰਦੂ ਇਸ਼ਨਾਨ ਕਰਕੇ ਸੂਰਜ ਭਗਵਾਨ ਨੂੰ ਹਿੰਦੂ ਮੱਤ ਦੀ ਸ਼ਰਧਾ ਮੂਜਬ ਪਾਣੀ ਦਿੰਦੇ ਹਨ, ਔਰ ਸੂਰਜ ਨੂੰ ਵਿਸਵਾਦੀਪਕ ਤਥਾ ਅੱਖਾਂ ਦਾ ਦੇਵਤਾ ਆਦਿ ਕਹਿੰਦੇ ਹਨ। ਸੂਰਜ ਭਗਵਾਨ ਦੀ ਕੁਲ ਵਿਚੋਂ ਸ੍ਰੀ ਰਾਮ ਚੰਦ੍ਰ ਜੀ (ਹਿੰਦੂਆਂ ਦੇ ਰੱਬ ਅਵਤਾਰ) ਦਸੇ ਹਨ, ਪਾਂਡਵਾਂ ਦਾ ਭ੍ਰਾਤਾ ਕਰਨ (ਕੁੰਤੀ ਦਾ ਪੁੱਤ੍ਰ) ਵੀ ਸੂਰਜ ਦਾ ਪੁਤ੍ਰ ਦਸਿਆ ਹੈ। ਸੂਰਜ ਭਗਵਾਨ ਦੀ ਸ਼ਾਦੀ ਪਰਜਾਪਤ ਦੀ ਸਪੁੱਤ੍ਰੀ ਨਾਲ ਹੋਈ ਜਿਸ ਤੋਂ ਧਰਮ ਰਾਜ (ਸੁਤਭਾਨ, ਰਵਸੁਤ) ਦਾ ਜਨਮ ਹੋਣਾ ਦਸਿਆ ਹੈ, ਇਸੀ ਦਾ ਨਮ ਯਮਰਾਜਾ ਕਹੀਦਾ ਹੈ। ਹਿੰਦੂ ਮਤ ਅਨੁਸਾਰ ਇਹੋ ਕਰਮੀ ਬੰਧ ਹਿੰਦੂ ਪੁਰਸ਼ਾਂ ਪਾਸੋਂ ਲੇਖਾ ਪਤਾ ਮੰਗਦਾ ਹੈ। ਸੂਰਜ ਦੇ ਉਪਾਸ਼ਕਾਂ ਨੂੰ ਸੌਰ ਪੂਜਕ ਬੋਲਦੇ ਹਨ। ਇਕਰ ਦੇ ਹਿੰਦੂ ਮਥੇ ਪਰ ਲਾਲ ਚੰਦਨ ਦਾ ਟਿਕਾ ਲੌਂਦੇ ਤੇ ਐਤਵਾਰ ਅਰ ਸੰਕ੍ਰਾਂਤ ਨੂੰ ਨਮਕ ਨਹੀਂ ਖਾਂਦੇ 'ਸੂਰਜ ਦੇਖੇ ਬਿਨਾ ਅੰਨ ਜਲ ਨਹੀਂ ਕਰਦੇ' ਇਨ੍ਹਾਂ ਨੂੰ ਸੂਰ ਮੁਖੀਏ ਬੀ ਕਿਹਾ ਜਾਂਦਾ ਹੈ॥ ਇਸ ਸੂਰਜ ਅੱਗੇ "ਰਕਤ ਵਰਣੰ ਮਹਾਂਤੇਜੰ, ਰਤਨ ਕੰਠ ਵਿਭੂਖਣੰ॥ ਸਰਬ ਪਾਪ ਪ੍ਰਲਾਯ ਜਾਤੇ ਪ੍ਰਭਾਤੇ ਰਵਿ ਦਰਸਨੰ॥" ਇਕੁਰ ਜਾਪ ਕਰਦੇ ਨੇ। ਹਿੰਦੂ ਮਤ ਵਿਖੇ ਇਕ ਗਾਯਤ੍ਰੀ ਸਾਧਨ ਨਾਮਕ ਫਿਰਕਾ ਬੀ ਹੈ ਇਨ੍ਹਾਂ ਵਿਚੇ ਸਤਨਾਮੀਏ, ਆਪਾ ਪੰਥੀ, ਪਲਟੂ ਮਤੀਏ ਦਸੀਦੇ ਹਨ ਅਖੇ! ਇਹ ਲੋਕ-ਮਣੀ ਜਾਂ ਰਸ ਦਾ ਅਰਥ ਬੀਰਜ ਕਰਦੇ ਤੇ "ਰਾਮ ਰਸ" ਪੇਸ਼ਾਬ ਨੂੰ ਦਸ ਕੇ ਇਸ ਨੂੰ ਤ੍ਰੈਵੈਣੀ ਜਾਂ ਤ੍ਰਿਕੁਟੀ ਦਸ ਕੇ "ਪ੍ਰਯਾਗ ਰਾਜ" ਸ਼ਬਦਾਂ ਨਾਲ ਟਿੱਚਰਾਂ ਕਰਦੇ ਨੇ। ਇਹ ਲੋਕ ਬੀਰਜ ਮੰਤ੍ਰ ਨਾਲ ਬੀਰਜ ਪੀਂਦੇ ਅਰ ਅਜਰ ਨਾਲ ਮੈਲ ਤੇ ਅਮਰ ਮੰਤ੍ਰ ਨਾਲ ਰਾਮ ਰਸ ਪੇਸ਼ਾਬ) ਸੇਵਨ ਕਰ ਜਾਂਦੇ ਨੇ। ਇਹ ਭਲੇ ਲੋਕ ਅਜਰ ਮੰਤ੍ਰ ਨੂੰ 'ਗੁਰ ਮੰਤ੍ਰ' ਦਸ ਕੇ ਘ੍ਰਿਣਾਂ ਕਰਦੇ ਨੇ ਅਰ ਮਲ ਨੂੰ ਯਮਨਾ ਪੇਸ਼ਾਬ ਨੂੰ ਗੰਗਾ ਅਰ ਬੀਰਜ ਨੂੰ ਸੁਰਸ੍ਰਤੀ ਆਖ ਕੇ ਘ੍ਰਿਣਤ ਹੁੰਦੇ ਨੇ।

## ਧੂਪ, ਦੀਪ, ਆਰਤੀ, ਹਵਨ

ਹਿੰਦੂ ਮਤਿ ਵਿਚ ਧੂਪ, ਦੀਪ, ਹਵਨ, ਆਰਤੀ ਆਦਿ ਦੁਆਰੇ ਠਾਕਰ (ਪੱਥਰ) ਪੂਜਾ ਕੀਤੀ ਜਾਂਦੀ ਹੈ। ਜਗਨ ਨਾਥ ਵਾਲੇ ਰਬ ਦੀ ਆਰਤੀ ਮਸ਼ਹੂਰ ਹੈ। ਹਿੰਦੂ ਮਤ ਵਿਚ ਸੋਲਾਂ ਤਰੀਕੇ ਪੂਜਾ ਕਰਨ ਦੇ ਪ੍ਰਚਲਤ ਹਨ ਜਿਸ ਨੂੰ ਖੋੜਸ ਪੂਜਾ ਕਿਹਾ ਜਾਂਦਾ ਹੈ ਜਿਹਾ ਕਿ-

੧ - ਅਵਾਹਨ=ਸੁਆਮੀ ਕੋ ਜਗਾਵਨਾ ਤੇ ਨਮਸ਼ਕਾਰ ਕਰਨਾ। ੨ - ਆਸਨ=ਝਾੜੂ ਸਫਾਈ ਲੇਪਨ ਕਰਨਾ। ੩ - ਪਾਦਯ = ਚਰਨ ਧੋਣੇ ਤੇ ਪੂੰਝਣੇ। ੪ - ਅਰਘ= ਹਥ,ਮੂੰਹ ਧੁਆਉਣਾ। ੫ - ਆਚਮਨ=ਦਾਤਨ ਕੁਰਲਾ ਕਰਨਾ। ੬ - ਸ਼ਨਾਨ ਕਰਾਨਾ= ਪਰਨੇ ਨਾਲ ਸਰੀਰ ਸਾਫ ਕਰਨਾ ਤੇ ਧੋਤੀ ਆਦਿ ਪਹਿਨਾਨੀ। ੭ - ਬਸਤ੍ਰ=ਅੰਗੋਂ ਮੇਂ ਬਸਤ੍ਰ ਆਦਿ

ਪਹਿਨਾਣੇ। ੮ - ਜਨੇਊ=ਸੋਨੇ ਜਾਂ ਰੇਸ਼ਮ ਤਥਾ ਸੂਤ ਕਾ ਜੰਞੂ ਪੀਲਾ ਕਰਕੇ ਪਹਿਨਾਣਾ। ੯ -ਗੰਧ=ਸੁਗੰਧ ਆਦਿ ਲਗਾਵਨੇ (ਕਸਤੂਰੀ ਗੋਰੋਚਨ, ਕਪੂਰ, ਅਤਰ ਆਦਿ) ੧੦ - ਪੁਸ਼ਪ-ਮੁਕਟ ਵਿਚ ਫੁਲ ਤੇ ਫੁੱਲਾਂ ਦੀ ਮਾਲਾ ਗੁੰਦਨੀ ॥ ੧੧ - ਧੂਪ= ਅਗਰ ਚੰਦਨ ਆਦਿ ਦੀ ਧੁਪ ਦੇਣਾ। ੧੨ - ਦੀਪ = ਘ੍ਰਿਤ ਆਦਿ ਦਾ ਦੀਵਾ ਕਰਨਾ। ੧੩ - ਨੈਵੇਦ = ਸਰਬ ਪ੍ਰਕਾਰ ਦੇ ਭੋਜਨ ਖੁਲਾਨੇ ਅਰ ਪਿੱਛੋਂ ਆਚਮਨ ਕਰਨਾ ਤੇ ਜਲ ਪਿਲਾਉਣਾ, ਹੱਥ ਧਲੌਣੇ=ਤੇ ਪਾਨ ਆਦਿ ਕਰਕੇ ਦੇਣਾ। ੧੪ - ਦੱਖਣਾ=ਯਥਾਸ਼ਕਤ ਮਾਯਾ ਅਰਪਨ ਕਰਨੀ। ੧੫ - ਮੀਰਾਜਨ = ਆਰਤੀ ਕਰਨੀ, ਪ੍ਰਦੱਛਨਾ ਦੇਣੀ, ਮੁਖੋਂ ਉਸਤਤ ਕਰਨਾ ਫੁਲ ਵਾਰਨੇ। ੧੬ - ਬਿਸਰਜਨ= ਬਿਰਾਜਮਾਨ ਕਰੌਣਾ ਬਿਸਤਰਾ ਤੇ ਤਕੀਆ ਆਦਿ ਲਗਾ ਕੇ ਅਤਰ ਆਦਿ ਛਿੜਕਣੇ, ਮੁਠੀ ਚਾਪੀ ਕਰਨੀ।

ਗੁਰਮਤ ਵਿਖੇ ਉਕਤ ਤਰੀਕੇ ਨੂੰ ਪੱਥਰ ਪੂਜਾ ਵਲੋਂ ਖੰਡ ਕੇ ਅਕਾਲ ਪੁਰਖ ਦੀ ਸੱਚੀ ਆਰਤੀ ਕਰਨਾ ਦਸਿਆ ਹੈ ਤੇ ਕੁਦਰਤੀ ਆਰਤੀ ਦਾ ਨਕਸ਼ਾ ਦਰਸਾਇਆ ਹੈ ॥ ਯਥਾ -

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥ ੧ ॥ ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥ ੧ ॥ ਰਹਾਉ ॥ ਸਹਸ ਤਵ ਨਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤ ਨਨਾ ਏਕ ਤੋਹੀ ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵਗੰਧ ਇਵ ਚਲਤ ਮੋਹੀ ॥ ੨ ॥ ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸਕੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥ ੩ ॥ ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨ ਦਿਨੋ ਮੋਹਿ ਆਹੀ ਪਿਆਸਾ ॥ ਕ੍ਰਿਪਾਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾਤੇ ਤੇਰੇ ਨਾਇ ਵਾਸਾ ॥ *ਧਨਾਸਰੀ ਮਹਲਾ ੧ ॥*

ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥
ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥ ੧ ॥
ਕਾਇਆ ਬਹੁ ਖੰਡ ਖੋਜਤੇ ਨਵਨਿਧਿ ਪਾਈ ॥
ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥ ੧ ॥ ਰਹਾਉ ॥
ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮਤਤੁ ਹੈ ਸਤਿਗੁਰੁ ਹੋਇ ਲਖਾਵੈ ॥

*(ਧਨਾਸਰੀ ਪੀਪਾ-੬੯੫)*

ਧੂਪ ਦੀਪ ਘ੍ਰਿਤ ਸਾਜਿ ਆਰਤੀ ॥ ਵਾਰਨੇ ਜਾਉ ਕਮਲਾਪਤੀ ॥ ੧ ॥
ਮੰਗਲਾ ਹਰਿ ਮੰਗਲਾਪ ਨਿਤ ਮੰਗਲੁ ਰਾਜਾ ਰਾਮ ਰਾਇ ਕੋ ॥ ੧ ॥ ਰਹਾਉ ॥
ਊਤਮ ਦੀਅਰਾ ਨਿਰਮਲ ਬਾਤੀ ॥ ਤੁਹੀਂ ਨਿਰੰਜਨੁ ਕਮਲਾ ਪਾਤੀ ॥ ੨ ॥

ਰਾਮਾ ਭਗਤਿ ਰਾਮਾਨੰਦੁ ਜਾਨੈ ॥ ਪੂਰਨ ਪਰਮਾਨੰਦੁ ਬਖਾਨੈ ॥
ਮਦਨ ਮੂਰਤਿ ਭੈ ਤਾਰਿ ਗੋਬਿੰਦੇ ॥ ਸੈਣੁ ਭਣੈ ਭਜੁ ਪਰਮਾਨੰਦੇ ॥

(ਧਨਾਸਰੀ ਸ੍ਰੀ ਸੈਣੁ-੬੯੫)

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥
ਹਰਿ ਕੇ ਨਾਮੁ ਬਿਨੁ ਝੂਠੇ ਸਗਲ ਪਾਸਾਰੇ ॥ ੧ ॥ ਰਹਾਉ ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੈ ਛਿਟਕਾਰੇ ॥
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥ ੧ ॥
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥
ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ ॥ ੨ ॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੁਠਾਰੇ ॥
ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥ ੩ ॥
ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥

(ਧਨਾਸਰੀ ਭਗਤ ਰਵਿਦਾਸ-੬੯੪)

ਸੁੰਨ ਸੰਧਿਆ ਤੇਰੀ ਦੇਵ ਦੇਵਾਕਰ ਅਧਪਤਿ ਆਦਿ ਸਮਾਈ ॥
ਸਿਧ ਸਮਾਧਿ ਅੰਤੁ ਨਹੀ ਪਾਇਆ ਲਾਗਿ ਰਹੇ ਸਰਨਾਈ ॥ ੧ ॥
ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ ॥
ਠਾਢਾ ਬ੍ਰਹਮਾ ਨਿਗਮ ਬੀਚਾਰੈ ਅਲਖ ਨ ਲਖਿਆ ਜਾਈ ॥ ੧ ॥ ਰਹਾਉ ॥
ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜ੍ਯਾਰਾ ॥
ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ ॥ ੨ ॥
ਪੰਚੇਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ ॥
ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ ॥

(ਪ੍ਰਭਾਤੀ ਕਬੀਰ-੧੩੫੦)

## ਪੱਥਰਾਂ ਅੱਗੇ ਨਾਚ ਕਰਨੇ ਪਰ ਗੁਰਵਾਕ

ਕਰ ਕਰਿ ਤਾਲ ਪਖਾਵਜੁ ਨੈਨਹੁ ਮਾਥੈ ਵਜਹਿ ਰਬਾਬਾ ॥
ਕਰਨਹੁ ਮਧੁ ਬਾਸੁਰੀ ਬਾਜੈ ਜਿਹਵਾ ਧੁਨਿ ਆਗਾਜਾ ॥
ਨਿਰਤਿ ਕਰੇ ਕਰਿ ਮਨੂਆ ਨਾਚੈ ਆਣੇ ਘੂੰਘਰ ਸਾਜਾ ॥ ੧॥
ਰਾਮ ਕੋ ਨਿਰਤਿਕਾਰੀ ॥ ਪੇਖੈ ਪੇਖਨਹਾਰੁ ਦਇਆਲਾ ਜੇਤਾ ਸਾਜੁ ਸੀਗਾਰੀ ॥ਰਹਾਉ॥

ਆਖਾਰ ਮੰਡਲੀ ਧਰਣਿ ਸਬਾਈ ਊਪਰਿ ਗਗਨੁ ਚੰਦੋਆ ॥
ਪਵਨੁ ਵਿਚੋਲਾ ਕਰਤ ਇਕੇਲਾ ਜਲ ਤੇ ਓਪਤਿ ਹੋਆ ॥
ਪੰਚ ਤਤ ਕਰਿ ਪੁਤਰਾ ਕੀਨਾ ਕਿਰਤ ਮਿਲਾਵਾ ਹੋਆ ॥ ੨ ॥
ਚੰਦੁ ਸੂਰਜੁ ਦੁਇ ਜਰੇ ਚਰਾਗਾ ਚਹੁ ਕੁੰਟ ਭੀਤਰਿ ਰਾਖੇ ॥
ਦਸ ਪਾਤਉ ਪੰਚ ਸੰਗੀਤਾ ਏਕੈ ਭੀਤਰਿ ਸਾਥੇ ॥
ਭਿੰਨ ਭਿੰਨ ਹੋਇ ਭਾਵ ਦਿਖਾਵਹਿ ਸਭਹੁ ਨਿਰਾਰੀ ਭਾਖੇ ॥ ੩ ॥
ਘਰਿ ਘਰਿ ਨਿਰਤਿ ਹੋਵੈ ਦਿਨੁ ਰਾਤੀ ਘਟਿ ਘਟਿ ਵਾਜੈ ਤੂਰਾ ॥
ਏਕਿ ਨਚਾਵਹਿ ਏਕਿ ਭਵਾਵਹਿ ਇਕਿ ਆਇ ਜਾਇ ਹੋਇ ਧੂਰਾ ॥
ਕਹੁ ਨਾਨਕ ਸੋ ਬਹੁਰਿ ਨ ਨਾਚੈ ਜਿਸੁ ਗੁਰਿ ਭੇਟੈ ਪੂਰਾ ॥

*(ਰਾਮਕਲੀ ਮਹਲਾ ੫-੮੮੫)*

ਸਾਦ ਕਰਿ ਸਮਧਾ ਤ੍ਰਿਸਨਾ ਘਿਉ ਤੇਲੁ ॥ ਕਾਮੁ ਕ੍ਰੋਧੁ ਅਗਨੀ ਸਿਉ ਮੇਲੁ ॥
ਹੋਮ ਜਗ ਅਰੁ ਪਾਠ ਪੁਰਾਣ ॥ ਜੋ ਤਿਸੁ ਭਾਵੈ ਸੋ ਪਰਵਾਣ ॥

*(ਮਲਾਰ ਮਹਲਾ ੧-੧੨੫੭)*

ਹੋਮ ਜਗ ਜਪ ਤਪ ਸਭਿ ਸੰਜਮ ਤਟਿ ਤੀਰਥਿ ਨਹੀ ਪਾਇਆ ॥
ਮਿਟਿਆ ਆਪੁ ਪਏ ਸਰਣਾਈ ਗੁਰਮੁਖਿ ਨਾਨਕ ਜਗਤੁ ਤਰਾਇਆ ॥

*(ਭੈਰਉ ਮਹਲਾ ੫-੧੧੩੯)*

ਹੋਮ ਜਗ ਸਭਿ ਤੀਰਥਾ ਪੜ੍ਹਿ ਪੰਡਿਤ ਥਕੇ ਪੁਰਾਣ ॥
ਬਿਖੁ ਮਾਇਆ ਮੋਹੁ ਨ ਮਿਟਈ ਵਿਚਿ ਹਉਮੈ ਆਵਣੁ ਜਾਣੁ ॥

*(ਵਾਰਾਂ ਤੇ ਵਧੀਕ ਮਹਲਾ ੩-੧੪੧੧ )*

ਧੂਪ ਦੀਪ ਸੇਵਾ ਗੋਪਾਲ ॥ ਅਨਿਕ ਬਾਰ ਬੰਦਨ ਕਰਤਾਰ ॥

*(ਗੋਂਡ ਮਹਲਾ ੫ )*

ਰੂਪ ਨ ਧੂਪ ਨ ਗੰਧ ਨ ਦੀਪਾ ਓਤਿ ਪੋਤਿ ਅੰਗ ਅੰਗ ਸੰਗਿ ਮਉਲੀ ॥
ਕਹੁ ਨਾਨਕ ਪ੍ਰਿਅ ਰਵੀ ਸੁਹਾਗਨਿ ਅਤਿ ਨੀਕੀ ਮੇਰੀ ਬਨੀ ਖਟੋਲੀ ॥

*(ਬਿਲਾਵਲ ਮਹਲਾ ੫-੮੨੨)*

ਸਫਲ ਦਰਸਨੁ ਤੁਮਰਾ ਪ੍ਰਭ ਪ੍ਰੀਤਮ ਚਰਨ ਕਮਲ ਆਨੂਪ ॥
ਅਨਿਕ ਬਾਰ ਕਰਉ ਤਿਹ ਬੰਦਨ ਮਨਹਿ ਚਰ੍ਹਾਵਉ ਧੂਪ ॥

*(ਜੈਤਸਰੀ ਮਹਲਾ ੫-੭੦੧)*

ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ ॥

(ਕਾਨੜਾ ਮਹਲਾ ੫-੧੩੦੧)

ਕਰਉ ਬੇਨਤੀ ਅਤਿ ਘਨੀ ਇਹੁ ਜੀਉ ਹੋਮਾਗਉ ॥

(ਬਿਲਾਵਲੁ ਮਹਲਾ ੫-੮੦੮)

## ਗ੍ਰਹਿ ਪੂਜਾ

ਹਿੰਦੂ ਜੋ ਨੌ ਗ੍ਰਹਿਆਂ (ਚੰਦ, ਸੂਰਜ, ਬ੍ਰਿਹਸਪਤ, ਬੁੱਧ, ਮੰਗਲ, ਰਾਹੂ, ਕੇਤੂ, ਸ਼ੁਕਰ, ਛਨਿੱਛਰ) ਦੀ ਪੂਜਾ ਕਰਦੇ ਹਨ, ਇਨ੍ਹਾਂ ਵਿਚੋਂ ਰਾਹੂ, ਕੇਤੂ ਤਾਂ ਖਾਸ ਹੀ ਧਾੜਵੀ ਮੰਨੇ ਹਨ, ਅਖੇ ! ਚੰਦ ਸੂਰਜ ਨਾਲ ਇਨ੍ਹਾਂ ਦਾ ਵੈਰ ਹੈ, ਹਿੰਦੂ ਮਤ ਅਨੁਸਾਰ ਗ੍ਰਹਿਣ ਲਗਣ ਦੇ ਅਰਥ ਗ੍ਰਹਿਆਂ ਦਾ ਘੇਰਾ ਹੈ, ਤਦੇ ਹਿੰਦੂ ਲੋਕ ਗ੍ਰਹਿਣ ਸਮੇਂ ਪੁੰਨ ਕਰਕੇ ਇਨ੍ਹਾਂ ਦੀ ਬੰਦ ਖਲਾਸੀ ਕਰਵਾਉਂਦੇ ਰਹਿੰਦੇ ਹਨ।

ਹਿੰਦੂ ਲੋਕ ਗ੍ਰਹਿਣ ਸਮੇਂ ਅੰਨ ਨਹੀਂ ਕਰਦੇ। ਰਾਹੂ, ਕੇਤੂ ਰਾਖਸ਼ ਲਿਖੇ ਹਨ। ਚੰਦ, ਸੂਰਜ ਨਾਲ ਇਨ੍ਹਾਂ ਦੇ ਵੈਰ ਦਾ ਕਾਰਨ ਇਹ ਦਸਿਆ ਹੈ ਕਿ ਸਮੁੰਦ੍ਰ ਰਿੜਕ ਕੇ ਚੌਦਾਂ ਰਤਨ ਕਢਣ ਸਮੇਂ ਵਿਸ਼ਨੂ ਭਗਵਾਨ ਨੇ ਮੋਹਨੀ ਰੂਪ (ਸੁੰਦਰ ਇਸਤ੍ਰੀ) ਬਣ ਕੇ ਧੋਖੇ ਨਾਲ ਦੇਵਾਂ ਨੂੰ ਅੰਮ੍ਰਿਤ ਵੰਡ ਦਿੱਤਾ ਤਾਂ ਰਾਹੂ, ਕੇਤੂ ਲੁਕ ਕੇ ਅੰਮ੍ਰਿਤ ਪੀ ਗਏ, ਅਖੇ ! ਚੰਦ੍ਰਮਾਂ ਨੇ ਦੇਖ ਕੇ ਦਸ ਦਿੱਤਾ ਸੀ ਇਸੀ ਕਾਰਨ ਵੈਰ ਪਿਆ ਦਸਿਆ ਹੈ। ਤਦੇ ਚੰਦ, ਸੂਰਜ ਨੂੰ ਗ੍ਰਹਿਣ ਲਾ ਕੇ ਲੇਖਾ ਲੈਂਦੇ ਰਹਿੰਦੇ ਹਨ। ਸ਼ੁਕਰ ਗ੍ਰਹਿ ਨੂੰ ਹਿੰਦੂ ਲੋਕਾਂ ਨੇ ਦੁਖ ਦਿੰਦਾ ਮੰਨਿਆਂ ਹੈ ਇਸੀ ਕਾਰਨ ਇਸ ਨੂੰ ਦੇਵਤਾ ਮੰਨਕੇ ਪੂਜਾ ਹੁੰਦੀ ਹੈ, ਸ਼ੁਕਰ ਬਲ ਰਾਜੇ ਦਾ ਗੁਰੂ ਸੀ ਜਦੋਂ ਵਿਸ਼ਨੂੰ ਨੇ ਬਾਵਨ ਰੂਪ(ਵੌਣਾ ਬ੍ਰਾਹਮਣ) ਧਾਰ ਕੇ ਬਲ ਨੂੰ ਛਲਿਆ ਤਾਂ ਇਸ ਨੇ ਕਿਹਾ ਕਿ ਇਹ ਤਾਂ ਵਿਸ਼ਨੂੰ ਦੀ ਠੱਗੀ ਹੈ ਦੇਖੀਂ ਕਿਤੇ ਇਸ ਠੱਗ ਨੂੰ ਦਾਨ ਨਾ ਦੇਵੀਂ। ਪਰ ਰਾਜਾ ਨਾ ਸਮਝਿਆ ਅਖੇ ! ਤਿਸ ਪਰ ਸ਼ੁਕਰ ਮੱਛਰ ਦਾ ਰੂਪ ਧਾਰ ਕੇ ਅਰਘ ਦੇਣ ਵਾਲੇ ਲੋਟੇ ਦੀ ਨਾਲੀ ਵਿੱਚ ਜਾ ਵੜਿਆ, ਅਰਘ ਹਿਤ ਪਾਨੀ ਨ ਨਿਕਲਨ ਦੇਵੇ ਤਾਂ ਬਲ ਨੇ ਗੰਗਾ ਜਲੀ ਦੀ ਨਾਲੀ ਵਿਚ ਕੁਸ਼ਾ ਦਾ ਡੱਕਾ ਪਾ ਕੇ ਵਿਚਾਰੇ ਸ਼ੁੱਕਰ ਦੀ ਅੱਖ ਹੀ ਕਾਣੀ ਕਰ ਦਿੱਤੀ ਤਦ ਤੋਂ ਸ਼ੁਕਰ ਦੀ ਅੱਖ ਕਾਣੀ ਮੰਨ ਹੈ। ਇਹੋ ਸ਼ੁੱਕਰ ਭਗਤ ਪ੍ਰਹਿਲਾਦ ਦੇ ਮਾਸਟਰ ਸੰਡੇ ਮਰਕੇ ਦਾ ਪਿਉ ਤੇ ਦੈਂਤਾਂ ਦਾ ਪ੍ਰੋਹਤ (ਗੁਰੂ) ਮੰਨੀ ਦਾ ਹੈ, ਹਿੰਦੂ ਲੋਕ ਸ਼ੁੱਕਰ ਦੀ ਪੂਜਾ ਕਰਦੇ ਹਨ, ਇਨ੍ਹਾਂ ਗ੍ਰਹਿਆਂ ਦੇ ਨਾਮ ਪਰ ਹੀ ਹਿੰਦੂਆਂ ਦੇ ਸਤੇ ਦਿਨਾਂ (ਸੋਮ, ਮੰਗਲ, ਬੁਧ, ਵੀਰ, ਸ਼ੁੱਕਰ, ਸ਼ਨੀਚਰ, ਐਤਵਾਰ) ਦੇ ਨਾਮ ਧਰੇ ਹੋਏ ਹਨ, ਇਹੋ ਤਾਰੇ ਵੀ ਮੰਨੀਦੇ ਹਨ। ਇਹ ਗ੍ਰਹਿਆਂ ਦੀ ਪੂਜਾ ਅਤੇ ਦੁਖ ਸੁਖ ਦੇ ਫਲ ਮੰਦੇ ਚੰਗੇ ਦਿਨ ਮੰਨਦੇ ਹਨ, ਇਨ੍ਹਾਂ ਦੇ ਦੁਖਾਂ ਤੋਂ ਛੁਟਣ ਲਈ ਅਨਕ ਪ੍ਰਕਾਰ ਦੀ ਪੂਜਾ ਹੁੰਦੀ ਹੈ। ਜਨਮ, ਵਿਆਹੁ, ਮਰਨਾ ਪਰਨਾ ਆਦਿ ਕਰਮਾਂ ਵਿਚ ਇਹੋ ਪੂਜੀਦੇ ਹਨ, ਸਿੱਟਾ ਕੀ ! ਇਨ੍ਹਾਂ ਦੀ ਪੂਜਾ ਕੀਤੇ ਬਿਨਾਂ ਹਿੰਦੂ ਲੋਕ ਅਪਨੇ ਆਪ ਲਈ ਸੁਰਖਰੂ ਹੋਣਾ ਕਠਨ ਹੀ ਮੰਨਦੇ ਹਨ,

ਕਿਉਂਕਿ ਹਰ ਵੇਲੇ ਇਹ ਗ੍ਰਹਿ ਹਿੰਦੂਆਂ ਨੂੰ ਸਤੌਣ ਲਈ ਤਿਆਰ ਬਰ ਤਿਆਰ ਰਹਿੰਦੇ ਹਨ। ਤਦੇ ਨਵ ਗ੍ਰਹਿ ਚੱਕ੍ਰ ਅਨੁਸਾਰ ਹਿੰਦੂ ਮਤੀਏ ਫਲ ਅਫਲ ਦਾ ਵੀਚਾਰ ਕਰਦੇ ਰਹਿੰਦੇ ਹਨ। ਜੋ ਗ੍ਰਹਿਆਂ ਦੀ ਰੋਜ ਪੂਜਾ ਕਰਦਾ ਹੈ ਉਸ ਨੂੰ ਕੋਈ ਦੁਖ ਨਹੀਂ ਹੁੰਦਾ। ਧਨ ਬਹੁਤ ਮਿਲਦਾ ਹੈ। ਸੌ ਇਸਤ੍ਰੀਆਂ ਭੋਗਣ ਵਾਲਾ ਹੁੰਦਾ ਹੈ ਔਰ ਉਮਰ ਬਹੁਤ ਲੰਮੀ ਹੋ ਜਾਂਦੀ। (ਦੇਖੋ ਬ੍ਰਿਹਤ ਪਾਰਾਸਰ ਸਹਿਤਾ ਅ: ੬ ਹ: ਨ)

ਸੂਚਨਾ - ਪੰਡਤ ਲੋਕ ਤਾਂ ਗ੍ਰਹਿ ਪੂਜਾ ਕਰਕੇ ਬੀਮਾਰੀ ਤੋਂ ਨਹੀਂ ਬਚੇ, ਧਨ ਵਲੋਂ ਨਹੀਂ ਰੱਜੇ, ਫਿਰ ਕੈਸੇ ਮੰਨੀਏ ! ਜੇ ਸੌ ਇਸਤ੍ਰੀ ਗ੍ਰਹਿਆਂ ਦੀ ਕ੍ਰਿਪਾ ਦਾ ਫਲ ਹੈ ਤਾਂ ਬਿਭਚਾਰ ਦੇ ਕੀ ਅਰਥ ਕਰੀਏ ?

ਬਾਬਾ ਲਗਨੁ ਗਣਾਇ ਹੰਬੀ ਵੰਞਾ ਸਾਹੁਰੈ ਬਲਿ ਰਾਮ ਜੀਉ ॥
ਸਾਹਾ ਹੁਕਮੁ ਰਜਾਇ ਸੋ ਨ ਟਲੈ ਜੋ ਪ੍ਰਭੁ ਕਰੈ ਬਲਿਰਾਮ ਜੀਉ ॥

(ਰਾਗ ਸੂਹੀ ਛੰਤ ਮਹਲਾ ੧-੭੬੩)

ਸਾਹਾ ਗਣਹਿ ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰ ॥
ਜਿਸ ਗੁਰੁ ਮਿਲੈ ਸੋਈ ਬਿਧਿ ਜਾਣੈ ॥ ਗੁਰਮਤਿ ਹੋਇ ਤ ਹੁਕਮੁ ਪਛਾਣੈ ॥ ੧ ॥
ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ ਲਹੀਐ ॥੧॥ਰਹਾਉ ॥
ਗਣਿ ਗਣਿ ਜੋਤਕੁ ਕਾਂਡੀ ਕੀਨੀ ॥ ਪੜੈ ਸੁਣਾਵੈ ਤਤੁ ਨ ਚੀਨੀ ॥
ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥ ੨ ॥
ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ ॥ ਸੁਖਹ ਸਮੂਹ ਭਇਆ ਗਇਆ ਵਿਜੋਗੋ ਰਾਮ ॥

(ਰਾਮਕਲੀ ਮ: ੧-੯੦੪)

ਮਿਲਿ ਸੰਤ ਆਏ ਪ੍ਰਭ ਧਿਆਏ ਬਣੇ ਅਚਰਜ ਜਾਞੀਆ ॥
ਮਿਲਿ ਇਕਤ੍ਰ ਹੋਏ ਸਹਜਿ ਢੋਏ ਮਨਿ ਪ੍ਰੀਤਿ ਉਪਜੀ ਮਾਞੀਆ ॥
ਮਿਲਿ ਜੋਤਿ ਜੋਤੀ ਓਤਿ ਪੋਤੀ ਹਰਿ ਨਾਮੁ ਸਭਿ ਰਸ ਭੋਗੋ ॥
ਬਿਨਵੰਤਿ ਨਾਨਕ ਸਭ ਸੰਤਿ ਮੇਲੀ ਪ੍ਰਭੁ ਕਰਣ ਕਾਰਣੁ ਜੋਗੋ ॥

(ਬਿਲਾਵਲੁ ਮਹਲਾ ੫-੮੪੫)

ਸੂਖ ਸਹਿਜ ਆਨਦੁ ਘਣਾ ਹਰਿ ਕੀਰਤਨੁ ਗਾਉ ॥
ਗਰਹ ਨਿਵਾਰੇ ਸਤਗੁਰੂ ਦੇ ਅਪਣਾ ਨਾਉ ॥

(ਆਸਾ ਮਹਲਾ ੫-੪੦੦)

ਹਰਿ ਹਰਿ ਨਾਮਿ ਮਜਨੁ ਕਰਿ ਸੂਚੇ ॥ ਕੋਟਿ ਗ੍ਰਹਣ ਪੁੰਨ ਫਲ ਮੂਚੇ ॥

(ਗਉੜੀ ਮਹਲਾ ੫-੧੯੧)

ਨੋਟ - ਗ੍ਰਹਿਣ ਲਗਣ ਦਾ ਕਾਰਨ ਚੰਦ ਸੂਰਜ ਪਰ ਪ੍ਰਿਥਵੀ ਦਾ ਛਾਯਾ ਹੈ ਪੜ੍ਹੇ ਲਿਖੇ ਸਜਣ ਸਭ ਜਾਣਦੇ ਹੈਨ । ਗ੍ਰਹਿ ਪੂਜਾ ਨਾਲ ਜੋਤਿਸ਼ ਬੀ ਸਬੰਧ ਰੱਖਦਾ ਹੈ ਤਥਾ ਸੂਰਜ, ਚੰਦ੍ਰਮਾ, ਨਛੱਤ੍ਰ ਤੇ ਪ੍ਰਿਥਵੀ ਦੀ ਗਰਦਿਸ਼ ਦਾ ਗਜਾਨ ਹੋਣਾ ਅਤੇ ਗਣਿਤ ਭਾਵ ਗ੍ਰਹਿਆਂ ਦੀ ਚਾਲ ਗਿਣਨੀ ਇਸ ਨਾਲ ਹੀ ਇਹ 'ਫਲਿਤ' ਲੇਖਾ ਪੱਤਾ ਅਖਾਉਂਦਾ ਹੈ । ਜਿਸ ਨਾਲ ਮੰਦ ਫਲ ਦਾ ਰੁਕਣਾ ਤੇ ਮਨੋਰਥਾਂ ਦੀ ਸਿੱਧੀ ਹੁੰਦੀ ਏ । ਇਸ ਤੋਂ ਬਿਨਾਂ ਗ੍ਰਹਿਰਾਸ਼ੀ ਬੀ ਗਿਣਦੇ ਹੈਨ ਔਰ ਔਰ ਥਿਤਿ ਵਾਰ ਨਛੱਤ੍ਰ ਯੋਗ ਅਤੇ ਕਰਣ ਦਾ ਗਿਆਨ ਕਰਾਵਣੇ ਵਾਲੀ ਇੱਕ ਜਨਮ ਪੱਤ੍ਰੀ ਤਥਾ ਪੰਚਾਂਗਪੱਤ੍ਰੀ ਹੁੰਦੀ ਹੈ ਜਿਸ ਦੁਆਰੇ ਸ਼ੁਭ ਅਸ਼ੁਭ ਨਛੱਤ੍ਰਾਂ ਦਾ ਲੇਖਾ ਪੱਤਾ ਗਿਣਦੇ ਹੈਨ ॥

ਝੂਠ ਨ ਬੋਲ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ ਲਹੀਐ ॥ਰਹਾਉ॥
ਗਣਿ ਗਣਿ ਜੋਤਕ ਕਾਂਡੀ ਕੀਨੀ ॥ ਪੜੈ ਸੁਣਾਵੈ ਤਤੁ ਨ ਚੀਨੀ ॥
ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥
ਗਣਤ ਗਣੀਐ ਸਹਸਾ ਦੁਖ ਜੀਐ ॥ ਗੁਰ ਕੀ ਸਰਣਿ ਪਵੈ ਸੁਖੁ ਥੀਐ ॥

*(ਰਾਮਕਲੀ ਮਹਲਾ ੧-੯੦੪)*

ਕਰਣਹਾਰੁ ਜੋ ਕਰਿ ਰਹਿਆ ਸਾਈ ਵਡਿਆਈ ॥
ਗੁਰ ਪੂਰੈ ਉਪਦੇਸਿਆ ਸੁਖੁ ਖਸਮ ਰਜਾਈ ॥
ਨਹ ਬਿਨਸੈ ਨਹ ਛੋਡ ਜਾਇ ਨਾਨਕ ਰੰਗਰਾਤਾ ॥

*(ਬਿਲਾਵਲ ਮਹਲਾ ੫-੮੧੩)*

ਮਨ ਕੀ ਪਤ੍ਰੀ ਵਾਚਣੀ ਸੁਖੀ ਹੂ ਸੁਖ ਸਾਰ ॥
ਸੋ ਬ੍ਰਹਮਣ ਭਲਾ ਆਖੀਐ ਜਿ ਬੂਝੈ ਬ੍ਰਹਮ ਵੀਚਾਰ ॥

*(ਵਾਰ ਮਾਰੂ ਮਹਲਾ ੩-੧੦੯੩)*

ਥਿੱਤ, ਵਾਰ, ਮਹੂਰਤ ਮੰਨਣੇ ਭ੍ਰਮ ਹਨ

ਪੰਦ੍ਰਹ ਥਿਤੀਂ ਤੈ ਸਤ ਵਾਰ ॥ ਮਾਹਾ ਰੁਤੀ ਆਵਹਿ ਵਾਰ ਵਾਰ ॥
ਦਿਨਸੁ ਰੈਣਿ ਤਿਵੈ ਸੰਸਾਰੁ ॥ ਆਵਾਗਉਣੁ ਕੀਆ ਕਰਤਾਰਿ ॥

*(ਬਿਲਾਵਲ ਮਹਲਾ ੩-੮੪੨)*

ਆਪੇ ਪੂਰਾ ਕਰੇ ਸੁ ਹੋਇ ॥ ਏਹਿ ਥਿਤੀ ਵਾਰ ਦੂਜਾ ਦੋਇ ॥
ਸਤਿਗੁਰ ਬਾਝਹੁ ਅੰਧੁ ਗੁਬਾਰੁ । ਥਿਤੀ ਵਾਰ ਸੇਵਹਿ ਮੁਗਧ ਗਵਾਰ ॥

*(ਬਿਲਾਵਲ ਮਹਲਾ ੩-੮੪੩)*

ਥਿਤੀ ਵਾਰ ਸਭਿ ਆਵਹਿ ਜਾਹਿ ॥ ਗੁਰ ਸਬਦੁ ਨਿਹਚਲੁ ਸਦਾ ਸਚਿ ਸਮਾਹਿ ॥

ਥਿਤੀ ਵਾਰ ਤਾ ਜਾ ਸਚਿ ਰਾਤੇ ॥ ਬਿਨੁ ਨਾਵੈ ਸਭਿ ਭਰਮਹਿ ਕਾਚੇ ॥
*(ਬਿਲਾਵਲੁ ਮਹਲਾ ੩-੮੪੨)*

ਪੂਰਨਮਾਂ ਪੂਰਨ ਪ੍ਰਭੁ ਏਕੁ ਕਰਣ ਕਾਰਣ ਸਮਰਥੁ ॥
ਜੀਅ ਜੰਤ ਦਇਆਲ ਪੁਰਖੁ ਸਭ ਊਪਰਿ ਜਾਕਾ ਹਥੁ ॥
*(ਗਉੜੀ ਮਹਲਾ ੫-੩੦੦)*

ਸੋ ਵੇਲਾ ਸੋ ਮੂਰਤ ਸਾ ਘੜੀ ਸੋ ਮੁਹਤ ਸਫਲ ਹੈ ਮੇਰੀ ਜਿੰਦੜੀਏ ॥
ਜਿਤੁ ਹਰਿ ਮੇਰਾ ਚਿਤ ਆਵੇ ਰਾਮ ॥ *(ਬਿਹਾਗੜਾ ਮਹਲਾ ੪-੫੪੪)*

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥
*(ਬਾਰਾਂਮਾਹਾਂ ਮਾਝ ਮਹਲਾ ੫-੧੩੬)*

ਦਿਨੁ ਰੈਣਿ ਸਭ ਸੁਹਾਵਣੇ ਪਿਆਰੇ ਜਿਤੁ ਜਪੀਐ ਹਰਿ ਨਾਉ ॥
*(ਆਸਾ ਮਹਲਾ ੫-੪੩੨)*

ਪੰਦ੍ਰਹ ਥਿੰਤੀ ਸਾਤ ਵਾਰ ॥ ਕਹਿ ਕਬੀਰ ਉਰਵਾਰ ਨ ਪਾਰ ॥
*(ਗਉੜੀ ਕਬੀਰ-੩੪੩)*

ਆਪਨ ਊਚ, ਨੀਚ ਘਰਿ ਭੋਜਨ ਹਠੇ ਕਰਮ ਕਰੁ ਉਦਰਿ ਭਰਹਿ ॥
ਚਉਦਸ ਅਮਾਵਸ ਰਚਿ ਰਚਿ ਮਾਂਗਹਿ ਕਰ ਦੀਪਕ ਲੈ ਕੂਪਿ ਪਰਹਿ ॥
ਹਮਰੇ ਰਾਮ ਨਾਮ ਕਹਿ ਉਬਰੇ ਬੇਦ ਭਰੋਸੇ ਪਾਂਡੇ ਡੂਬ ਮਰਹਿ ॥
*(ਰਾਮਕਲੀ ਕਬੀਰ-੯੭੦)*

## ਸਗਨ, ਅਪਸਗਨ

ਹਿੰਦੂ ਮਤ ਵਿਖੇ "ਸਾਇਣ ਚਾਰਜ" ਨਾਮੀ ਰਿਖੀ ਨੇ "ਸਉਣ ਸ਼ਾਸਤ੍ਰ" (ਮਹੂਰਤ ਸ਼ਾਸਤ੍ਰ) ਸਗਨਾਂ ਦਾ ਲੇਖਾ ਪਤਾ ਲਿਖਿਆ ਹੈ। ਚਾਰ ਦ੍ਵਾਰਪਾਲ ਮੰਨੇ ਹੈਨ। ਜਿਹਾ ਕਿ ਪੁਰੇ ਵਲ ਗਣੇਸ਼, ਦੱਖਣ ਵਿਚ ਵਟੁਕ ਪਛੋਂ ਵਲ ਖੇਤ੍ਰ ਪਾਲ। ਪਹਾੜ ਪਾਸੇ ਯੋਗਨੀਆਂ ਅਰ ਬਾਰਾਂ ਰਾਸਾਂ (ਮੇਖ, ਮਿਥਨ, ਸਿੰਘ, ਕਰਕ, ਬ੍ਰਿਦ, ਕੰਨਯਾ, ਤੁਲਾ, ਬ੍ਰਿਸਚਕ, ਧਨ, ਮਕਰ, ਕੁੰਭ, ਮੀਨ) ਦਾ ਵੀਚਾਰ ਹੁੰਦਾ ਹੈ।

ਛਨਿਛਰਵਾਰਿ ਸਉਣ ਸਾਸਤ੍ਰ ਬੀਚਾਰ ॥ ਹਉਮੈ ਮੇਰਾ ਭਰਮੈ ਸੰਸਾਰ ॥
*(ਬਿਲਾਵਲ ਮਹਲਾ ੩-੮੪੧ )*

ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ ॥
ਚਰਣ ਕਮਲ ਗੁਰਿ ਧਨੁ ਦੀਆ ਮਿਲਿਆ ਨਿਥਾਵੇ ਥਾਉ ॥
*(ਸਿਰੀ ਰਾਗ ਮਹਲਾ ੫-੪੮)*

ਪ੍ਰਭੂ ਹਮਾਰੈ ਸਾਸਤ੍ਰ ਸਉਣ ॥ ਸੂਖ ਸਹਜ ਆਨੰਦ ਗ੍ਰਿਹ ਭਉਣ ॥ ੧ ॥ਰਹਾਉ॥
ਰਸਨਾ ਨਾਮੁ ਕਰਨ ਸੁਣਿ ਜੀਵੇ ॥ ਪ੍ਰਭ ਸਿਮਰਿ ਸਿਮਰਿ ਅਮਰ ਥਿਰੁ ਥੀਵੇ ॥ ੨ ॥
*(ਭੈਰਉ ਮਹਲਾ ੫-੧੧੩੭)*

ਨੋਟ- ਸਿੰਘਤ ਜਾਂ ਸਿੰਹਗਤ ਦਾ ਮਹਾਤਮ ਹੈ ਕਿ ਸ਼ੁਕ੍ਰ ਔਰ ਵ੍ਰਿਹਸਪਤੀ ਨਾਮਕ ਤਾਰੇ ਜਿਸ ਸਮੇਂ ਛਿਪਦੇ ਨੇ ਅਰ ਸਿੰਹਰਾਸ਼ੀ ਵਿਚ ਵ੍ਰਿਹਸਪਤੀ ਭਾਵ ਤੇਰਾਂ ਮਹੀਨੇ ਰਹਿੰਦਾ ਹੈ ਇਤਨਾ ਸਮਾਂ ਹਿੰਦੂ ਲੋਕ ਕੋਈ ਬੀ ਸ਼ੁਭ ਕੰਮ ਨਹੀਂ ਕਰਦੇ, ਇਸ ਤਰ੍ਹਾਂ ਡੁਬਣਾ (ਧੂਮ ਕੇਤ) ਬੀ ਵਿਘਨ ਕਾਰਕ ਦਸਦੇ ਨੇ। ਗੁਰੂ ਜੀ ਨੇ ਇਸ ਭਰਮ ਨੂੰ ਖੰਡਣ ਕੀਤਾ ਏ !

ਤਾਰਾ ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ ॥
ਸੇਵਕ ਪੂਰ ਕਰੰਮਾ ਸਤਿਗੁਰ ਸਬਦਿ ਦਿਖਾਲਿਆ ਰਾਮ ॥
ਗੁਰ ਸਬਦਿ ਦਿਖਾਲਿਆ ਸਚੁ ਸਮਾਲਿਆ ਅਹਿਨਿਸਿ ਦੇਖਿ ਬੀਚਾਰਿਆ ॥
ਧਾਵਤ ਪੰਚ ਰਹੇ ਘਰੁ ਜਾਣਿਆ ਕਾਮੁ ਕ੍ਰੋਧੁ ਬਿਖੁ ਮਾਰਿਆ ॥
ਅੰਤਰਿ ਜੋਤਿ ਭਈ ਗੁਰ ਸਾਖੀ ਚੀਨੇ ਰਾਮ ਕਰੰਮਾ ॥
ਨਾਨਕ ਹਉਮੈ ਮਾਰ ਪਤੀਣੇ ਤਾਰਾ ਚੜਿਆ ਲੰਮਾ ॥ *(ਤੁਖਾਰੀ ਮਹਲਾ ੧-੧੧੧੦)*

## ਗੁਰਮਤ ਅਨੁਸਾਰ ਦਿਨਾਂ, ਤਿੱਥਾਂ ਦੀ ਅਸਲੀਅਤ

ਆਦਿਤਵਾਰਿ ਆਦਿਪੁਰਖੁ ਹੈ ਸੋਈ ॥ ਆਪੇ ਵਰਤੈ ਅਵਰ ਨ ਕੋਈ ॥
ਸੋਮਵਾਰਿ ਸਚਿ ਰਹਿਆ ਸਮਾਇ ॥ ਤਿਸਕੀ ਕੀਮਤਿ ਕਹੀ ਨ ਜਾਇ ॥
ਮੰਗਲ ਮਾਇਆ ਮੋਹੁ ਉਪਾਇਆ ॥ ਆਪੇ ਸਿਰਿ ਸਿਰਿ ਧੰਧੈ ਲਾਇਆ ॥
ਬੁਧਿਵਾਰਿ ਆਪੇ ਬੁਧਿ ਸਾਰ ॥ ਗੁਰਮੁਖਿ ਕਰਣੀ ਸਬਦੁ ਵੀਚਾਰ ॥
ਵੀਰਵਾਰਿ ਵੀਰ ਭਰਮਿ ਭੁਲਾਏ ਪ੍ਰੇਤ ਭੂਤ ਸਭਿ ਦੂਜੈ ਲਾਏ ॥
ਸੁਕ੍ਰਵਾਰਿ ਪ੍ਰਭੁ ਰਹਿਆ ਸਮਾਈ ॥ ਆਪ ਉਪਾਇ ਸਭ ਕੀਮਤਿ ਪਾਈ ॥
*(ਬਿਲਾਵਲ ਮਹਲਾ ੩-੮੪੧)*

## ਗੁਰਮਤ ਅਨੁਸਾਰ ਦਿਨ ਸੁੱਧ

ਦੁਆਦਸੀ ਦਇਆ ਦਾਨੁ ਕਰਿ ਜਾਣੈ ॥ ਬਾਹਰਿ ਜਾਤੋ ਭੀਤਰਿ ਆਣੈ ॥
*(ਬਿਲਾਵਲ ਮਹਲਾ ੧-੮੪੦)*

ਚਉਦਸਿ ਚਉਥੇ ਥਾਵਹਿ ਲਹਿ ਪਾਵੈ ॥ਰਾਜਸ ਤਾਮਸ ਸਤ ਕਾਲ ਸਮਾਵੈ ॥
*(ਬਿਲਾਵਲ ਮਹਲਾ ੧-੮੪੦)*

ਖਸਟੀ ਖਟੁ ਦਰਸਨ ਪ੍ਰਭ ਸਾਜੇ ॥ ਅਨਹਦ ਸਬਦੁ ਨਿਰਾਲਾ ਵਾਜੇ ॥
*(ਬਿਲਾਵਲ ਮਹਲਾ ੧-੮੩੯)*

ਅਸਟਮੀ ਅਸਟ ਸਿਧਿ ਬੁਧਿ ਸਾਧੈ ॥ ਸਚੁ ਨਿਹਕੇਵਲੁ ਕਰਮਿ ਅਰਾਧੈ ॥
*(ਬਿਲਾਵਲ ਮਹਲਾ ੧-੮੩੯)*

ਨਾਉ ਨਉਮੀ ਨਵੇ ਨਾਥ ਨਵਖੰਡਾ ॥ ਘਟਿ ਘਟਿ ਨਾਥੁ ਮਹਾ ਬਲਵੰਡਾ ॥
*(ਬਿਲਾਵਲ ਮਹਲਾ ੧-੮੩੯)*

ਦਸਮੀ ਨਾਮੁ ਦਾਨੁ ਇਸਨਾਨੁ ॥ ਅਨਦਿਨੁ ਮਜਨੁ ਸਚਾ ਗੁਣ ਗਿਆਨ ॥
ਸਚਿ ਮੈਲੁ ਨ ਲਾਗੈ ਭ੍ਰਮੁ ਭਉ ਭਾਗੈ ॥ ਬਿਲਮੁ ਨ ਤੂਟਸਿ ਕਾਚੈ ਤਾਗੈ ॥
*(ਬਿਲਾਵਲ ਮਹਲਾ ੫-੮੪੦)*

# ਪੁੰਨ ਦਾਨ ਦੇ ਨਾਮ ਪਰ ਬ੍ਰਾਹਮਣੀ ਚਾਲਾਂ

ਬ੍ਰਾਹਮਣ ਨੂੰ ਇਕ ਗਊ ਦਾਨ ਦੇਣ ਨਾਲ ਲਖ ਗਊ ਮਿਲਦੀ ਹੈ। ਇਕ ਗਊ ਇਕੋ ਬ੍ਰਾਹਮਣ ਨੂੰ ਦੇਵੇ ਜੇ ਦੋ ਬ੍ਰਾਹਮਣਾਂ ਨੂੰ ਦੇਵੇ ਤੇ ਓਹ ਮੁਲ ਵੱਟ ਲੈਣ, ਤਾਂ ਦਾਨ ਕਰਨੇ ਵਾਲੇ ਦੀ ਸਤ ਕੁਲਾਂ ਨਰਕਾਂ ਵਿਚ ਜਾ ਡਿਗਦੀਆਂ ਹਨ। (ਗਰੜ ਪੁਰਾਣ ਅ: ੨ ਅੰਕ ੫) ਗਊ ਭੂਈ (ਜ਼ਮੀਨ) ਸਿਉਨਾ, ਕਪੜਾ, ਅੰਨ, ਭਾਂਡੇ, ਘਰ(ਮਕਾਨ) ਇਹ ਵਸਤਾਂ ਬ੍ਰਾਹਮਣਾਂ ਨੂੰ ਪੁੰਨ ਕਰਨ ਸੇ ਜਿਥੇ ਜੀਵ ਜਾਵੇ ਮਿਲਦੇ ਹਨ ( ਗਰੜ ਅ: ੧ ਅੰਕ ੨੫ ॥)

ਨੋਟ - ਤਿਲਾਂ ਦਾ ਦਾਨ ਕਰਨਾ ਸੋਨੇ ਦੇ ਦੇਣ ਦੇ ਬਰਾਬਰ ਦਾ ਪੁੰਨ ਮੰਨਿਆਂ ਹੈ। ਕਿਉਂਕਿ ਤਿਲ ਬਿਸ਼ਨੂ ਜੀ ਦੇ ਪਸੀਨੇ ਤੋਂ ਹੋਣੇ ਦਸੇ ਹਨ ॥ 'ਮਨੂ ਸਿਮ੍ਰਤੀ' ਅਨੁਸਾਰ ਜੇਹੜਾ ਮਾਨੁਸ਼ ਖਾਣ ਤੇ ਵਰਤਨ ਦੇ ਦਾਨ ਤੋਂ ਬਿਨਾਂ ਤਿਲਾਂ ਨਾਲ ਕੋਈਹੋਰ ਕੰਮ ਕਰੇ ਓਹ ਵਡਿਆਂ ਸਮੇਤ ਕੀੜਾ ਬਣ ਕੇ ਕੁਤਿਆਂ ਦੇ ਵਿਸ਼ਟੇ ਵਿਚ ਗਰਕ ਹੋ ਜਾਂਦਾ ਹੈ। (ਦੇਖੋ ਮਨੂ ਅ: ੧੦ ਸਲੋਕ ੯੧) ਲੂਣ ਦਾ ਦਾਨ ਕਰਨਾ ਅਧਿਕ ਪੁੰਨ ਮੰਨਿਆਂ ਹੈ ਅਖੇ ! ਨਮਕ ਵਿਸ਼ਨੂੰ ਦੀ ਦੇਹ ਵਿਚੋਂ ਉਪਜਦਾ ਹੈ। ਕਪਾਹ ਦੇ ਦਾਨ ਨਾਲ ਸਭੋ ਦੇਵਤੇ ਪ੍ਰਸੰਨ ਹੁੰਦੇ ਦਸੇ ਨੇ। ਬੋਹੇ ਦੇ ਦਾਨ ਤੋਂ ਯਮਰਾਜ ਦੀ ਪ੍ਰਸੰਨਤਾ ਦਸੀ ਹੈ। ਲੋਹੇ ਵਿਚ ਖਾਣਾ ਤਾਂ ਵਿਸ਼ਟਾ ਤੁਲ ਮੰਨਿਆਂ ਹੈ। ਸਿਟਾ ਕੀ ਹਰ ਚੀਜ ਦੀ ਦਾਨ ਪ੍ਰਾਪਤੀ ਲਈ ਵਖੋ ਵਖ ਫਲ ਤੇ ਦੇਵਤੇ ਮੰਨੇ ਹਨ। (ਦੇਖੋ ਗਰੜ ਪੁਰਾਣ ਦੇ ੧੩-੧੪-੧੫ ਅ:) ਜੇਕਰ ਪੁੱਤਰ ਪਿਤਾ ਦੇ ਨਮਿੱਤ ਦਾਨ ਕਰੇ ਤਾਂ ਸੌ ਗੁਣਾ ਪੁੰਨ ਹੋਵੇ। ਜੇ ਮਾਤਾ ਦੇ ਨਮਿਤ ਕਰੇ ਤਾਂ ਹਜ਼ਾਰ ਗੁਣਾ। ਜੋ ਲੋਭ ਕਰਕੇ ਦਾਨ ਨਾ ਕਰੇ ਤਾਂ ਓਹ ਕਪੁੱਤ੍ਰ ਤੇ ਮਹਾਂ ਪਾਪੀ ਹੈ ॥ (ਗਰੜ ਅ: ੨੬ ਅੰਕ ੩੧) ਜੋ ਪੁਰਸ ਵਰਹੇ ਦਾ ਖਰਚ ਬ੍ਰਾਹਮਣ ਨੂੰ ਦਿੰਦਾ ਹੈ ਓਹ ਸਭ ਪਾਪਾਂ ਤੋਂ ਛੁਟ ਜਾਂਦਾ ਹੈ। ਜੋ ਬ੍ਰਾਹਮਣ ਦੀ ਧੀ ਦਾ ਵਿਆਹ ਅਪਨਾ ਪੱਲਾ ਖਰਚ ਕੇ ਕਰਾ ਦੇਵੇ ਓਹ ਆਪਣੀ ਕੁਲ ਸਮੇਤ ਇੰਦਰ ਪੁਰੀ ਨੂੰ ਜਾਂਦਾ ਹੈ। (ਗਰੜ ਧਿਆ ੨੯ ਅੰਕ ੫ ਤੋਂ ਦਸ ਤੀਕਰ) ਜੇ ਕੋਈ ਬ੍ਰਾਹਮਣ ਦਾ ਧਨ ਖਾਵੇ ਓਹ ਸਠ ਹਜ਼ਾਰ ਬਰਸ ਨਰਕ ਭੋਗੇਗਾ ॥ ਜੇਕਰ ਚੁਰਾ ਕੇ ਖਾਵੇ ਤਾਂ ਜਦੋਂ ਤੀਕ ਸੂਰਜ ਚੰਦ੍ਰ ਹਨ ਨਰਕ ਭੋਗੇਗਾ ਅਰ ਜੇ ਕੋਈ ਬ੍ਰਾਹਮਣ ਦਾ ਧਨ ਉਸਦੀ ਮਰਜ਼ੀ ਨਾਲ ਵੀ ਖਾਵੇ ਸੋ ਵੀ ਅਪਨੀਆਂ ਸੱਤ ਕੁਲਾਂ ਨਰਕ ਵਾਸ ਕਰੇ। (ਦੇਖੋ ਗਰੜ ਧਿਆ ੩੨ ਦਾ ਅੰਕ ੧੨ ਤੋਂ ੧੪ ਤੀਕ) ਪ੍ਰੰਤੂ ਮਨੂ ਸਿਮ੍ਰਤੀ ਦੇ ਅ: ੧੦ ਦੇ ਸਲੋਕ ੧੦੨ ਤੇ ੧੦੩ ਤੇ ੧੦੪ ਵਿਚ ਦਸਿਆ ਹੈ ਕਿ ਬ੍ਰਾਹਮਣ ਨੂੰ ਨੀਚਾਂ ਪਾਸੋਂ ਵੀ ਦਾਨ ਲੈਣ ਵਿਚ ਦੋਸ਼ ਨਹੀਂ ਲੱਗਦਾ ਕਿਉਂਕਿ ਬ੍ਰਾਹਮਣ, ਪਾਣੀ ਤੇ ਅਗ ਬਰਾਬਰ ਹਨ ॥

## ਦਾਨ ਬ੍ਰਾਹਮਣਾਂ ਲਈ ਰੀਜ਼ਰਵ

ਜੇ ਬ੍ਰਾਹਮਣਾਂ ਤੋਂ ਬਿਨਾਂ ਦੂਸਰੀ ਕਿਸੀ ਜ਼ਾਤ ਨੂੰ ਦਾਨ ਕਰੇ ਤਾਂ ਓਹ ਦਾਨ ਇਸ ਤਰ੍ਹਾਂ ਨਿਸ਼ਫਲ ਜਾਂਦੇ ਹਨ ਜਿਵੇਂ ਠੰਡੀ ਸੁਆਂਹ ਵਿਚ ਹੋਮ ਕੀਤਾ ਨਿਸਫਲ ਹੈ। (ਗਰੜ ਧਿਆ ੩੨ ਅੰਕ ੧੫)॥

ਨੋਟ- ਸੋਨਾ ਅਗਨੀ ਦੇਵਤੇ ਦਾ ਪੁੱਤ੍ਰ ਮੰਨਿਆਂ ਹੈ, ਧਰਤੀ ਤੇ ਗਊ ਸੂਰਜ ਦੀ ਕੰਨਿਆਂ ਮੰਨ ਕੇ "ਸੋਨਾ, ਗਊ, ਜਮੀਨ" ਤਿੰਨੇ ਦਾਨ ਮੁਖ ਮੰਨੇ ਹਨ। (ਗਰੜ ਧਿਆ ੩੧) ਸੰਗਰਾਂਦ ਵਾਲੇ ਦਿਨ ਕੀਤੇ ਦਾਨ ਦਾ ਫਲ ਸਤ ਕਲਪ ਪ੍ਰਯੰਤ ਰਹਿੰਦਾ ਹੈ (ਦੇਖੋ ਗਰੜ ਪੁਰਾਣ ਧਿ: ੩੨ ਅੰਕ ੧੭) ਹਿੰਦੂ ਮਤ ਵਿਚ ਗਊ ਨੂੰ ਲਛਮੀ ਮੰਨ ਕੇ ਇਸ ਦਾ ਦਾਨ ਵਧੀਆ ਮੰਨੀਦਾ ਹੈ। ਕਪਲਾ ਗਊ ਦਾ ਸਭ ਤਰ੍ਹਾਂ ਦੀ ਗਊਆਂ ਤੋਂ ਵਧ ਕੇ ਦਾਨ ਹੈ। ਪਾਣੀ ਦੇ ਇਕ ਘੜੇ ਦੇ ਪੁੰਨ ਦਾ ਮੁਲ ਅਗੇ ਹਜ਼ਾਰ ਘੜਾ ਮਿਲਣਾ ਦਸਿਆ ਹੈ ॥ ਜੋ ਮਨੁਖ ਸਾਰੀ ਉਮਰ ਪਾਪ ਕਰਮ ਕਰੇ ਪਰ ਮਰਨ ਲਗਾ ਬ੍ਰਾਹਮਣ ਨੂੰ ਸਾਲ ਭਰ ਦਾ ਖਰਚ ਦੇ ਜਾਵੇ। ਉਸ ਦੇ ਸਭੋ ਪਾਪ ਦੂਰ ਹੋ ਜਾਂਦੇ ਹਨ ॥ (ਗਰੜ ਅ: ੨੯ ਅੰਕ ੧੯) ਕਸਾਈ, ਤੇਲੀ, ਕਲਾਲ, ਵੇਸਵਾ ਆਦਿਕਾਂ ਪਾਸੋਂ ਬ੍ਰਾਹਮਣ ਦਾਨ ਨਾ ਲਵੇ। ਜੋ ਨਗਰ ਚੰਡਾਲ (ਚਮਾਰ ਚੂਹੜੇ) ਨਾਲ ਭਰਿਆ ਹੈ ਅਤੇ ਸ਼ੂਦਰ ਦਾ ਰਾਜ ਹੈ ਉਥੇ ਨਾ ਬਸੇ (ਮਨੂ ਅ: ੪ ਸਲੋਕ ੬੧)। ਦਸ ਤੇਲੀ ਦੇ ਤੁਲ ਕਲਾਲ, ਦਸ ਕਸਾਈ ਦੇ ਤੁਲ ਇਕ ਤੇਲੀ ਦਸ ਕਲਾਲਾਂ ਦੇ ਤੁਲ ਇਕ ਵੇਸਵਾ, ਦਸ ਵੇਸਵਾ ਦੇ ਤੁਲ ਰਾਜਾ ਤਥਾ ਦਸ ਹਜ਼ਾਰ ਜੀਵ ਮਾਰਨ ਤੁਲ ਇਕ ਰਾਜਾ। ਇਸ ਲਈ ਦਾਨ ਲੈਣਾ ਠੀਕ ਨਹੀਂ। ਮਨੂ ਅ: ੪ ਸ: ੮੪-੮੫ ਤੇ ੮੬) ਤਥਾ ਸ਼ਾਸਤ੍ਰ ਵਿਰੁਧ ਨੀਤੀ ਵਾਲਾ ਅਤੇ ਲਾਲਚੀ ਰਾਜੇ ਕੋਲੋਂ ਦਾਨ ਲੈਣਾ ਇਕੀ ਵਾਰੀ ਨਰਕਾਂ ਦਾ ਸੈਰ ਕਰਨਾ ਹੈ ॥ (ਮਨੂ ਅ: ੪ ਸ: ੮੭)

## ਛੇਜਾ ਦਾਨ

ਪੰਡਤ ਲੋਕ ਮੁਰਦਿਆਂ ਦੀ ਮੁਕਤੀ ਹਿਤ ਇਕ "ਛੇਜਾ ਦਾਨ" ਕਰਾਉਂਦੇ ਹਨ। ਜਿਸਦੀ ਸਾਮਗ੍ਰੀ ਇਸ ਪ੍ਰਕਾਰ ਹੈ - ਇਕ ਵਧੀਆ ਪਲੰਘ ਪਰ ਗਦੇਲਾ ਵਿਛਾ ਕੇ ਉਪਰ ਚਿਟੀ ਚਾਦਰ ਔਰ ਸਿਰਹਾਨਾ (ਤਕੀਆ) ਲਾਵੇ ਮੱਛਰ ਦਾਨੀ ਤੇ ਸੁਗੰਧੀ ਉਪਰ ਧਰੇ। ਸ੍ਰੀ ਲਛਮੀ ਨਾਰਾਇਣ ਦੀ (ਲਛਮੀ ਤੇ ਵਿਸ਼ਨੂ) ਚਾਂਦੀ, ਸੋਨੇ ਦੀ ਮੂਰਤੀ ਤੇ ਘਿਉ ਦਾ ਘੜਾ ਭਰ ਕੇ ਪਾਸ ਰਖੇ। ਪਾਨ, ਸਪਾਰੀ, ਚੰਦਨ ਵਖ ਧਰੇ ਤੇ ਸ਼ਮਾਦਾਨ ਅਰ ਜੁਤੀ, ਛਤਰੀ ਤੇ ਚੌਰੀ, ਆਸਨ ਅਰ ਪਊਏ ਸਤਨਾਜੇ ਵਿਚ ਧਰੇ। ਪੰਜ ਰੰਗਾ ਕਪੜਾ ਤੇ ਚੰਦੋਆ ਉਪਰ ਤਾਣ ਕੇ ਛਾਉ ਕਰੇ। ਗੜਵਾ ਜਲ ਦਾ ਭਰ ਕੇ ਪਾਸ ਰੱਖੇ ਪਲੰਘ ਪਰ ਸੁੰਦ੍ਰ ਬਸਤ੍ਰ ਰਖੇ। ਇਸ ਤੋਂ ਬਿਨਾਂ ਬ੍ਰਾਹਮਣ ਔਰ ਉਸਦੀ ਘਰਵਾਲੀ ਬ੍ਰਾਹਮਣੀ ਨੂੰ ਗਹਿਣੇ ਗਟੇ ਪਵਾਏ ਅਰ ਹਰ ਇਕ ਵਸਤੂ ਘਰ ਦੇ ਵਰਤਨ ਵਾਲੀ (ਭਾਵ ਸਾਰੇ ਭਾਂਡੇ ਟੀਂਡੇ) ਅਰ ਬ੍ਰਾਹਮਣ ਨੂੰ ਰਹਿਣ ਲਈ ਘਰ ਦੇਵੇ ਤੇ ਰਤਨ ਦੇਵੇ। ਬਸ ਫਿਰ ਅਖੁਟ ਫਲ ਮਿਲਦਾ ਹੈ। ਉਕਤ ਸਾਮਗ੍ਰੀ ਇਕੱਠੀ ਕਰ ਕੇ

ਸ੍ਰੀ ਭਗਵਾਨ ਵਿਸ਼ਨੂੰ ਤਥਾ ਲਛਮੀ ਦੇਵੀ ਅੱਗੇ ਹੱਥ ਜੋੜ ਕੇ ਆਖੇ ਕਿ ਜਿਸ ਤਰ੍ਹਾਂ ਦੀ ਤੁਹਾਡੀ ਪ੍ਰੀਤੀ ਖੀਰ ਸਮੁੰਦਰ ਨਾਲ ਉਸੀ ਤਰ੍ਹਾਂ ਦੀ ਪ੍ਰੀਤੀ ਮੇਰੀ ਸੇਜਾ ਨਾਲ ਹੋਵੇ। ਮੁਰਦੇ ਪ੍ਰਾਣੀ ਦੀ ਬਘੀ ਘੋੜਾ, ਰੱਥ ਆਦਿ ਸਵਾਰੀ ਬੀ ਸਭੋ ਬ੍ਰਾਹਮਣ ਨੂੰ ਦੇ ਦੇਵੇ। ਸੋ ਐਸੇ ਦਾਨ ਕਰਕੇ ਪਾਪੀ ਪੁਰਸ਼ ਬੀ ਬਿਮਾਨ (ਉਡਣ ਜਹਾਜ) ਵਿਚ ਬੈਠ ਕੇ ਸੁਰਗ ਨੂੰ ਜਾਂਦਾ ਹੈ। (ਦੇਖੋ ਗਰੜ ਪੁਰਾਣ ਅ: ੨੩ ਅੰਕ ੧ ਤੋਂ ੧੧ ਤੀਕ)

### ਗੁਰੂਵਾਕ

ਪੁੰਨ ਦਾਨੁ ਜੋ ਬੀਜਦੇ ਸਭ ਧਰਮਰਾਇ ਕੈ ਜਾਹੀ ॥
(ਸ: ਵਾਰਾਂ ਤੋਂ ਵ: ਮ: ੧-੧੪੧੪)

ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥
ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥
ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨ ॥
(ਸਿਰੀ ਰਾਗ ਮਹਲਾ ੧-੬੨)

ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥
ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨੁ ਕਾਮੁ ॥ (ਆਸਾ ਮਹਲਾ ੫-੪੦੧)

### ਅਸਲੀ ਦਾਨ

ਕਰਤਾ ਤੂ ਮੇਰਾ ਜਜਮਾਨੁ ॥
ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹੁ ਆਪਣਾ ਨਾਮੁ ॥
ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨ ॥
ਦੂਧ ਕਰਮ ਸੰਤੋਖੁ ਘੀਉ ਕਰਿ ਐਸਾ ਮਾਂਗਉ ਦਾਨੁ ॥
ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰ ਪੀਐ ॥
ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ ॥
(ਪ੍ਰਭਾਤੀ ਮਹਲਾ ੧-੧੩੨੯)

ਪੁੰਨ ਦਾਨ ਅਨੇਕ ਕਿਰਿਆ ਸਾਧੂ ਸੰਗਿ ਸਮਾਇ ॥
ਤਾਪ ਸੰਤਾਪ ਮਿਟੇ ਨਾਨਕ ਬਾਹੁੜਿ ਕਾਲੁ ਨਾ ਖਾਇ ॥
(ਕਾਨੜਾ ਮਹਲਾ ੫-੧੩੦੦)

## ਹਿੰਦੂ ਯਗਾਂ ਵਿਚ ਦਾਨ ਕਰਮ

ਬ੍ਰਾਹਮਣ ਨੂੰ ਜਿਸ ਯਗ ਵਿਚ ਥੋੜੀ ਦੱਛਣਾਂ ਮਿਲੇ ਓਹ ਨਾ ਕਰੇ ॥ (ਮਨੂ

ਅ: ੧੧ ਸ਼ਲੋਕ ੩੯) ਥੋੜੀ ਦੱਛਣਾਂ ਵਾਲੇ ਯਗ, ਨੇਤ੍ਰ ਆਦਿਕ (ਇੰਦ੍ਰੇ) ਅਰ ਯਸ਼, ਸੁਰਗ, ਉਮਰ, ਮਰੇ ਹੋਏ ਦੀ ਕੀਰਤੀ, ਔਲਾਦ ਔਰ ਪਸ਼ੂ ਆਦਿਕਾਂ ਨੂੰ ਨਾਸ਼ ਕਰ ਦਿੰਦੇ ਹਨ। ਇਸ ਲਈ ਥੋੜੀ ਦੱਛਣਾਂ ਵਾਲਾ ਯੱਗ ਨਾ ਕਰੇ (ਮਨੂ ਅ: ੧੧ ਸਲੋਕ ੪੦)

ਨੋਟ - ਹਿੰਦੂ ਮਤ ਵਿਖੇ ਇਹ ਬੀ ਬ੍ਰਾਹਮਣੀ ਠੇਕਾ ਹੈ ਕਿ ਬ੍ਰਹਮਣ ਨੂੰ ਮੂੰਹ ਮੰਗਵਾਂ ਦਾਨ ਦਿਤੇ ਬਿਨਾਂ ਯਗ ਸੰਪੂਰਨ ਨਹੀਂ ਹੋ ਸਕਦਾ ਤਾਂ ਤੇ ਠੇਕੇਦਾਰ ਥੋੜਾ ਦਾਨ ਕਿਵੇਂ ਲੈਣ ?

ਬਲਿ ਰਾਜਾ ਮਾਇਆ ਅਹੰਕਾਰੀ ॥ ਜਗਨ ਕਰੈ ਬਹੁ ਭਾਰ ਅਫਾਰੀ ॥
ਬਿਨੁ ਗੁਰ ਪੂਛੇ ਜਾਇ ਪਇਆਰੀ ॥ *(ਗਉੜੀ ਮਹਲਾ ੧-੨੨੪)*

ਨੋਟ - ਰਾਜੇ ਬਲ ਦਾ ਯਗ ਕਰਨਾ ਅਰ ਵਿਸ਼ਨੂ ਦਾ ਬੌਣਾਂ ਬ੍ਰਾਹਮਣ ਬਣ ਕੇ ਉਸ ਨੂੰ ਛਲ ਕੇ ਉਚ ਪਦਵੀ ਤੋਂ ਨੀਚੇ ਗਰੌਣ ਦੀ ਕਥਾ ਪਿਛੇ ਲਿਖ ਚੁਕੇ ਹਾਂ ॥

ਤਿਨਿ ਹਰੀ ਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ ॥
ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ ॥ ੨ ॥
ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ ॥
ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੈ ॥ ੩ ॥
ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ ॥
ਤਿਨਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ ॥ ੪ ॥
*(ਪ੍ਰਾਭਾਤੀ ਮਹਲਾ ੧-੧੩੪੪)*

ਨੋਟ- ਰਾਜਾ ਹਰੀ ਚੰਦ ਦੀ ਰਾਜਧਾਨੀ ਸ਼ਹਿਰ ਪਟਨਾ ਦੱਸੀ ਹੈ। ਇਹ ਰਾਜਾ ਤਿਰਸਤੂ ਦੇ ਸਪੁਤ੍ਰ ਸਨ। ਇਨ੍ਹਾਂ ਦਾ ਗੁਰ ਪੰਡਤ ਵਿਸ਼ਵਾਮਿਤ੍ਰ ਦਸਿਆ ਹੈ, ਅਖੇ ! ਇਕ ਵਾਰੀ ਰਾਜੇ ਨੇ ਪੰਡਤ ਜੀ ਤੋਂ ਬਿਨਾਂ ਕਿਸੀ ਹੋਰਸ ਪੰਡਤ ਪਾਸੋਂ ਯਗ ਕਰਵਾ ਲਿਤਾ ਸੀ, ਤਿਸ ਪਰ ਪੰਡਿਤ ਜੀ ਅਤੀ ਕ੍ਰੋਪ ਹੋ ਗਏ, ਹੋਰ ਨੂੰ ਯਗ ਦਾਨ ਦੇਣ ਦੇ ਅਪਰਾਧ ਵਿਚ ਰਾਜੇ ਪਾਸੋਂ ਮੂੰਹ ਮੰਗਵੇਂ ਦਾਨ ਦਾ ਬਚਨ ਲੈ ਕੇ ਦੰਡ ਵਜੋਂ ਉਸਦਾ ਸਾਰਾ ਰਾਜ ਹੀ ਹੜੱਪ ਲਿਆ। ਅਖੇ ! ਹਰੀ ਚੰਦ ਬਚਨ ਦਾ ਸੂਰਾ ਸੀ ਅਰ ਅਠਾਰਾਂ ਭਾਰ ਸੋਨਾ ਹਰ ਰੋਜ਼ ਪੁੰਨ ਕਰਕੇ ਅੰਨ ਖਾਂਦਾ ਸੀ ਅੰਤ ਕੁਝ ਭੀ ਪਾਸ ਨਾ ਰਹਿਣ ਕਰਕੇ ਤੰਗ ਹੋ ਗਿਆ। ਪੰਡਤ ਜੀ ਨੇ ਹੋਰ ਭੀ ਕ੍ਰੋਪਤਾ ਕੀਤੀ ਕਿ ਹਾਲੇ ਤੇਰੇ ਪਾਸ ਤੇਰਾ ਸਰੀਰ ਅਰ ਇਸਤ੍ਰੀ ਪੁਤ੍ਰ ਹੈ ਇਸ ਲਈ ਇਨ੍ਹਾਂ ਨੂੰ ਵੇਚ ਕੇ ਮੇਰਾ ਦਾਨ (ਦੰਡ) ਪੂਰਾ ਕਰ। ਸਤਵਾਦੀ ਰਾਜੇ ਨੇ ਪੰਡਤ ਸਾਹਿਬ ਦੀ ਪ੍ਰਸੰਨਤਾ ਲਈ ਆਪ ਨੂੰ ਕਾਂਸ਼ੀ ਦੀ ਮੰਡੀ ਵਿਚ ਕੌਡਾਂ ਦੇ ਭਾ ਜਾ ਵੇਚਿਆ। ਰਾਜੇ ਨੂੰ ਨਿਲਾਮੀ ਵਿਚ ਇਕ ਅਚਾਰਜ(ਢੌਸੀ) ਨੇ ਖਰੀਦ ਕੇ ਮਰਘਟ (ਮੜੀਆਂ) ਪਰ ਨੌਕਰ ਰਖ ਲਿਤਾ, ਤਾਂ ਕਿ ਮੁਰਦੇ ਫੂਕਣ ਵਾਲਿਆਂ ਤੋਂ ਮਹਿਸੂਲ ਉਗਰਾਹਿਆ ਕਰੇ। ਹਰੀ ਚੰਦ ਦੀ ਰਾਣੀ ਤਾਰਾ ਤੇ ਰਾਜਪੁਤ੍ਰ ਨੂੰ ਇਕ ਬ੍ਰਾਹਮਣ ਨੇ ਖਰੀਦ ਕੇ ਆਪਣੇ ਝਾੜੂ ਦੇ ਕੰਮ ਪਰ ਲਾ ਦਿਤਾ, ਉਸੀ ਘਰ

ਵਿਚ ਰਾਣੀ ਤਾਰਾ ਦਾ ਇਕਲੌਤਾ ਸਪੁੱਤ੍ਰ ਸਰਪ ਦੇ ਕਟਣ ਨਾਲ ਮਰ ਗਿਆ ਸੋ ਰਾਣੀ ਆਪਣੇ ਜਿਗਰ ਦੇ ਟੋਟੇ ਨੂੰ ਚੁਕ ਕੇ ਮਸਾਣਾਂ ਵਿਚ ਫੂਕਣ ਲਈ ਗਈ, ਚੂੰਕਿ ਉਥੇ ਰਾਜਾ ਹਰੀਚੰਦ ਮਹਿਸੂਲੀਆ ਨੌਕਰ ਸੀ ਉਸ ਨੇ ਰਾਣੀ ਦੀ ਅਤੀ ਮਿੰਨਤਾਂ ਸਮਾਤਾਂ ਕਰਨ ਪਰ ਬੀ ਬਿਨਾਂ ਮਹਿਸੂਲ ਦੇ ਲੜਕੇ ਨੂੰ ਨਾਹੀ ਸਾੜਨ ਦਿੱਤਾ, ਪਰੰਤੂ ਗਰੀਬੀ ਹਾਲਤ ਵਿਚ ਰਾਣੀ ਤਾਰਾ ਨੇ ਸ਼ਹਿਜ਼ਾਦੇ ਪਰ ਖੱਫਣ ਦੀ ਥਾਂ ਆਪਣੈ ਨੰਗੇਜ ਢਕਣ ਵਾਲੀ ਅਧੀ ਧੋਤੀ(ਸਾਹੜੀ) ਪਾੜ ਕੇ ਬਚੇ ਉਤੇ ਪਾਈ ਪਰ ਮਹਿਸੂਲ ਤੇ ਸੰਸਕਾਰ ਦਾ ਪ੍ਰਬੰਧ ਕਿਤੋਂ ਨ ਹੋ ਸਕਿਆ, ਅੰਤ ਨੂੰ ਅਤਿਅੰਤ ਦੁਖੀ ਹੋ ਕੇ ਤੇ ਭੁਬਾਂ ਮਾਰ ਕੇ ਰਾਣੀ ਨੇ ਇਹ ਭੀ ਕਿਹਾ ਕਿ ਮੈਂ ਆਪ ਦੀ ਪਿਆਰੀ ਤਾਰਾ ਰਾਣੀ ਹਾਂ ਤੇ ਇਹ ਲੋਥ ਆਪਦੇ ਸਪੁਤ੍ਰ ਦੀ ਹੈ, ਕ੍ਰਿਪਾ ਕਰੋ, ਮੇਹਰ ਕਰੋ, ਅਪਣੇ ਰਾਜਕੁਮਾਰ ਦੀ ਲੋਥ ਬਿਨਾਂ ਮਹਿਸੂਲ ਦਾਹ ਕਰਨ ਦਿਓ। ਰਾਜਾ ਅਪਣੀ ਰਾਣੀ ਦਾ ਹਿਰਦੇ ਬੇਧਕ ਵਿਰਲਾਪ ਸੁਣ ਕੇ ਕੰਬ ਉਠਿਆ ਅਰ ਬਹਿਬਲ ਹੋ ਕੇ ਹੰਝੂ ਬਹਾ ਕੇ ਅਤਿਅੰਤ ਰੋਇਆ, ਪਰੰਤੂ ਮਹਿਸੂਲ(ਕਰ) ਨਾ ਲੈਣਾ ਮਾਲਕ ਦੀ ਨਮਕ ਹਰਾਮੀ ਕਰਨੀ ਸਮਝੀ, ਜਿਸ ਲਈ ਬਨਾਂ ਕਰ ਦੇ ਸੰਸਕਾਰ ਨਾ ਹੀ ਕਰਨ ਦਿੱਤਾ। ਦਸਿਆ ਹੈ ਕਿ ਇਸ ਤਰ੍ਹਾਂ ਹਰੀ ਚੰਦ ਇਸ ਦਾਨ ਵਿਪਤਾ ਘਾਟੀ ਵਿਚ ਦੀ ਗੁਜਰਿਆ। ਸਤਿਗੁਰਾਂ ਨੇ ਇਸ ਪਰ ਫੁਰਮਾਇਆ ਹੈ। ਤਿਨ ਹਰੀਚੰਦ ਪ੍ਰਥਮੀਪਤ ਰਾਜੇ ਕਾਗਦ ਕੀਮ ਨਾ ਪਾਈ ॥ *ਪ੍ਰਭਾਤੀ ਮਹਲਾ ੧ ॥* ਹਰੀਚੰਦ ਦਾਨ ਕਰੇ ਜਸ ਲੇਵੇ। ਬਿਨ ਗੁਰ ਅੰਤ ਨ ਪਾਇਆ ਭੇਵੇ ॥ *ਗਉੜੀ ਮਹਲਾ ੧ ॥*

ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ ॥ ੪ ॥
ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ ॥
ਜੈਦੇਵ ਆਇਓ ਤਸ ਸਫੁਟੰ ਭਵ ਭੂਤ ਸਰਬ ਗਤੰ ॥ *(ਗੁ: ਜੈ ਦੇਵ-੫੨੬)*

## ਚੌਂਕਾ, ਕਾਰਾਂ

ਦੇਵਤੇ ਚੌਂਕੇ ਅਤੇ ਕਾਰ ਦੇ ਹੀ ਆਸਰੇ ਜੀਉਂਦੇ ਹਨ। ਜੇ ਗੋਹੇ ਦਾ ਚੌਂਕਾ ਪਾ ਕੇ ਕਾਰ ਨ ਕਢੀ ਜਾਵੇ (ਗੋਹੇ ਵਿਚ ਤਿੰਨੇ ਦੇਵਤੇ ਵਸਦੇ ਮੰਨੇ ਹਨ) ਤਾਂ ਰਾਖਸ਼ ਅੰਨ ਦਾ ਰਸ ਲੈ ਜਾਂਦੇ ਹਨ। (ਲਘੂ ਅਤ੍ਰਿ ਸਹੰਤਾ ਅ: ੫) ਉਮਰ ਵਧੌਣੀ ਹੋਵੇ ਤਾਂ ਪੂਰਬ ਵਲ ਨੂੰ ਮੂੰਹ ਕਰਕੇ ਭੋਜਨ ਕਰਨਾ ਚਾਹੀਏ ॥ (ਮਨੂ ਅ: ੨ ਸ: ੫੧) ਜੋ ਕਪੜੇ ਨਾਲ ਸਿਰ ਢਕ ਕੇ ਦਖਣ ਵਲ ਮੂੰਹ ਕਰਕੇ ਔਰ ਜੁੱਤੀ ਪਹਿਰ ਕੇ ਰੋਟੀ ਖਾਂਦਾ ਹੈ। ਉਸ ਦੇ ਭੋਜਨ ਨੂੰ ਰਾਖਸ਼ ਖਾ ਜਾਂਦੇ ਹਨ ॥ (ਮਨੂ ਅ: ੩ ਸ: ੨੩ ) ਭੋਜਨ ਕਰਨ ਵੇਲੇ ਪੈਰ ਗਿੱਲੇ ਹੋਣੇ ਚਾਹੀਏ ਬਸਤ੍ਰ ਨਾਲ ਪੂੰਝਕੇ ਸਾਫ ਕਰਨੇ ਮਹਾਂ ਪਾਪ ਹੈ ॥ ਲਘੂ ਅਤ੍ਰਿ ਸੰਹਿਤਾ ਅ: ੫ ॥ ਖਬੇ ਹਥ ਨਾਲ ਖਾਣਾ ਸ਼ਰਾਬ ਪੀਣੇ ਬਰਾਬਰ ਹੈ॥ (ਵ੍ਰਿਧ ਅਤ੍ਰਿ ਸੰਹਿਤਾ ਅ: ੫)

ਜੇ ਲੋਹੇ ਦੇ ਭਾਂਡੇ ਵਿਚ ਅੰਨ ਦਿਤਾ ਜਾਵੇ ਤਾਂ ਅੰਨ ਵਿਸ਼ਟਾ ਤੁਲਜ ਹੁੰਦਾ ਹੈ। ਖਬੇ ਹੱਥ ਨਾਲ ਖਾਣ ਵਾਲਾ ਨਰਕ ਨੂੰ ਜਾਂਦਾ ਹੈ ॥ ।ਅਤ੍ਰਿ ਸੰਹਿਤਾ ॥

ਨੋਟ - ਹਿੰਦੁਸਤਾਨ ਦੀਆਂ ਜੇਲਾ ਵਿਚ ਤਾਂ ਲੋਹੇ ਦੇ ਬਾਟੇ ਕੈਦੀਆਂ ਲਈ ਹਨ ॥ ਉਥੇ ਕੀ ਹਾਲ ? ਵਿਚਾਰੇ ਖਬਚੂ ਕੀ ਕਰਨ ? ਇਹ ਧਰਮ ਕਰਦੇ ਬੀ ਨਰਕੀਂ ਪਏ ਸਮਝੋ ॥

## ਚੌਂਕੇ, ਕਾਰਾਂ ਬਾਬਤ ਗੁਰੂ ਹੁਕਮ

ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥
ਸਚੁ ਸੰਜਮ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥
ਨਾਨਕ ਅਗੈ ਊਤਮ ਸੇਈ ਜਿ ਪਾਪਾ ਪੰਦਿ ਨ ਦੇਹੀ ॥

*(ਸਿਰੀ ਰਾਗ ਮਹਲਾ ੧-੯੧)*

ਸੁਇਨੇ ਕਾ ਚਉਕਾ ਕੰਚਨ ਕੁਆਰ ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥
ਗੰਗਾ ਕਾ ਉਦਕ ਕਰੰਤੇ ਕੀ ਆਗਿ ॥ ਗਰੁੜਾ ਖਾਣਾ ਦੁਧ ਸਿਉ ਗਾਡਿ ॥੧॥
ਰੇ ਮਨ ਲੇਖੈ ਕਬਹੂ ਨ ਪਾਇ ॥ ਜਾਮਿ ਨ ਭੀਜੈ ਸਾਚ ਨਾਇ ॥

(ਬਸੰਤ ਮਹਲਾ ੧-੧੧੬੮)

ਸਚਾ ਚਉਕਾ ਸੁਰਤਿ ਕੀ ਕਾਰਾ ॥ ਹਰਿ ਨਾਮੁ ਭੋਜਨੁ ਸਚੁ ਆਧਾਰਾ ॥
ਸਦਾ ਤ੍ਰਿਪਤਿ ਪਵਿਤ੍ਰ ਹੈ ਪਾਵਨੁ ਜਿਤੁ ਘਟਿ ਹਰਿਨਾਮੁ ਨਿਵਾਸੀ ਹੇ ॥

*(ਮਾਰੂ ਮਹਲਾ ੩-੧੦੪੮)*

ਸੋਈ ਕੁਚੀਲੁ ਕੁਦਰਤਿ ਨਹੀ ਜਾਨੈ ॥ ਲੀਪਿਐ ਥਾਇ ਨ ਸੁਚਿ ਹਰਿ ਮਾਨੈ ॥
ਅੰਤਰੁ ਮੈਲਾ ਬਾਹਰੁ ਨਿਤ ਧੋਵੈ । ਸਾਚੀ ਦਰਗਹ ਅਪਨੀ ਪਤਿ ਖੋਵੈ ॥

*(ਭੈਰਉ ਮਹਲਾ ੫-੧੧੫੧)*

ਸੂਚਨਾ - ਹਿੰਦੂ ਮਤ ਵਿਖੇ ਚੌਂਕੇ, ਕਾਰਾਂ ਦੀ ਥਾਂ ਇਕ ਚੌਕੀ ਕਾਰ (ਰਾਮ ਕਾਰ) ਬੀ ਮੰਨੀਦੀ ਹੈ । ਅਖੇ ! ਚਾਰ ਦੇਵਤੇ ਗਿਰਦੇ ਪਹਿਰਾ ਦਿੰਦੇ ਹਨ ਜੈਸਾ ਕਿ ਸ੍ਰੀ ਰਾਮ ਚੰਦ੍ਰ ਨੇ ਮੰਤ੍ਰ ਫੂਕ ਕੇ ਸੀਤਾ ਜੀ ਦੇ ਗਿਰਦੇ ਰਾਮ ਕਾਰ ਮਾਰੀ ਸੀ । ਗੁਰਬਾਣੀ ਵਿਖੇ ਉਸ ਦਾ ਖੰਡਣ ਹੈ '

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥
ਚਉਗਿਰਦ ਹਮਾਰੈ ਰਾਮ ਕਾਰ ਦੁਖ ਲਗੈ ਨ ਭਾਈ ॥

*(ਬਿਲਾਵਲ ਮਹਲਾ ੫-੮੧੯)*

ਤਥਾ :

ਗੁਰ ਕਾ ਸਬਦ ਰਖਵਾਰੇ ॥ ਚੌਕੀ ਚੌਗਿਰਦ ਹਮਾਰੇ ॥

*(ਸੋਰਠ ਮਹਲਾ ੫-੬੨੩)*

## ਚੁਲੀ (ਆਚਮਨ) ਜਾਂ ਪ੍ਰਤੱਗਯਾ

ਪਹਿਲਾਂ ਤਿੰਨ ਵਾਰੀ ਆਚਮਨ ਕਰਕੇ ਦੋ ਵਾਰੀ ਧੋਵੇ, ਅਰ ਨੱਕ, ਮੂੰਹ, ਕੰਨ, ਛਾਤੀ, ਅੱਖਾਂ ਨੂੰ ਪਾਣੀ ਨਾਲ ਧੋਵੇ। (ਮਨੂ ਅ: ੨ ਸਲੋਕ ੬੦)॥ ਆਚਮਨ ਕਰਨ ਵਿਚ ਬ੍ਰਾਹਮਣ ਨੂੰ ਛਾਤੀ ਤਾਂਈ ਅਰ ਖਤ੍ਰੀ ਨੂੰ ਗਲ ਤੀਕਰ। ਵੈਸ਼ ਦੇ ਜੀਭ ਤਾਂਈ ਪਾਣੀ ਪੈ ਜਾਵੇ॥ ਮਨੂ ਅ: ੨ ਸਲੋਕ ੬੨॥

ਸੂਚਨਾ - ਦੇਖੋ ! ਮੁਸਲਮਾਨ ਮਤ ਖੰਡਣ ਵਿਖੇ "ਵੁਜੂ" ਕਰਨਾ ਇਸੀ ਦੀ ਨਕਲ ਹੈ॥

ਨਾਨਕ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ॥
ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ॥
ਬ੍ਰਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ॥
ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥
ਪਾਣੀ ਚਿਤੁ ਨ ਧੋਪਈ ਮੁਖਿ ਪੀਤੈ ਤਿਖ ਜਾਇ॥
ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ॥

*(ਸਾਰੰਗ ਕੀ ਵਾਰ ਮਹਲਾ ੧-੧੨੪੦)*

ਸੂਚਨਾ - ਹਿੰਦੂ ਮਤ ਵਿਖੇ ਪਾਣੀ ਦੇ ਬੁਕ ਭਰਕੇ ਦਾਨ ਦੀ ਚੁਲੀ ਛਡਦੇ ਨੇ (ਬ੍ਰਹਮਣ ਇਸ ਦੇ ਅਰਥ ਕਰਦੇ ਨੇ ਕਿ ਚੁਲੀ ਛਡੌਣ ਨਾਲ ਅਸੀਂ ਲੇਖਾ ਪਤਾ ਦੇਣ ਤੋਂ ਬਰੀ ਹੁੰਦੇ ਹਾਂ) ਤਿਲਾਂਜਲੀ ਬੁਕ ਵਿਚ ਪਾਣੀ ਅਰ ਤਿਲ ਅਰ ਕੁਸ਼ਾ ਪਾ ਕੇ ਚੁਲੀ ਛਡਦੇ ਨੇ ਤੇ ਆਚਮਨ ਦਾ ਭਾਵ ਕੁਰਲੀ ਨਾਲ ਤਿੰਨ ਸੁੜਾਕੇ ਮਾਰਨੇ ਭੀ ਹਨ।

## ਤਿਲਕ ਮਹਾਤਮ

ਯਯਾਤੀ ਆਗਯਾ ਨਾਲ ਭੂਮੰਡਲ ਦੇ ਧਜਾਨ ਪ੍ਰਾਜਣ ਹੋਏ ਤਥਾ ਸਰਬ ਦੇ ਮੰਦਿਰ ਪਤਾਕਾ, ਚਕ੍ਰ, ਸੰਖ, ਪਦਮ, ਗਦਾ ਆਦਿ ਨਾਲ ਅੰਕਿਤ ਹੋਏ (ਦੇਖੋ ਪਦਮ ਪੁਰਾਣ ਭੂਮੀਖੰਡ ਅਧਯਾਯ ੧੯) ਸਾਲਗਰਾਮ ਚਿੰਨਹ ਅੰਕਿਤ ਬ੍ਰਾਹਮਣ ਸਮੀਪ ਸਰਾਧ ਕਰਨ ਦਾ ਉਤਮ ਸਥਾਨ ਹੈ। (ਪਦਮ ਪੁਰਾਣ, ਸ੍ਵਰਗ ਖੰਡ ਅ: ੧੦) ਚੰਡਾਲ ਬੀ "ਊਰਧ ਰੇਖਾ" ਤਿਲਕ ਛਾਪ ਲਾਵੇ ਤਾਂ ਨਿਰਸੰਦੇਹ ਸੁਧ ਆਤਮਾ ਹੋ ਜਾਂਦਾ ਹੈ (ਪਦਮ ਪੁਰਾਣ ਦਾ ਪਤਾਲ ਖੰਡ ੧੯) ਗੰਡਕਾਨਦੀ ਜਿਥੇ ਸਾਲਗ੍ਰਾਮ (ਜੰਞੂ ਵਾਲਾ ਪੱਥਰ) ਪੈਦਾ ਹੁੰਦਾ ਹੈ, ਉਥੇ ਨਿਤ ਨਾਰਾਯਣ ਵਸਦੇ ਹਨ। ਉਸ ਪਾਸ ਜੇਹੜਾ ਸੰਖ ਚਕ੍ਰ ਆਦਿ ਦੇ ਚਿੰਨ੍ਹ ਲਗਾ ਕੇ ਨਿੱਤ ਵਸਦਾ ਹੈ। ਓਹ ਮਰ ਕੇ 'ਚਤੁਰਭੁਜ' ਰੂਪ ਹੋ ਕੇ ਵਿਸ਼ਨੂ ਲੋਕ ਵਿਚ ਵਸਦਾ ਹੈ। (ਪਦਮ ਪੁਰਾਣ ਉਤ੍ਰ ਖੰਡ ਅ: ੧੫) ਊਰਧ ਪੁੰਡਰ (ਤਿਲਕ ਦਾ ਨਾਮ) ਵਿਚ ਲਛਮੀ ਸਮੇਤ ਭਗਵਾਨ ਬਿਰਾਜਦੇ ਹਨ। ਇਸ ਤੋਂ ਜੇਹੜਾ ਤਿਲਕ ਲਗਾਵੇ ਉਸ ਦਾ ਸਰੀਰ ਭਗਵਾਨ ਦਾ ਮੰਦਰ ਹੈ। ਤਾਂ ਤੇ ਬ੍ਰਾਹਮਣ ਦਾ ਤਿਲਕ 'ਊਰਧ ਪੁੰਡਰ' ਅਰ ਖਤ੍ਰੀ ਦਾ ਪੈਰ ਦਾ ਅਕਾਰ ਵਾਲਾ, ਵੈਸ਼ ਤੇ ਸ਼ੂਦ੍ਰ ਦਾ

ਤ੍ਰਿਪੁੰਡ ਤਿਲਕ ਹੋਵੇ (ਪਦਮ ਪੁਰਾ ਅ: ੨੫੫)

ਸੂਚਨਾ- ਹਿੰਦੂ ਮਤ ਵਿਖੇ ਤਿਲਕਾਂ ਦਾ ਬਹੁਤ ਹੀ ਝੇੜਾ ਹੈ । ਹਰ ਇਕ ਹਿੰਦੂ ਫਿਰਕੇ ਦਾ ਵਖਰਾ ਤਿਲਕ ਤੇ ਉਸ ਦਾ ਫਲ ਹੈ । ਨਿਮਬਾਰਕੀ ਹਿੰਦੂ ਬਾਹਰਲੇ ਚਿੰਨ੍ਹ ਅੰਗਰੇਜੀ 'ਯੂ' ਜਾਂ ਘੋੜੇ ਦੀ ਖੁਰੀ ਦੀ ਸ਼ਕਲ ਦਾ ਪੀਲਾ ਤੇ ਅੰਦਰ ਇੱਕ ਕਾਲੀ ਬਿੰਦੀ । ਤੇ ਰਾਮਾਨੁਜੀਏ ਵੈਸ਼ਨੋਂ ਕਾਲਾ ਤੇ ਅੰਦਰ ਉਰਦੂ ਦੇ ਏਕੇ ਦੀ ਤਰ੍ਹਾਂ ਲਾਲ । ਲਛਮੀ ਮਾਧਵ, ਬਾਹਰ ਲਾਲ ਤੇ ਅੰਦਰ ਕਾਲਾ ਏਕਾ । ਸ੍ਵਾਮੀ ਨਾਰਾਇਣ ਵਾਲੇ ਲਾਲ ਤੇ ਬਿੰਦੀ ਵੀ ਲਾਲ । ਤੈਗਾਲੀ ਰਾਮਾਨੁਜੀਏ ਅੰਦਰ ਲਾਲ ਤੇ ਬਾਹਰੋਂ ਚਿਟਾ । ਵੀਰ ਵਿਸ਼ਨਾ ਦਾ ਮੂੰਗਲੀ ਦੀ ਤਰ੍ਹਾਂ ਸਾਰਾ ਹੀ ਕਾਲਾ ਹੁੰਦਾ ਹੈ । ਚੇਤਨੀਆਂ ਦਾ ਤਿਲਕ ਸਾਰਾ ਪੀਲਾ ਬੰਦ ਕੈਂਚੀ ਦੀ ਤਰ੍ਹਾਂ ਦਾ ਹੁੰਦਾ ਹੈ । ਇਸ ਤਰ੍ਹਾਂ ਹਿੰਦੂਆਂ ਦੇ ਹਰ ਇਕ ਫਿਰਕੇ ਦੇ ਅੱਡੋ ਅੱਡ ਸ਼ਕਲਾਂ ਤੇ ਰੰਗਾ ਦੇ ਤਿਲਕ ਹੁੰਦੇ ਹਨ ।

## ਗੁਰਵਾਕ

ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥ *(ਆਸਾ ਮਹਲਾ ੧-੪੬੧)*

ਦੇਹੀ ਧੋਵੈ ਚਕ੍ਰ ਬਣਾਏ ਮਾਇਆ ਨੋ ਬਹੁ ਧਾਵੈ ॥
ਅੰਦਰਿ ਮੈਲੁ ਨ ਉਤਰੈ ਹਉਮੈ ਫਿਰ ਫਿਰ ਆਵੈ ਜਾਵੈ ॥

*(ਵਾਰ ਰਾਮਕਲੀ ਮਹਲਾ ੫-੧੧੫੧)*

ਚਕ੍ਰ ਬਣਾਇ ਕਰੈ ਪਾਖੰਡ ॥ ਝੁਰਿ ਝੁਰਿ ਪਚੈ ਜੈਸੇ ਤ੍ਰਿਅ ਰੰਡ ॥

*(ਭੈਰਉ ਮਹਲਾ ੫-੧੧੫੧)*

ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥ ਲੋਗਨ ਰਾਮੁ ਖਿਲਉਨਾ ਜਾਨਾਂ ॥ ੧ ॥
ਜਉ ਹਉ ਬਉਰਾ ਤਉ ਰਾਮ ਤੋਰਾ ॥ ਲੋਗੁ ਮਰਮੁ ਕਹ ਜਾਨੈ ਮੋਰਾ ॥ ੧ ॥ ਰਹਾਉ ॥
ਤੋਰਉ ਨ ਪਾਤੀ ਪੂਜਉ ਨ ਦੇਵਾ ॥ ਰਾਮ ਭਗਤਿ ਬਿਨੁ ਨਿਹਫਲ ਸੇਵਾ ॥

*(ਭੈਰਉ ਕਬੀਰ-੧੧੫੮)*

## ਛੂਤ ਛਾਤ ਦਾ ਭੂਤ

ਜੋ ਇਸਤ੍ਰੀ ਹੈਜ਼ ਵਾਲੀ ਹੋਵੇ ਜਾਂ ਗਰਬ ਪਤਤ ਹੋਵੇ ਉਸ ਦੇ ਹਥੋਂ ਅੰਨ ਨਾ ਖਾਵੇ ਅਰ ਜੋ ਕੁੱਤੇ ਦਾ ਛੋਹਿਆ (ਕੁੱਤੇ ਨਾਲ ਲੱਗਾ) ਅੰਨ ਹੋਵੇ ਨਾ ਖਾਵੇ ॥ (ਮਨੂ ਅ: ੪ ਸ: ੨੦੮) ਭਾਵ ਹਿੰਦੂ ਮਿਰਜਾਦਾ ਮੁਜਬ ਹੈਜ਼ (ਰਿਤੂ) ਦੇ ਦਿਨਾਂ ਵਿਚ ਇਸਤ੍ਰੀ ਪਾਸੋਂ ਰੋਟੀ ਨਾ ਖਾਓ ਔਰ ਕੁੱਤੇ ਨਾਲ ਲਗਾ ਅਨਾਜ ਅਪਵਿਤਰ ਹੈ ਓਹ ਨਹੀਂ ਖਾਣਾ ਚਾਹੀਏ । ਸ਼ਕਾਰੀ, ਦੁਖੀਆ, ਜ਼ਾਲਮ, ਚੁਗਲ ਖੋਰ, ਕ੍ਰਿਤਘਣ, ਨਟ, ਲੁਹਾਰ, ਤਰਖਾਣ, ਧੋਬੀ, ਨੀਲਾਰੀ, ਕਸਾਈ, ਦੂਜੇ ਖਾਵਿੰਦ ਵਾਲੀ ਇਸਤ੍ਰੀ, ਬਿਭਚਾਰਨ ਇਸਤ੍ਰੀ, ਰਾਜਾ, ਸੂਦਰ, ਸੁਨਾਰ, ਚਮਾਰ, ਜੁਆਰੀ, ਬਨੀਆਂ ਇਨ੍ਹਾਂ ਦੇ ਘਰ ਦਾ ਅਨਾਜ ਲੈ ਕੇ ਨਾ ਖਾਵੋ । (ਮਨੂ ਅ: ੪ ਸਲੋਕ ੨੧੨ ਤੋਂ ੨੨੦

ਤੀਕਰ) ਭਾਵ ਇਨ੍ਹਾਂ ਦੇ ਘਰ ਦਾ ਸੁੱਕਾ ਸੀਧਾ ਤਥਾ ਅਨਾਜ ਖਾਣਾ ਹੀ ਅਪਵਿਤ੍ਰਤਾ ਵਿਚ ਸ਼ਾਮਲ ਹੈ। ਅਰਥਾਤ ਛੂਹ ਚੜ੍ਹ ਜਾਂਦੀ ਹੈ। ਸੂਦ੍ਰ ਦਾ ਅੰਨ ਲਹੂ ਦੇ ਬਰਾਬਰ ਹੈ। ਔਰ ਜੇ ਸੂਦ੍ਰ ਦਾ ਅੰਨ ਪੇਟ ਵਿਚ ਹੁੰਦਿਆਂ ਭੋਗ ਕਰੇ ਤਾਂ ਜੋ ਉਲਾਦ ਪੈਦਾ ਹੋਊਗੀ ਓਹ ਸੂਦ੍ਰ ਹੀ ਸਮਝੀ ਜਾਸੀ ॥ (ਲਘੂ ਅਤ੍ਰਿ ਸੰਹਿਤਾ ਅ: ੫)

## ਗੁਰਵਾਕ

ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥
ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥
ਸੂਚੇ ਏਹਿ ਨ ਆਖੀਅਹਿ ਬਹਿਨ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥ *(ਵਾਰ ਆਸਾ ਮਹਲਾ ੧-੪੭੨)*
ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥
ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥

*(ਸਿਰੀ ਰਾਗੁ ਮਹਲਾ ੧-੧੫)*

ਜੂਠਿ ਨ ਰਾਗੀ ਜੂਠਿ ਨ ਵੇਦੀਂ ॥ ਜੂਠਿ ਨ ਚੰਦ ਸੂਰਜ ਦੀ ਭੇਦੀ ॥
ਜੂਠਿ ਨ ਅੰਨੀ ਜੂਠਿ ਨ ਨਾਈ ॥ ਜੂਠਿ ਨ ਮੀਹੁ ਵਰ੍ਹਿਐ ਸਭ ਥਾਈ ॥
ਜੂਠਿ ਨ ਧਰਤੀ ਜੂਠਿ ਨ ਪਾਣੀ ॥ ਜੂਠਿ ਨ ਪਉਣੈ ਮਾਹਿ ਸਮਾਣੀ ॥
ਨਾਨਕ ਨਿਗੁਰਿਆ ਗੁਣੁ ਨਾਹੀ ਕੋਇ ॥ ਮੁਹਿ ਫੇਰਿਐ ਮੁਹੁ ਜੂਠਾ ਹੋਇ ॥

*(ਸਾਰੰਗ ਵਾਰ ਮਹਲਾ ੧-੧੨੪੦)*

ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ ॥
ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ ॥
ਕਹੁ ਪੰਡਿਤ ਸੂਚਾ ਕਵਨੁ ਠਾਉਂ ॥ ਜਹਾਂ ਬੈਸਿ ਹਉ ਭੋਜਨ ਖਾਉ ॥ ਰਹਾਉ॥
ਜਿਹਬਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭਿ ਜੂਠੇ ॥
ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ ॥
ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸ ਪਕਾਇਆ ॥
ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ ॥
ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ ॥
ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ॥

*(ਬਸੰਤ ਕਬੀਰ-੧੧੯੫)*

ਐਸੇ ਸੰਤ ਨ ਮੋਕਉ ਭਾਵਹਿ ॥ ਡਾਲਾ ਸਿਉ ਪੇਡਾ ਗਟਕਾਵਹਿ ॥ ੧ ॥ ਰਹਾਉ ॥
ਬਾਸਨੁ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥
ਬਸੁਧਾ ਖੋਦਿ ਕਰਹਿ ਦੁਇ ਚੂਲੇ ਸਾਰੇ ਮਾਣਸ ਖਾਵਹਿ ॥ ੨ ॥
ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ॥
ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥

*(ਆਸਾ ਕਬੀਰ-੪੭੬)*

ਬ੍ਰਹਮਣ ਭੁਲਕੇ ਮਲੇਛ (ਮੁਸਲਮਾਨ ਜਾਂ ਚੂਹੜੇ) ਦੇ ਘਰੋਂ ਖਾਵੇ ਤਾਂ ਧਰਮ ਤੋਂ ਪਤਤ ਹੋ ਜਾਂਦਾ ਹੈ , ਜੇ ਜਾਣ ਕੇ ਖਾਵੇ ਤਾਂ ਉਨ੍ਹਾਂ ਜੈਸਾ ਹੀ ਹੈ । (ਮਨੂ ਅ: ੧੧ ਸਲੋਕ ੧੭੫) ਪਤਤ ਮਨੁਖ ਨਾਲ ਜੇ ਕੋਈ ਸਾਲ ਪ੍ਰਯੰਤ ਇਕ ਸਵਾਰੀ ਯਾ ਇਕ ਆਸਨ ਅਥਵਾ ਦਰੀ ਪਰ ਬੈਠੇ, ਜਾਂ ਇਕੋ ਚੌਂਕੇ ਵਿਚ ਖਾਵੇ ਤਾਂ ਉਸੀ ਜੇਹਾ ਹੈ । ਕੋਈ ਭ੍ਰਿਸ਼ਟ ਯੱਗ ਕਰਾਵੇ, ਯਾਂ ਜਨੇਊ ਪਵਾ ਕੇ ਗਾਇਤ੍ਰੀ ਸੁਣਾਵੇ ਯਾ ਵਿਆਹ ਆਦਿ ਸਾਕਾਦਾਰੀ ਕਰੇ ਤਾਂ ਛੇਤੀ ਉਸੀ ਦੇ ਤੁਲਯ ਹੋ ਜਾਂਦਾ ਹੈ ॥ (ਮਨੂ ਅ: ੧੧ ਸ: ੧੯੦) ਜਿਸ ਗੱਡੀ ਨੂੰ ਗਧਾ ਜਾਂ ਉਠ ਜੋਇਆ ਹੋਵੇ ਜੇ ਕੋਈ ਮਰਜੀ ਨਾਲ ਉਸ ਪਰ ਸਵਾਰ ਹੋ ਜਾਂ ਨਗਨ ਹੋ ਕੇ ਨਹਾਵੇ ਤਾਂ ਪ੍ਰਾਣਾਯਾਮ ਕਰੇ ॥ (ਮਨੂ ਅ: ੧੧ ਸ: ੨੦੧)

ਸੂਦ੍ਰ ਦਾ ਅੰਨ ਖਾ ਕੇ ਬ੍ਰਾਹਮਣ ਸਤ ਜਨਮ ਕੁੱਤਾ ਹੁੰਦਾ ਹੈ । ਨੌ ਜਨਮ ਸੂਰ ਬਣਦਾ ਹੈ । ਅਠ ਜਨਮ ਗਿਰਜ ਹੁੰਦਾ ਹੈ । (ਵ੍ਰਿਧ ਅਤ੍ਰਿ ਸੰਹਿਤਾ) ਜੇ ਸੂਦ੍ਰ ਦਾ ਅੰਨ ਪੇਟ ਵਿਚ ਹੋਵੇ ਔਰ ਉਸ ਵੇਲੇ ਬ੍ਰਾਹਮਣ ਮਰ ਜਾਵੇ, ਤਾਂ ਪਿੰਡ ਦਾ ਸੂਰ ਜਾਂ ਕੁੱਤਾ ਬਣਦਾ ਹੈ । (ਆਪਸਤੰਬ) ਸਿਮ੍ਰਿਤੀ ਅ: )

ਸੂਚਨਾ- ਸ਼ੋਕ ਹੈ ! ਸਰਾਧਾਂ ਵਿਚ ਬ੍ਰਾਹਮਣ ਲੋਕ ਸੂਦ੍ਰਾਂ ਦੇ ਘਰਾਂ ਦਾ ਅੰਨ ਖਾਈ ਜਾਂਦੇ ਨੇ, ਹਿੰਦੂ ਸੰਸਕਾਰ ਅਨੁਸਾਰ ਜਿਮੀਂਦਾਰ ਲੋਕ ਬੀ (ਹਿੰਦੂ ਕਹਾਉਣ ਵਾਲੇ) ਥੂਦ੍ਰ ਹੀ ਹੋ ਸਕਦੇ ਹਨ, ਕਿਉਂਕਿ ਇਨ੍ਹਾਂ ਦੇ ਜੰਞੂ ਆਦਿ ਕੋਈ ਨਹੀਂ, ਵੈਸ ਜਾਂ ਖਤ੍ਰੀ ਚਿੰਨ੍ਹ ਬੀ ਕੋਈ ਨਹੀਂ ਹੈ, ਪਤਾ ਨਹੀਂ ਫਿਰ ਬ੍ਰਾਹਮਣ ਕਿਉਂ ਇਨ੍ਹਾਂ ਦਾ ਅੰਨ ਖਾਂਦੇ ਹਨ ? ॥

### ਇਸ ਪਰ ਗੁਰੂ ਹੁਕਮ

ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥
ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ ॥
ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ ॥
ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ ॥
ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾਂ ਪਾਇਆ ਘਿਰਤ ॥
ਤਾ ਹੋਆ ਪਾਕੁ ਪਵਿਤੁ ॥

ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥
ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥
ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥

*(ਵਾਰ ਆਸਾ ਮਹਲਾ ੧-੪੭੩)*

ਤਨੁ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ ॥
ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ ॥ *(ਸਿਰੀ ਰਾਗੁ ਮਹਲਾ ੧-੧੯)*
ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥
ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥

*(ਸਿਰੀ ਰਾਗ ਮਹਲਾ ੧-੫੫)*

ਕਾਇਆਂ ਸੋਚ ਨ ਪਾਈਐ ਬਿਨੁ ਹਰਿ ਭਗਤਿ ਪਿਆਰ ॥

*(ਸਿਰੀ ਰਾਗੁ ਮਹਲਾ ੧-੫੬)*

ਅੰਮ੍ਰਿਤੁ ਖਾਣਾ ਅੰਮ੍ਰਿਤੁ ਪੈਨਣਾ ਨਾਨਕ ਨਾਮੁ ਵਡਾਈ ਹੋਇ ॥

*(ਗੁਜਰੀ ਕੀ ਵਾਰ ਮਹਲਾ ੩-੫੧੧)*

ਸੇਈ ਸਾਹ ਭਗਵੰਤ ਸੇ ਸਚੁ ਸੰਪੈ ਹਰਿ ਰਾਸਿ ॥
ਨਾਨਕ ਸਚੁ ਸੁਚਿ ਪਾਈਐ ਤਿਹ ਸੰਤਨ ਕੈ ਪਾਸਿ ॥

*(ਗਉੜੀ ਮਹਲਾ ੫-੨੫੦)*

ਕੋਟਿ ਦਾਨ ਇਸਨਾਨੰ ਅਨਿਕ ਸੋਧਨ ਪਵਿਤ੍ਰ ਤਹ ॥
ਉਚਰੰਤਿ ਨਾਨਕ ਹਰਿ ਹਰਿ ਰਸਨਾ ਸਰਬ ਪਾਪ ਬਿਮੁਚਤੇ ॥

*(ਜੈਤਸਰੀ ਮਹਲਾ ੫-੭੦੬)*

## ਪ੍ਰਾਯਸਚਿੱਤ ਕਰਮ

ਹਿੰਦੂ ਧਰਮ ਵਿਚ ਪ੍ਰਾਯਸਚਿੱਤ ਭਾਵ ਪਾਪਾਂ ਦੀ ਨਵਿਰਤੀ ਲਈ ਧਾਰਮਕ ਦੰਡ ਇਸ ਤਰ੍ਹਾਂ ਨਿਯਤ ਹੈ ॥ ਸ਼ਰਾਬ ਪੀਣ ਵਾਲੇ ਲਈ ਇਹ ਦੰਡ ਹੈ ਕਿ ਗਊ ਮੂਤਰ ਜਾਂ ਗਊ ਦਾ ਦੁੱਧ, ਜਾਂ ਗਊ ਦਾ ਘਿਉ ਜਾਂ ਗੋਹਾ, ਕਿਸੇ ਇਕ ਨੂੰ ਐਸਾ ਤੱਤਾ ਕਰਕੇ ਪਿਲਾਵੇ ਕਿ ਉਸ ਨਾਲ ਓਹ ਮਰ ਹੀ ਜਾਵੇ ਤਾਂ ਪਵਿਤਰ ਹੁੰਦਾ ਹੈ ॥ ਮ:ਅ:੧੧ਸ:੯੧) ਮਾਤਾ ਨਾਲ ਭੋਗ ਕਰਨ ਵਾਲਾ ਅਪਨਾ ਆਪ ਦਸਕੇ ਤੱਤੇ ਹੋਏ ਲੋਹੇ ਦੀ ਮੰਜੀ ਉਤੇ, ਜਾਂ ਲੋਹੇ ਦੀ ਇਸਤ੍ਰੀ ਬਣਾ ਕੇ ਉਸ ਨੂੰ ਅਗਨ ਵਤ ਲਾਲ ਕਰਕੇ ਉਸ ਨੂੰ ਜੱਫੀ ਵਿਚ ਘੁਟੇ, (ਮਨੂ ਅ: ੧੧ ਸ: ੧੦੩) ਅਥਵਾ ਇੰਦ੍ਰੀ ਜਾਂ ਪਤਾਲੂ ਵੱਢਕੇ ਤੇ ਤਲੀ ਪਰ ਧਰਕੇ, ਦਖਣ ਵਲ ਤੁਰੀ ਹੀ ਜਾਵੇ । (ਮਨੂ

ਅ: ੧੧ ਸ: ੧੦੪) ਪਿੰਡ ਦਾ ਸੂਰ, ਊਠ, ਕਾਂ, ਗਿੱਦੜ, ਇਨ੍ਹਾਂ ਦਾ ਪੇਸ਼ਾਬ ਜਾਂ ਵਿਸ਼ਟਾ ਖਾਧਿਆਂ ਬ੍ਰਾਹਮਣ ਖਤ੍ਰੀ ਚੰਦ੍ਰਾਇਣ ਵਰਤ ਕਰੇ ॥ (ਮਨੂ ਅ: ੧੧ ਸ: ੧੫੫) ਸੁਤਾ ਉਠਕੇ ਨਿਛੇ (ਛਿੱਕੇ) ਭੋਜਨ ਖਾ ਕੇ ਝੂਠ ਬੋਲਕੇ (ਸੁਧ ਹੋ ਕੇ ਬੀ) ਆਚਮਨ ਕਰੇ। (ਮਨੂ ਅ: ੫ ਅੰਕ ੧੪੫) ਵਿਭਚਾਰਨ ਇਸਤ੍ਰੀ ਹੈਜ਼ ਤੋਂ ਸੁੱਚੀ ਮੰਨੀ ਗਈ ਹੈ। (ਦੇਖੋ ਮਨੂ ਅ: ੫ ਅੰਕ ੧੦੯)

ਸੂਚਨਾ - ਇਹ ਹਨ ਹਿੰਦੂ ਧਰਮ ਸ਼ਾਸਤ੍ਰਾਂ ਦੇ ਮਸਲੇ ਜੋ ਬਿਭਚਾਰ ਨੂੰ ਹੈਜ਼ ਤੋਂ ਹੀ ਸੁੱਧ ਮੰਨ ਲਿੱਤਾ ਔਰ ਝੂਠ ਬੋਲਣ ਵਾਲੇ ਨੂੰ ਪਾਣੀ ਦੀ ਕੁਰਲੀ ਨਾਲ ਸੁੱਚਾ ਬਣਾ ਲਿੱਤਾ ਪਰੰਤੂ ਸੂਦ੍ਰ ਦਾ ਅੰਨ ਵਿਸ਼ਟਾ ਤੋਂ ਬੀ ਭਰਿਸ਼ਟ ਸਿੱਧ ਕੀਤਾ ॥ ਜੋ ਬ੍ਰਾਹਮਣ ਦਰਖਤ ਪਰ ਚੜ੍ਹਿਆ ਹੋਯਾ ਫਲ ਖਾਂਦਾ ਹੋਵੇ ਔਰ ਦਰਖਤ ਦੀ ਜੜ ਨੂੰ ਚੰਡਾਲ ਛੋਹ ਦੇਵੇ ਤਾਂ ਬ੍ਰਾਹਮਣ ਨੂੰ ਸੁੱਧੀ ਲਈ ਪ੍ਰਾਯਸ਼ਚਿਤ ਕਰਨ ਚਾਹੀਏ ॥ (ਲਘੁ ਅਤ੍ਰਿ ਸੰਹਿਤਾ ਅ: ੫)

## ਨਾਮ ਜਪੇ ਬਿਨਾ ਪ੍ਰਾਯਸਚਿਤ (ਪਾਪ) ਨਹੀਂ ਉਤਰ ਸਕਦੇ

ਸਗਲ ਪਰਾਛਤ ਲਾਥੇ ॥ ਮਿਲਿ ਸਾਧੂ ਸੰਗਤ ਕੈ ਸਾਥੇ ॥

*(ਸੋਰਠ ਮਹਲਾ ੫-੬੨੧)*

ਪੁਨਾ -

ਜਿਉ ਪਾਵਕ ਸੰਗ ਸੀਤ ਕੋ ਨਾਸ ॥ ਐਸੇ ਪ੍ਰਾਛਤ ਸੰਤ ਸੰਗਿ ਬਿਨਾਸ ॥
ਜਿਉ ਸਾਬੁਨਿ ਕਾਪਰ ਊਜਲ ਹੋਤ ॥ ਨਾਮ ਜਪਤ ਸਭੁ ਭ੍ਰਮੁ ਭਉ ਖੋਤ ॥

*(ਰਾਮਕਲੀ ਮਹਲਾ ੫-੯੧੪)*

ਹਰਿ ਹਰੇ ਹਰਿ ਮੁਖਹੁ ਬੋਲਿ ਹਰਿ ਹਰੇ ਮਨਿ ਧਾਰੇ ॥ ੧ ॥ ਰਹਾਉ ॥
ਸ੍ਰਵਨ ਸੁਨਨ ਭਗਤਿ ਕਰਨ ਅਨਿਕ ਪਾਤਿਕ ਪੁਨਹ ਚਰਨ ॥

*(ਸਾਰੰਗ ਮਹਲਾ ੫-੧੨੩੦)*

## ਅਹਿੰਸਾ ਕਰਮ

ਹਰ ਇਕ ਪਰ ਦਇਆ ਕਰਨੀ ਉਤਮ ਕਰਮ ਹੈ ਪਰੰਤੂ ਹਿੰਦੂ ਮਤ ਦਾ ਅਹਿੰਸਾ ਦੇ ਅਰਥ ਹਿੰਸਾ ਨਿਕਲਦੇ ਹਨ ਜਿਹਾ ਕਿ - ਲਸਨ, ਗਾਜਰ, ਗੱਠਾ, ਖੁੰਬ, ਔਰ ਰੇਹ (ਖਾਤ) ਪਾ ਕੇ ਪੈਦਾ ਕੀਤਾ ਸਾਗ ਨਾ ਖਾਵੇ, ਦੇਵਤਾ ਨੂੰ ਚੜ੍ਹਾਏ ਬਿਨਾਂ ਮਾਸ ਨਾ ਖਾਵੇ ॥ ਜੇ ਮਾਸ ਖਾਣਾ ਹੋਵੇ ਤਾਂ ਪਾਠੀਨ ਔਰ ਰੋਹੂ ਮੱਛੀ ਦਾ ਖਾਵੇ। ਹੋਰ ਮੱਛੀ ਨਾ ਖਾਵੇ। ਸੇਹ, ਗੋਹ, ਕਛੂ ਸਾਹਾ ਅਤੇ ਊਠ ਬਿਨਾ ਸ਼ੰਕਾ ਖਾਵੇ ॥ (ਮਨੂ ਅ: ੫ ਸ਼ਲੋਕ ਪੰਜ ਤੋਂ ਇਕਤਾਲੀ ਤਕ) ਵੇਦ ਅਨੁਸਾਰ ਪਸ਼ੂ ਮਾਰਨਾ ਹਿੰਸਾ ਨਹੀਂ (ਮਨੂ ਅ: ੫ ਸ: ੪੪)

ਬੇਦ ਪੜੈ ਮੁਖਿ ਮੀਠੀ ਬਾਣੀ ॥ ਜੀਆਂ ਕੁਹਤ ਨ ਸੰਗੈ ਪਰਾਣੀ ॥
ਕਹੁ ਨਾਨਕ ਜਿਸੁ ਕਿਰਪਾ ਧਾਰੈ ॥ ਹਿਰਦਾ ਸੁਧ ਬ੍ਰਹਮੁ ਬੀਚਾਰੈ ॥

*(ਗਉੜੀ ਮਹਲਾ ੫-੨੦੧)*

ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥

*(ਗਉੜੀ ਮਹਲਾ ੫-੩੨੨)*

ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥

*(ਸਾਰੰਗ ਪ੍ਰਮਾਨੰਦ-੧੨੫੩)*

ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ॥

*(ਰਾਮ ਕਲੀ ਮਹਲਾ ੧-੯੪੦)*

## ਮੰਤ੍ਰ, ਯੰਤ੍ਰ(ਜਾਦੂ) ਚੇਟਕ, ਨਾਟਕ ਆਦਿ

ਅਥਰਬ ਤੇ ਅੰਗਰਾ ਰਿਖੀ ਨੇ ਜੇਹੜਾ ਮਾਰਨ ਦਾ ਜਾਦੂ ਦਸਿਆ ਹੈ । ਬ੍ਰਾਹਮਣ ਉਸਨੂੰ ਕਰੇ ਬ੍ਰਾਹਮਣ ਦਾ ਸ਼ਸਤ੍ਰ ਬਾਣੀ (ਜਾਦੂ ਮੰਤ੍ਰ ਯੰਤ੍ਰ) ਹੈ ਉਸ ਨਾਲ ਵੈਰੀ ਨੂੰ ਮਾਰੇ (ਮਨੂ ਅ: ੧੧ ਸ: ੩੩)

ਮੰਤ੍ਰਾਂ ਦੇ ਬਲ ਕਰਕੇ ਰਿੱਧੀ ਸਿੱਧੀ ਮਿਲ ਸਕਦੀ ਹੈ । ਸ਼ਤਰੂਆਂ ਦਾ ਨਾਸ ਹੋ ਜਾਂਦਾ ਹੈ ਦੇਵਤੇ ਵਸ ਹੁੰਦੇ ਹਨ । ਮੰਤ੍ਰ ਜੰਤ੍ਰ ਤੰਤ੍ਰ ਦ੍ਵਾਰਾ ਮਨਬਾਂਛਿਤ ਫਲ ਮਿਲ ਸਕਦੇ ਹਨ । (ਦੇਖੋ ! ਮੰਤ੍ਰ ਮਹੋਦਧੀ ਔਰ ਮਹਾਂ ਨਿਬਾਣਤੰਤ੍ਰ)

ਸੂਚਨਾ - ਜਿਨ੍ਹਾਂ ਰਿੱਧੀਆਂ ਸਿਧੀਆਂ ਹਿਤ ਮੰਤ੍ਰਾਂ ਤੰਤ੍ਰਾਂ ਦਾ ਜ਼ੋਰ ਹੈ ਓਹ ਹਿੰਦੂ ਗ੍ਰੰਥਾਂ ਵਿਚ ਇਕਰ ਦੀ ਦੱਸੀਆਂ ਹਨ ।

### ਅਠਾਰਾਂ ਸਿੱਧੀਆਂ ।

੧. ਅਨਿਮਾ ਸਿਧੀ, (ਸਾਰੇ ਫੈਲ ਜਾਣਾ) ੨. ਮਹਿਮਾ (ਬਾਮਨ ਅਵਤਾਰ ਵਤ ਅਪਣੇ ਤਨ ਦਾ ਵਿਥਾਰ ਕਰਨਾ) ੩. ਲਘਿਮਾ (ਹਨੂਮਾਨ ਵਤ ਸਰੀਰ ਦਾ ਲਘ ਕਰ ਲੈਣਾ) ੪. ਪ੍ਰਾਪਤੀ ਸਿੱਧੀ (ਮਨ ਬਾਂਛਤ ਭੋਗੋਂ ਕੀ ਪ੍ਰਾਪਤੀ) । ੫. ਪ੍ਰਕਾਮਜ ਸਿੱਧੀ (ਦੂਰ ਸੇ ਸਭ ਵਸਤੂਓਂ ਕੋ ਦੇਖਣਾ) । ੬. ਈਸਤਾ ਸਿੱਧੀ (ਸਰਬ ਕੋ ਪ੍ਰੇਰਨਾ) । ੭. ਬਸਿਤਾ ਸਿੱਧੀ (ਇਛਾ ਪੂਰਨ ਕਰਨਾ) ੮. ਗਰਮਾ ਸਿੱਧੀ (ਅਤਜੰਤ ਬੋਝਲ ਹੋ ਜਾਣਾ), ਇਹ ਅੱਠ ਮੁੱਖ ਸਿੱਧੀਆਂ ਹਨ, ਅਤੇ ਨੌਮੀ ੯. ਅਨੂਰੁਮੀ ਸਿਧੀ (ਭੁਖ ਤ੍ਰਿਖਾ ਨਾ ਲਗਣੀ) ੧੦. ਸ਼੍ਰਵਣ ਸਿੱਧੀ (ਦੂਰ ਬੈਠੇ ਸਭ ਦੀ ਬਾਤ ਸੁਣਨੀ) ੧੧. ਦੂਰ ਦ੍ਰਸ਼ਨ ਸਿੱਧੀ (ਦੂਰ ਤੋਂ ਸਭ ਨੂੰ ਅੱਖੀ ਦੇਖਣਾ) ੧੨. ਮਨੋਵੇਗ ਸਿੱਧੀ (ਜਹਾਂ ਚਾਹਨਾ ਗਮਨ ਕਰਨਾ) ੧੩. ਕਾਮ ਰੂਪ ਸਿਧੀ (ਹੋਰ ਰੂਪ ਧਾਰ ਲੈਣਾ) ੧੪. ਪ੍ਰਵੇਸ਼ ਸਿੱਧੀ (ਦੂਸਰੇ ਦੇ ਸਰੀਰ ਮੇਂ ਪ੍ਰਵੇਸ਼ ਕਰਨਾ) ੧੫. ਮ੍ਰਿਤਜੂ ਸਿਧੀ (ਸ੍ਵੈ-ਇੱਛਾ ਅਨੁਸਾਰ ਦੇਹ ਤਿਆਗਨੀ) ੧੬. ਸੁਰ ਕ੍ਰੀੜਾ ਦਰਸ਼ਨ ਸਿੱਧੀ (ਅੱਪਛਰਾਂ ਸੇ ਮਿਲਕੇ ਦੇਵਨ ਕੋ ਦੇਖਣਾ) ੧੭.ਸੰਕਲਪ ਸਿੱਧੀ (ਚਿਤਵਨੀ ਪੂਰੀ ਕਰ ਲੈਣਾ) ੧੮. ਅਪ੍ਰਿਤਿ ਹਤ ਗਤਿ ਸਿਧੀ (ਜਹਾਂ ਖੁਸ਼ੀ ਤਹਾਂ ਚਲੇ ਜਾਣਾ) ॥

ਨੌਂ ਨਿਧੀਆਂ - ੧. ਪਦਮਨਿ ਨਿਧਿ । (ਸੋਨੇ ਦਾ ਵਪਾਰ ਔਰ ਦੇਵ ਮੰਦਰ ਬਣਾਉਣੇ, ਤੇ ਸ੍ਰੇਸ਼ਟ ਆਚਰਣ ਵਾਲਾ ਹੋਣਾ) ੨. ਮਹਾਂ ਪਦਮ ਨਿਧਿ (ਮੋਤੀ ਮੂੰਗੇ, ਹੀਰੇ ਜਵਾਹਰ ਮਾਣਕਾਂ ਦੀ ਸੁਦਾਗਰੀ ਕਰਨੀ) ੩. ਮਕਰ ਨਿਧਿ (ਬਾਦਸ਼ਾਹਾਂ ਨਾਲ ਮੇਲ ਅਤੇ ਸ਼ਸਤ੍ਰਾਂ ਦੀ ਸੁਦਾਗਰੀ ਕਰਨੀ) ੪. ਕਛਪ ਨਿਧਿ ਅੰਨ, ਘੀ, ਗੁੜ ਆਦਿ ਦਾ ਬਿਉਪਾਰ ਕਰਨਾ ਔਰ ਧਨ ਕਿਤੇ ਖਰਚ ਨਾ ਕਰਨਾ) ੫. ਮੁਕੰਦ ਨਿਧਿ (ਸਰਬ ਪ੍ਰਕਾਰ ਦੇ ਵਾਜੇ ਸੰਗ੍ਰਹਿ ਕਰਨੇ ਵੇਸਵਾ ਭੋਗਨਾ) ੬. ਕੁੰਦ ਨਿਧਿ (ਧਾਤੂਆਂ ਰਤਨਾ ਦਾ ਬਿਉਪਾਰ ਅਪਮਾਨ ਸਹਾਰਾਨਾ ਸੰਤਾਨ ਅੱਛੀ ਹੋਣੀ) ੭. ਨੀਲ ਨਿਧਿ (ਬਸਤ੍ਰ, ਕਪਾਹ, ਅੰਨ, ਫਲ, ਪੁਸ਼ਪ, ਮੋਤੀ, ਮੂੰਗੇ, ਸੰਖ, ਸਿੱਪੀਆਂ, ਲੱਕੜੀਆਂ ਦੀ ਸੁਦਾਗਰੀ ਕਰਨਾ ਤਲਾਬ, ਬਗੀਚੇ ਔਰ ਨਦੀਆਂ ਦੇ ਪੁਲ ਬਨੌਣੇ) ੮. ਸੰਖ ਨਿਧਿ, (ਆਪਣੇ ਸਰੀਰ ਦੀ ਚੰਗੀ ਤਰ੍ਹਾਂ ਪਾਲਣਾ ਕਰਨੀ ਤੇ ਦੂਸਰਿਆਂ ਨੂੰ ਕੁਝ ਨਾ ਦੇਣਾ) ੯. ਜਿਵੇਂ ਧਨ ਮਿਲੇ ਓਹੀ ਵਿਧੀ ਕਰਨੀ ॥ ਗੁਰਮਤ ਵਿਖੇ ਇਨ੍ਹਾਂ ਰਿੱਧੀਆਂ ਸਿੱਧੀਆਂ ਨੂੰ ਹੀ "ਰਿਧ ਸਿਧ ਅਵਰਾ ਸਾਦ" ਫੁਰਮਾਇਆ ਹੈ ਭਾਵ ਇਹ ਨਾਟਕ ਚੇਟਕ ਮਨ ਪ੍ਰਚਾਊ (ਨਾਮ ਵਿਹੂਣੇ) ਸੁਾਦ ਹਨ । ਜਿਹਾ ਕਿ -

ਬਿਨੁ ਨਾਵੈ ਪੈਨਣ ਖਾਣ ਸਭੁ ਬਾਦਿ ਹੈ ਧਿਗੁ ਸਿਧੀ ਧਿਗ ਕਰਮਾਤਿ ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥

*(ਮਹਲਾ ੩ ਰਾਗ ਸੋਰਠ ਵਾਰ-੬੫੦ )*

ਕਈ ਗ੍ਰੰਥਾਂ ਵਿਚ ਸੰਪੁਟ, ਅਨੁਲੋਮ, ਵਿਲੋਮ ਮੰਤ੍ਰ ਲਿਖੇ ਨੇ । ਅਖੇ ! ਇਉਂ ਸ਼ਕਤੀ ਪ੍ਰਾਪਤ ਹੁੰਦੀ ਏ ॥ ਕਾਗਜ਼ਾਂ ਤੇ ਭੋਜ ਪਤ੍ਰਾਂ ਪਰ ਮੰਤ੍ਰ ਲਿਖ ਕੇ ਗਲੇ ਤਾਵੀਜ ਬੰਧਦੇ ਹਨ । ਕਈ ਮੰਤ੍ਰ ਕਵਚ (ਸੰਜੋਇ) ਕਰਕੇ ਪ੍ਰਸਿੱਧ ਹਨ ॥ ਪਰੰਤੂ

ਜਿਨੀ ਨਾਮੁ ਵਿਸਾਰਿਆ ਕਿਆ ਜਪੁ ਜਾਪਹਿ ਹੋਰ ॥
ਬਿਸਟਾ ਅੰਦਰਿ ਕੀਟ ਸੇ ਮੁਠੇ ਧੰਧੈ ਚੋਰਿ ॥ *(ਵਾਰ ਸਾਰੰਗ ਮਹਲਾ ੩-੧੨੪੭)*

ਅਵਰੁ ਨ ਅਉਖਧੁ ਤੰਤ ਨ ਮੰਤਾ ॥ ਹਰਿ ਹਰਿ ਸਿਮਰਣੁ ਕਿਲਵਿਖ ਹੰਤਾ ॥

*(ਆਸਾ ਮਹਲਾ ੧-੪੧੬)*

ਕਾਮਣਿਆਰੀ ਕਾਮਣ ਪਾਏ ਬਹੁ ਰੰਗੀ ਗਲ ਤਾਗਾ ॥
ਹੋਛੀ ਮਤ ਭਇਆ ਮਨ ਹੋਛਾ ਗੁੜੁ ਸਾ ਮਖੀ ਖਾਇਆ ॥

*(ਵਡਹੰਸ ਮਹਲਾ ੧-੫੮੭)*

ਅਉਖਧ ਮੰਤ੍ਰ ਤੰਤ ਸਭਿ ਛਾਰੁ ॥ ਕਰਣੈਹਾਰੁ ਰਿਦੇ ਮਹਿ ਧਾਰੁ ॥ ੩ ॥
ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥ ਕਹੁ ਨਾਨਕ ਅਟਲ ਇਹੁ ਧਰਮੁ ॥

*(ਗਉੜੀ ਮਹਲਾ ੫-੧੯੬)*

ਅਉਖਧ ਕੋਟਿ ਸਿਮਰਿ ਗੋਬਿੰਦ ॥ ਤੰਤੁ ਮੰਤੁ ਭਜੀਐ ਭਗਵੰਤ ॥

*(ਗੌਂਡ ਮਹਲਾ ੫-੮੬੬)*

## ਮੰਤਰਾਂ ਨਾਲ ਡੈਣਾਂ, ਚੁੜੇਲਾਂ ਨਜਰਾਂ, ਸੀਤਲਾ, ਚਿੰਬੇੜਨ ਦਾ ਖੰਡਣ

ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ ॥
ਤੰਤੁ ਮੰਤੁ ਜਹਿ ਜੋਹਈ ਤਿਤੁ ਚਾਖ ਨ ਲਾਗੈ ॥ *(ਬਿਲਾਵਲ ਮਹਲਾ ੫-੮੧੭)*

ਪਾਲਾ ਤਾਊ ਕਛੂ ਨ ਬਿਆਪੈ ਰਾਮ ਨਾਮ ਗੁਣ ਗਾਇ ॥
ਡਾਕੀ ਕੋ ਚਿਤਿ ਕਛੂ ਨ ਲਾਗੈ ਚਰਨ ਕਮਲ ਸਰਨਾਇ ॥

*(ਆਸਾ ਮਹਲਾ ੫-੩੭੮)*

ਛਾਇਆ ਛੂਛੀ ਜਗਤੁ ਭੁਲਾਨਾ ॥ ਲਿਖਿਆ ਕਿਰਤੁ ਧੁਰੇ ਪਰਵਾਨਾ ॥

*(ਰਾਮਕਲੀ ਮਹਲਾ ੫-੯੩੨)*

ਸਦਾ ਸਦਾ ਹਰਿ ਜਾਪੇ ॥ ਪ੍ਰਭ ਬਾਲਕ ਰਾਖੇ ਆਪੇ ॥
ਸੀਤਲਾ ਠਾਕਿ ਰਹਾਈ ॥ ਬਿਘਨ ਗਏ ਹਰਿ ਨਾਈ ॥ ੧ ॥

*(ਸੋਰਠ ਮਹਲਾ ੫-੬੨੭)*

ਸੀਤਲਾ ਤੇ ਰਖਿਆ ਬਿਹਾਰੀ ॥ ਪਾਰਬ੍ਰਹਮ ਪ੍ਰਭ ਕਿਰਪਾਧਾਰੀ ॥

*(ਗਉੜੀ ਮਹਲਾ ੫-੨੦੦)*

ਕਹਿ ਕਬੀਰ ਜਾ ਕਾ ਨਹੀ ਅੰਤੁ ॥ ਤਿਸਕੇ ਆਗੇ ਤੰਤੁ ਨ ਮੰਤੁ ॥

*(ਰਾਮਕਲੀ ਕਬੀਰ-੩੭੧)*

ਆਗਮ ਨਿਗਮ ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ ॥
ਤੰਤ ਮੰਤ੍ਰ ਸਭ ਅਉਖਧ ਜਾਨਹਿ ਅੰਤਿ ਤਊ ਮਰਨਾ ॥----
ਬੇਦ ਪੁਰਾਨ ਸਿੰਮ੍ਰਿਤਿ ਸਭ ਖੋਜੇ ਕਹੂ ਨ ਊਬਰਨਾ ॥ *(ਆਸਾ ਕਬੀਰ-੪੭੬)*

ਸਿੱਟਾ ਕੀ ! ਮੰਤ੍ਰਾਂ ਤੰਤ੍ਰਾਂ ਨਾਲ ਛਾਇਆ, ਡੈਣਾਂ ਭੂਤ, ਪ੍ਰੇਤ, ਆਦਿ ਲਗਨੇ ਨਿਰੇ ਗਪੌੜੇ ਹਨ ਤਵੀਜ ਤਾਘੇ ਕਰਨੇ ਨਿਰੋਲ ਪਾਖੰਡ ਹਨ। ਅਕਾਲਪੁਰਖ ਪਰ ਭਰੋਸਾ ਰਖਣਾ ਹੀ ਸਰਬ ਭ੍ਰਮ ਨਾਸਕ ਹੈ, ਕਰਤਾਰ ਤੋਂ ਬਿਨਾਂ ਕੋਈ ਮਾਰ ਜੀਵਾਲ ਨਹੀਂ ਸਕਦਾ ॥

ਯਥਾ ਗੁਰਵਾਕ

ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ ॥

*(ਵਡਹੰਸ ਵਾਰ ਮ: ੪-੫੯੪)*

# ਸੰਸਕਾਰ ਭਾਗ

ਹਿੰਦੂ ਮਤ ਵਿਖੇ ਜਨਮ, ਮੁੰਡਨ, ਜੰਞੂ, ਵਿਆਹ, ਮ੍ਰਿਤਕ ਸੰਸਕਾਰ ਆਦਿ ਖਾਸ ਸੰਸਕਾਰ ਮੰਨੇ ਗਏ ਹਨ ਜਿਨ੍ਹਾਂ ਦਾ ਹਿੰਦੂ ਵੇਰਵੇ ਸਹਿਤ ਨਿਰਨਾ ਅਰ ਗੁਰਮਤਿ ਅਨੁਸਾਰ ਖੰਡਣ ਲਿਖਯਾ ਜਾਂਦਾ ਹੈ ॥

## ਸੂਤਕ (ਜਨਮ) ਸੰਸਕਾਰ

ਹਿੰਦੂ ਮਤ ਅਨੁਸਾਰ ਕਿਸੀ ਪ੍ਰਾਣੀ ਦੇ ਘਰ ਵਿਚ ਬਾਲਕ ਜਨਮਣੇ ਸੇ ਸੂਤਕ ਹੋ ਜਾਂਦਾ ਹੈ। ਭਾਵ ਘਰ ਦੀਆਂ ਵਸਤਾਂ ਖਾਣ ਯੋਗ ਨਹੀਂ ਰਹਿੰਦੀਆਂ, ਇਸੇ ਤਰ੍ਹਾਂ ਮਰਨ ਪਰ ਬੀ ਪਾਤਕ (ਅਪਵਿਤ੍ਰਤਾ) ਵਰਤ ਜਾਂਦੀ ਹੈ। ਜਿਤਨਾ ਚਿਰ ਬ੍ਰਾਹਮਣ ਲੋਕ ਸੂਤਕ ਪਾਤਕ ਨੂੰ ਘਰ ਵਿੱਚੋਂ ਕੱਢ ਨ ਦੇਣ, ਕੋਈ ਅੰਨ ਗ੍ਰਹਿਣ ਨਹੀਂ ਕਰਦਾ। ਜੈਸਾ ਕਿ – ਬ੍ਰਾਹਮਣ ਦੇ ਘਰ ਵਿਚ ਦਸ ਦਿਨ, ਛੱਤ੍ਰੀ ਦੇ ਬਾਰਾਂ ਦਿਨ, ਵੈਸ਼ ਦੇ ਪੰਦਰਾਂ ਦਿਨ ਔਰ ਸ਼ੂਦਰ ਦੇ ਤੀਹ ਦਿਨਾਂ ਤਕ ਸੂਤਕ ਹੁੰਦਾ ਹੈ (ਮਨੂ: ਅ: ੫ ਸ: ੮੩) ਜਿਸ ਘਰ ਵਿਚ ਸੂਤਕ ਹੁੰਦਾ ਹੈ ਓਹਦੇ ਓਹ ਸਨਬੰਧੀ ਜਿਨ੍ਹਾਂ ਦਾ ਹਿੰਦੂ ਰੀਤੀ ਅਨੁਸਾਰ ਜਨਮ ਜਾਂ ਮੁੰਡਨ ਸੰਸਕਾਰ ਹੋ ਚੁਕਾ ਹੈ, ਅਸੁਧ ਹਨ। (ਮਨੁ: ਅ: ੫ ਸ:੫੯)

ਵੇਦ ਪਾਠੀ ਨੂੰ ਸੁਧੀ ਦੇ ਹਵਨ ਤੀਕ ਔਰ ਵੇਦ ਪਠੀ ਅਗਨੀ ਹੋਤੀ ਨੂੰ ਤਿੰਨ ਦਿਨ ਤਕ ਅਰ ਮੂਰਖ(ਅਨਪੜ੍ਹ) ਨੂੰ ਦਸ ਦਿਨਾਂ ਤਾਂਈ ਸੂਤਕ ਲਗਦਾ ਹੈ। ਜਿਸ ਤਰ੍ਹਾਂ ਸਪਿੰਡੀਆਂ ਵਿਚ ਦਸ ਦਿਨ ਸੂਤਕ ਹੁੰਦਾ ਹੈ ਇਸੇ ਤਰ੍ਹਾਂ ਸੁਧੀ ਦੀ ਇਛਾ ਵਾਲੇ ਸਪਿੰਡਾਂ ਦੇ ਜਨਮ ਤੇ ਭੀ ਦਸ ਦਿਨਾਂ ਦਾ ਸੂਤਕ ਹੋ ਸਕਦਾ ਹੈ। (ਮਨੂ ਅ: ੫ ਸਲੋਕ ੬੦) ਬ੍ਰਾਹਮਣ ਸੂਤਕ ਦੇ ਦਿਨਾਂ ਵਿਚ ਨਮਕ ਨਾ ਖਾਵੇ, ਮਾਸ ਨ ਖਾਵੇ, ਤਿੰਨ ਦਿਨ ਨਦੀ ਪਰ ਸ਼ਨਾਨ ਕਰਕੇ ਧਰਤੀ ਪਰ ਸਵੇਂ (ਮਨੂ: ਅ: ੫ ਸ: ੧੩) ਰਾਜਾ ਨਿਹਕਲੰਕ ਪਰਜਾ ਪਾਲਕ ਹੁੰਦਾ ਹੈ। ਇਸ ਲਈ ਇਨ੍ਹਾਂ ਨੂੰ ਸੂਤਕ ਨਹੀਂ ਲੱਗਦਾ (ਮਨੂ ਅ: ੫ ਸ: ੯੭) ਗਰੜ ਪੁਰਾਣ ਵਿਚ ਸੂਤਕ ਚਾਰ ਤਰ੍ਹਾਂ ਦਾ ਲਿਖਾ ਹੈ। ਅੰਤ ਪਰ ਦੋਹਾਂ ਕੁਲਾਂ ਦਾ ਦਸ ਦਿਨ ਸੂਤਕੀ, ਪਾਤਕੀਅੰਨ ਛਡਨ ਦਾ ਹੁਕਮ ਕੀਤਾ ਏ ॥ (ਦੇਖੋ ਗ: ਧਿਆਇ ੨੯)

### ਸੂਤਕ ਦਾ ਦਵਾ ਦਾਰੂ

ਕਾਲੀ ਗਊ ਦਾ ਮੂਤਰ ਇਕ ਭਾਗ, ਚਿਟੀ ਗਾਂ ਦਾ ਗੋਹਾ ਦੋ ਭਾਗ, ਤਾਂਬੇ ਰੰਗੀ ਗਊ ਦਾ ਦੁਧ ਦੋ ਹਿੱਸੇ, ਲਾਲ ਗਊ ਦਾ ਦਹੀ ਅਠ ਭਾਗ ਤੇ ਘੀ ਇਨ੍ਹਾਂ ਪੰਜਾਂ ਪਦਾਰਥਾਂ ਨੂੰ ਕੁਸ਼ਾ ਦੇ ਪਾਣੀ ਵਿਚ ਮਥਕੇ 'ਪੰਚ ਗਵਜ' ਬਣਦਾ ਹੈ (ਦੇਖੋ ਪ੍ਰਾਸਰ ਸਿਮ੍ਰਿਤ ਅ: ੧੧)

ਜੇ ਸੂਦ੍ਰ ਪੰਚ ਗਵਜ ਪੀਵੇ ਤਾਂ ਸਿਧਾ ਨਰਕਾਂ ਨੂੰ ਜਾਂਦਾ ਹੈ। (ਬਿਸ਼ਨੂ ਸਿਮ੍ਰਤੀ ਅ: ੫੪)

## ਸੂਤਕ ਪਰ ਗੁਰਵਾਕ

ਜੇਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥
ਨਾਨਕ ਸੂਤਕੁ ਏਵ ਨਾ ਉਤਰੈ ਗਿਆਨੁ ਉਤਾਰੇ ਧੋਇ ॥

*(ਵਾਰ ਆਸਾ ਮਹਲਾ ੧-੪੭੨)*

ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥
ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ ॥

*(ਵਾਰ ਆਸਾ ਮਹਲਾ ੧-੪੭੨)*

ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥
ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ ॥

*(ਵਾਰ ਆਸਾ ਮਹਲਾ ੧-੪੭੨)*

ਮਨ ਕਾ ਸੂਤਕੁ ਦੂਜਾ ਭਾਉ ॥ ਭਰਮੇ ਭੂਲੇ ਆਵਉ ਜਾਉ ॥
ਮਨਮੁਖਿ ਸੂਤਕ ਕਬਹਿ ਨ ਜਾਇ ॥
ਜਿਚਰੁ ਸਬਦਿ ਨ ਭੀਜੈ ਹਰਿਕੈ ਨਾਇ ॥ ੧॥ ਰਹਾਉ ॥
ਸਭੋ ਸੂਤਕੁ ਜੇਤਾ ਮੋਹੁ ਆਕਾਰੁ ॥ਮਰਿ ਮਰਿ ਜੰਮੈ ਵਾਰੋਵਾਰ ॥
ਸੂਤਕੁ ਭੋਜਨੁ ਜੇਤਾ ਕਿਛੁ ਖਾਹਿ ॥੨॥
ਸੂਤਕਿ ਕਰਮ ਨ ਪੂਜਾ ਹੋਇ ॥ ਨਾਮਿ ਰਤੇ ਮਨੁ ਨਿਰਮਲੁ ਹੋਇ ॥
ਸਤਿਗੁਰੁ ਸੇਵਿਐ ਸੂਤਕੁ ਜਾਇ ॥ ਮਰੈ ਨ ਜਨਮੈ ਕਾਲੁ ਨ ਖਾਇ ॥

*(ਗਉੜੀ ਮਹਲਾ ੩-੨੨੯)*

ਸੂਤਕੁ ਅਗਨਿ ਭਖੈ ਜਗੁ ਖਾਇ ॥ ਸੂਤਕੁ ਜਲਿ ਥਲਿ ਸਭ ਹੀ ਥਾਇ ॥
ਨਾਨਕ ਸੂਤਕਿ ਜਨਮਿ ਮਰੀਜੈ ॥ ਗੁਰ ਪਰਸਾਦੀ ਹਰਿ ਰਸੁ ਪੀਜੈ ॥
*(ਆਸਾ ਮਹਲਾ ੫-੪੧੩)*

ਭਾਵ 'ਬਿਨ ਨਾਵੈ ਸੂਤਕ ਜਗੁ ਛੋਤ ॥' *ਆਸਾ ਮਹਲਾ ੫* ॥ ਅਰਥਾਤ ਬਿਨ ਨਾਮ ਜਪੇ ਸਭ ਕੋਈ ਅਪਵਿਤਰ ਹੈ । ਗੋਹੇ, ਮੂਤਰ ਪਿਲਾ ਕੇ ਸੂਤਕ ਕਢਣੇ ਤਾਂ ਉਲਟਾ ਹੋਰ ਅਪਵਿਤਰ ਕਰਨਾ ਹੈ । ਤਾਂ ਤੇ ਹਿੰਦੂ ਭ੍ਰਾਵਾਂ ਨੂੰ ਚਾਹੀਦਾ ਹੈ ਕਿ ਓਹ 'ਪੰਚ ਗਵਜ' ਕਹਿ ਕੇ ਗੋਹਾ ਮੂਤਰ ਪੀਣ ਤੇ ਪਲੋਣ ਦੀ ਥਾਂ ਕਰਤਾਰ ਦਾ ਭਜਨ ਕਰਕੇ ਸੁਚੇ ਹੋਵਣ । ਅਰ ਖਾਲਸਾ ਬਣਨ ਹਿਤ 'ਗੁਰੂ ਸਾਹਿਬਾਂ ਦਾ ਖੰਡੇ ਧਾਰ ਅੰਮ੍ਰਿਤ ਪਾਨ ਕਰਨ ।'

## ਪਾਤਕ ਅਰ ਉਸਦਾ ਖੰਡਣ

ਜਿਥੇ ਆਪਣੇ ਸਬੰਧੀ ਦਾ ਮਰਣਾ, ਤਥਾ ਪੁਤਰ ਦਾ ਜਨਮ ਸੁਣੇ । ਉਸੀ ਵੇਲੇ ਬਸਤ੍ਰਾਂ ਸਣੇ ਪਾਣੀ ਵਿਚ ਗੋਤਾ ਮਾਰੇ (ਲਘੂ ਅਤ੍ਰਿ ਸੰਹਿਤਾ ਅ: ੫) ਮਰਨ ਦਾ ਸੂਤਕ ਸਾਰਿਆਂ ਨੂੰ ਹੁੰਦਾ ਹੈ ਪ੍ਰੰਤੂ ਜਨਮ ਦਾ ਸੂਤਕ ਮਾਤਾ ਅਰ ਪਿਤਾ ਨੂੰ ਹੁੰਦਾ ਹੈ । (ਮਨੂ ਸਿਮ੍ਰਤੀ ਅ: ੫ ਸ: ੬੧ ਨੋਟ - ਸੂਤਕ ਚਿੱਠੀ ਜਾਂ ਖਬਰ ਰਾਹੀਂ ਬਾਪ ਭਾਵੇਂ ਹਜ਼ਾਰ ਕੋਹਾਂ ਪਰ ਗਿਆ ਹੋਵੇ ਉਥੇ ਹੀ ਜਾ ਕੇ ਚਿੰਬੜਦਾ ਹੈ । ਯਥਾ - ਦੂਰ ਦੇ ਦੇਸਾਂ ਤੋਂ ਸਬੰਧੀ ਦੇ ਮਰਨ ਦੀ ਖਬਰ ਆਵੇ ਤਾਂ ਜਿੰਨੇ ਦਿਨ ਦਸਾਂ ਵਿਚ ਬਾਕੀ ਹਨ ਸੂਤਕ ਰਖੇ ॥ ਮਨੂ : ੫ ਸ: ੭੫) ਜੇਕਰ ਦਸਾਂ ਦਿਨਾਂ ਪਿਛੋਂ ਤਾਂ ਤਿੰਨ ਦਿਨ ਸੂਤਕ, ਜੇ ਵਰਹੇ ਪਿੱਛੋਂ ਸੁਣੇ ਤਾਂ ਕੇਵਲ ਇਸ਼ਨਾਨ ਹੀ ਠੀਕ ਹੈ । (ਮਨੂ : ਅ: ੫ ਸ: ੭੬) ਮ੍ਰਿਤਕ ਦੇ ਛੋਹਣ ਵਾਲੇ ਅਰ ਉਸ ਦੇ ਘਰ ਦਾ ਪਾਣੀ ਪੀਣ ਵਾਲੇ ਤਿੰਨਾ ਦਿਨਾਂ ਤੀਕ ਸ਼ੁਧ ਹੁੰਦੇ ਹਨ । (ਮਨੂ ਅ: ੫ ਸ: ੬੪) ਪ੍ਰੰਤੂ ਗੁਰੂ ਦੇ ਮਰਨ ਤੋਂ ਚੇਲਾ ਦਸਾਂ ਦਿਨਾਂ ਤੀਕ ਸੁਧ ਹੁੰਦਾ ਹੈ । (ਮਨੂ ਅ: ੫ ਸਲੋਕ ੬੫)

ਨੋਟ- ਚੰਗੇ ਗੁਰੂ ਹਨ ਜਿਨ੍ਹਾਂ ਦੇ ਮਰਨ ਪਰ ਚੇਲੇ ਵੀ ਭ੍ਰਿਸ਼ਟ(ਅਪਵਿਤ੍ਰ) ਹੋ ਜਾਂਦੇ ਹਨ । ਸੰਸਕਾਰ ਨਾ ਹੋਕੇ ਮਰਨ ਵਾਲੇ ਦਾ ਸੂਤਕ ਇਕ ਦਿਨ ਰਾਤ ਔਰ ਦੂਜੇ ਦਾ ਤਿੰਨਾਂ ਦਿਨਾਂ ਤਾਂਈਂ । ਵਿਆਹਤਾ ਇਸਤਰੀ ਦੇ ਮਰਨ ਤੋਂ ਪਤੀ ਤਿੰਨ ਦਿਨ ਤੀਕਰ ਔਰ ਕਵਾਰੀ ਲੜਕੀ ਦੇ ਮਰਨ ਪਰ ਮਾਤਾ ਪਿਤਾ ਤਿੰਨ ਦਿਨ ਤੀਕਰ ਸ਼ੁੱਧ ਹੁੰਦੇ ਹਨ । (ਮਨੂ ਅ: ੫ ਸ: ੭੨) ਜੇਕਰ ਦਹਾਕਿਉਂ ਪਿਛੋਂ ਕੋਈ ਮੌਤ ਸਰਬੰਧੀਆਂ ਵਿਚ ਹੋਵੇ ਤਾਂ ਬਸਤ੍ਰਾਂ ਸਮੇਤ ਇਸ਼ਨਾਨ ਹੀ ਬਸ ਹੈ । (ਮਨੂ ਅ: ੫ ਸ: ੭੭) ਇਕ ਦੇ ਜਨਮ ਵਿਚ, ਦੂਜੇ ਦਸਾਂ ਦਿਨਾਂ ਵਿਚ ਜਨਮ ਅਰ ਇਕ ਮ੍ਰਿਤੂ ਦੇ ਦੋ ਦਹਾਕੇ ਅੰਦਰ ਦੂਜੀ ਮ੍ਰਿਤੂ ਹੋਵੇ ਤਾਂ ਪਹਿਲਾ ਸੂਤਕ ਪਾਤਕ ਮੁਕ ਜਾਣ ਤੋਂ ਦੂਜਾ ਸੂਤਕ ਪਾਤਕ ਸ਼ੁਰੂ ਹੋ ਜਾਂਦਾ ਹੈ । (ਮਨੂ ਅ: ੫ ਸਲੋਕ ੭੯) ਜਿੰਨਾਂ ਚਿਰ ਇਕ ਸੂਤਕ ਚਿਮੰਡਿਆ ਹੋਵੇ, ਦੂਜਾ ਖੜਾ ਰਹਿੰਦਾ ਹੈ । ਉਸ ਦੇ ਹਟਣ ਪਰ ਦੂਜਾ ਚਿੰਬੜਦਾ ਹੈ । (ਤਾਂ ਤੇ ਸੂਤਕ ਪਾਤਕ ਵੀ ਵਡੇ ਸਿਆਣੇ ਨਿਕਲੇ ਜੋ ਨੰਬਰ ਵਾਰ ਖਬਰ ਲੈਂਦੇ ਹਨ) । 'ਰਾਜਾ, ਬ੍ਰਹਮਚਾਰੀ, ਚੰਦ੍ਰਾਇਣ ਬ੍ਰਤੀਆ' ਇਹ ਤਿੰਨੇ ਸੂਤਕ ਤੋਂ ਬਰੀ ਹਨ । (ਦੇਖੋ ਨੂੰ ਅ: ੫ ਸ:

੯੨) (ਜੇ ਚਾਰ ਦਰਵਾਜੇ ਨਾ ਹੋਣ ਤਾਂ ਮੁਰਦੇ ਕਿਧਰ ਨੂੰ ਜਾਣ ?) ਜਦੋਂ ਤੀਕ ਪਿੰਡ ਉਸਰਗ ਨਾ ਕਰੇ ਤਦੋਂ ਤੀਕ ਬ੍ਰਾਹਮਣ ਹੰਦਾ ਨਾ ਲਵੇ (ਭਾਵ ਮਹਿਸੂਲ ਆਦਿ ਨਾ ਵਸੂਲ ਕਰ ਚੁਕੇ) ਅਪਨੀ ਕੁਲ ਵੀ ਪਾਤਕ (ਅਪਵਿਤਰ) ਜਾਣੇ, ਮੂਏ ਤੋਂ ਬਾਰਹਵੇਂ ਦਿਨ ਸਪਿੰਡ ਕਰੇ ॥ (ਗਰੜ ਧਿਆਇ ੧੨)

## ਸੂਤਕ ਪਾਤਕ ਦਾ ਖੰਡਣ

ਜਲਿ ਹੈ ਸੂਤਕ ਥਲਿ ਹੈ ਸੂਤਕੁ ਸੂਤਕ ਓਪਤਿ ਹੋਈ ॥
ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕ ਪਰਜ ਬਿਗੋਈ ॥
ਕਹੁ ਰੇ ਪੰਡੀਆ ਕਉਨ ਪਵੀਤਾ ॥
ਐਸਾ ਗਿਆਨੁ ਜਪਹੁ ਮੇਰੇ ਮੀਤਾ ॥ ੧ ॥ ਰਹਾਉ ॥
ਨੈਨਹੁ ਸੂਤਕ ਬੈਨਹੁ ਸੂਤਕੁ ਸੂਤਕੁ ਸ੍ਰਵਨੀ ਹੋਈ ॥
ਊਠਤ ਬੈਠਤ ਸੂਤਕ ਲਾਗੈ ਸੂਤਕੁ ਪਰੈ ਰਸੋਈ ॥
ਫਾਸਨ ਕੀ ਬਿਧਿ ਸਭੁ ਕੋਈ ਜਾਨੈ ਛੂਟਨ ਕੀ ਇਕੁ ਕੋਈ ॥
ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ ॥

*(ਗਉੜੀ ਕਬੀਰ-੩੩੧)*

ਨੋਟ - ਤਾਂਤੇ ਸੂਤਕਾਂ ਪਾਤਕਾਂ ਵਿਚੋਂ ਨਿਕਲੋ । ਕਿਉਂਕਿ ਹਰ ਇਕ ਦਾ ਜਨਮ ਮਰਨ ਕਰਤਾਰ ਦੇ ਹੁਕਮ ਅਨੁਸਾਰ ਹੈ । 'ਦਸੀ ਮਾਸੀ ਹੁਕਮ ਬਾਲਕ ਜਨਮ ਲੀਆ ॥ ਮਿਟਿਆ ਸੋਗ ਮਹਾ ਅਨੰਦ ਥੀਆ । *'ਆਸਾ ਮਹਲਾ ੫* ॥ ਪੁਨਾ : ਹਰਿ ਬਿਨ ਕੋ ਮਾਰ ਜੀਵਾਲ ਨਾ ਸਾਕੈ ॥

## ਮੂੰਡਨ ਸੰਸਕਾਰ

ਮੂੰਡਣ ਤਥਾ ਭੱਦਣ ਸੰਸਕਾਰ, ਹਿੰਦੂ ਮਤ ਵਿਚ ਸ਼ਾਮਲ ਹੋਣਾ ਮੰਨਿਆ ਹੈ । ਕੇਸਾਂ ਦੇ ਕਤਲ ਕਰੌਣ ਦੀ ਗਵਾਹੀ ਬੋਦੀ ਰੱਖੀ ਜਾਂਦੀ ਹੈ । ਯਥਾ - ਬ੍ਰਾਹਮਣ, ਖੱਤਰੀ, ਵੈਸ਼ ਤੀਜੇ ਵਰਹੇ ਦੇ ਅੰਦਰ ਅੰਦਰ ਮੂੰਡਨ ਸੰਸਕਾਰ ਜਰੂਰ ਕਰਾਉਣ (ਮਨੂ ਅ: ੨ ਸਲੋਕ ੩੫) ਬ੍ਰਾਹਮਣ ਦੇ ਨਾਮ ਵਿਚ 'ਮੰਗਲ' ਅੱਖਰ ਔਰ ਖੱਤਰੀ ਦੇ ਨਾਉਂ ਵਿਚ 'ਮੱਲ' ਔਰ ਵੈਸ ਦੇ ਨਾਮ ਵਿਚ ਅੱਖਰ 'ਧਨ' ਅਰ ਸੂਦ੍ਰ ਦੇ ਵਿਚ 'ਨੰਦ' (ਦਾਸ) ਰੱਖਣਾ ਚਾਹੀਦਾ ਹੈ ॥ (ਮਨੂ ਅ:੨ ਸਲੋਕ ੩੧)

## ਮੂੰਡਨ ਸੰਸਕਾਰ ਖੰਡਣ

ਮੂੰਡ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥

ਮਨੂਆ ਡੋਲੈ ਦਹਦਿਸ ਧਾਵੈ ਬਿਨੁ ਰਤਿ ਆਤਮ ਗਿਆਨਾ ॥

*(ਮਾਰੂ ਮਹਲਾ ੧-੧੦੧੩)*

ਮਨ ਰੇ ਗਹਿਓ ਨ ਗੁਰ ਉਪਦੇਸੁ ॥

ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸ ॥

*॥ ਸੋਰਠ ਮਹਲਾ ੯-੬੩੩ ॥*

ਮੂਡ ਮੁੰਡਾਏ ਜੌਂ ਸਿਧਿ ਪਾਈ ॥ ਮੁਕਤੀ ਭੇਡ ਨ ਗਈਆ ਕਾਈ ॥

*(ਕਬੀਰ ਜੀ-੩੨੪)*

ਕੇਸਾਂ ਕਾ ਕਰ ਚਵਰ ਢੁਲਾਵਾ ਚਰਣ ਧੂੜਿ ਮੁਖ ਲਾਈ ॥

*(ਸੂਹੀ ਮਹਲਾ ੫-੭੪੯)*

ਟਹਿਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ ॥ *ਮਹਲਾ ੨ ਵਾਰ ਸੂਹੀ ॥*

## ਜੰਞੂ ਸੰਸਕਾਰ

ਅਠਵੇਂ ਜਾਂ ਦਸਵੇਂ ਵਰਹੇ ਤੀਕ ਜਨੇਊ ਸੰਸਕਾਰ ਜਰੂਰ ਕਰਨਾ ਚਾਹੀਏ (ਮਨੂ ਧਜਾਯ ੨ ਸਲੋਕ ੩੬) ਬ੍ਰਹਮਣ ਦੀ ਮੇਖਲਾ (ਤੜਾਗੀ) ਤਿੰਨ ਲੜਾਂ ਦੀ, ਖੱਤ੍ਰੀ ਦੀ ਦੋ ਲੜਾਂ ਦੀ ਖੋਰਸੇ(ਮੁੰਜ) ਦੀ । ਅਰ ਵੈਸ਼ ਦੀ ਸਣੀ ਦੀ (ਮਨੂ ਅਧਜਾਇ ੨ ਸਲੋਕ ੪੨) ਬ੍ਰਾਹਮਣ ਨੂੰ ਕਪਾਹ ਦਾ ਔਰ ਖੱਤਰੀ ਨੂੰ ਸਣੀ ਦਾ, ਵੈਸ਼ ਨੂੰ ਉਨੰ ਦਾ ਜੰਞੂ ਹੋਣਾ ਚਾਹੀਏ (ਮਨੂ ਅਧਜਾਇ ੨ ਸਲੋਕ ੪੪)

ਜੋ ਯਗਿਓ ਪਵੀਤ ਪਵਾਏ ਅਰ ਵੇਦ ਅੰਗਾਂ ਨੂੰ ਪੜਾਵੇ ਉਸ ਨੂੰ ਅਚਾਰਜ ਆਖਦੇ ਨੇ, ਜੋ ਵੇਦ ਦੇ ਛੀ ਅੰਗ ਨੂੰ ਔਰ ਵੇਦ ਨੂੰ ਅਪਨੀ ਉਪ ਜੀਵਕਾ ਲਈ ਪੜ੍ਹੇ ਉਸ ਨੂੰ ਉਪਾਧਿਆ ਕਹਿੰਦੇ ਨੇ, ਗਰਭਧਾਰਨ ਆਦੀ ਸੰਸਕਾਰਾਂ ਨੂੰ ਸ਼ਾਸਤ੍ਰ ਅਨੁਸਾਰ ਕਰਾਉਣ ਵਾਲਾ ਬ੍ਰਾਹਮਣ ਗੁਰੂ ਹੈ । ਔਰ ਜੋ ਅਗਨੀ ਹੋਤ੍ਰ ਆਦਿ ਕਰਮਾਂ ਨੂੰ ਕਰਾਉਂਦਾ ਹੈ ਉਸ ਨੂੰ 'ਰੁਤਜ' ਆਖਦੇ ਹੈਨ। (ਮਨੂ ਅ: ੨ ਸਲੋਕ ੧੪੦ ਤੋਂ ੧੪੩ ਤਕ) ਬਿਨਾਂ ਜੰਞੂ ਪੁਰਸ਼ ਕਿਸੀ ਕੰਮ ਦਾ ਅਧਿਕਾਰੀ ਨਹੀਂ, ਪਰ ਬਾਲਕ ਬਿਨਾਂ ਜੰਞੂ ਸਰਾਧ ਦਾ ਅਧਿਕਾਰੀ ਹੈ । ਪਰ ਸੁਦ੍ਰ ਦੇ ਤੁੱਲ ਹੈ । (ਮਨੂ ਅ: ੨ ਸਲੋਕ ੧੭੧ ਤੋਂ ੧੭੨) ਸੁਦ੍ਰ ਲਈ ਜਨੇਊ ਆਦਿਕ ਸੰਸਕਾਰ ਨਹੀਂ । (ਮਨੂ ਅ: ੧੦ ਸ: ੧੨੬) ਜੰਞੂ ਪੌਣ ਕਰਕੇ ਬ੍ਰਾਹਮਣ, ਧਨ ਧਾਰਨ ਸੇ ਖਤ੍ਰੀ, ਚਾਬਕ ਪਕੜਨੇ ਸੇ ਵੈਸ਼ । ਦੋ ਕਪੜੇ (ਤੇੜ ਤੇ ਉਪਰ) ਪਹਿਰਨੇ ਸੇ ਸੁਦਰ ਗਰੜ ਅ: ੧੧)

### ਜੰਞੂ ਸੰਸਕਾਰ ਖੰਡਣ

ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥

ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ ॥

ਤਗੁ ਕਪਾਹਹੁ ਕਤੀਐ ਬਾਮਣੁ ਵਟੇ ਆਇ ॥
ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ ॥
ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥
ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ ॥ *(ਵਾਰ ਆਸਾ ਮਹਲਾ ੧-੪੭੧ )*

ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥
ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥
ਤਗੁ ਨ ਇੰਦ੍ਰੀ ਤਗੁ ਨ ਨਾਰੀ ॥ ਭਲਕੇ ਥੁਕ ਪਵੈ ਨਿਤ ਦਾੜੀ ॥
ਤਗੁ ਨ ਪੈਰੀ ਤਗੁ ਨ ਹਥੀ ॥ ਤਗੁ ਨ ਜਿਹਵਾ ਤਗੁ ਨ ਅਖੀ ॥
ਵੇਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥
ਲੈ ਭਾੜਿ ਕਰੇ ਵੀਆਹੁ ॥ ਕਢਿ ਕਾਗਲੁ ਦਸੇ ਰਾਹੁ ॥
ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥ ਮਨਿ ਅੰਧਾ ਨਾਉ ਸੁਜਾਣੁ ॥
*(ਵਾਰ ਆਸਾ ਮਹਲਾ ੧-੪੭੧)*

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥
ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥
*(ਵਾਰ ਆਸਾ ਮਹਲਾ ੧-੪੭੧)*

ਕਾਇਆ ਬ੍ਰਹਮਾ ਮਨੁ ਹੈ ਧੋਤੀ ॥ ਗਿਆਨੁ ਜਨੇਊ ਧਿਆਨੁ ਕੁਸਪਾਤੀ ॥
*(ਆਸਾ ਮਹਲਾ ੧-੩੫੫)*

ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥ ਧੋਤੀ ਟਿਕਾ ਨਾਮ ਸਮਾਲਿ ॥
ਐਥੈ ਓਥੈ ਨਿਬਹੀ ਨਾਲਿ ॥ ਵਿਣ ਨਾਵੈ ਹੋਰਿ ਕਰਮ ਨ ਭਾਲਿ ॥
*(ਆਸਾ ਮਹਲਾ ੧-੩੫੫)*

ਹਿੰਦੂ ਕੈ ਘਰਿ ਹਿੰਦੂ ਆਵੈ ॥ ਸੂਤੁ ਜਨੇਊ ਪੜ ਗਲਿ ਪਾਵੈ ॥
ਸੂਤ ਪਾਇ ਕਰੇ ਬੁਰਿਆਈ ॥ ਨਾਤਾ ਧੋਤਾ ਥਾਇ ਨ ਪਾਈ ॥
*(ਰਾਮਕਲੀ ਮਹਲਾ ੧-੯੫੧)*

# ਮ੍ਰਿਤਕ ਸੰਸਕਾਰ

ਹਿੰਦੂ ਰਸਮ ਅਨੁਸਾਰ ਮਰਨ ਵਾਲੇ ਪ੍ਰਾਣੀ ਮੰਜੇ ਤੋਂ ਲਾਹ ਕੇ ਹੇਠਾਂ ਦੱਭ ਪਰ ਪਾਏ ਜਾਂਦੇ ਹਨ। ਅਖੇ ! ਮੰਜੀ ਪਰ ਗਤੀ ਨਹੀਂ ਹੁੰਦੀ। ਜ਼ਮੀਨ ਪਰ ਮਰਨ ਵਾਲਾ ਭਲੇ ਪਾਸੇ ਜਾਣਾ ਦਸਿਆ ਹੈ। ਦੱਭ ਦੀ ਜੜਾਂ ਵਿੱਚ ਦੇਵਤੇ ਵਸਦੇ ਕਹੀਦੇ ਹਨ। ਹਿੰਦੂ ਲੋਕ ਦੱਭ ਪਰ ਮਰਨ ਨੂੰ ਮੁਕਤੀ ਮੰਨਦੇ ਹਨ। ਮੁਰਦੇ ਦੇ ਮੁਖ ਵਿਚ ਪੁਤ੍ਰ ਪੋਤ੍ਰੇ ਦੀ ਇਛਾ ਦੇ ਖਿਆਲ ਨਾਲ ਪੰਜਰਤਨੀ ਸੁਟਦੇ ਹਨ। ਮੁਰਦੇ ਦੇ ਪੈਰ ਦੱਖਣ ਵਲ ਰੱਖਣੇ। ਬਿਨਾਂ ਚੌਂਕੇ ਭੂਤ ਅੰਦਰ ਆ ਜਾਂਦੇ ਦਸੇ ਨੇ ਮੁਰਦੇ ਨੂੰ ਚੁੱਕ ਕੇ ਮਗਰ ਰਾਮ ਨਾਮ ਬੋਲਾ ਬੋਲਣਾ। ਬਬਾਣ ਕਢਕੇ ਟਕੇ, ਪਤਾਸੇ; ਖਿਲਾਂ, ਮੇਵੇ ਆਦਿ ਮੁਰਦੇ ਦੇ ਉਪਰ ਦੀ ਵਾਰਨੇ। ਮੁਰਦੇ ਨੂੰ ਚਿੱਟੇ ਤਿਲ ਛੁਹਾਵਨੇ (ਪਾਪਾਂ ਨੂੰ ਨਸ਼ਟ ਕਰਨ ਹਿੱਤ)। ਪੁੱਤ੍ਰ ਪੋਤ੍ਰੇ ਗਤੀ ਲਈ ਮੁਰਦੇ ਅਗੇ ਬਠੌਣੇ। ਸਾਲ ਭਰ ਦੀਵਾ ਬਾਲਣਾ (ਯਮ ਮਾਰਗ ਦੇ ਚਾਨਣੇ ਖਾਤਰ)। ਤਿਲ, ਲੋਹਾ, ਨਿਮਕ, ਕਪਾਹ, ਸੋਨਾ, ਸਤਨਾਜਾ ਪੁੰਨ ਕਰਨਾ (ਦਲਿਦ੍ਰ ਕਢਣ ਹਿੱਤ)। ਗਤੀ ਲਈ ਮੁਰਦਾ ਲੋਥ ਨੂੰ ਪੁਤ੍ਰ ਪੋਤ੍ਰਾ ਲਾਂਬੂ ਦੇਵੇ (ਨਰਕਾਂ ਵਿਚੋਂ ਗਤੀ ਕਰਨ ਵਾਲਾ ਪੁੱਤ੍ਰ ਮੰਨਿਆਂ ਹੈ)। ਮੁਰਦੇ ਦੇ ਮੂੰਹ ਨੂੰ ਘਿਉ ਲਾਵਨਾ। ਸੂਰਜ ਨੂੰ ਸਾਖੀ ਕਰਨਾ। ਘਰ ਜਾ ਕੇ ਲੋਕਾਂ ਨੂੰ ਰੋਟੀ ਖੁਆਉਣੀ। ਮਿੱਟੀ ਦੇ ਕਸੋਰਿਆਂ ਵਿਚ ਦੁੱਧ ਪਾ ਕੇ ਰਸਤੇ ਵਿਚ ਰਖਣਾ। ਮੁਰਦੇ ਨੂੰ ਕਠੇ ਹੋ ਕੇ ਤਲਾਂਜਲੀ ਦੇਣੀ (ਤਿਲ, ਜੌਂ, ਚੌਲਾਂ ਦੀ)। ਚਿਖਾ ਵਿਚ ਡਕੇ ਸੁਟਣੇ। ਨੌਂ ਪਿੰਡ ਦੇਣੇ। ਫੁੱਲ (ਹਥਾਂ ਪੈਰਾਂ ਦੇ ਹਡ ਨਾਖਨ) ਚੁਗਣੇ। ਛੇਜਾ ਦਾਨ ਕਰਨੇ। ਦਸਵੇਂ ਦਿਨ (ਦਸਾਹੀ) ਨਦੀ ਜਾਂ ਟੋਬੇ ਪਰ ਸ਼ਨਾਨ ਕਰਨੇ। ਦਸਵੇਂ ਦਿਨ (ਛੇਤ੍ਰਿ) ਮਾਸ ਦਾ ਪਿੰਡ, ਗਿਆਰਵੇਂ ਦਿਨ ਬ੍ਰਿਖੋਤ ਸਰਗ ਪਿੰਡ ਦੀ ਰੀਤੀ। ਤੇਰਵੇਂ ਦਿਨ ਮੁਰਦੇ ਨੂੰ ਜੁਤੀ, ਛਤਰੀ, ਕਪੜੇ, ਮੁੰਦ੍ਰੀ ਆਦਿ ਬ੍ਰਾਹਮਣ ਦੀ ਰਾਹੀਂ ਬਿਲਟੀ ਕਰਨਾ (ਤਾਂ ਕਿ ਪਿਤ੍ਰ ਯਮ ਮਾਰਗ ਵਿਖੇ ਨੰਗਾ ਤੇ ਧੁੱਪੇ ਨਾ ਤੁਰੇ)। ਬਰਸ ਦਿਨ ਵਿਚ ਸੋਲਾਂ ਸ੍ਰਾਧ ਕਰੌਣੇ। ਪਿੰਡ ਦੇਣੇ ਅਧੜਵੰਜੇ(ਨਗਨ) ਹੋ ਕੇ ਸਤ ਗੇੜੇ ਪੁੱਠੀ ਚੱਕੀ ਨਾਲ ਜੌਂ ਦਲਣੇ। ਪੁੱਤ੍ਰ ਪੋਤ੍ਰਿਆਂ ਦਾ ਸਿਰ ਮੂੰਹ ਮੁੰਡਕੇ ਚਿਖਾ ਵਿਚ ਰੋਮ ਸੁਟਣੇ। ਮੁਰਦਾ ਫੂਕ ਕੇ ਪਿੱਛੇ ਨਾ ਤੱਕਣਾ (ਤਾਂ ਕਿ ਮੁਰਦਾ ਨਾ ਚਿੰਬੜ ਜਾਏ) ਘਰ ਆ ਕੇ ਦਰਵਾਜੇ ਪਰ ਪਾਣੀ ਛਿੜਕਣਾ। ਕਰਮੀ ਧਰਮੀ ਬੈਠ ਕੇ ਦਸ ਗਾਤ੍ਰ ਕਰੌਣੇ। ਗਰੜ ਦੀ ਕਥਾ ਤਿੰਨ ਸੌ ਦੀਵੇ ਤਰੌਣੇ। ਤਿੰਨ ਸੌ ਗੜਵੀ ਪਾਣੀ ਦੀ ਪਿੱਪਲ ਨੂੰ ਪਾਉਣੀ ਇਤਿਆਦਿ ਬਹੁਤ ਸੀ ਹਿੰਦੂ ਰੀਤਾਂ ਹਨ ਜੋ ਮਰਨ ਪਰ ਕਰਦੇ ਹਨ। ਇਨ੍ਹਾਂ ਦਾ ਨਿਰਨਾ ਗਰੜ ਪੁਰਾਣ ਆਦਿ ਹਿੰਦੂ ਗ੍ਰੰਥਾਂ ਵਿਚ ਕਾਫੀ ਮਿਲਦਾ ਹੈ। ਹਿੰਦੂ ਸਿਧਾਂਤ ਅਨੁਸਾਰ ਪ੍ਰਾਣੀ ਮਰ ਕੇ ਪ੍ਰੇਤ ਹੋ ਜਾਂਦਾ ਹੈ। ਉਸ ਨੂੰ ਪ੍ਰੇਤ ਦੇਹੀ ਤੋਂ ਅਜ਼ਾਦੀ ਦਿਲਵਾਉਣ ਲਈ ਹੇਠਾਂ ਲਿਖੀ ਕਿਰਿਆ ਕਰਨੀ ਦਸੀ ਹੈ ॥

ਪ੍ਰਾਣੀ ਦੇ ਨਮਿਤ ਕੀਤੇ ਪਿੰਡ ਦੇ ਪਹਿਲੇ ਦਿਨ ਦਾ ਮਥਾ, ਦੂਜੇ ਪਿੰਡ ਦੀ ਗਰਦਨ, ਤੀਜੇ ਪਿੰਡ ਦੀ ਛਾਤੀ, ਚੌਥੇ ਪਿੰਡ ਦੀ ਪਿੱਠ, ਪੰਜਵੇਂ ਪਿੰਡ ਦੀ ਧੁੰਨੀ, ਛੀਵੇਂ ਦੀ ਕਮਰ(ਲੱਕ), ਸਤਵੇਂ ਨਾਲ ਹੇਠਲਾ ਧੜ, ਅਠਵੇਂ ਨਾਲ ਗੋਡੇ, ਨੌਵੇਂ ਨਾਲ ਪੈਰ, ਦਸਵੇਂ ਨਾਲ ਸੰਪੂਰਨ ਦੇਹੀ। ਇਸ ਤਰ੍ਹਾਂ ਜੌਆਂ ਦੇ ਪਿੰਡਾਂ ਨਾਲ ਦੇਹ ਬਣਨੀ ਮੰਨੀ ਹੈ । ਅਖੇ ! ਫਿਰ ਇਸ ਪ੍ਰੇਤ ਦੇਹ ਨੂੰ ਅਤਜੰਤ ਭੁੱਖ ਲੱਗਦੀ ਹੈ । ਓਹ ਭੁੱਖਾ ਬੂਹੇ ਵੱਲ ਤੱਕਦਾ ਹੈ । ਗਿਆਰਵੇਂ ਪਿੰਡ ਨਾਲ ਭੁੱਖ ਜਾਂਦੀ ਹੈ ਭਾਵ ਪ੍ਰੇਤ ਜੌਂ ਖਾ ਕੇ ਰੱਜਦਾ ਹੈ । ਯਮ ਦੇ ਸਿਪਾਹੀ(ਜਮਦੂਤ) ਉਸ ਪਰੇਤ ਨੂੰ ਪਕੜ ਕੇ ਲੈ ਜਾਂਦੇ ਹਨ ਤੇ ਪ੍ਰੇਤ ਜੌਂ ਦੇ ਪਿੰਡ ਨਾਲ ਸਫਰ ਕਟੀ ਕਰਦਾ ਹੈ । ਯਮ ਮਾਰਗ ਵਿਚ ਗਰਮੀ ਸਰਦੀ ਸਤੌਂਦੀ ਹੈ । ਪ੍ਰੇਤ ਹਰ ਰੋਜ ੨੪੭ ਯੋਜਨ (੯੯੮) ਕੋਹ ਟੁਰਦਾ ਹੈ । ਯਮ ਪੁਰੀ ਦੇ ਰਸਤੇ ਵਿਚ ੧੬ ਠਾਣੇ ਔਂਦੇ ਹਨ । ਜਿਨ੍ਹਾਂ ਦੇ ਨਾਮ - ਸੌਮ ਨਗਰ, ਸੌਰਿਪੁਰ, ਇੰਦ੍ਰ ਚੰਦ੍ਰ ਭਵਨ, ਗੰਧਰਬ, ਨਾਗਲਯ, ਕ੍ਰੌਚ ਪੁਰ, ਕਰੂਰ ਪਦ, ਵਚਿੱਤ੍ਰ ਭਵਨ, ਦੁਖਦ, ਵਯਾਪਨਾਨਾ ਦ੍ਰੂੰਦ, ਸੁਤ ਪਤ ਭਵਨ, ਰੌਦ੍ਰ, ਪਯੋਵਰਸਣ, ਸੀਤਾ ਢਯ, ਬਹੁ ਭੀਤ, ਧਰਮ ਭਵਨ, ਯੋਗਜ ਪੁਰ ਆਦਿ ਨਾਮਾ ਨਾਲ ਲਿਖੇ ਹਨ । ਇਨ੍ਹੀਂ ਥਾਵੀਂ ਬਹੁਤ ਹੀ ਕੁੱਟ ਮਾਰ ਪੈਂਦੀ ਦੱਸੀ ਹੈ । ਰਸਤੇ ਵਿੱਚ ਅੰਧੇਰੇ ਲਈ ਦੀਵੇ ਬਾਲਦੇ ਹਨ । ਅਤੇ ਪਾਣੀ ਪਹੁੰਚਾਈਦਾ ਹੈ । ਪ੍ਰੇਤ ਦੇ ਹਾੜੇ (ਵਿਰਲਾਪ) ਕਰਨੇ ਦਸੇ ਹਨ । (ਦੇਖੋ ਗਰੜ ਪੁਰਾਣ ਦਾ ਅਧਜਾਇ ੨ ਦਾ ਅੰਕ ੩੧ ਤੋਂ ਅੰਕ ੫੦ ਤੀਕਰ) ਠਾਣਿਆਂ ਦੇ ਹਾਲ ਬੀ ਅਡੋ ਅਡ ਦਸੇ ਹੈਨ । ਜਿਹਾ ਕਿ :- ਅਠਾਰਵੇਂ ਦਿਨ ਸੋਮਯ ਪੁਰ ਪਹੁੰਚਣਾਂ ਹੈ ਉਥੇ ਇਕ ਸੁੰਦਰ ਬੋਹੜ ਦਾ ਜ਼ਿਕਰ ਹੈ ਅਤੇ ਰਸਤੇ ਵਿਚ ਪੁਸ਼ਪ ਭੱਦਰਾ ਨਦੀ ਦਸੀ ਹੈ । ਉਥੇ ਹੀ ਮਹੀਨੇ ਵਾਲਾ ਸਰਾਧ ਉਪੜਦਾ ਦਸਿਆ ਹੈ॥

ਰਸਤੇ ਵਿਚ ਹਰਪੁਰੀ ਦਾ ਰਾਜਾ ਜੰਗਮ ਨਾਮਕ ਲਿਖਾ ਹੈ । ਅਖੇ ! ਉਥੇ ਦੋ ਮਹੀਨੇ ਕੁਟ ਮਾਰ ਪੈਂਦੀ ਹੈ । ਇਥੇ ਬ੍ਰਹਮਣ ਦੀ ਰਾਹੀਂ ਘਲਿਆ ਦਾਨ(ਪਾਰਸਲ) ਪਹੁੰਚਦਾ ਹੈ, ਤੀਜੇ ਮਹੀਨੇ ਗੰਧਰਬ ਪੁਰ ਪਿਛਲੇ ਪਿੰਡ ਉਪੜਦੇ ਹੈਨ । ਨਾਗਪੁਰ ਵਿਖੇ ਪੱਥਰ ਵਰਸਦੇ ਦਸੇ ਹਨ। ਪ੍ਰੇਤ ਚੌਥੇ ਮਾਹ ਦੇ ਪਿੰਡ ਖਾ ਕੇ ਇਥੇ ਤ੍ਰਿਪਤ ਹੁੰਦਾ ਹੈ । ਪੰਜਵੇਂ ਮਹੀਨੇ ਕਰੂਰ ਪੁਰ ਇਥੇ ਬੀ ਪਿੰਡ ਕੀਤੇ ਦਾਨ ਬਿਲਟੀ ਉਪੜਦੀ ਹੈ । ਅਗੇ ਕ੍ਰੋਚ ਪੁਰ ਛੀਵੇਂ ਮਹੀਨੇ ਦੇ ਪਿੰਡ ਉਪੜਦੇ ਹਨ । ਅਗੇ ਚਿਤ੍ਰ ਨਗਰ ਵਿਚ ਯਮਰਾਜੇ ਦਾ ਛੋਟਾ ਭਾਈ ਬਚਿਤ੍ਰ ਨਾਮੀ ਰਾਜਾ ਰਹਿੰਦਾ ਹੈ । ਅਖੇ ! ਇੱਥੇ ਛੇਮਾਹੀ ਦਾ ਪਿਛਲਾ ਮਾਲ ਪਹੁੰਚਦਾ ਹੈ । ਅੱਗ ਨਦੀ ਤੋਂ ਪਾਰ ਕਰਨੇ ਵਾਲੇ ਹਜਾਰਕ ਮਲਾਹਾਂ ਦਾ ਝੁੰਡ ਔਂਦਾ ਹੈ । ਫਿਰ ਬੇਤਰਨੀ ਨਦੀ ਚਾਰ ਸੌ ਕੋਹ ਚੌੜੀ ਹੈ (ਨਾਸਕਾਤ ਵਿਚ ਹਜਾਰ ਕੋਹ ਚੌੜੀ ਦਸੀ ਹੈ) । ਜਿਸ ਵਿਚ ਪਾਣੀ ਦੀ ਥਾਂ ਲਹੂ ਰਾਧ ਵਗਦੇ ਦਸੇ ਹਨ । (ਗਰੜ ਪੁਰਾਣ ਦਾ ਧਿਆਇ ੩ ਅੰਕ ੧ ਤੋਂ ੨ ਤੀਕਰ) । ਸਤਵੇਂ ਮਹੀਨੇ ਪ੍ਰੇਤ ਪ੍ਰਾਣੀ ਵਾਹਵਾ ਪਾਦ ਨਗਰ ਉਪੜਦਾ ਹੈ । ਉਥੇ ਅਠਵੇਂ ਮਹੀਨੇ ਦਾ ਪਿੰਡ ਉਪੜਦਾ ਹੈ। ਨੌਵੇਂ ਮਹੀਨੇ 'ਨਾਨ ਦ੍ਰੂੰਦ' । ਦਸਵੇਂ ਸਪਤ ਨਗਰ, ਗਿਆਰਵੇਂ ਮਹੀਨੇ ਰੁਦ੍ਰ ਪੁਰ ਜਾ ਕੇ ਉਪਰੋਂ ਦਾਨ ਦਿੱਤੇ ਦਾ ਮੀਂਹ ਬਰਸਦਾ ਦਸਿਆ ਹੈ । ਉਥੇ ਹੀ ਸਰਾਧ ਬ੍ਰਾਹਮਣ ਦਾ ਖਾਧਾ ਹੋਇਆ ਪਹੁੰਚਦਾ ਦਸਿਆ ਹੈ । ਬਾਰਵੇਂ ਮਹੀਨੇ 'ਸੀਤ ਪੁਰ' ਜਾਣਾ ਲਿਖਾ ਹੈ । ਅਖੇ! ਉਥੇ ਸਰਦੀ ਬੇਅੰਤ ਹੈ, (ਉਥੇ ਪਿਛਲੀ

ਰਜਾਈ ਤੁਲਾਈ ਸਰਹਾਣੇ ਆਦਿ ਬਸਤ੍ਰ ਘਲੇ ਪਹੁੰਚਦੇ ਨੇ)। ਅਖੀਰ ਮੁਰਦੇ ਲੋਕ ਯਮ ਪੁਰਿ ਪਹੁੰਚ ਜਾਂਦੇ ਹਨ। ਸਿੱਟਾ ਕੀ ਸਾਲ ਭਰ ਵਿਚ ਰਸਤਾ ਮੁੱਕਦਾ ਹੈ। ਉਧਰ ਬ੍ਰਾਹਮਣ ਸਾਲ ਭਰ ਮਰਨ ਵਾਲੇ ਪ੍ਰਾਣੀ ਦੇ ਘਰਦਿਆਂ ਪਾਸੋਂ ਸਭ ਕੁਝ ਲੈ ਕੇ ਅਗੇ ਉਪੜਾਈ ਜਾਂਦੇ ਨੇ। (ਗਰੜ ਕਥਾ)

## ਪ੍ਰੇਤ ਕ੍ਰਿਆ ਵਿਚ ਹਵਨ ਕਰਨਾ

ਵੇਦਾਂ ਮੰਤ੍ਰਾਂ ਨਾਲ ਹਵਨ ਕਰੇ, ਅਰ ਉਤ੍ਰ ਦਿਸ਼ਾ ਵਲ ਮੂੰਹ ਕਰਕੇ ਵੱਛੇ ਦੇ ਸੱਜੇ ਕੰਨ ਵਿਚ ਇਹ ਮੰਤ੍ਰ ਕਹਿਣੇ। ਹੇ ਵੱਛੇ ! ਤੂੰ ਧਰਮ ਰਾਜਾ ਦਾ ਸਰੂਪ ਹੈਂ, ਪਹਿਲੇ ਤੈਨੂੰ ਬ੍ਰਹਮਾਂ ਜੀ ਨੇ ਰਚਿਆ ਹੈ। ਸੋ ਤੂੰ ਮੇਰਾ ਅਰ ਮੇਰੇ ਪਿਤਰਾਂ ਦਾ ਉਧਾਰ ਕਰ ਤੇਰੇ ਪ੍ਰਭਾਵ ਕਰਕੇ ਸੰਸਾਰ ਰੂਪੀ ਸਾਗਰ ਵਿਚੋਂ ਮੈਂ ਤਰ ਜਾਵਾਂਗਾ ॥ (ਗਰੜ ਧਿਆਇ ੨ ਅੰਕ ੨੦੫)

## ਬਿਰਖੋਤ ਸਰਗ ਦੀ ਵਿਧੀ

ਕਤਕ ਪੂਰਨਮਾਸ਼ੀ ਦਿਨ ਖੂਹ ਜਾਂ ਨਦੀ ਪਰ ਰਸੋਈ ਬਣਾ ਕੇ ਬਰਤਨ ਸਮੇਤ ਬ੍ਰਾਹਮਣ ਨੂੰ ਦੇਵੇ। ਸਪਾਰੀ ਖੀਰ ਦਾ ਹਵਨ ਕਰੇ, ਖੜਗ ਰੁਦਰ ਦਾ ਜਾਪ ਕਰੇ। ਵੱਛਾ ਜਾਂ ਵਛੀ ਦੇ ਗਹਿਣੇ ਪਾ ਕੇ ਕਰੇ। ਇਹ ਪ੍ਰੇਤ ਦੀ ਮੁਕਤੀ ਕਰਨ ਦੇ ਸਾਧਨ ਹਨ ॥ (ਗਰੜ ਅ: ੩੧ ਅੰਕ ੧ ਤੋਂ ੧੨ ਤੀਕ)

ਹਿੰਦੂ ਗਯਾ, ਗੰਗਾ, ਜਮਨਾ, ਪੁਸਕਰ, ਖਾਰਾ ਆਦਿ ਜਾ ਕੇ ਵੀ ਪਿੰਡ ਭਰਦੇ ਨੇ। ਪਿੰਡ ਭਰਨ ਵੇਲੇ 'ਅਘੋ ਦੇਵਾ ਮ੍ਰਿਤਜੁਮਤਿ ਮੰਤ੍ਰ ਪੜਦੇ ਨੇ ਫਿਰ ਉਪਯਾਮ ਗੀਤਾਂਸਿ' 'ਭਾਵ ਹੇ ਮਹਾਰਾਜ ਮੇਰੀ ਪੂਜਾ ਔਰ ਦਾਨ ਕਬੂਲ ਕਰੋ'। ਪ੍ਰੇਤ ਦੀ ਗਿਆਰਵੇਂ ਸ੍ਰਾਧ ਪਰ ਵਿਸ਼ਨੂੰ ਦੀ ਸੋਨੇ ਦੀ; ਸ਼ਿਵ ਤੇ ਬ੍ਰਹਮਾ ਦੀ ਤਾਂਬੇ ਦੀ ਮੂਰਤੀ ਬਣਾ ਕੇ, ਪੂਜਾ ਕਰਾ ਕੇ ਵੀ ਦਾਨ ਲੈਂਦੇ ਹਨ। (ਦੇਖੋ ਗਰੜ ਧਿਆਇ ੧੯)

## ਮੁਰਦੇ ਹਿੱਤ ਦੀਵੇ ਜਗਾਣੇ

ਹਿੰਦੂ ਮਤ ਵਿਚ ਪ੍ਰਾਣੀ ਦੇ ਮਰਨ ਪਿਛੋਂ ਜੋ ਜਲ ਵਿਚ ਦੀਵੇ ਤਰਾਏ ਜਾਂਦੇ ਹਨ। ਔਰ ਮੜ੍ਹੀਆਂ ਪਿਪਲਾਂ ਪਰ ਬਾਲੀ ਦੇ ਹਨ। ਇਸਦਾ ਭਾਵ ਹੈ ਕਿ ਯਮ ਮਾਰਗ ਵਿਚ ਚਾਨਣ ਕੀਤਾ ਜਾਂਦਾ ਹੈ। ਅਖੇ ! ਉਥੇ ਅੰਧੇਰ ਘੁਪ ਹੈ। ਤਾਂਕਿ ਪਿੱਤਰ ਲੋਕ ਅੰਧੇਰੇ ਵਿਚ ਠੋਕਰਾਂ ਨਾ ਖਾਂਦੇ ਫਿਰਨ। ਮਰੇ ਪ੍ਰਾਣੀ ਲਈ ਸਾਲ ਭਰ ਦੀਵੇ ਬਲਦੇ ਹਨ  ਬ੍ਰਾਹਮਣ ਨੂੰ ਸੋਨੇ ਦੀ ਮੁੰਦ੍ਰੀ ਦੇਣ ਨਾਲ ਪ੍ਰੇਤਾਂ ਦੀ ਪਰਮ ਗਤੀ ਹੋ ਜਾਂਦੀ ਦਸੀ ਹੈ (ਗਰੜ ਪੁਰਾਣ ਦਾ ਧਿਆ ੧੯)। ਚੌਥੇ ਦਿਨ ਫੁਲ (ਹਥਾਂ ਪੈਰਾਂ ਦੇ ਹੱਡ) ਚੁਗਾ ਕੇ ਗੰਗਾਂ ਨੂੰ ਲੈ ਜਾਂਦੇ ਨੇ ਕਿਉਂਕਿ ਹਿੰਦੂ ਗ੍ਰੰਥਾਂ ਵਿਚ ਮੁਰਦੇ ਦੇ ਚੌਥੇ ਦਿਨ ਫੁਲ ਚੁਗਣੇ (ਹਡ ਚੁਗ ਕੇ ਗੰਗਾ ਪੌਣੇ) ਦਸੇ ਨੇ ॥

## ਡਾਕ ਪਾਰਸਲ ਜਾਣ ਦਾ ਵਸੀਲਾ

ਪਹਿਲੇ 'ਵਰਣ' ਦੇਵਤਾ' ਲੈਂਦਾ ਹੈ, ਅਗੇ ਭਗਵਾਨ ਬਿਸ਼ਨ ਪਾਸ ਉਪੜਦੀ ਦਸੀ ਹੈ

ਫਿਰ ਸੂਰਜ ਭਗਵਾਨ ਦੀ ਹਥੀਂ ਪਰੇਤ, ਪ੍ਰਾਣੀ ਨੂੰ ਮਿਲਦੀ ਹੈ। ਬ੍ਰਾਹਮਣ ਨੂੰ ਮੱਝ, ਗਊ ਦਾਨ ਕਰਕੇ ਪ੍ਰੇਤ ਪ੍ਰਾਣੀ ਨਰਕਾਂ ਤੋਂ ਬਚਦਾ ਹੈ ਨਹੀਂ ਤਾਂ ੮੪ ਨਰਕ ਭੋਗਦਾ ਹੈ। ਜਿਨ੍ਹਾਂ ਵਿਚੋਂ ੨੧ ਨਰਕ ਵਡੇ (ਸੈਂਟ੍ਰਲ ਜੇਲ) ਇਹ ਦਸੇ ਨੇ। ਤਾਂਮ੍ਰਿਤ ੧ ਲੋਹ ੨ ਸੰਕੂ ੩ ਮਹਾਂ ਭੈਰਵ ੪ ਮਹਾ ਰੌਰਵ ੫ ਕੁੰਡਲੀ ੬ ਪ੍ਰੇਤ ੭ ਮ੍ਰਿਤਯੂ ੮ ਕਾਲ ਸੂਤ੍ਰ ੯ ਸੰਘਾਤ ੧੦ ਲੋਹਤਾੜ ੧੧ ਸੰਵਿਸ ੧੨ ਸਪਰ ਮਾਤਨ ੧੩ ਮਹਾਂ ਨਿਰਣਯ ੧੪ ਕਾਲ ਸੰਜੀਵ ੧੫ ਮਹਾ ਪੱਥ ੧੬ ਅਵੀਚ ੧੭ ਅੰਧਤਾਮਿਸ ੧੮ ਕੁੰਬੀ ਪਾਕ ੧੯ ਅਸਿਪਤ੍ਰਬਾਨ ੨੦ ਤਪਨ ੨੧ ਗਿਧਲੋਹ ਚੋਂਚੀ ਆਦਿ। [ਨਾਸਕੇਤ ਕਥਾ ਵਿਚ ਇਸ ਤੋਂ ਵਖਰੇ ਨਾਮ ਧਰੇ ਹਨ] ਮੁਰਦਾ(ਪ੍ਰੇਤ) ਯਮਪੁਰੀ ਵਿਚ ਸਾਲ ਵਿਚ ਉਪੜਦਾ ਹੈ। ਜੇ ਬ੍ਰਾਹਮਣ ਨੂੰ ਸਾਲ ਭਰ ਨੇਚੀ (ਨਿਆਰੀ) ਨਾ ਖੁਲਾਵੇ ਤਾਂ ਭੁਖਾ ਮਰਦਾ ਹੈ। ਵਰ੍ਹੇ ਦੇ ਸ੍ਰਾਧ ਪਰ ਪ੍ਰੇਤ ਪ੍ਰਾਣੀ ਜਮੀਨ ਪਰ ਔਂਦਾ ਹੈ। ਉਥੇ ਹਥ ਭਰ ਲੰਮਾ ਸਰੀਰ ਉਪੜਦਾ ਹੈ ਤੇ ਪ੍ਰੇਤ ਕ੍ਰਿਆ ਹੋਣ ਪਿੱਛੋਂ ਅੰਗੂਠੇ ਜਿਤਨਾ ਸਰੀਰ ਧਾਰਦਾ ਹੈ ਜੋ ਹਵਾ ਦਾ ਬਣਿਆ ਹੁੰਦਾ ਹੈ। ਫਿਰ ਘਾਸ ਦੀ ਛੇ ਟੰਗੀ ਮਕਛੀ ਦੀ ਤਰ੍ਹਾਂ ਬਣਕੇ ਕਰਮਾ ਅਨੇਸਾਰ ਦੂਜੀ ਦੇਹੀ ਪੌਂਦੀ ਹੈ॥ (ਗਰੜ ਪੁਰਾਣ ਧਿਆਇ ੭ ਦਾ ਅੰਕ ੧ ਤੋਂ ੩੯ ਤੀਕਰ) ਬਰਸ ਪੂਰਨ ਹੋਏ ਤੋਂ ਪਿੰਡ ਕਰੇ ਤਾਂ ਪ੍ਰੇਤ (ਮੁਰਦਾਰ) ਪਿੱਤ੍ਰਾਂ ਵਿਚ ਰਲਦਾ ਹੈ। ਸਪਿੰਗ ਹੋਣੇ ਕਰਕੇ ਪ੍ਰੇਤ ਪਵਿਤ੍ਰ ਹੁੰਦਾ ਹੈ॥ ਨੋਟ- ਬ੍ਰਹਮਣ ਦਾ ਧਨ ਚੁਰੌਣ ਵਾਲੇ, ਬ੍ਰਹਮਣੀ ਨਾਲ ਭੋਗ ਕਰਨ ਵਾਲੇ "ਬ੍ਰਿਖੋਤ ਸਰਗ" ਕਰਨੇ ਸੇ ਵੀ ਵੀ ਪ੍ਰੇਤ ਹੁੰਦੇ ਹਨ॥ (ਗਰੜ ਧਿਆ ੧੪ ਅੰਕ ੧੭)

## ਬੇਤਰਨੀ ਨਦੀ ਲਈ ਗਊ ਦਾਨ

ਵਿਤੀਪਾਤ ਵਾਲੇ ਦਿਨ ਚੰਦ੍ਰਮਾਂ ਜਾਂ ਸੂਰਜ ਗ੍ਰਹਣ, ਸੰਕ੍ਰਾਂਤ ਜਾਂ ਮਸਿਆ ਨੂੰ ਕਾਲੇ ਜਾਂ ਪੀਲੇ ਰੰਗ ਦੀ ਗਊ ਹੋਵੇ ਤੇ ਬਹੁਤ ਦੁੱਧ ਦੇਣ ਵਾਲੀ ਹੋਵੇ, ਉਸਦੇ ਸਿੰਙਾਂ ਪਰ ਸੋਨਾ ਚੜ੍ਹਵੇ, ਖੁਰਾਂ ਪਰ ਚਾਂਦੀ ਚਾੜੇ, ਪਿੱਠ ਪਰ ਤਾਂਬਾ,ਉਪਰ ਕਾਲਾ ਝੁੱਲ ਦੇਵੇ, ਪੂਛ ਨਾਲ ਸੁਚੇ ਮੋਤੀਆਂ ਦੇ ਗੁੱਛੇ ਬੰਨਕੇ ਬ੍ਰਹਮਣ ਨੂੰ ਦੇਵੇ ਤਾਂ ਉਹ ਗਊ ਬੇਤਰਨੀ ਨਦੀ ਤੋਂ ਪਾਰ ਕਰਸੀ॥ (ਗਰੜ ਪੁਰਾਣ ਧਿਆਇ ੩੩)

## ਯਮ ਪੁਰੀ ਦੇ ਹਾਲਾਤ

ਅਖੇ! ਪਹਿਲੇ ਯਮ ਪੁਰੀ ਦੇ ਪਾਸ ਚਿਤ੍ਰਗੁਪਤ ਦੀ ਹਵੇਲੀ ਔਂਦੀ ਦਸੀ ਹੈ ਜੋ ਪੰਝੀ ਜੋਜਨਾਂ ਦੀ ਹੈ। ਗਿਰਦੇ ਲੋਹੇ ਦਾ ਕੋਟ ਹੈ, ਉਥੇ ਜੀਵ ਦੀ ਪੁਛ ਗਿਛ ਹੁੰਦੀ ਹੈ, ਉਸਦੇ ਚੜ੍ਹਦੇ ਵਲ ਤਾਪ ਘਰ, ਦੱਖਣ ਸੂਲ ਘਰ, ਪੱਛਮ ਕਾਲ ਦੀ ਫਾਹੀ ਤੇ ਬਦਹਜ਼ਮੀ ਘਰ, ਉਤ੍ਰ ਪਿੰਡ ਘਰ, ਪਹਾੜ ਦੀ ਨੁਕਰ ਵਿਚ ਸਿਰ ਪੀੜ ਘਰ, ਦਖਣ ਪੱਛਮ ਦੀ ਨੁਕਰੇ ਮੂਰਛਾ ਘਰ, ਦੱਖਣ ਪੱਛਮ ਅਤਿਸਾਰ ਘਰ, ਪਹਾੜ ਦੀ ਨੁਕਰ ਵਿਚ ਦਾਹ ਰੋਗ ਦਾ ਘਰ ਹੈ। ਯਮ ਪੁਰ ੪੪ ਜੋਜਨ ਮੁਰੱਬਾ ਮੀਲ ਦਸੀ ਹੈ। (ਨਾਸਕੇਤ ਵਾਲੀ ਮਿਣਤੀ ਘਟ ਵਧ ਹੈ) ਅਖੇ! ਜਿਥੇ

੮੪ ਲਾਖ ਜੂਨਾ ਆਪੋ ਆਪਣੇ ਸਰੀਰ ਵਿਚ ਰਹਿੰਦੀਆਂ ਹਨ। ਧਰਮ ਰਾਜਾ ਦੀ ਕਚਹਿਰੀ ਅਗੇ ੧੩ ਛੜੀਦਾਰ ਖੜੇ ਹਨ ਜੋਕਿ ਪੁੰਨ ਪਾਪ ਦਾ ਚਿਠਾ ਦਸਦੇ ਹਨ, ਉਸੀ ਚਿੱਠੀ ਪਰ ਚਿੱਤ੍ਰ ਗੁਪਤ ਵੀਚਾਰ ਕਰਦਾ ਹੈ। ਧਰਮ ਰਾਜਾ ਦਾ ਸਿੰਘਾਸਨ ਦਸ ਜੋਜਨਾਂ ਦਾ ਹੈ ਤੇ ਉਸਦੀਆਂ ਅਖਾਂ ਤਿੰਨ ਜੋਜਨਾਂ ਦੀਆਂ ਦਸੀਆਂ ਹਨ। ਜਮ ਪੁਰੀ ਤੀਕ ਛਿਆਸੀ ਹਜਾਰ ਜੋਜਨ ਹਨ। ਜਮ ਪੁਰੀ ਤਾਂਬੇ ਦੀ ਬਣੀ ਹੋਈ ਫੁਰਮਾਈ ਹੈ। ਰਾਹ ਵਿਚ ਕੰਡੇ, ਅੱਗ, ਦੁਖੀ ਕਰਦੇ ਨੇ। ਦੱਖਣ, ਪੱਛਮ ਦੀ ਨੁਕਰ ਵਿਚ ਜਮ ਲੋਕ ਹੈ, ਜਿਸਦੇ ਚਾਰ ਦਰ ਹਨ। ਸਤ ਕਿਲੇ ਤੇ ਚਾਰ ਹਜਾਰ ਕੋਹ ਦਾ ਮੰਦਰ ਹੈ। ਧਰਮ ਰਾਜੇ ਦਾ ਮੰਦਰ ਪੰਜਾਹ ਜੋਜਨ ਉਚਾ ਲਿਖਾ ਹੈ। ਮਕਾਨ ਦੇ ਹਜਾਰ ਥੰਮ ਦਸੇ ਨੇ। ਧਰਤੀ ਸੋਨੇ ਦੀ ਲਿਖੀ ਹੈ।

ਨੋਟ- ਨਾਸਕੇਤ ਦੀ ਕਥਾ ਵਿਖੇ ਯਮ ਪੁਰੀ ਇਕ ਹਜਾਰ ਯੋਜਨ ਉਚੀ ਦਸੀ ਏ ਅਰ ਪੰਜ ਹਜਾਰ ਜੋਜਨਾਂ ਵਿਚ ਲੋਹੇ ਦਾ ਕੋਟ ਲਿਖਾ ਹੈ ਤੇ ਰਸਤੇ ਦੇ ਬਾਰਾਂ ਠਾਣੇ ਦਸੇ ਨੇ। ਰਾਹ ਵਿਚ ਦੋ ਹਜਾਰ ਕੋਹ ਤੱਤਾ ਰੇਤਾ, ਬਾਰਾਂ ਹਜਾਰ ਕੋਹ ਭੀੜੀ ਗਲੀ ਦਸੀਏ ਅਰ ਧਰਮ ਰਾਜੇ ਦੀ ਦੇਹ ਸੋਨੇ ਦੀ ਪਰ ਅੱਧਾ ਮੂੰਹ ਸੋਨੇ ਰੰਗਾ ਤੇ ਅੱਧਾ ਕਾਲਾ ਲਿਖਾ ਹੈ। (ਪਤਾ ਨਹੀਂ ਨਾਸਕੇਤ ਅਰ ਵਿਸ਼ਨੂ ਭਗਵਾਨ ਦੀ ਮਿਣਤੀ ਵਿਚ ਫਰਕ ਕਿਉਂ ਪੈ ਗਿਆ ?)

## ਬ੍ਰਿਖੋਤ ਸਰਗ

ਜਿਸ ਪ੍ਰਾਣੀ ਦਾ 'ਬ੍ਰਿਖੋਤ ਸਰਗ' ਕੀਤਾ ਜਾਵੇ ਓਹ ਪਿਤਰ ਲੋਕ ਨੂੰ ਜਾਂਦਾ ਹੈ (ਬਾਕੀ ਨਰਕਾਂ ਵਿਚ ਸਮਝੋ)

ਆਸਣ, ਪਊਏ, ਚੌਕੀ, ਦੀਵਟ(ਦੀਵਾ ਰਖਣ ਹਿਤ),ਭੂਖਣ (ਗਹਿਣੇ ਆਦਿ) ਤਾਂਬੇ ਦਾ ਗੜਵਾ, ਮਿਟੀ ਦਾ ਪਿਆਲਾ। ਅਗੇ ਲਿਖਾ ਹੈ ਛਤਰੀ ਧੁਪ ਤੋਂ ਬਚੌਂਦੀ ਹੈ। ਗਹਿਣੇ ਆਦਿ ਜਮਾ ਦੀ ਮਾਰ ਤੋਂ ਰੋਕਦੇ ਹਨ। ਅਖੇ ! ਜੇ ਬ੍ਰਾਹਮਣ ਨੂੰ ਸੋਨੇ ਦੀ ਮੁੰਦਰੀ ਦਿੱਤੀ ਜਾਏ ਤਾਂ ਪ੍ਰਾਣੀ ਨੂੰ ਮਿਠੇ ਚੌਲ ਮਿਲਦੇ ਨੇ (ਦੇਖੋ ਗਰੜ ਪੁਰਾਣ ਦਾ ਪੰਜਵਾ ਧਿਆ) ਇਸ ਤਰ੍ਹਾਂ ਪਹਿਲੇ ਧਿਆ ਦੇ ਅੰਕ ੨੫ ਵਿਚ ਗਊ, ਭੂਈ (ਜ਼ਮੀਨ) ਕਪੜਾ ਅੰਨ, ਭਾਂਡੇ, ਘਰ ਬ੍ਰਾਹਮਣ ਨੂੰ ਦੇਣ ਨਾਲ ਅਗੇ ਮਿਲਦੇ ਦਸੇ ਹਨ ॥

## ਊਰਧਵ ਕ੍ਰਿਆ

ਗਰੜ ਪੁਰਾਣ ਦੇ ੧੪ ਧਿਆ ਵਿਖੇ ਪ੍ਰੇਤ ਦੀ ਊਰਧਵ ਕ੍ਰਿਆ ਕਰਨੀ ਲਾਜ਼ਮੀ ਦਸੀ ਹੈ। ਅਖੇ ! ਨਹੀਂ ਤਾਂ ਪੁਰਸ਼ ਸਦਾ ਹੀ ਪ੍ਰੇਤ ਜੂਨਾਂ ਵਿਚ ਰਹਿੰਦਾ ਹੈ। ਉਸਦੀ ਵਿਧੀ ਇਉਂ ਲਿਖੀ ਹੈ। ਦੋ ਮਾਸੇ ਸੋਨੇ ਦੀ ਮੂਰਤ ਨਾਰਾਇਣ(ਵਿਸ਼ਨੂ ਭਗਵਾਨ) ਦੀ ਬਣਾਵੇ, ਉਸਦੇ ਕੀਮਤੀ ਗਹਿਣੇ ਪਾਵੇ ਤੇ ਦੋ ਰੇਸ਼ਮੀ ਬਸਤ੍ਰ ਚੰਦਨ ਅਰ ਅਗਰ ਨਾਲ ਪੂਜਾ ਕਰੇ। ਪਾਸ ਹੀ ਭਗਵਾਨ ਮਧਸੂਦਨ ਦੀ ਮੂਰਤ ਰਖੇ ਪਿਛੇ ਬਾਸਦੇਵ, ਵਿਚਕਾਰ ਬ੍ਰਹਮਾ ਤੇ ਮਹਾ ਦੇਵ ਰੱਖ ਕੇ, ਪ੍ਰਦਖਣਾ ਕਰੇ ॥

## ਪੈਂਚਕਾਂ

ਧਨਿਸ਼ਟਾ ਨਛਤ੍ਰ ਤੋਂ ਲਾ ਕੇ ਰੇਵਤੀ ਨਛੱਤ੍ਰ ਤੀਕ ਪੰਜਾਂ ਨਛਤ੍ਰਾਂ ਦਾ ਨਾਮ "ਪੈਂਚਕਾ" ਹੈ। ਪੈਂਚਕਾਂ ਵਿਚ ਮੁਰਦਾ ਸਾੜਨਾ ਬੀ ਮਨਾਹੀ ਕੀਤਾ ਹੈ। ਅਖੇ ! ਮੁਰਦਾ ਉਕਾ ਨਾ ਸਾੜੇ ਚਾਹੇ ਕਿੰਨਾ ਬੀ ਦੁਖੀ ਹੋਵੇ। ਜੇ ਕੋਈ ਨਹੀਂ ਹਟਦਾ ਤਾਂ ਹੋਮ ਕਰਾਵੇ ਤੇ ਬ੍ਰਾਹਮਣ ਪਾਸੋਂ ਮੰਤ੍ਰ ਜਪਾ ਕੇ ਦਾਹ ਕਰੇ ਤਾਂ ਬੀ ਮ੍ਰਿਤਕ ਲੋਥ ਦਾ ਕੱਖਾਂ ਦਾ ਪੁਤਲਾ ਬਣਾ ਕੇ ਮੁਰਦੇ ਨਾਲ ਧਰਕੇ ਸਾੜੇ ਤਾਂ ਪਾਪ ਹਟੇਗਾ ਨਹੀਂ ਤਾਂ ਪੈਂਚਕਾਂ ਵਿਚ ਮਰੇ ਦੀ ਗਤੀ ਨਹੀਂ ਹੁੰਦੀ। ਹਾਂ ਉਸ ਦੀ ਗਤੀ ਬ੍ਰਾਹਮਣ ਨੂੰ ਸਿਉਂਨਾ, ਗਊ ਔਰ ਤਿਲਾਂ ਦਾ ਦਾਨ ਦੇ ਕੇ ਹੋ ਸਕਦੀ ਹੈ। (ਗਰੜ ਧਿਆ ੨੫, ਅੰਕ ੨੬ ਤੋਂ ੩੦) ॥

## ਮ੍ਰਿਤੂ ਲੋਥ ਦੀ ਗਤੀ

ਦੋ ਮਹੀਨੇ ਦੇ ਬੱਚੇ ਦੱਬੋ। ਦਿਨਾਂ ਦੇ ਬੱਚੇ ਜੰਗਲ ਵਿਚ ਸੁਟਣੇ ਲਿਖੇ ਨੇ, ਤਿੰਨ ਸਾਲ ਦੇ ਅੰਦਰ ਸਾੜਨਾ ਨਹੀਂ। ਜਲ ਪ੍ਰਵਾਹ ਲਿਖਾ ਹੈ। (ਮਨੂ ਅ: ੫ ਸਲੋਕ ੬੯ ਤੋਂ ੭੦ ਤਕ) ਗਰੜ ਪੁਰਾਣ ਦੇ ਦਸਵੇਂ ਧਿਆ ਵਿਚ ਪੇਟ ਵਿਚ ਮਰੇ ਬਚੇ ਨੂੰ ਧਰਤੀ ਵਿਚ ਗੱਡਣਾ ਦਸਿਆ ਹੈ। ਗਿਆਰਵੇਂ ਬਾਰਵੇਂ ਦਿਨ ਕ੍ਰਿਆ ਬਾਹਰਾ ਬ੍ਰਿਖੋਤ ਸਰਗ ਦਾ ਹੁਕਮ ਹੈ।ਅਖੇ ! ਨਹੀਂ ਤਾਂ ਪ੍ਰਾਣੀ ਦੇ ਸੁਬ ਕਰਮ ਬੀ ਨਿਸਫਲ ਜਾਂਦੇ ਨੇ (ਧਿਆ ੧੦)

ਦਸ ਮਹੀਨੇ ਦਾ ਬਾਲ ਦੱਬਣਾ ਲਿਖਾ ਹੈ। ਅਖੇ ! ਜਦੋਂ ਤੀਕ ਪਿੰਡ ਉਤਸਰਗ ਨਾ ਕਰੇ ਤਦੋਂ ਤੀਕ ਬ੍ਰਾਹਮਣ ਹੰਦਾ ਨਾ ਲਵੇ। ਬਾਰ੍ਹਵੇਂ ਦਿਨ ਸਪਿੰਡ ਕਰੇ, ੩੬੦ ਦਿਨ ਅੰਨ ਜਲ ਕਰੇ, ਬਰਸ ਪਿੱਛੋਂ ਵਰ੍ਹੀਨਾ ਕਰੇ, ਪਲੰਘ ਪਰ ਬੈਠ ਕੇ ਅਚਾਰਜ ਤ੍ਰਿਪਤ ਹੋ ਕੇ ਘਰ ਜਾਵੇ (ਇਹ ਮੁਰਦਾ ਗਤੀ ਦੇ ਸ੍ਰਾਧ ਵਿਧੀ ਵਿਚ ਸੂਤਕ ਨਾਸ਼ਕ ਤ੍ਰੀਕਾ ਹੈ) (ਗਰੜ ਧਿਆ ੧੨) ਪਿੰਡਾਂ ਵਿਚ ਮੁਰਦਾ ਹੁੰਦੇ ਰੋਟੀ ਖਾਣੀ ਮਾਸ ਖਾਣ ਸਦਰਸ ਦੱਸੀ ਹੈ। ਬਲਕਿ ਪਿੰਡ ਵਿਚ ਮੁਰਦਾ ਹੁੰਦੇ ਕਿਸੀ ਨੂੰ ਦਾਤਨ ਕਰਨੀ ਤੇ ਪੁੰਨ ਦਾਨ ਕਰਨਾ, ਜਪ, ਹੋਮ ਤੇ ਸ਼ਨਾਨ ਕਰਨਾ ਨਿਸਫਲ ਦਸਿਆ ਹੈ (ਦੇਖੋ ਗਰੜ ਧਿਆ ੨੬ ਅੰਕ ੧)

## ਬ੍ਰਿਖੋਤ ਸਰਗ (ਕ੍ਰਿਆ ਬਾਹਰਾ ਆਦਿ)

ਹਿੰਦੂ ਧਰਮ ਸ਼ਾਸਤ੍ਰ ਦੀ ਰੀਤ ਅਨੁਸਾਰ ਪੁੱਤ੍ਰ ਦੇ ਹੱਥੋਂ ਪ੍ਰੇਤ ਕ੍ਰਿਆ ਹੋਇ ਬਿਨਾ, ਪ੍ਰੇਤ ਦੇਹ ਦੀ ਮੁਕਤੀ ਨਹੀਂ ਹੁੰਦੀ, ਚਾਹੇ ਮਰਨ ਵਾਲਾ ਕਿਡਾ ਬੀ ਧਰਮੀ, ਨੇਮੀ, ਦਾਨੀ, ਪੁੰਨੀ ਕਿਉਂ ਨਾ ਹੋਵੇ। (ਗਰੜ ਪੁਰਾਣ ਅਧਿਆਇ ੧ ਅੰਕ ੧੧ ਤੋਂ ੧੯ ਤੀਕਰ)

ਸੂਚਨਾ - ਦਸਿਆ ਹੈ ਕਿ ਬ੍ਰਿਖੋਤ ਸਰਗ ਹਥੀਂ ਕਰੇ ਜਾਂ ਪੁਤ੍ਰ, ਦੋਹਤ੍ਰਾ, ਨੂੰਹ ਕਰੋਂਣ। ਜਿਸ ਪ੍ਰਾਣੀ ਦੀ ਕ੍ਰਿਆਂ ਨਾ ਹੋਣੇ ਓਹ ਹਵਾ ਰੂਪ ਹੋ ਕੇ ਰਾਤ ਦਿਨ ਧੱਕੇ ਖਾਂਦਾ ਫਿਰਦਾ ਹੈ ਅਰ ਭੁੱਖਾ ਪਿਆਸਾ ਰਹਿ ਕੇ ਦੁਖ ਪਾਂਦਾ ਹੈ ਔਰ ਕੀੜਾ ਮਕੌੜਾ ਨੀਚ ਜੂਨਾਂ ਵਿਚ ਪੈਂਦਾ ਹੈ ॥ (ਗਰੜ ਪੁਰਾਣ ਧਿਆ ੧ ਅੰਕ ੨੭ ਤੋਂ ੨੮)

## ਹਿੰਦੂਆਂ ਲਈ ਗਰੜ ਪੁਰਾਣ ਦਾ ਮਹਾਤਮ ਤੇ ਐਲਾਨ

ਗਰੜ ਨੂੰ ਦਸ ਦਿਨ ਸੁਣਨ ਨਾਲ ਸਭੇ ਪਾਪ ਦੂਰ ਹੁੰਦੇ ਹਨ । ਗਰੜ ਵਿਚ ਦੱਸੇ ਕਰਮ ਨਾ ਕਰਨ ਵਾਲੇ ਦੇ ਘਰ ਦਾ ਪਾਣੀ ਪੀਣਾ ਸ਼ਰਾਬ ਤੁੱਲ ਹੈ ।ਪਿੱਤ੍ਰਾਂ ਦੇ ਕ੍ਰੋਪ ਨਾਲ ਘਰ ਵਿਚ ਦਲਿਦ੍ਰ ਔਂਦਾ ਹੈ । ਗਰੜ ਸੁਣਕੇ ਪਾਪੀ ਮੁਕਤ ਹੁੰਦੇ ਨੇ । ਕਥਾ ਵਾਲੇ ਬ੍ਰਾਹਮਣ ਨੂੰ ਗਊ, ਅੰਨ, ਸੋਨਾ, ਜ਼ਮੀਨ ਆਦਿ ਦੇ ਕੇ ਪ੍ਰਸੰਨ ਕਰੋ ਤਾਂ ਬਿਸਨੂੰ ਭਗਵਾਨ ਪ੍ਰਸੰਨ ਹੋਣਗੇ ( ਗਰੜ ਮਹਾਤਮ ੧ ਤੋ ੧੯ ਸਲੋਕ ਤਕ)

ਨੋਟ- ਗਰੜ ਬਿਸ਼ਨੂੰ ਭਗਵਾਨ ਦੀ ਜ਼ਬਾਨੀ ਉਚਾਰਿਆ ਦਸਿਆ ਹੈ । ਇਸ ਲਈ ਗਰੜ ਦੀ ਲਿਖਤ ਬਿਸ਼ਨ ਭਗਵਾਨ ਦੇ ਐਲਾਨ ਹੀ ਸਮਝੋ ਜੋ ਹਿੰਦੂਆਂ ਲਈ ਮੰਨਣੇ ਲਾਜ਼ਮੀ ਠਹਿਰਾਏ ਹਨ ॥

## ਅਸਲੀ ਪ੍ਰੇਤ ਕੌਣ ਹਨ ?

ਜਤੁ ਸਤੁ ਸੰਜਮੁ ਸੀਲੁ ਨ ਰਾਖਿਆ ਪ੍ਰੇਤ ਪਿੰਜਰ ਮਹਿ ਕਾਸਟੁ ਭਇਆ ॥
ਪੁੰਨੁ ਦਾਨੁ ਇਸਨਾਨੁ ਨ ਸੰਜਮੁ ਸਾਧਸੰਗਤਿ ਬਿਨੁ ਬਾਦਿ ਜਇਆ ॥

(ਰਾਮਕਲੀ ਮਹਲਾ ੧-੯੦੬)

ਪ੍ਰੇਤ ਪਿੰਜਰ ਮਹਿ ਦੂਖ ਘਨੇਰੇ ॥ ਨਰਕਿ ਪਚਹਿ ਅਗਿਆਨ ਅੰਧੇਰੇ ॥

(ਮਾਰੂ ਮਹਲਾ ੧-੧੦੨੯)

ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥ ਮਨਮੁਖ ਅੰਧੇ ਫਿਰਹਿ ਬੇਤਾਲੇ ॥

(ਮਾਝ ਮਹਲਾ ੩-੧੧੭)

ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥
ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥

(ਬਿਹਾਗੜਾ ਵਾਰ ਮਹਲਾ ੧-੫੫੬)

ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ ॥
ਇਹ ਜਮ ਕੀ ਸਿਰਕਾਰ ਹੈ ਏਨ੍ਹਾ ਉਪਰਿ ਜਮ ਕਾ ਡੰਡੁ ਕਰਾਰਾ ॥

(ਗੁਜਰੀ ਮਹਲਾ ੩-੫੧੩ )

ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥
ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥

(ਸਲੋਕ ਕਬੀਰ-੧੩੭੪ )

## ਧਰਮ ਰਾਜਾ ਕੀ ਕਰ ਸਕਦਾ ਹੈ ?

ਸੰਤਨ ਮੋਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥ ਧਰਮਰਾਇ ਅਬ ਕਹਾ ਕਰੈਗੋ, ਜਉ ਫਾਟਿਓ ਸਗਲੋ ਲੇਖਾ ॥ ਸੋਰਠ ਮਹਲਾ ੫ ॥ ਜਨ ਕਉ ਕ੍ਰਿਪਾ ਕਰੀ ਜਗਜੀਵਨ ਹਰਿ ਉਰਧਾਰਿਓ ਮਨ ਮਾਝਾ ॥ ਧਰਮਰਾਇ ਦਰ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥ ਜੈਤਸਰੀ ਮਹਲਾ ੪ ॥

## ਯਮ ਦਾ ਡਰ ਕੀ ਹੈ ?

ਜਾ ਕੈ ਬਿਨਸਿਓ ਮਨ ਤੇ ਭਰਮਾ ॥ ਤਾ ਕੈ ਕਛੂ ਨਾਹੀ ਡਰ ਜਮਾ ॥

*(ਗਉੜੀ ਮਹਲਾ ੫-੧੯੬)*

ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ ਨਾ ਜਮ ਕਾਣਿ ਨ ਜਮ ਕੀ ਬਾਕੀ ॥

*(ਮਹਲਾ ੧ ਰਾਗ ਗੁਜਰੀ-੫੦੫)*

ਦੂਖ ਨ ਲਾਗੈ ਕਦੇ ਤੁਧ ਪਾਰਬ੍ਰਹਮ ਚਿਤਾਰੇ ॥
ਜਮਕੰਕਰੁ ਨੇੜਿ ਨ ਆਵਈ ਗੁਰਸਿਖ ਪਿਆਰੇ ॥ *(ਬਿਲਾਵਲ ਮਹਲਾ ੫-੮੧੮)*

ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ ॥
ਨਾਨਕ ਸਿਖ ਦੇਇ ਮਨ ਪ੍ਰੀਤਮ ਹਰਿ ਲਦੇ ਖੇਪ ਸਵਲੀ ॥

*(ਸਿਰੀ ਰਾਗ ਮਹਲਾ ੫-੭੯)*

ਚਿਤ੍ਰ ਗੁਪਤੁ ਸਭ ਲਿਖਤੇ ਲੇਖਾ ॥ ਭਗਤ ਜਨਾ ਕਉ ਦ੍ਰਿਸਟਿ ਨ ਪੇਖਾ ॥

*(ਆਸਾ ਮਹਲਾ ੫-੩੯੩)*

ਸਤਿਗੁਰ ਪੂਰੈ ਸਾਚੁ ਕਹਿਆ ॥
ਨਾਮ ਤੇਰੇ ਕੀ ਮੁਕਤੇ ਬੀਥੀ ਜਮ ਕਾ ਮਾਰਗ ਦੂਰਿ ਰਹਿਆ ॥
ਜਹ ਲਾਲਚਿ ਜਾਗਾਤੀ ਘਾਟ ॥ ਦੂਰਿ ਰਹੀ ਉਹ ਜਨ ਤੇ ਬਾਟ ॥

*(ਆਸਾ ਮਹਲਾ ੫-੬੯੩)*

ਭਾਵ- ਧਰਮ ਰਾਜੇ ਤੇ ਯਮ ਔਰ ਚਿੱਤ੍ਰ ਗੁਪਤ ਅਰ ਯਮਾਂ ਦੇ ਜਗਾਤੀ ਘਾਟ ਆਦਿ ਹਿੰਦੂ ਗ੍ਰੰਥਾਂ ਅਨੁਸਾਰ ਕਰਮ ਕਰਤੇ (ਕਰਮ ਕਾਂਡੀ) ਪੁਰਖਾਂ ਲਈ ਹੋਣਗੇ ਪਰੰਤੂ ਕਰਤਾਰ ਦੀ ਪੂਜਾ ਵਾਲਿਆਂ ਨਾਲ ਧਰਮ ਰਾਜੇ ਦਾ ਕੀ ਵਾਸਤਾ ! ਬਲਕੇ - "ਤਿਨ ਕੀ ਸੇਵਾ ਧਰਮਰਾਇ ਕਰੈ ਧੰਨ ਸਵਾਰਣ ਹਾਰ ॥" ਸਾਰੰਗ ਮਹਲਾ ੩ ॥

## ਮੁਰਦੇ ਲਈ ਰੋਣਾ ਪਿਟਣਾ ਮੂਰਖਤਾ ਹੈ !

ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥

ਤੁਮ ਰੋਵਹੁਗੇ ਓਸਨੋ ਤੁਮ ਕਉ ਕਉਣੁ ਰੋਈ ॥
ਧੰਧਾ ਪਿਟਿਹੁ ਭਾਈਹੋ ਤੁਮ ਕੂੜੁ ਕਮਾਵਹੁ ॥
ਓਹ ਨ ਸੁਣਈ ਕਤ ਹੀ ਤੁਮ ਲੋਕ ਸੁਣਾਵਹੁ ॥ *(ਆਸਾ ਮਹਲਾ ੧-੪੧੯)*

ਮੋਇਆ ਕਉ ਕਿਆ ਰੋਵਹੁ ਰੋਇ ਨ ਜਾਣਹੂ ॥
ਰੋਵਹੁ ਸਚੁ ਸਲਾਹਿ ਹੁਕਮੁ ਪਛਾਣਹੂ ॥ *(ਆਸਾ ਮਹਲਾ ੧-੪੧੯)*

ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ ॥*(ਸਿਰ ਰਾਗ ਮਹਲਾ ੧-੧੫)*

## ਬਿਬਾਨ ਆਦਿ ਕਢਣੇ ਫਜ਼ੂਲ ਹਨ ॥

ਕਵਨ ਅਰਥ ਮਿਰਤਕ ਸੀਗਾਰ ॥ *(ਗਉੜੀ ਮਹਲਾ ੫)*

ਜੇ ਮਿਰਤਕ ਕਉ ਚੰਦਨੁ ਚੜਾਵੈ ॥ ਉਸ ਤੇ ਕਹਹੁ ਕਵਨ ਫਲ ਪਾਵੈ ॥
ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ ॥
ਤਾਂ ਮਿਰਤਕ ਕਾ ਕਿਆ ਘਟਿ ਜਾਈ ॥ ੩ ॥
ਕਹਤ ਕਬੀਰ ਹਉ ਕਹਉ ਪੁਕਾਰਿ ॥ ਸਮਝਿ ਦੇਖੁ ਸਾਕਤ ਗਾਵਾਰ ॥
ਦੂਜੈ ਭਾਇ ਬਹੁਤੁ ਘਰ ਗਾਲੇ ॥ ਰਾਮ ਭਗਤ ਹੈ ਸਦਾ ਸੁਖਾਲੇ ॥
*(ਭੈਰਉ ਕਬੀਰ ਮਹਲਾ ੫-੧੧੬੦)*

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣ ਨ ਜਾਈ ॥
*(ਸੋਰਠ ਮਹਲਾ ੧-੬੩੪)*

ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥
ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬੁ ਸੇਤੀ ਪਤਿ ਰਹੈ ॥
*(ਵਡਹੰਸ ਕੀ ਵਾਰ ਮਹਲਾ ੩-੫੯੦)*

ਪ੍ਰਥਮੇ ਤਿਆਗੀ ਹਉਮੈ ਪ੍ਰੀਤਿ ॥ ਦੁਤੀਆ ਤਿਆਗੀ ਲੋਗਾ ਰੀਤਿ ॥
ਤ੍ਰੈਗੁਣ ਤਿਆਗਿ ਦੁਰਜਨ ਮੀਤ ਸਮਾਨੇ ॥ ਤੁਰੀਆ ਗੁਣੁ ਮਿਲਿ ਸਾਧ ਪਛਾਨੇ ॥
*(ਆਸਾ ਮਹਲਾ ੫-੩੭੦)*

## ਬੇਤਰਨੀ ਨਦੀ ਕੀ ਹੈ

ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ॥
ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗ ॥*(ਵਾਰ ਮਾਝ ਮਹਲਾ ੧-੧੪੭)*

## ਫੁਲ ਚੁਗਣੇ, ਗੰਗਾ ਪੌਣੇ ਵਾਧੂ ਭਰਮ ਹਨ

ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥

ਇਕ ਪਾਣੀ ਵਿਚ ਉਸਟੀਅਹਿ ਇਕ ਭੀ ਫਿਰ ਹਸਣਿ ਪਾਹਿ ॥
ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥ *(ਵਾਰ ਸੋਰਠ ਮਹਲਾ ੩-੬੪੮)*

## ਨਾਮ ਬਿਨਾਂ ਅਗੇ ਕੁਝ ਨਹੀਂ ਜਾਂਦਾ !

ਹਰਿ ਹਰਿ ਨਾਮੁ ਜਪਤ ਨਰ ਜੀਵੇ ॥ ਮਰਿ ਖੁਆਰੁ ਸਾਕਤ ਨਰ ਥੀਵੇ ॥
ਰਾਮ ਨਾਮੁ ਹੋਆ ਰਖਵਾਰਾ ॥ ਝਖ ਮਾਰਉ ਸਾਕਤ ਵੇਚਾਰਾ ॥
ਨਿੰਦਾ ਕਰਿ ਕਰਿ ਪਚਹਿ ਘਨੇਰੇ ॥ ਮਿਰਤਕ ਫਾਸ ਗਲੇ ਸਿਰਿ ਪੈਰੇ ॥
ਕਹੁ ਨਾਨਕ ਜਪਹਿ ਜਨ ਨਾਮ ॥ ਤਾਕੈ ਨਿਕਟ ਨ ਆਵੈ ਜਾਮ ॥
*(ਬਿਲਾਵਲ ਮਹਲਾ ੫-੮੦੬)*

ਹਰਿ ਬਿਨੁ ਹੋਰ ਰਾਸਿ ਕੂੜੀ ਹੈ ਚਲਦਿਆ ਨਾਲ ਨ ਜਾਈ ॥
ਹਰਿ ਮੇਰਾ ਧਨੁ ਮੇਰੈ ਸਾਥਿ ਚਾਲੈ ਜਹਾ ਹਉ ਜਾਉ ਤਹਿ ਜਾਈ ॥
ਸੋ ਝੂਠਾ ਜੋ ਝੂਠੇ ਲਾਗੈ ਝੂਠੇ ਕਰਮ ਕਮਾਈ ॥
ਕਹੈ ਨਾਨਕ ਹਰਿ ਕਾ ਭਾਣਾ ਹੋਆ ਕਹਣਾ ਕਛੂ ਨ ਜਾਈ ॥
*(ਗੁਜਰੀ ਮਹਲਾ ੩-੪੯੦)*

## ਪਿੰਡ, ਪਤਲ, ਦੀਵੇ, ਫਲਾਂ ਆਦਿ ਦਾ ਖੰਡਣ

ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥
*(ਆਸਾ ਮਹਲਾ ੧-੩੫੮)*

ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥
ਐਥੈ ਓਥੈ ਆਗੈ ਪਾਛੈ ਇਹੁ ਮੇਰਾ ਆਧਾਰੁ ॥
ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ ॥
ਸਚਾ ਨਾਵਣ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ ॥ *(ਆਸਾ ਮਹਲਾ ੧-੩੫੮)*

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥ *(ਆਸਾ ਮਹਲਾ ੧-੩੫੮)*

ਸੁਰਤੀ ਸੁਰਤਿ ਰਲਾਈਐ ਏਤੁ ॥ ਤਨੁ ਕਰਿ ਤੁਲਹਾ ਲੰਘਹਿ ਜੇਤੁ ॥
ਅੰਤਰਿ ਭਾਹਿ ਤਿਸੈ ਤੂ ਰਖੁ ॥ ਅਹਿਨਿਸਿ ਦੀਵਾ ਬਲੈ ਅਥਕੁ ॥ ੧ ॥
ਐਸਾ ਦੀਵਾ ਨੀਰਿ ਤਰਾਇ ॥ ਜਿਤੁ ਦੀਵੈ ਸਭ ਸੋਝੀ ਪਾਇ ॥ ੧ ॥ ਰਹਾਉ ॥
ਹਛੀ ਮਿਟੀ ਸੋਝੀ ਹੋਇ ॥ ਤਾਕਾ ਕੀਆ ਮਾਨੈ ਸੋਇ ॥

ਕਰਣੀ ਤੇ ਕਰਿ ਚਕਹੁ ਢਾਲਿ ॥ ਐਥੈ ਓਥੈ ਨਿਬਹੀ ਨਾਲਿ ॥ ੨ ॥
ਗੁਰਮੁਖਿ ਵਿਰਲਾ ਬੂਝੈ ਕੋਇ ॥ ਤਿਤੁ ਘਟਿ ਦੀਵਾ ਨਿਹਚਲੁ ਹੋਇ ॥
ਪਾਣੀ ਮਰੈ ਨ ਬੁਝਾਇਆ ਜਾਇ ॥ ਐਸਾ ਦੀਵਾ ਨੀਰਿ ਤਰਾਇ ॥ ੩ ॥
ਡੋਲੈ ਵਾਉ ਨ ਵਡਾ ਹੋਇ ॥ ਜਾਪੈ ਜਿਉ ਸਿੰਘਾਸਣਿ ਲੋਇ ॥
ਖਤ੍ਰੀ ਬ੍ਰਾਹਮਣ ਸੂਦੁ ਕਿ ਵੈਸੁ । ਨਿਰਤਿ ਨ ਪਾਈਆ ਗਣੀ ਸਹੰਸ ॥
ਐਸਾ ਦੀਵਾ ਬਾਲੇ ਕੋਇ ॥ ਨਾਨਕ ਸੋ ਪਾਰੰਗਤਿ ਹੋਇ ॥

*(ਰਾਮਕਲੀ ਮਹਲਾ ੧-੮੭੮)*

## ਸ਼੍ਰਾਧ ਮਹਾਤਮ

ਸ੍ਰਾਧਾਂ ਦੇ ਦਿਨਾਂ ਵਿਚ ਪਿਤ੍ਰ ਪੁਰੀ ਖਾਲੀ ਹੋ ਜਾਂਦੀ ਹੈ । ਸਾਰੇ ਪਿਤ੍ਰ ਸ੍ਰਾਧ ਦਾ ਅੰਨ ਖਾਣ ਲਈ 'ਮਰਤ ਲੋਕ' ਵਿਚ ਨੱਠ ਕੇ ਆ ਜਾਂਦੇ ਹਨ, ਜੇਕਰ ਤਿਨ੍ਹਾਂ ਨੂੰ ਨਾ ਖਵਾਇਆ ਜਾਏ ਤਾਂ ਸਰਾਪ ਦੇ ਕੇ ਚਲੇ ਜਾਂਦੇ ਹਨ । ਸ੍ਰਾਧ ਕਰੌਣ ਜੈਸਾ ਹੋਰ ਕੋਈ ਪੁੰਨ ਨਹੀਂ । ਸੁਮੇਰ ਪਰਬਤ ਜਿਤਨੇ ਬੱਜਰ ਪਾਪ ਕੀਤੇ ਹੋਏ ਸ੍ਰਾਧ ਕਰਨ ਕਰਕੇ ਤੁਰਤ ਨਾਸ ਹੋ ਜਾਂਦੇ ਹਨ । ਸ੍ਰਾਧ ਕਰਕੇ ਹੀ ਆਦਮੀ ਸੁਰਗ ਨੂੰ ਪ੍ਰਾਪਤ ਹੁੰਦਾ ਹੈ (ਦੇਖੋ ਅਤ੍ਰਿਸੰਹਿਤਾ) ਨੋਟ – ਸ੍ਰਾਧਾਂ ਦੇ ਮੁਖ ਭੇਦ ਤਿੰਨ ਹਨ ! 'ਖਿਆਹੀ, ਪਾਰਬਣ, ਮਹਾਂਲਯ' ਭਾਵ ਪਿਤਰ ਦੇ ਮਰਨ ਵਲੇ ਮਹੀਨੇ ਤੇ ਤਿਥੀ ਵਿਖੇ ਸ੍ਰਾਧ ਕਰਨ ਨੂੰ ਖਿਆਹੀ ਕਹਿੰਦੇ ਹਨ । ਪੂਰਨਮਾਸੀ ਤਥਾ ਅਮਾਵਸੀ ਸ੍ਰਾਧ ਕਰਨਾ 'ਪਾਰਬਣ' ਕਹੌਂਦਾ ਹੈ ਅਤੇ ਅੱਸੂ ਮਹੀਨੇ ਦੇ ਕ੍ਰਿਸ਼ਨ ਪਖ ਵਿਚ ਪਿਤਰਾਂ ਨੂੰ ਅੰਨ ਬਸਤ੍ਰ ਘੱਲਣੇ ਮਹਾਲਯ ਸ੍ਰਾਧ ਕਹੀਦੇ ਹਨ ।

## ਸ੍ਰਾਧਾਂ ਦੀ ਰਜਿਸਟ੍ਰੀ

ਬ੍ਰਾਹਮਣ ਨਾਲੋਂ ਵਧਕੇ ਦੇਵਤਾ ਲੋਕਾਂ ਤੇ ਪਿੱਤਰ ਲੋਕਾ ਨੂੰ ਹਿਵ ਕਬ (ਸ੍ਰਾਧ) ਖੁਆਉਣ ਲਈ ਹੋਰ ਕੋਈ ਨਹੀਂ (ਮਨੂ ਅ: ੧ ਸ: ੯੫) ਖੱਤ੍ਰੀ, ਵੈਸ਼, ਬ੍ਰਹਮਚਾਰੀ, ਸ੍ਰਾਧ ਨਾ ਖਾਵੇ, ਬ੍ਰਾਹਮਣ ਹੀ ਖਾ ਸਕਦਾ ਹੈ (ਮਨੂ ਅ: ੨ ਸਲੋਕ ੧੯੦) ਕਮਜ਼ੋਰ, ਜੁਏਬਾਜ, ਹਕੀਮ, ਬਿਉਪਾਰੀ, ਬਿਆਜ ਲੈਣ ਵਾਲਾ, ਜਵਾਨ ਇਸਤ੍ਰੀ ਵਾਲਾ, ਵਿੱਦਜਾ ਵੇਚੂ, ਕ੍ਰੋਧੀ ਰਾਜਾ ਦੀ ਉਸਤਤ ਕਰਨ ਵਾਲਾ, ਦੰਭੀ, ਅੰਧਾ, ਜੋਤਸ਼ੀ, ਪੰਖੀ ਰਖਣ ਵਾਲਾ, ਦੂਤ, ਬਾਗਵਾਨ, ਦੁੱਧ ਵੇਚਣ ਵਾਲਾ ਭਾਵ ਉਕਤ ਦਸ਼ਾ ਵਾਲੇ ਬ੍ਰਾਹਮਣ ਸ੍ਰਾਧ ਨਹੀਂ ਖਾ ਸਕਦੇ । ਬਲਕੇ ਜਿਸ ਬ੍ਰਾਹਮਣ ਦੇ ਵੈਸ਼ਨਵ ਮਤ ਦਾ ਤਲਕ ਨ ਹੋਵੇ, ਜੇ ਓਸਨੂੰ ਸ੍ਰਾਧ ਵਿਚੋਂ ਭੋਜਨ ਦਿੱਤਾ ਜਾਵੇ ਤਾਂ ਸ੍ਰਾਧ ਕਰੌਣ ਵਾਲੇ ਦੇ ਪਿੱਤਰ ਨਿਰਸੰਦੇਹ ਵਿਸ਼ਟਾ ਔਰ ਮੂਤ੍ਰ ਖਾਂਦੇ ਪੀਂਦੇ ਹਨ । (ਵ੍ਰਿਧ ਹਾਰੀਤ ਸੰਹਿਤਾ ਅ: ੧) ਚੌਹਾਂ ਵੇਦਾਂ ਜਾਂ ਉਨ੍ਹਾਂ ਦੀਆਂ ਸ਼ਾਖਾਂ ਦਾ ਗਿਆਤਾ ਬ੍ਰਾਹਮਣ ਨੂੰ ਭੋਜਨ ਖੁਆਓ । ਅਜੇਹੇ ਪੰਡਤ ਨੂੰ ਭੋਜਨ ਕਰਾਉਣਾ ਸਤ ਵਰ੍ਹੇ ਤੀਕ ਪਿਤਰਾਂ ਨੂੰ ਭੁੱਖ ਨਹੀਂ ਲੱਗਣ ਦਿੰਦਾ (ਮਨੂ ਅ: ੩ ਸਲੋਕ ੧੪੫ ਤੋਂ ੧੪੬ ਤੀਕ) ਪਰੰਤੂ ਜਟਾ ਧਾਰੀ, ਨਿਰਬਲ, ਅਨਪੜ੍ਹ, ਮਤਲਬੀ ਪੁਰਸ ਸ੍ਰਾਧ ਨਾ ਕਰਾਵੇ (ਨ ਖਾਵੇ) (ਮਨੂ ਅ: ੧ ਸ: ੧੫੧)

## ਪਿਤਰਾਂ ਦੀ ਤ੍ਰਿਪਤੀ ਦਾ ਠੇਕਾ

ਤਿਲ, ਧਾਨ, ਜੌਂ, ਆੜੂ, ਜਲ, ਮੂਲ, ਫਲ ਇਨ੍ਹਾਂ ਵਿਚੋਂ ਕਿਸੀ ਇਕ ਚੀਜ਼ ਦਾ ਦੇਣਾ ਪਿਤਰਾਂ ਨੂੰ ਮਹੀਨੇ ਤੀਕਰ ਸੌਖਿਆਂ (ਰੱਜੇ ਪੁੱਜੇ) ਰਖਦਾ ਹੈ (ਮਨੂ ਅ: ੩ ਸਲੋਕ ੨੬੭) ਮਛੀ ਦੇ ਮਾਸ ਤੋਂ ਦੋ ਮਹੀਨੇ ਤਕ, ਹਰਨ ਦੇ ਮਾਸ ਤੋਂ ਤਿੰਨ ਮਹੀਨੇ ਅਰ ਭੇਡੂ (ਮੀਂਡਾ) ਮਾਸ ਨਾਲ ਚਾਰ ਮਹੀਨੇ, ਹੋਰ ਪੰਖੀਆਂ ਦੇ ਮਾਸ ਨਾਲ ਪੰਜ ਮਹੀਨੇ ਪਿਤਰ ਸੌਖੇ (ਰਜੇ ਪੁਜੇ) ਰਹਿੰਦੇ ਹਨ (ਮਨੂ ਅ: ੩ ਸ: ੨੬੮) ਜੰਗਲੀ ਸੂਰ ਜਾਂ ਝੋਟੇ ਦੇ ਮਾਸ ਤੋਂ ਦਸ ਮਹੀਨੇ ਤਕ ਅਤੇ ਸੇਹਾ, ਕਛੂ ਦੇ ਮਾਸ ਤੋਂ ਗਿਆਰਾਂ ਮਹੀਨੇ ਤੀਕ। ਗਊ ਦੁਧ ਜਾਂ ਖੀਰ ਤੋਂ ਇਕ ਵਰਖ। ਚਿਟਾ ਬੱਕਰਾ ਇੰਦ੍ਰੀ ਹੀਣ (ਲੰਬ ਕੰਨਾ) ਐਸੇ ਬਕਰੇ ਦੇ ਮਾਸ ਨਾਲ ਯਾਰਾਂ ਬਰਸਾਂ ਤੀਕ ਪਿਤਰ ਰੱਜੇ ਰਹਿੰਦੇ ਨੇ। ਕਈ ਪ੍ਰਕਾਰ ਦੀਆਂ ਮੱਛੀਆਂ ਤੇ ਬੱਕਰਿਆਂ ਦੇ ਮਾਸ ਤੋਂ ਅਨੰਤ ਸਾਲਾਂ ਤਕ (ਮਨੂ: ਅ: ੩ ਸਲੋਕ ੨੭੧ ਤੇ ੨੭੨)

ਨੋਟ- ਵਿਸ਼ਨੂ ਸਿਮ੍ਰਤੀ ਵਿਚ ਬੀ ਇਸੇ ਤਰ੍ਹਾਂ ਸਰਾਧਾਂ ਵਿਚ ਪਿੱਤਰਾਂ ਨੂੰ ਤ੍ਰਿਪਤ ਕਰੌਣ ਦੇ ਐਲਾਨ ਮਿਲਦੇ ਹਨ॥

## ਸ੍ਰਾਧ ਵਿਧੀ

ਸ੍ਰਾਧ ਕਰਨ ਤੋਂ ਪਹਿਲੇ ਅਗ ਵਿਚ ਹਵਨ ਕਰੇ, ਜੇ ਅਗ ਨਾ ਮਿਲੇ ਤਾਂ ਬ੍ਰਾਹਮਣ ਦੇ ਹਥ ਪਰ ਹੀ ਹੋਮ ਕਰੇ, ਕਿਉਂਕਿ ਬ੍ਰਾਹਮਣ ਅਰ ਅਗਨੀ ਇਕੋ ਰੂਪ ਹਨ (ਮਨੂ ਅ: ੪ ਸ: ੨੧੨) ਦੋਹਾਂ ਹਥਾਂ ਵਿਚ ਸਾਰੀਆਂ ਵਸਤਾਂ ਰਸੋਈ ਤੋਂ ਬਾਹਰ ਲੈ ਕੇ ਪਿਤਰਾਂ ਦਾ ਧਿਆਨ ਕਰਦਾ ਹੋਇਆ ਹੌਲੀ ਹੌਲੀ ਬ੍ਰਾਹਮਣਾਂ ਨੂੰ ਪਰੋਸੇ (੨੨੪) ਦੋਹਾਂ ਹਥਾਂ ਨਾਲ ਦੇਵੇ ਕਿਉਂਕਿ ਇਕ ਹਥ ਵਿਚੋਂ ਅਸੁਰ ਖੋਹ ਲੈਂਦੇ ਹਨ (ਮਨੂ ਅ: ੩ ਸ:੨੨੫) ਜੇ ਸ੍ਰਾਧਾਂ ਵਿਚ ਖਾਣਾ ਖਾਂਦਾ ਬ੍ਰਾਹਮਣ ਬੋਲੇ ਤਾਂ ਪਿਤ੍ਰਾਂ ਨੂੰ ਖਾਣਾ ਨਹੀਂ ਪਹੁੰਚਦਾ (ਮਨੂ ਅ: ੩ ਸਲੋਕ ੨੩੬ ਤੋਂ ੨੩੭)

## ਸਰਾਧਾਂ ਵਿਚੋਂ ਨਿਕਾਲੋ!

ਸੂਰ, ਕੁਕੜ, ਪੰਖੀ, ਕੁੱਤਾ, ਸੂਦ੍ਰ, ਕਾਣਾ, ਗੰਜਾ, ਅੰਗਹੀਨ (ਟੁੰਡਾ ਕੰਨ ਨਕ ਛੇਦਕ) ਇਨ੍ਹਾਂ ਨੂੰ ਬਾਹਰ ਕਢੋ। (ਮਨੂ ਅ: ੩ ਸਲੋਕ ੨੪੨) ਖਾਣਯੋਗ ਵਸਤਾਂ - ਪੰਜਾਂ ਨੌਹਾਂ ਵਾਲੇ, ਮੋਰ, ਗੈਂਡਾ, ਕਛੂਆ ਆਦਿ ਖਾਣ ਜੋਗ ਹਨ। ਬਾਕੀ ਊਠ ਬਿਨਾ ਇਕ ਪਾਸੇ ਦੰਦ ਰਖਣ ਵਾਲੇ, ਪਸ਼ੂਆਂ ਤੋਂ ਬਿਨਾਂ ਸਾਰੇ ਖਾਣੇ ਮਨ੍ਹਾ ਹਨ॥ (ਮਨੂ ਅ: ੫ ਸਲੋਕ ੧੮)

ਹਰ ਮੱਸਿਆ ਨੂੰ ਪਿਤਰ ਯੱਗ, ਅਗਨੀ ਹੋਤ੍ਰੀ ਸਰਾਧ ਆਦਿ ਕਰੇ। ਮਸਿਆ ਨੂੰ ਸਰਾਧ ਕਰਨ ਤੋਂ ਪਿਤਰ ਧਨ, ਪੁਤਰ, ਗੁਣ ਆਦਿ ਦਿੰਦੇ ਹਨ। (ਮਨੂ ਅ: ੩੩ ਸ: ੧੨੨ ਅਰ ੧੨੭)

## ਗਰੜ ਪੁਰਾਨ ਦੇ ਐਲਾਨ

ਜਦ ਤਾਂਈ ਪ੍ਰਾਣੀ ਦਾ ਵਰ੍ਹੀਣਾ ਸ੍ਰਾਧ (ਬਰਸੀ ਸ੍ਰਾਧ) ਨਾ ਹੋ ਜਾਵੇ ਤਦ ਤਾਈਂ ਓਹਨੂੰ

ਅਪਨਾ ਦਿਤਾ (ਹਥੀਂ ਪੁੰਨ ਕੀਤਾ) ਅਰ ਪਿਛਲਿਆਂ ਦਾ ਦਿਤਾ ਦਾਨ ਪ੍ਰਾਪਤ ਨਹੀਂ ਹੁੰਦਾ (ਗਰੜ ਪੁਰਾਣ ਅ: ੨ ਅੰਕ ੨੫ । ਇਕੋ ਦ੍ਰਿਸ਼ਟ 'ਸ੍ਰਾਧ' ਵਿਧਿ ਪੂਰਬਕ 'ਸ੍ਰਾਧਾ' ਐਸੀ ਬਾਣੀ ਕਰਕੇ ਬੁਧੀਮਾਨ ਬ੍ਰਾਹਮਣ ਪਾਸੋਂ ਜਰੂਰ ਕਰਾਵੇ ਔਰ ਬ੍ਰਾਹਮਣ ਨੂੰ ਭੋਜਨ ਛਕਾਕੇ ਪਦ (ਧੋਤੀ, ਪਰਨਾ, ਗੜਵੀ, ਪਊਏ ਅਸਨਾਦਿ) ਨਾਲ ਦੇਵੇ ॥ (ਗਰੜ ਅ: ੨ ਅ: ੨੬)

ਸ੍ਰਾਧ ਬਿਨਾ ਸੁਰਗ ਨਹੀਂ ਮਿਲਦਾ । ਮਛ, ਕਛ, ਵਰਾਹ, ਨਰ ਸਿੰਘ, ਵਾਮਨ, ਪਰਸਰਾਮ, ਰਾਮਚੰਦ, ਸ੍ਰੀ ਕ੍ਰਿਸ਼ਨ, ਬੁਧ ਔਰ ਕਲਗੀ ਇਨ੍ਹਾਂ ਦਸਾਂ ਅਵਤਾਰਾਂ ਦਾ ਨਾਮ ਜਪਕੇ ਸ੍ਰਾਧ ਕਰੇ । ਇਨ੍ਹਾਂ ਪਰਮੇਸਰ ਦੇ ਦਸਾਂ ਨਾਮਾ ਦਾ ਨਿਤ ਪਾਠ ਕਰੇ, ਸਦ ਗਤੀ ਹੁੰਦੀ ਹੈ (ਗਰੜ ਪੁਰਾਣ ਅਧਿਆਇ ੧੭) ਪਹਿਲਾ ਸਰਾਧ ਮਰਨ ਦਿਨ ਦਾ ਹੈ ਇਕਾਦਸੀ ਨੂੰ ਕਰੇ (ਗਰੜ ਪੁਰਾਣ ਧਿਆ ੨੩) ਪਿਤਾ ਦੇ ਮੋਇਆਂ ਬਰਸ ਦਿਨ ਪਿਛੋਂ ਜੇ ਪੁਤ ਸ੍ਰਾਧ ਨਾ ਕਰੇ ਤਾਂ ਓਹ ਸਤ ਜਨਮ ਨਰਕ ਨੂੰ ਜਾਂਦਾ ਹੈ ਔਰ ਜਿਨ੍ਹਾਂ ਦਾ ਪਿੰਡ ਪਤ ਨਾ ਹੋਵੇ ਪਿਤਰ ਪ੍ਰੇਤ ਹੋ ਕੇ ਰਹਿੰਦੇ ਹਨ (ਗਰੜ ਪੁਰਾਣ ਧਿਆ ੨੬ ਅੰਕ ੧੨ ਤੋਂ ੧੪)

ਨੋਟ - ਸ੍ਰਾਧ ਕਰਨੇ ਨਿਰੇ ਪੁਰੇ ਸਿਮ੍ਰਤੀ ਸਾਸਤ੍ਰਾਂ ਵਿਚੇ ਨਹੀਂ ਬਲਕੇ ਵੇਦਾਂ ਵਿਚ ਬੀ ਦਸੇ ਨੇ ਜਿਹਾ ਕਿ ਯੇਨ ਖਾਤਾ ਯੋ, ਪ੍ਰੀਪਤਾ ਯੇ ਦਗਧਾ ਯੇ ਤੇ ਧਿਤਾ । ਸਰ ਵਾਸਤਾ ਨਗਨ ਆਵਹੁ ਪਿਤ੍ਰ ਨ ਹਵਿਸ਼ੇ ਅਤਵੇ (ਅਥਰਵਣ ਵੇਦ ਕਾਂਡ -੧੮ ਅਨੁਣਕ ੨ ਮੰਤ੍ਰ ੩੪) ਭਾਵ ਜੋ ਪਿਤਰ ਜਮੀਨ ਮੇਂ ਗਾਡੇ ਹੈਂ, ਜੋ ਨਦੀ ਮੇਂ ਵਹਾਏ ਹੈਂ, ਜੋ ਅਗਨ ਮੇਂ ਜਲਾਏ ਹੈਂ ਔਰ ਜੋ ਜਮੀਨ ਮੇਂ ਗਾਡੇ ਹੈਨ ਜੋ ਫਿਰ ਨਿਕਾਲਕੇ ਜਲਾਏ ਗਏ । ਉਨ ਸਭ ਕੋ ਹਵਕਿਆਂ ਸ੍ਰਾਧ ਦੀ ਸਾਮਗ੍ਰੀ ਪ੍ਰਾਪਤ ਹੋਤੀ ਹੈ ।

## ਸ੍ਰਾਧਾਂ ਦਾ ਖੰਡਣ

ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥
ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥
*(ਵਾਰ ਮਾਝ ਮਹਲਾ ੧-੧੩੮)*

ਜੇ ਮੋਹਾਕਾ ਘਰ ਮੁਹੈ ਘਰੁ ਮੁਹਿ ਪਿਤਰੀ ਦੇਇ ॥
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥
ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥ *(ਸਲੋਕ ਮਹਲਾ ੧-੪੭੨)*
ਜੀਵਤ ਛਾਡਿ ਜਾਹਿ ਦੇਵਾਨੇ ॥ ਮੁਇਆਂ ਉਨ ਤੇ ਕੋ ਵਰਸਾਂਨੇ ॥
*(ਗਉੜੀ ਮਹਲਾ ੫-੧੯੯)*

ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ ॥
ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ ॥ *(ਗਉੜੀ ਕਬੀਰ-੩੩੨)*

ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥
(ਗਉੜੀ ਕਬੀਰ-੩੩੨)

## ਸਿਮ੍ਰਿਤ ਪੁਰਾਣਾਂ ਦੇ ਕਥਾ ਲੇਖੇ ਛਡੋ

ਹਰ ਕੀ ਤੁਮ ਸੇਵਾ ਕਰਹੁ ਦੂਜੀ ਸੇਵਾ ਕਰਹੁ ਨ ਕੋਇ ਜੀ ॥
ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ ॥
ਹਰਿ ਮੇਰੀ ਪ੍ਰੀਤਿ ਰੀਤਿ ਹੈ ਹਰਿ ਮੇਰੀ ਹਰਿ ਮੇਰੀ ਕਥਾ ਕਹਾਨੀ ਜੀ ॥
ਹਰਿ ਮੇਰਾ ਸਿਮ੍ਰਤ ਹਰਿ ਮੇਰਾ ਸਾਸਤ੍ਰ ਹਰਿ ਮੇਰਾ ਬੰਧਪੁ ਹਰਿ ਮੇਰਾ ਭਾਈ ॥
ਹਰਿ ਕੀ ਮੈ ਭੂਖ ਲਾਗੈ ਹਰਿ ਨਾਮਿ ਮੇਰਾ ਮਨੁ ਤ੍ਰਿਪਤੈ ਹਰਿ ਮੇਰਾ ਸਾਕ ਅੰਤ ਹੋਇ ਸਖਾਈ ॥
(ਗੁਜਰੀ ਮਹਲਾ ੩-੪੯੦)

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥
ਤਤੈ ਸਾਰ ਨਾ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਣੀ ॥
ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥
ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥
ਕਹੈ ਨਾਨਕ ਸੋ ਤਤੁ ਪਾਏ ਜਿਸਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣ ਵਿਹਾਣੀ ॥
(ਅਨੰਦ ਰਾਮਕਲੀ ਮਹਲਾ ੩-੯੨੦)

## ਵੇਦਮਤ ਤਥਾ ਹਿੰਦੂਮਤ ਵਿਖੇ ਪ੍ਰਚਲਤ ਕਰਮ ਕਾਂਡ ਦਾ ਸਮੁੱਚੇ ਤੌਰ ਪਰ ਖੰਡਣ

ਜਿਸ ਤਰ੍ਹਾਂ ਗੁਰੂ ਸਾਹਿਬਾਂ ਨੇ ਹਿੰਦੂ ਮਤ ਦੇ ਹਰ ਇਕ ਕਰਮ ਕਾਂਡੀ ਅੰਗ ਨੂੰ ਵਖੋ ਵਖ ਖੰਡਣ ਕੀਤਾ ਹੈ ਇਸੇ ਤਰ੍ਹਾਂ ਸਮੁਚੇ ਤੌਰ ਪਰ ਬੀ ਖੰਡਣ ਕੀਤਾ ਹੈ ਯਥਾ -

ਸੁਇਨੇ ਕੈ ਪਰਬਤਿ ਗੁਫਾ ਕਰੀ ਕੈ ਪਾਣੀ ਪਇਆਲਿ ॥
ਕੈ ਵਿਚਿ ਧਰਤੀ ਕੈ ਆਕਾਸੀ ਉਰਧਿ ਰਹਾ ਸਿਰਿਭਾਰਿ ॥
ਪੁਰੁ ਕਰਿ ਕਾਇਆ ਕਪੜੁ ਪਹਿਰਾ ਧੋਵਾ ਸਦਾ ਕਾਰਿ॥
ਬਗਾ ਰਤਾ ਪੀਅਲਾ ਕਾਲਾ ਬੇਦਾ ਕਰੀ ਪੁਕਾਰ ॥
ਹੋਇ ਕੁਚੀਲੁ ਰਹਾ ਮਲੁਧਾਰੀ ਦੁਰਮਤਿ ਮਤਿ ਵਿਕਾਰ ॥
ਨਾ ਹਉ ਨਾ ਮੈ ਨਾ ਹਉ ਹੋਵਾ ਨਾਨਕ ਸਬਦੁ ਵੀਚਾਰਿ ॥
(ਮਾਝ ਕੀ ਵਾਰ ਮਹਲਾ ੧-੧੩੯)

ਕੇਤੇ ਕਹਹਿ ਵਖਿਆਣ ਕਹਿ ਕਹਿ ਜਾਵਣਾ ॥
ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥
ਖਟੁ ਦਰਸਨ ਕੈ ਭੇਖਿ ਕਿਸੈ ਸਚਿ ਸਮਾਵਣਾ ॥
ਸਚਾ ਪੁਰਖੁ ਅਲਖੁ ਸਬਦਿ ਸੁਹਾਵਣਾ ॥
ਮੰਨੇ ਨਾਉ ਬਿਸੰਖ ਦਰਗਹ ਪਾਵਣਾ ॥
ਖਾਲਕ ਕਉ ਆਦੇਸੁ ਢਾਢੀ ਗਾਵਣਾ ॥
ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ ॥ *(ਮਾਝ ਕੀ ਵਾਰ ਮਹਲਾ ੧-੧੪੮)*

ਉਦਮੁ ਕਰਿ ਲਾਗੇ ਬਹੁਭਾਤੀ ਬਿਚਰਹਿ ਅਨਿਕ ਸਾਸਤ੍ਰ ਬਹੁ ਖਟੂਆ ॥
ਭਸਮ ਲਗਾਇ ਤੀਰਥ ਬਹੁ ਭ੍ਰਮਤੇ ਸੂਖਮ ਦੇਹ ਬੰਧਹਿ ਬਹੁ ਜਟੂਆ ॥
ਬਿਨੁ ਹਰਿ ਭਜਨ ਸਗਲ ਦੁਖ ਪਾਵਤ ਜਿਉ ਪ੍ਰੇਮ ਬਢਾਇ ਸੂਤ ਕੇ ਹਟੂਆ ॥
ਪੂਜਾ ਚਕ੍ਰ ਕਰਤ ਸੋਮਪਾਕਾ ਅਨਿਕਭਾਂਤਿ ਥਾਟਹਿ ਕਰਿ ਥਟੂਆ ॥

*(ਸਵੈਯੇ ਮਹਲਾ ੧-੧੩੮੯)*

ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿੰਮ੍ਰਿਤ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ ॥
ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ ॥

*(ਰਾਗ ਆਸਾ ਮਹਲਾ ੧-੩੪੮)*

ਅਰਧ ਸਰੀਰ ਕਟਾਈਐ ਸਿਰਿ ਕਰਵਤੁ ਧਰਾਇ ॥
ਤਨੁ ਹੈਮੰਚਲਿ ਗਾਲੀਐ ਭੀ ਮਨੁ ਤੇ ਰੋਗੁ ਨ ਜਾਇ ॥
ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥

*(ਸਿਰੀ ਰਾਗ ਮਹਲਾ ੧-੬੨)*

ਗਿਆਨ ਧਿਆਨ ਸਗਲੇ ਸਭਿ ਜਪ ਤਪ ਜਿਸੁ ਹਰਿ ਹਿਰਦੈ ਅਲਖ ਅਭੇਵਾ ॥

*(ਆਸਾ ਮਹਲਾ ੧-੩੫੬)*

ਸਭੇ ਸੁਰਤੀ ਜੋਗ ਸਭਿ ਸਭੇ ਬੇਦ ਪੁਰਾਣ ॥
ਸਭੇ ਕਰਣੇ ਤਪ ਸਭਿ ਸਭੇ ਗੀਤ ਗਿਆਨ ॥
ਸਭੇ ਬੁਧੀ ਸੁਧਿ ਸਭਿ ਸਭਿ ਤੀਰਥ ਸਭਿ ਥਾਨ ॥
ਸਭਿ ਪਾਤਸਾਹੀਆ ਅਮਰ ਸਭਿ ਸਭਿ ਖੁਸੀਆ ਸਭਿ ਖਾਨ ॥
ਸਭੇ ਮਾਨਸ ਦੇਵ ਸਭਿ ਸਭੇ ਜੋਗ ਧਿਆਨ ॥
ਸਭੇ ਪੁਰੀਆ ਖੰਡ ਸਭਿ ਸਭੇ ਜੀਅ ਜਹਾਨ ॥
ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ ॥

ਨਾਨਕ ਸਚਾ ਸਚਿ ਨਾਇ ਸਚੁ ਸਭਾ ਦੀਬਾਨੁ ॥

*(ਸਾਰੰਗ ਕੀ ਵਾਰ ਮਹਲਾ ੧-੧੨੪੧)*

ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ ॥
ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬਹੀ ਪਾਇ ॥
ਗੁਰ ਕੈ ਸਬਦਿ ਜੀਵਤੁ ਮਰੈ ਹਰਿ ਨਾਮੁ ਵਸੈ ਮਨਿ ਆਇ ॥

*(ਸਿਰੀ ਰਾਗੁ ਮਹਲਾ ੩-੩੩)*

ਜਤੁ ਸਤੁ ਸੰਜਮੁ ਨਾਮੁ ਹੈ ਵਿਣੁ ਨਾਵੈ ਨਿਰਮਲੁ ਨ ਹੋਇ ॥

*(ਸਿਰੀ ਰਾਗ ਮਹਲਾ ੩-੩੩)*

ਹੋਮ ਜਗ ਸਭ ਤੀਰਥਾ ਪੜਿ ਪੰਡਿਤ ਥਕੇ ਪੁਰਾਣ ॥
ਬਿਖੁ ਮਾਇਆ ਮੋਹ ਨ ਮਿਟਈ ਵਿਚਿ ਹਉਮੈ ਆਵਣੁ ਜਾਣੁ ॥

*(ਮਹਲਾ ੩-੧੪੧੨)*

ਨਿਰਤਿ ਕਰੇ ਬਹੁ ਵਾਜੇ ਵਜਾਏ ॥
ਇਹੁ ਮਨੁ ਅੰਧਾ ਬੋਲਾ ਹੈ ਕਿਸੁ ਆਖਿ ਸੁਣਾਏ ॥ *(ਆਸਾ ਮਹਲਾ ੩-੩੬੪)*
ਜਪੁ ਤਪੁ ਸੰਜਮੁ ਮਨੈ ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ ॥
ਗੁਰਮਤੀ ਨਾਉ ਪਾਈਐ ਮਨਮੁਖ ਮੋਹਿ ਵਿਣਾਸੁ ॥

*(ਵਾਰ ਸਿਰੀ ਰਾਗ ਮਹਲਾ ੩-੮੬)*

ਕਰਮ ਕਾਂਡ ਬਹੁ ਕਰਹਿ ਅਚਾਰ ॥ ਬਿਨੁ ਨਾਵੇ ਧ੍ਰਿਗੁ ਧ੍ਰਿਗੁ ਅਹੰਕਾਰ ॥
ਬੰਧਨਿ ਬਾਧਿਓ ਮਾਇਆ ਫਾਸ ॥ ਜਨ ਨਾਨਕ ਛੂਟੈ ਗੁਰ ਪਰਗਾਸ ॥

*(ਗਉੜੀ ਮਹਲਾ ੩-੧੬੨)*

ਸੋ ਜਪੁ ਸੋ ਤਪੁ ਸਾ ਬ੍ਰਤ ਪੂਜਾ ਜਿਤੁ ਹਰਿ ਸਿਉ ਪ੍ਰੀਤਿ ਲਗਾਇ ॥
ਬਿਨੁ ਹਰਿ ਪ੍ਰੀਤਿ ਅਵਰ ਸਭ ਝੂਠੀ ਇਕ ਖਿਨਮਹਿ ਬਿਸਰਿ ਸਭ ਜਾਇ ॥

*(ਬੈਰਾੜੀ ਮਹਲਾ ੪-੭੨੦)*

ਸਭਿ ਤੀਰਥ ਬਰਤ ਜਗ ਪੁੰਨ ਕੀਏ ਹਿਵੈ ਗਾਲਿ ਗਾਲਿ ਤਨੁ ਛੀਜੈ ॥
ਅਤੁਲਾ ਤੋਲੁ ਰਾਮ ਨਾਮੁ ਹੈ ਗੁਰਮਤਿ ਕੋ ਪੁਜੈ ਨਾ ਤੋਲ ਤੁਲੀਜੈ ॥

*(ਕਲਿਆਣ ਮਹਲਾ ੪-੧੩੨੫)*

ਕਰਿ ਕਰਿ ਕਿਰਿਆਚਾਰ ਵਧਾਏ ਮਨਿ ਪਾਖੰਡ ਕਰਮੁ ਕਪਟ ਲੋਭਈਆ ॥

*(ਬਿਲਾਵਲ ਮਹਲਾ ੪-੮੩੭)*

ਕਿਨ ਹੀ ਘੂਘਰ ਨਿਰਤਿ ਕਰਾਈ ॥ ਕਿਨਹੂ ਵਰਤ ਨੇਮ ਮਾਲਾ ਪਾਈ ॥
ਕਿਨਹੀ ਤਿਲਕੁ ਗੋਪੀ ਚੰਦਨ ਲਾਇਆ ॥ ਮੋਹਿ ਦੀਨ ਹਰਿ ਹਰਿ ਹਰਿ ਧਿਆਇਆ ॥੫॥
ਕਿਨਹੀ ਸਿਧ ਬਹੁ ਚੇਟਕ ਲਾਏ ॥ ਕਿਨਹੀ ਭੇਖ ਬਹੁ ਥਾਟ ਬਨਾਏ ॥
ਕਿਨਹੀ ਤੰਤ ਮੰਤ ਬਹ ਖੇਵਾ ॥ ਮੋਹਿ ਦੀਨ ਹਰਿ ਹਰਿ ਹਰਿ ਸੇਵਾ ॥ ੬ ॥
ਕੋਈ ਚਤੁਰ ਕਹਾਵੈ ਪੰਡਿਤ ॥ ਕੋ ਖਟੁ ਕਰਮ ਸਹਿਤ ਸਿਉ ਮੰਡਤ ॥

*(ਰਾਮਕਲੀ ਮ: ੫-੯੧੩)*

ਕੋਈ ਕਰੈ ਆਚਾਰ ਸੁਕਰਣੀ ॥ ਮੋਹਿ ਦੀਨ ਹਰਿ ਹਰਿ ਹਰਿ ਸਰਣੀ ॥
ਜਗਨ ਹੋਮ ਪੁੰਨ ਤਪ ਪੂਜਾ ਏਹ ਦੁਖੀ ਨਿਤ ਦੂਖ ਸਹੈ ॥
ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ ॥ ੧॥
ਰਾਮ ਨਾਮ ਬਿਨ ਬਿਰਥੇ ਜਗਿ ਜਨਮਾ ॥
ਬਿਖੁ ਖਾਵੈ ਬਿਖੁ ਬੋਲੀ ਬੋਲੈ ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ ॥੧॥ ਰਹਾਉ ॥
ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ ਕਰੈ ॥
ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ ਰਾਮ ਨਾਮ ਬਿਨੁ ਉਰਝਿ ਮਰੈ ॥ ੨ ॥
ਡੰਡ ਕਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁ ਅਤਿ ਭ੍ਰਮਨੁ ਕਰੈ ॥
ਰਾਮ ਨਾਮ ਬਿਨੁ ਸਾਂਤਿ ਨਾ ਆਵੈ ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ ॥
ਜਟਾ ਮੁਕਟੁ ਤਨਿ ਭਸਮ ਲਗਾਈ ਬਸਤ੍ਰ ਛੋਡਿ ਤਨਿ ਨਗਨੁ ਭਇਆ ॥
ਰਾਮ ਨਾਮ ਬਿਨੁ ਤ੍ਰਿਪਤਿ ਨ ਆਵੈ ਕਿਰਤ ਕੈ ਬਾਂਧੈ ਭੇਖ ਭਇਆ ॥

*(ਭੈਰਉ ਮਹਲਾ ੫-੧੧੨੭)*

ਤਟ ਤੀਰਥਿ ਦੇਵ ਦੇਵਾਲਿਆ ਕੇਦਾਰੁ ਮਥੁਰਾ ਕਾਸੀ ॥
ਕੋਟਿ ਤੇਤੀਸਾ ਦੇਵਤੇ ਸਣੁ ਇੰਦ੍ਰੈ ਜਾਸੀ ॥
ਸਿਮ੍ਰਿਤਿ ਸਾਸਤ੍ਰ ਬੇਦਚਾਰਿ ਖਟੁ ਦਰਸ ਸਮਾਸੀ ॥
ਪੋਥੀ ਪੰਡਿਤ ਗੀਤ ਕਵਿਤ ਕਵਤੇ ਭੀ ਜਾਸੀ ॥
ਜਤੀ ਸਤੀ ਸੰਨਿਆਸੀਆ ਸਭਿ ਕਾਲੈ ਵਾਸੀ ॥
ਮੁਨਿ ਜੋਗੀ ਦਿਗੰਬਰਾ ਜਮੈ ਸਣ ਜਾਸੀ ॥
ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ ॥
ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ ॥

*(ਮਾਰੂਵਾਰ ਮਹਲਾ ੫-੧੧੦੦)*

ਅਕਲ ਕਲਾ ਨਹਿ ਪਾਈਐ ਪ੍ਰਭੁ ਅਲਖ ਅਲੇਖੰ ॥

ਖਟਦਰਸਨ ਭ੍ਰਮਤੇ ਫਿਰਹਿ ਨਹ ਮਿਲੀਐ ਭੇਖੰ ॥
ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੰ ।
ਬੇਦ ਪੜਹਿ ਸੰਪੂਰਨਾ ਤਤੁਸਾਰ ਨ ਪੇਖੰ ॥
ਤਿਲਕ ਕਢਹਿ ਇਸਨਾਨੁ ਕਰਿ ਅੰਤਰਿ ਕਾਲੇਖੰ ॥
ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ ॥ *(ਡਖਣੇ ਮਹਲਾ ੫-੧੦੯੮)*

ਤਟਨ ਖਟਨ ਜਟਨ ਹੋਮਨ ਨਾਹੀ ਡੰਡਧਾਰ ਸੁਆਉ ॥੧॥
ਜਤਨ ਭਾਂਤਨ ਤਪਨ ਭ੍ਰਮਨ ਅਨਿਕ ਕਥਨ ਕਥਤੇ ਨਹੀ ਥਾਹ ਪਾਈ ਠਾਉ ॥
ਸੋਧਿ ਸਗਰ ਸੋਧਨਾ ਸੁਖੁ ਨਾਨਕਾ ਭਜੁ ਨਾਉ ॥ *(ਕਾਨੜਾ ਮਹਲਾ ੫-੧੩੦੬)*

ਵਰਤ ਨੇਮ ਕਰਿ ਥਾਕੇ ਪੁਨਹ ਚਰਨਾ ॥ ਤਟ ਤੀਰਥ ਭਵੇ ਸਭ ਧਰਨਾ ॥
ਸੇ ਉਬਰੇ ਜਿ ਸਤਿਗੁਰ ਕੀ ਸਰਨਾ ॥ *(ਆਸਾ ਮਹਲਾ ੫-੩੯੪)*

ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ ॥
ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ ॥ ੧ ॥
ਪ੍ਰਭ ਜੀ ਕੋ ਨਾਮ ਜਪਤ ਮਨ ਚੈਨ ॥
ਬਹੁ ਪ੍ਰਕਾਰ ਖੋਜਹਿ ਸਭਿ ਤਾ ਕਉ ਬਿਖਮੁ ਨ ਜਾਈ ਲੈਨ ॥ ੧ ॥ ਰਹਾਉ ॥
ਜਾਪ ਤਾਪ ਭ੍ਰਮਨ ਬਸੁਧਾ ਕਰਿ ਉਰਧਤਾਪਿ ਲੈ ਗੈਨ ॥
ਇਹ ਬਿਧਿ ਨਹ ਪਤੀਆਨੋ ਠਾਕੁਰ ਜੋਗ ਜੁਗਤਿ ਕਰਿ ਜੈਨ ॥ ੨ ॥
*(ਧਨਾ. ਮ: ੫-੬੭੪)*

ਮਨ ਚਰਨ ਕਮਲ ਲਾਗੇ ॥ ੧ ॥
ਬਰਤ ਸੰਧਿ ਸੋਚ ਚਾਰ ॥ ਕ੍ਰਿਆ ਕੁੰਟ ਨਿਰਾਹਾਰ ॥
ਅਪਰਸ ਕਰਤ ਪਾਕਸਾਰ ॥ ਨਿਵਲੀ ਕਰਮੁ ਬਹੁ ਬਿਸਥਾਰ ॥
ਧੂਪ ਦੀਪ ਕਰਤੇ ਹਰਿ ਨਾਮ ਤੁਲਿ ਨ ਲਾਗੇ ॥
ਰਾਮ ਦਇਆਰ ਸੁਨਿ ਦੀਨ ਬੇਨਤੀ ॥
ਦੇਹੁ ਦਰਸੁ ਨੈਨ ਪੇਖਉ ਜਨ ਨਾਨਕ ਨਾਮ ਮਿਸਟਿ ਲਾਗੇ ॥
*(ਸਾਰੰਗ ਮਹਲਾ ੫-੧੨੨੯)*

ਕੋਟਿ ਕਰਮ ਬੰਧਨ ਕਾ ਮੂਲੁ ॥ ਹਰਿ ਕੇ ਭਜਨ ਬਿਨੁ ਬਿਰਥਾ ਪੂਲੁ ॥
*(ਭੈਰਉ ਮਹਲਾ ੫-੧੧੪੯)*

ਕੋਟਿ ਕਰਮ ਕਰੈ ਹਉ ਧਾਰੇ ॥ ਸ੍ਰਮੁ ਪਾਵੈ ਸਗਲੇ ਬਿਰਥਾਰੇ ॥

ਅਨਿਕ ਤਪਸਿਆ ਕਰੇ ਅਹੰਕਾਰ ॥ ਨਰਕ ਸੁਰਗ ਫਿਰਿ ਫਿਰਿ ਅਵਤਾਰ ॥
ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥ ਹਰਿ ਦਰਗਹ ਕਹੁ ਕੈਸੇ ਗਵੈ ॥
(ਗਉੜੀ ਸੁਖਮਨੀ ਮਹਲਾ ੫-੨੭੮)

ਙੰਙਾ ਖਟੁ ਸਾਸਤ੍ਰ ਹੋਇ ਙਿਆਤਾ ॥ ਪੂਰਕੁ ਕੁੰਭਕ ਰੇਚਕ ਕਰਮਾਤਾ ॥
ਙਿਆਨ ਧਿਆਨ ਤੀਰਥ ਇਸਨਾਨੀ ॥ ਸੋਮ ਪਾਕ ਅਪਰਸ ਉਦਿਆਨੀ ॥
ਰਾਮ ਨਾਮ ਸੰਗਿ ਮਨਿ ਨਹੀ ਹੇਤਾ ॥ ਜੋ ਕਛੁ ਕੀਨੋ ਸੋਊ ਅਨੇਤਾ ॥
(ਗਉੜੀ ਬਾਵਨ ਅਖਰੀ ਮਹਲਾ ੫-੨੫੩)

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥
(ਸੂਹੀ ਮਹਲਾ ੫-੭੪੭)

ਸਗਲ ਕ੍ਰਿਆ ਮਹਿ ਊਤਮ ਕਿਰਿਆ ॥ ਸਾਧਸੰਗਿ ਦੁਰਮਤਿ ਮਲੁ ਹਿਰਿਆ ॥
(ਗਉੜੀ ਸੁਖਮਨੀ ਮਹਲਾ ੫-੨੬੬)

ਹੋਮ ਜਗ ਉਰਧ ਤਪ ਪੂਜਾ ॥ ਕੋਟਿ ਤੀਰਥ ਇਸਨਾਨੁ ਕਰੀਜਾ ॥
ਚਰਨ ਕਮਲ ਨਿਮਖ ਰਿਦੈ ਧਾਰੇ ॥ ਗੋਬਿੰਦ ਜਪਤ ਸਭਿ ਕਾਰਜ ਸਾਰੇ ॥
(ਪ੍ਰਭਾਤੀ ਮਹਲਾ ੫-੧੩੪੯)

ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ ॥
ਨਰਕ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ ॥
(ਗਉੜੀ ਮਹਲਾ ੫-੨੯੭)

ਤ੍ਰਿਤੀਆ ਤ੍ਰੈਗੁਣ ਬਿਖੈ ਫਲ ਕਬ ਉਤਮ ਕਬ ਨੀਚੁ ॥
ਨਰਕ ਸੁਰਗ ਭ੍ਰਮਤਉ ਘਣੋ ਸਦਾ ਸੰਘਾਰੈ ਮੀਚੁ ॥
(ਗਉੜੀ ਸੁਖਮਨੀ ਮਹਲਾ ੫)

ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ ॥
ਤਨੁ ਮਨੁ ਸਮਧਾ ਜੇ ਕਰੀ ਅਨਦਿਨ ਅਗਨਿ ਜਲਾਇ ॥
ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥
(ਸਿਰੀ ਰਾਗ ਮਹਲਾ ੫-੬੨)

ਜਾਪ ਤਾਪ ਗਿਆਨ ਸਭਿ ਧਿਆਨ ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥ ਸਗਲ ਤਿਆਗਿ ਬਨ ਮਧੇ ਫਿਰਿਆ ॥

ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥ ਪੁੰਨ ਦਾਨ ਹੋਮੇ ਬਹੁ ਰਤਨਾ ॥
ਸਰੀਰੁ ਕਟਾਇ ਹੋਮੈ ਕਰਿ ਰਾਤੀ ॥ ਵਰਤ ਨੇਮ ਕਰੈ ਬਹੁ ਭਾਤੀ ॥
ਨਹੀ ਤੁਲਿ ਰਾਮ ਨਾਮ ਬੀਚਾਰ ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥
*(ਸੁਖਮਨੀ ਮਹਲਾ ੫-੨੬੫)*

ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥ ਮਹਾ ਉਦਾਸੁ ਤਪੀਸਰੁ ਥੀਵੈ ॥
ਅਗਨਿ ਮਾਹਿ ਹੋਮਤ ਪਰਾਨ ॥ ਕਨਿਕ ਅਸ੍ਵ ਹੈਵਰ ਭੂਮਿ ਦਾਨ ॥
ਨਿਉਲੀ ਕਰਮ ਕਰੈ ਬਹੁ ਆਸਨ ॥ ਜੈਨ ਮਾਰਗ ਸੰਜਮ ਅਤਿ ਸਾਧਨ ॥
ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥ ਤਉ ਭੀ ਹਉਮੈ ਮੈਲੁ ਨ ਜਾਵੈ ॥
ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥ ਨਾਨਕ ਗੁਰਮੁਖ ਨਾਮੁ ਜਪਤ ਗਤਿ ਪਾਹਿ ॥
*(ਸੁਖਮਨੀ ਮਹਲਾ ੫-੨੬੫)*

ਰੰਗਾ ਰੰਗ ਰੰਗਨ ਕੇ ਰੰਗਾ ॥ ਕੀਟ ਹਸਤ ਪੂਰਨ ਸਭ ਸੰਗਾ ॥ ੧ ॥ ਰਹਾਉ ॥
ਬਰਤ ਨੇਮ ਤੀਰਥ ਸਹਿਤ ਗੰਗਾ ॥ ਜਲੁ ਹੇਵਤ ਭੂਖ ਅਰੁ ਨੰਗਾ ॥
ਪੂਜਾ ਚਾਰ ਕਰਤ ਮੇਲੰਗਾ ॥ ਚਕ੍ਰ ਕਰਮ ਤਿਲਕ ਖਾਟੰਗਾ ॥
ਦਰਸੁਨ ਭੇਟੇ ਬਿਨੁ ਸਤਸੰਗਾ ॥ ੨ ॥
ਹਠਿ ਨਿਗ੍ਰਹਿ ਅਤਿ ਰਹਤ ਬਿਟੰਗਾ ॥ ਹਉ ਰੋਗੁ ਬਿਆਪੈ ਚੁਕੈ ਨ ਭੰਗਾ ॥
ਕਾਮ ਕ੍ਰੋਧ ਅਤਿ ਤ੍ਰਿਸਨ ਜਰੰਗਾ ॥ ਸੋ ਮੁਕਤੁ ਨਾਨਕ ਜਿਸੁ ਸਤਿਗੁਰੁ ਚੰਗਾ ॥
*(ਕਾਨੜਾ ਮਹਲਾ ੫-੧੩੦੫)*

ਤਟਿ ਤੀਰਥ ਨਹੀ ਮਨੁ ਪਤੀਆਇ ॥ ਚਾਰ ਅਚਾਰ ਰਹੇ ਉਰਝਾਇ ॥
ਪਾਪ ਪੁੰਨ ਦੁਇ ਏਕ ਸਮਾਨ ॥ ਨਿਜ ਘਰਿ ਪਾਰਸ ਤਜਹੁ ਗੁਨ ਆਨ ॥
*(ਗਉੜੀ ਕਬੀਰ-੩੨੫)*

ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾਕੈ ਰਿਦੈ ਭਾਉ ਹੈ ਦੂਜਾ ॥
*(ਗਉੜੀ ਕਬੀਰ-੩੨੪)*

ਕਿਆ ਜਪੁ ਕਿਆ ਤਪੁ ਸੰਜਮੋ ਕਿਆ ਬਰਤੁ ਕਿਆ ਇਸਨਾਨੁ ॥
ਜਬਲਗੁ ਜੁਗਤਿ ਨ ਜਾਣੀਐ ਭਾਉ ਭਗਤਿ ਭਗਵਾਨ ॥*(ਗਉੜੀ ਕਬੀਰ-੩੩੭)*

ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥
*(ਰਾਗ ਕੇਦਾਰਾ ਬਾਣੀ ਕਬੀਰ-੧੧੨੩)*

ਅਸੁਮੇਧ ਜਗਨੇ ॥ ਤੁਲਾ ਪੁਰਖ ਦਾਨੇ ॥ ਪ੍ਰਾਗ ਇਸਨਾਨੇ ॥ ੧ ॥

ਤਊ ਨ ਪੁਜਹਿ ਹਰਿ ਕੀਰਤਿ ਨਾਮਾ ॥
ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ ॥ ੧ ॥ਰਹਾਉ ॥
ਗਇਆ ਪਿੰਡ ਭਰਤਾ ॥ ਬਨਾਰਸਿ ਅਸਿ ਬਸਤਾ ॥
ਮੁਖਿ ਬੇਦ ਚਤੁਰ ਪੜਤਾ ॥ ੨ ॥
ਸਗਲ ਧਰਮ ਅਛਿਤਾ ॥ ਗੁਰ ਗਿਆਨ ਇੰਦ੍ਰੀ ਦ੍ਰਿੜਤਾ ॥
ਖਟੁ ਕਰਮ ਸਹਿਤ ਰਹਤਾ ॥ ੩ ॥
ਸਿਵਾ ਸਕਤਿ ਸੰਬਾਦੰ ॥ ਮਨ ਛੋਡਿ ਛੋਡਿ ਸਗਲ ਭੇਦੰ ॥
ਸਿਮਰਿ ਸਿਮਰਿ ਗੋਬਿੰਦੰ ॥ ਭਜੁ ਨਾਮਾ ਤਰਸਿ ਭਵ ਸਿੰਧੰ ॥

*(ਗੌਂਡ ਨਾਮਦੇਵ-੮੭੩)*

ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ ॥
ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ ॥ ੧ ॥
ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ ॥ ਹਰਿ ਕਾ ਨਾਮੁ ਨਿਤਹਿ ਲੀਜੈ ॥੧॥ਰਹਾਉ ॥
ਗੰਗਾ ਗਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ
ਗੋਮਤੀ ਸਹਸ ਗਊ ਦਾਨੁ ਕੀਜੈ ॥
ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ ਰਾਮ ਨਾਮ ਸਰਿ ਤਊ ਨ ਪੂਜੈ ॥੨॥
ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ ਐਸੋ ਦਾਨੁ ਨਿਤ ਨਿਤਹਿ ਕੀਜੈ ॥
ਆਤਮ ਜਉ ਨਿਰਮਾਇਲੁ ਕੀਜੈ ਆਪ ਬਰਾਬਰਿ ਕੰਚਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ ॥੩॥
ਮਨਹਿ ਨ ਕੀਜੈ ਰੋਸੁ ਜਮਹਿ ਨ ਦੀਜੈ ਦੋਸੁ ਨਿਰਮਲ ਨਿਰਬਾਣ ਪਦੁ ਚੀਨਿ ਲੀਜੈ ।
ਜ਼ਸਰਥ ਰਾਇ ਨੰਦੁ ਰਾਜਾ ਮੇਰਾ ਰਾਮਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤ ਪੀਜੈ ॥

*(ਰਾਮਕਲੀ ਨਾਮਦੇਉ-੯੭੩)*

## ਖਾਲਸਾ ਧਰਮ ਅਭਿਲਾਖੀ ਵਲੋਂ ਪ੍ਰਾਰਥਨਾ

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥ ੧ ॥
ਪਿਆਰੇ ਇਨਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ੧ ॥ ਰਹਾਉ ॥
ਮੋਨ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥ ੨ ॥
ਮਨਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥

ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥ ੩ ॥
ਕਨਿਕ ਕਾਮਿਨੀ ਹੈਵਰ ਗੈਵਰ ਬਹੁਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲਿਐ ਹਰਿ ਦੁਆਰਾ ॥ ੪ ॥
ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥ ੫ ॥
ਜੋਗ ਸਿਧ ਆਸਣ ਚਉਰਾਸੀਹ ਏਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥ ੬ ॥
ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥ ੭ ॥
ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬਿ ਲਿਖੇ ਕਾ ਲਹਨਾ ॥ ੮ ॥
ਤੇਰੋ ਸੇਵਕ ਇਹ ਰੰਗਿ ਮਾਤਾ ॥
ਭਇਓ ਕ੍ਰਿਪਾਲ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥
*(ਸੋਰਠ ਮਹਲਾ ੫-੬੪੧)*

## ਵੇਦ ਮਤ ਪ੍ਰਚਾਰਕਾਂ ਨੂੰ ਗੁਰਉਪਦੇਸ਼

ਪੰਡਤਿ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ ॥
ਅੰਤਰਿ ਵਸਤੁ ਨ ਜਾਣਨੀ ਘਟਿ ਬ੍ਰਹਮ ਲੁਕਾਣਾ ॥ *(ਆਸਾ ਮਹਲਾ ੧-੪੧੯)*

ਪੰਡਤਿ ਪੜ੍ਹਿ ਨ ਪਹੁਚਈ ਬਹੁ ਆਲ ਜੰਜਾਲਾ ॥
ਪਾਪ ਪੁੰਨ ਦੁਇ ਸੰਗਮੇ ਖੁਧਿਆ ਜਮਕਾਲਾ ॥ *(ਮਾਰੂ ਮਹਲਾ ੧-੧੦੧੨)*

ਮਨਮੁਖ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ ॥
ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ ॥ *(ਰਾਮਕਲੀ ਮਹਲਾ ੧-੯੩੮)*

ਬ੍ਰਹਮਣ ਵਾਦੁ ਪੜਹਿ ਕਰਿ ਕਿਰਿਆ ਕਰਣੀ ਕਰਮ ਕਰਾਏ ॥
ਬਿਨੁ ਬੂਝੇ ਕਿਛੁ ਸੂਝੈ ਨਾਹੀ ਮਨਮੁਖੁ ਵਿਛੁੜਿ ਦੁਖੁ ਪਾਏ ॥
*(ਪ੍ਰਭਾਤੀ ਮਹਲਾ ੧-੧੩੩੨)*

ਧੋਤੀ ਊਜਲ ਤਿਲਕੁ ਗਲਿ ਮਾਲਾ ॥ ਅੰਤਰਿ ਕ੍ਰੋਧੁ ਪੜਹਿ ਨਟ ਸਾਲਾ ॥
ਨਾਮੁ ਵਿਸਾਰਿ ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥
*(ਬਿਲਾਵਲ ਮਹਲਾ ੧-੮੩੨)*

ਇਕਿ ਪਾਧੇ ਪੰਡਤ ਮਿਸਰ ਕਹਾਵਹਿ ॥ ਦੁਬਿਧਾ ਰਾਤੇ ਮਹਲੁ ਨ ਪਾਵਹਿ ॥
ਜਿਸੁ ਗੁਰ ਪਰਸਾਦੀ ਨਾਮੁ ਅਧਾਰੁ ॥ ਕੋਟਿ ਮਧੇ ਕੋ ਜਨੁ ਆਪਾਰੁ ॥
(ਰਾਮਕਲੀ ਮਹਲਾ ੧-੯੦੪)

ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ॥
ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ ॥
ਗੁਰ ਬਿਨੁ ਭਰਮਿ ਵਿਗੁਚੀਐ ਭਾਈ ਘਟਿ ਘਟਿ ਦੇਉ ਅਲਖੁ ॥
(ਸੋਰਠਿ ਮਹਲਾ ੧-੬੩੫)

ਪੜ੍ਹਿ ਪੜ੍ਹਿ ਪੰਡਿਤ ਮੋਨੀ ਥਕੇ ਦੇਸੰਤਰੁ ਭਵਿ ਥਕੇ ਭੇਖਧਾਰੀ ॥
ਦੂਜੈ ਭਾਇ ਨਾਉ ਕਦੇ ਨ ਪਾਇਨਿ ਦੁਖੁ ਲਾਗਾ ਅਤਿ ਭਾਰੀ ॥
(ਸਾਰੰਗ ਕੀ ਵਾਰ ਮਹਲਾ ੧-੧੨੪੬)

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥
ਛੋਡੀਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ ॥
(ਵਾਰ ਆਸਾ ਮਹਲਾ ੧-੪੭੧)

ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥ ਉਨਾ ਭਿ ਆਵਹਿ ਓਈ ਸਾਦ ॥
ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜਿ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥
ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥
ਦੇ ਕੈ ਚਉਕਾ ਕਢੀ ਕਾਰ ॥ ਉਪਰਿ ਆਇ ਬੈਠੇ ਕੂੜਿਆਰ ॥
ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥
ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥
ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾਂ ਸਚੁ ਪਾਈਐ ॥
(ਵਾਰ ਆਸਾ ਮਹਲਾ ੧-੪੭੨)